# PUNJAB VIDHAN SABHA

## DEBATES

*Friday, the 14th December, 2018*

Vol. VI- No. 2

OFFICIAL REPORT

CONTENTS


| | Page |
|---|---|
| Starred Questions and Answers | (2) 1 |
| Unstarred Questions and Answers | (2) 34 |
| Announcement by the Speaker Reg. Panel of Chairmen | (2) 41 |
| Announcement by the Secretary | (2) 41 |
| Matters raised during Zero Hour and Statements made by the Minister thereon | (2) 42 |
| Walk-Out | (2) 48 |
| Matters raised during Zero Hour and Statements made by the Minister thereon *(Resumption)* | (2) 48 |
| Call Attention Notices under Rule 66 | (2) 52 |



**Punjab Vidhan Sabha Secretariat, Chandigarh**

Price : Rs._________.

Welcome Announcement by the Speaker (2) 58

Call Attention Notices under Rule 66 *(Resumption)* (2) 58

Walk-Out (2) 67

Call Attention Notices under Rule 66 *(Resumption)* (2) 68

Presentation of the First Report of the Business Advisory Committee (2) 78

Walk-Out (2) 83

Official Resolutions

(i) Resolution Reg. Recommendation to the Central Government for passing Women Reservation Bill for reserving one-third seats for Women in the Lok Sabha and State Legislatures in view of 50% reservation of seats for women provided by the State in the Local Government and Panchayati Raj Institutions (2) 84

(ii) Reg. Appreciation of efforts made by the Govts. of Punjab and Centre to open Kartarpur Corridor, and recommending to Central Govt. for early completion of this long pending demand while ensuring hard earned peace in the State and also recommending to Punjab Govt. to approach Central Govt. to seek Kartarpur Guru Ghar land swap with Pakistan (2) 94

Motion under Rule 16 (2) 134

Presentation of Report of the Committee (2) 134

Papers Re-Laid on the Table of the House (2) 135

Legislative Business

1. The Punjab Panchayati Raj (Amendment) Bill, 2018 *(Replacing Ordinance)* (2) 142

Extension of time of the Sitting of the House (2) 152

| | | | |
|---|---|---|---|
| | The Punjab Panchayati Raj (Amendment) Bill, 2018 *(Replacing Ordinance)(Resumption)* | (2) | 152 |
| 2. | The Punjab Regulation of Cattle Feed, Concentrates and Mineral Mixtures Bill, 2018 | (2) | 172 |
| 3. | The Punjab Good Conduct Prisoners *(Temporary Release)* Amendment Bill, 2018 | (2) | 178 |
| 4. | The Punjab Goods and Services Tax (Amendment) Bill, 2018 | (2) | 180 |
| 5. | The Punjab Water Resources (Management and Regulation) Bill, 2018 | (2) | 194 |
| Presentation of the Report of the Committee of the House | | (2) | 194 |
| Appendix | | (i-vii) | |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਬੰਧਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ ਤੇ ਸੂਚਨਾ ਤੇ ਲੋਕ ਸੰਪਰਕ, ਕਾਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਪ੍ਰਵਾਸੀ ਭਾਰਤੀ ਮਾਮਲੇ, ਫੂਡ ਪ੍ਰੋਸੈਸਿੰਗ |
| | Captain Amarinder Singh<br>Chief Minister | Administrative Reforms, Agriculture and Famers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, NRI Affairs, Food Processing |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ |
| | Shri Brahm Mohindra | Health & Family Welfare, Medical Education & Research , Parliamentary Affairs, Elections, Removal of Grievances Minister |

| | | |
|---|---|---|
| 3. | ਸਰਦਾਰ ਨਵਜੋਤ ਸਿੰਘ ਸਿੱਧੂ<br>Sardar Navjot Singh Sidhu | ਸਥਾਨਕ ਸਰਕਾਰ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Local Government, Tourism and Cultural Affairs Minister |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ<br>Finance, Planning, Programme Implementation, Governance Reforms Minister |
| 5. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Forests Welfare of SCs & BCs, Printing & Stationery Minister |
| 6. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਸਕੂਲ ਸਿੱਖਿਆ, ਆਜ਼ਾਦੀ ਘੁਲਾਟੀਏ ਮੰਤਰੀ<br>School Education , Freedom Fighters Minister |
| 7. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ<br>Rural Development & Panchayats, Housing & Urban Development Minister |
| 8. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਮੰਤਰੀ<br>Sports and Youth Affairs Minister |

| | | |
|---|---|---|
| 9. | ਸਰਦਾਰ ਚਰਨਜੀਤ ਸਿੰਘ ਚੰਨੀ<br>Sardar Charanjit Singh Channi | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸਾਇੰਸ ਤੇ ਤਕਨਾਲੋਜੀ ਮੰਤਰੀ<br>Technical Education and Industrial Training, Employment Generation, Science & Technology Minister |
| 10. | ਸ਼੍ਰੀਮਤੀ ਅਰੁਨਾ ਚੌਧਰੀ<br>Smt. Aruna Chaudhary, | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ, ਟਰਾਂਸਪੋਰਟ ਮੰਤਰੀ<br>Social Security, Women & Child Development, Transport Minister |
| 11. | ਸ਼੍ਰੀਮਤੀ ਰਜ਼ੀਆ ਸੁਲਤਾਨਾ<br>Smt. Razia Sultana | ਉਚੇਰੀ ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ<br>Higher Education, Water Supply & Sanitation Minister |
| 12. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ<br>Sardar Sukhjinder Singh Randhawa | ਸਹਿਕਾਰਤਾ, ਜੇਲ੍ਹਾਂ ਮੰਤਰੀ<br>Cooperation, Jails Minister |
| 13. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ<br>Sardar Sukhbinder Singh Sarkaria | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ<br>Revenue, Rehabilitation and Disaster Management, Water Resources, Mines & Geology Minister |
| 14. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ<br>Sardar Gurpreet Singh Kangar | ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ<br>Power, New and Renewable Energy Sources Minister |

| | |
|---|---|
| 15. ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ<br>Animal Husbandry, Dairy Development, Labour Minister |
| 16. ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ<br>Public Works, Information Technology Minister |
| 17. ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 18. ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

# PUNJAB VIDHAN SABHA

***Friday, the 14th December, 2018***

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Rana Kanwar Pal Singh) in the Chair.*

-----

## STARRED QUESTIONS AND ANSWERS

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ। ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ।

### ਜਗਰਾਉਂ ਵਿਖੇ ਮੰਡੀਕਰਨ ਬੋਰਡ ਨੂੰ ਹੋਈ ਆਮਦਨ ਦਾ ਵੇਰਵਾ

***1616. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ 5 ਸਾਲਾਂ ਦੌਰਾਨ ਅਰਥਾਤ ਅਪ੍ਰੈਲ, 2013 ਤੋਂ ਮਾਰਚ, 2018 ਤੱਕ ਜਗਰਾਉਂ ਵਿਖੇ ਮੰਡੀਕਰਨ ਬੋਰਡ ਨੂੰ ਕਿਹੜੇ-ਕਿਹੜੇ ਵਸੀਲਿਆਂ ਤੋਂ ਕਿੰਨੀ-ਕਿੰਨੀ ਆਮਦਨ ਹੋਈ ਅਤੇ ਇਕੱਠੀ ਹੋਈ ਰਕਮ ਕਿਹੜੇ ਕਿਹੜੇ ਕੰਮਾਂ ਤੇ ਖਰਚੀ ਗਈ?

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) :** ਲੋੜੀਂਦੇ ਵੇਰਵੇ ਨਾਲ ਨੱਥੀ ਸਟੇਟਮੈਂਟ ਅਨੁਸਾਰ ਹਨ :-

**Detail of Income of Market Committee Jagraon from April, 2013 to March, 2018**

| Income Head | Apr, 2013 to Mar, 2014 | Apr, 2014 to Mar, 2015 | Apr, 2015 to Mar, 2016 | Apr, 2016 to Mar, 2017 | Apr, 2017 to Mar, 2018 | Total Income April, 2013 to March, 2018 |
|---|---|---|---|---|---|---|
| Market Fees | 83941604 | 86324583 | 100618683 | 105798242 | 164567970 | 54,12,51,082 |
| Income from Other Sources | 3625994 | 4726895 | 5260571 | 5083746 | 8274699 | 2,69,71,905 |
| Total Income | 87567598 | 91051478 | 105879254 | 110881988 | 172842669 | 56,82,22,987 |

[ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ]

| Expenditure Head | Apr, 2013 to Mar, 2014 | Apr, 2014 to Mar, 2015 | Apr, 2015 to Mar, 2016 | Apr, 2016 to Mar, 2017 | Apr, 2017 to Mar, 2018 | **Total** Expenditure April, 2013 to March, 2018 |
|---|---|---|---|---|---|---|
| Establish-ment | 24723843 | 22809994 | 26078085 | 28173997 | 36295544 | 138081463 |
| Travelling Allowance | 1731 | 30692 | 14889 | 13990 | 320 | 61622 |
| Contri-bution | 40620259 | 42962634 | 49432640 | 29321741 | 120106815 | 282444089 |
| Contingency Recurring | 4725062 | 4713703 | 4679707 | 4577584 | 4338871 | 23034927 |
| Contingency Non-Recurring | 375472 | 354435 | 466604 | 86201 | 456833 | 1739545 |
| Facilities | 3349828 | 4579818 | 2326161 | 2815650 | 4183280 | 17254737 |
| Others Expenditure | 9130435 | 8365623 | 8206178 | 7279838 | 3373129 | 36355203 |
| Works (Capital/ Revenue Expenditure) | 4650464 | 6272817 | 10385613 | 4833622 | 17101456 | 43243972 |
| Total | 8,75,77,094 | 9,00,89,716 | 10,15,89,877 | 7,71,02,623 | 18,58,56,248 | 54,22,15,558 |

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਮਾਰਕੀਟ ਕਮੇਟੀ ਇਹ ਸੜਕਾਂ ਬਣਾ ਰਹੀ ਹੈ, ਇਸ ਵਿਚ ਬਹੁਤਾ ਪੈਸਾ ਤਾਂ ਕਿਸਾਨਾਂ ਦਾ ਵੀ ਇਕੱਠਾ ਹੁੰਦਾ ਹੈ। ਮੈਂ ਪਿਛਲੀ ਵਾਰ ਰਿਕਾਰਡ ਲਿਆ ਸੀ, ਉਸ ਵਿਚ ਪਤਾ ਲੱਗਿਆ ਕਿ ਇਸ ਸੜਕ ਨੂੰ ਸਾਲ 2012-13, 2013-14 ਅਤੇ 2015-16 ਵਿਚ ਬਣਾਇਆ ਗਿਆ ਪਰ ਇਸੇ ਸੜਕ ਨੂੰ ਬਣਾਉਣ ਲਈ ਨਗਰ ਕੌਂਸਲ ਵੀ ਪੈਸਾ ਦੇ ਰਹੀ ਹੈ ਅਤੇ ਪੀ.ਡਬਲਿਊ.ਡੀ. ਵੀ ਇਹੀ ਸੜਕ ਬਣਾ ਰਿਹਾ ਹੈ। ਮੈਂ ਇਸ ਗੱਲ ਦੀ ਇਨਕੁਆਰੀ ਮੰਗਦੀ ਹਾਂ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਮੈਂ ਸਵਾਲ ਹੀ ਪੁੱਛ ਰਹੀ ਹਾਂ ਕਿ ਜੇਕਰ ਮੰਡੀਕਰਨ ਬੋਰਡ ਵਾਲੇ ਕਿਸਾਨਾਂ ਤੋਂ ਪੈਸਾ ਇਕੱਠਾ ਕਰਦੇ ਹਨ ਪਰ ਸਾਡੇ ਕਿਸਾਨਾਂ ਕੋਲ ਤਾਂ ਪੀਣ ਨੂੰ ਪਰਾਪਰ ਪਾਣੀ ਵੀ ਨਹੀਂ ਹੈ ਅਤੇ ਨਾ ਹੋਰ ਕੋਈ ਸਹੂਲਤ ਹੈ...

**ਮਾਨਯੋਗ ਸਪੀਕਰ:** ਤੁਸੀਂ ਸਵਾਲ ਨਹੀਂ ਪੁੱਛ ਰਹੇ? ਸਵਾਲ ਪੁੱਛੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਮੈਂ ਉਹੀ ਦੱਸ ਰਹੀ ਹਾਂ ਜੀ।

**ਮੰਤਰੀ :** ਸਪੀਕਰ ਸਾਹਿਬ, ਮੈਡਮ ਨੇ ਸਵਾਲ ਤਾਂ ਹੋਰ ਕੀਤਾ ਸੀ ਪਰ ਹੁਣ ਇਨ੍ਹਾਂ ਦੀ ਹੋਰ ਮੰਗ ਆ ਗਈ ਹੈ ਕਿ ਉਥੇ ਬੰਗਲਿੰਗ ਹੋ ਰਹੀ ਹੈ। ਉਸੇ ਸੜਕ ਨੂੰ ਪੀ.ਡਬਲਿਊ.ਡੀ. ਬਣਾ ਰਿਹਾ ਹੈ, ਉਸੇ ਸੜਕ ਨੂੰ ਮੰਡੀ ਬੋਰਡ ਬਣਾ ਰਿਹਾ ਹੈ ਅਤੇ ਉਸੇ ਸੜਕ ਨੂੰ ਮਾਰਕੀਟ ਕਮੇਟੀ ਬਣਾ ਰਹੀ ਹੈ। ਮੈਂ ਮੈਡਮ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਹ ਲਿਖ ਕੇ ਭੇਜ ਦੇਣ, ਅਸੀਂ ਇਸ ਦੀ ਪਰਾਪਰ ਇਨਕੁਆਰੀ ਕਰਵਾ ਦਿਆਂਗੇ, ਜਿਹੜਾ ਵੀ ਦੋਸ਼ੀ ਹੋਵੇਗਾ, ਉਸ ਨੂੰ ਸਜ਼ਾ ਦਿਆਂਗੇ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਧੰਨਵਾਦ ਜੀ।

------

## ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਏਂਜਿਓਗ੍ਰਾਫੀ ਅਤੇ ਸਟੰਟ ਦੀ ਸੁਵਿਧਾ ਸਬੰਧੀ

***1665. ਸ਼੍ਰੀ ਪਵਨ ਕੁਮਾਰ ਟੀਨੂ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਦਿਲ ਦੀ ਬਿਮਾਰੀ ਨਾਲ ਸਬੰਧਤ ਮਰੀਜ਼ਾਂ ਲਈ ਏਂਜਿਓਗ੍ਰਾਫੀ ਕਰਨ ਅਤੇ ਸਟੰਟ ਪਾਉਣ ਦੀ ਸੁਵਿਧਾ ਉਪਲਬਧ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਹਸਪਤਾਲਾਂ ਦਾ ਪੂਰਾ ਵੇਰਵਾ ਕੀ ਹੈ ਅਤੇ ਪ੍ਰਤੀ ਮਰੀਜ਼ ਇਸ ਸੁਵਿਧਾ ਤੇ ਕਿੰਨਾ ਖਰਚਾ ਵਸੂਲਿਆ ਜਾਂਦਾ ਹੈ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, ਹਾਲ ਦੀ ਘੜੀ ਦਿਲ ਦੀ ਬਿਮਾਰੀ ਨਾਲ ਸਬੰਧਿਤ ਮਰੀਜ਼ਾਂ ਲਈ ਐਂਜਿਓਗ੍ਰਾਫੀ ਕਰਨ ਅਤੇ ਸਟੰਟ ਪਾਉਣ ਦੀ ਸੁਵਿਧਾ ਗੁਰੂ ਗੋਬਿੰਦ ਸਿੰਘ ਹਸਪਤਾਲ, ਫਰੀਦਕੋਟ ਵਿਖੇ ਉਪਲਬਧ ਹੈ ਜਿਥੇ ਪ੍ਰਤੀ ਮਰੀਜ਼ 5000/- ਰੁਪਏ ਐਂਜਿਓਗ੍ਰਾਫੀ (1000/- + 4000/- ਰੁਪਏ ਸਮਾਨ ਲਈ) ਅਤੇ ਸਟੰਟ 60000/- ਰੁਪਏ (55000/-ਰੁਪਏ ਸਟੰਟ ਤੇ 5000/- ਰੁਪਏ ਅਪ੍ਰੇਸ਼ਨ ਕਰਨ ਦਾ) ਵਸੂਲਿਆ ਜਾਂਦਾ ਹੈ।

ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਐਂਜਿਓਗ੍ਰਾਫੀ ਲਈ ਸਟਾਫ ਭਰਤੀ ਕਰਨ ਅਤੇ ਰੇਟ ਤੈਅ ਕਰਨ ਦੀ ਪ੍ਰਕ੍ਰਿਆ ਅਧੀਨ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਆਪਾਂ ਸਾਰੇ ਜਾਣਦੇ ਹਾਂ ਕਿ ਪੂਰੇ ਨਾਰਥ ਇੰਡੀਆ ਵਿਚ ਖਾਸ ਕਰਕੇ ਪੰਜਾਬ ਵਿਚ ਦਿਲ ਦੀਆਂ ਬਿਮਾਰੀਆਂ ਲਗਾਤਾਰ ਵੱਧ ਰਹੀਆਂ ਹਨ। ਪੰਜਾਬ ਵਿਚ ਸਿਰਫ ਫਰੀਦਕੋਟ ਵਿਚ ਇਕੋ ਜਗ੍ਹਾ ਤੇ ਸਰਕਾਰੀ ਹਸਤਪਾਲ ਵਿਚ ਇਹ ਸੁਵਿਧਾ ਮੌਜੂਦ ਹੈ ਜਦੋਂ ਕਿ ਪੰਜਾਬ ਦੇ ਪ੍ਰਾਈਵੇਟ ਹਸਪਤਾਲਾਂ ਵਿਚ ਅੱਧੇ ਤੋਂ ਜ਼ਿਆਦਾ ਜ਼ਿਲ੍ਹਿਆਂ ਵਿਚ ਇਹ ਸੁਵਿਧਾ ਮੌਜੂਦ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪ੍ਰਾਈਵੇਟ ਹਸਪਤਾਲਾਂ ਵਿਚ ਐਂਜਿਓਗ੍ਰਾਫੀ ਦੀ ਕੀਮਤ 15000/- ਰੁਪਏ ਤੋਂ ਲੈ ਕੇ 25000/- ਰੁਪਏ ਤੱਕ ਹੈ, ਸਟੰਟ ਦੀ ਕੀਮਤ 30000/- ਰੁਪਏ ਦੇ ਲਗਭਗ ਹੈ ਪ੍ਰੰਤੂ ਇਸ ਟਰੀਟਮੈਂਟ ਦਾ ਪ੍ਰੋਸੀਜਰ ਕਰਨ ਦੀ ਲੇਬਰ 1.5 ਲੱਖ ਤੋਂ 2.0 ਲੱਖ ਰੁਪਏ ਪ੍ਰਾਈਵੇਟ ਹਸਪਤਾਲਾਂ ਦੇ ਡਾਕਟਰ ਲੈ ਰਹੇ ਹਨ। ਸਾਡੇ ਕੇਵਲ ਇਕੋ ਸਰਕਾਰੀ ਹਸਪਤਾਲ ਹੈ ਜਿਥੇ ਇਸੇ ਟਰੀਟਮੈਂਟ ਦੀ ਲੇਬਰ ਦਾ ਡਾਕਟਰ 5000 ਰੁਪਏ ਲੈਂਦਾ ਹੈ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੇਰਾ ਕਹਿਣ ਦਾ ਮਤਲਬ ਹੈ ਕਿ ਐਂਜਿਓਗ੍ਰਾਫੀ ਅਤੇ ਸਟੰਟ ਪੁਆਉਣ ਵਾਲੇ ਮਰੀਜ਼ਾਂ ਦੀ ਬਹੁਤ ਜ਼ਿਆਦਾ ਗਿਣਤੀ ਹੈ। ਮੇਰਾ ਮੰਤਰੀ ਜੀ ਤੋਂ ਇਹ ਸਵਾਲ ਹੈ ਕਿ ਕੀ ਪੰਜਾਬ ਸਰਕਾਰ, ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਜਾਂ ਫਿਰ ਘੱਟੋ ਘੱਟ ਵੱਡੇ ਜ਼ਿਲ੍ਹਿਆਂ ਦੇ ਸਰਕਾਰੀ ਹਸਪਤਾਲਾਂ ਵਿਚ ਐਂਜਿਓਗ੍ਰਾਫੀ ਅਤੇ ਸਟੰਟ ਪਾਉਣ ਦੀ ਸੁਵਿਧਾ ਸ਼ੁਰੂ ਕਰਨ ਦਾ ਵਿਚਾਰ ਰੱਖਦੀ ਹੈ? ਜੇਕਰ ਹਾਂ ਤਾਂ ਕਦੋਂ ਤੱਕ?

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਤੁਸੀਂ ਇਸ ਸੁਵਿਧਾ ਵਿਚ ਵਾਧਾ ਕਰੋਗੇ, ਜੇਕਰ ਕਰੋਗੇ ਤਾਂ ਕਦੋਂ ਤੱਕ ਕਰੋਗੇ?

**ਮੰਤਰੀ :** ਸਪੀਕਰ ਸਾਹਿਬ, ਪ੍ਰਮਾਤਮਾ ਦਾ ਸ਼ੁਕਰ ਹੈ ਕਿ ਮੈਂਬਰ ਸਾਹਿਬ ਨੂੰ ਪੰਜਾਬ ਦੇ ਲੋਕਾਂ ਦੀ ਸਮੱਸਿਆ ਹੁਣ ਸਮਝ ਆਈ ਹੈ। ਇਹ 10 ਸਾਲ ਰਾਜ ਕਰਦੇ ਰਹੇ ਹਨ, ਉਸ ਸਮੇਂ ਤਾਂ ਇਨ੍ਹਾਂ ਨੇ ਦੇਖਿਆ ਨਹੀਂ ਕਿ ਇਹ ਸੁਵਿਧਾ ਬਾਕੀ ਸਰਕਾਰੀ ਹਸਪਤਾਲਾਂ

ਵਿੱਚ ਵੀ ਦਿੱਤੀ ਜਾਣੀ ਚਾਹੀਦੀ ਹੈ। ਬਾਕੀ ਜਿਹੜਾ ਇਨ੍ਹਾਂ ਦਾ ਸਵਾਲ ਹੈ, ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਬੜੀ ਜਲਦੀ ਕਰ ਰਹੇ ਹਾਂ। ਡਾਕਟਰਾਂ ਦੀਆਂ ਭਰਤੀਆਂ ਹੋ ਰਹੀਆਂ ਹਨ ਅਤੇ ਹੋਰ ਬਹੁਤ ਕੁਝ ਹੋ ਰਿਹਾ ਹੈ। ਅਸੀਂ ਬੜੀ ਜਲਦੀ ਸਰਕਾਰੀ ਹਸਪਤਾਲਾਂ ਵਿੱਚ ਇਹ ਸੁਵਿਧਾ ਸ਼ੁਰੂ ਕਰਾਂਗੇ ਅਤੇ ਰੇਟ ਵੀ ਸਸਤਾ ਕਰਾਂਗੇ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਬਹੁਤ ਜਲਦੀ ਕਰਾਂਗੇ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਕਰਨਗੇ? 6 ਮਹੀਨੇ ਜਾਂ ਸਾਲ ਵਿਚ ਸ਼ੁਰੂ ਹੋ ਜਾਵੇਗੀ ? ਪੰਜਾਬ ਦੇ ਲੋਕ ਜਿਹੜੇ ਰੋਜ਼ ਸਰਕਾਰੀ ਪ੍ਰਾਈਵੇਟ ਹਸਪਤਾਲਾਂ ਵਿਚ ਲੁੱਟੇ ਜਾ ਰਹੇ ਹਨ, ਉਨ੍ਹਾਂ ਨੂੰ ਕੁਝ ਹੌਂਸਲਾ ਹੋ ਜਾਵੇਗਾ ਕਿ ਇਹ ਸੁਵਿਧਾ 6 ਮਹੀਨੇ ਜਾਂ ਸਾਲ ਵਿਚ ਸ਼ੁਰੂ ਹੋ ਜਾਵੇਗੀ।

**ਮਾਨਯੋਗ ਸਪੀਕਰ :** ਮੰਤਰੀ ਜੀ, ਤੁਸੀਂ ਕੋਈ ਸਮਾਂ ਸੀਮਾ ਦੱਸ ਸਕਦੇ ਹੋ? ਟੀਨੂ ਜੀ, ਪਲੀਜ਼ ਬੈਠੋ।

**ਮੰਤਰੀ :** ਸਪੀਕਰ ਸਾਹਿਬ, ਇਹ ਆਪ ਤਾਂ ਸਮਾਂ ਦੱਸ ਨਹੀਂ ਸਕੇ, ਅੱਜ ਇਹ ਸਮਾਂ ਮੇਰੇ ਤੋਂ ਪੁੱਛਣ ਲੱਗੇ ਹਨ, ਸਰਕਾਰ ਤੋਂ ਸਮਾਂ ਪੁੱਛਣ ਲੱਗੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸੁਵਿਧਾ ਜਲਦੀ ਹੀ ਪ੍ਰੋਵਾਈਡ ਕੀਤੀ ਜਾਵੇਗੀ। ਅਸੀਂ ਫਿਕਰਮੰਦ ਹਾਂ, ਪੰਜਾਬ ਦੇ ਮੁੱਖ ਮੰਤਰੀ ਜੀ ਨੇ ਤੰਦਰੁਸਤ ਪੰਜਾਬ ਦੀ ਘੋਸ਼ਣਾ ਕੀਤੀ ਹੋਈ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਅੱਛੀ ਸਿਹਤ ਦੇਣ ਦਾ ਸਾਡਾ ਉਪਰਾਲਾ ਹੈ, ਬਹੁਤ ਜਲਦ ਸਾਡੇ ਸਾਰੇ ਸਿਸਟਮ ਠੀਕ ਹੋਣ ਵਾਲੇ ਹਨ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੈਂ ਪੁੱਛਿਆ ਹੈ ਕਿ ਕੀ 6 ਮਹੀਨੇ ਜਾਂ ਸਾਲ ਲੱਗੇਗਾ, ਕੋਈ ਸਮਾਂ ਦੱਸ ਦੇਣ। ਇਹ ਵੀ ਭਾਵੇਂ 10 ਸਾਲ ਦਾ ਨਾਮ ਹੀ ਕਹੀ ਜਾਣ, ਇਹ 5 ਸਾਲ ਐਸ਼ ਕਰਨ। ਹੁਣ ਇਹ ਵੀ ਚਾਹੇ 10 ਸਾਲ ਕੰਮ ਹੀ ਨਾ ਕਰਨ, ਇਹ ਭਾਵੇਂ ਆਪ ਵੀ 10 ਸਾਲ ਦਾ ਰੌਲਾ ਪਾਈ ਜਾਣ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਸਰਕਾਰ ਬਣੀ ਨੂੰ ਲਗਭਗ 20 ਮਹੀਨੇ ਹੋ ਗਏ ਹਨ। ਮੰਤਰੀ ਸਾਹਿਬਾਨਾਂ ਵੱਲੋਂ ਜਿੰਨੇ ਵੀ ਐਸ਼ਿਓਰੈਂਸ ਹਾਊਸ ਦੀ ਫਲੋਰ ਤੇ ਦਿੱਤੇ ਗਏ ਹਨ, ਉਨ੍ਹਾਂ ਵਿਚੋਂ ਇੱਕ ਵੀ ਪੰਜਾਬ ਵਿੱਚ ਲਾਗੂ ਨਹੀਂ ਹੋਇਆ ਹੈ। ਉਹ ਐਸ਼ਿਓਰੈਂਸ ਚਾਹੇ ਹੈਲਥ ਨੂੰ ਲੈ ਕੇ ਹੈ, ਚਾਹੇ ਐਜੂਕੇਸ਼ਨ ਨੂੰ ਲੈ ਕੇ ਹੈ। ਸਰ, ਦੋਨੋਂ ਡਿਪਾਰਟਮੈਂਟ ਫੇਲ੍ਹ ਹਨ। ਐਸ਼ਿਓਰੈਂਸ ਇੱਥੇ ਹੋ ਜਾਂਦੇ ਹਨ ਪਰ ਫੀਲਡ ਵਿੱਚ ਕੋਈ ਵੀ ਕੰਮ ਨਹੀਂ ਹੁੰਦਾ ਹੈ।

**ਮਾਨਯੋਗ ਸਪੀਕਰ :** ਇਹ ਰੈਲੇਵੈਂਟ ਨਹੀਂ ਹੈ, ਰੈਲੇਵੈਂਟ ਨਹੀਂ ਹੈ। ਰੈਲੇਵੈਂਟ ਨਹੀਂ ਹੈ ਜੀ।ਪਲੀਜ਼ ਬੈਠੋ।

**ਮੰਤਰੀ :** ਸਪੀਕਰ ਸਾਹਿਬ, ਮੈਂ ਇੱਕ ਗੱਲ ਆਪਣੀ ਪਵਿੱਤਰ ਸਦਨ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਲੀਡਰ ਆਫ ਆਪੋਜ਼ੀਸ਼ਨ ਕਹਿ ਰਹੇ ਹਨ ਕਿ ਕੁਝ ਨਹੀਂ ਹੋਇਆ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀ ਜਿਹੜੇ ਐਮ.ਬੀ.ਬੀ.ਐਸ. ਹਨ, ਉਹ ਅਸੀਂ 231 ਐਮ.ਓਜ਼. ਭਰਤੀ ਕਰ ਚੁੱਕੇ ਹਾਂ, ਅਸੀਂ ਐਨ.ਐਚ.ਐਮ.ਸਪੈਸ਼ੇਲਿਸਟ 36 ਲੈ ਚੁੱਕੇ ਹਾਂ, ਜਿਹੜੇ ਐਮ.ਓਜ਼ ਰੈਗੂਲਰ ਸਪੈਸ਼ੇਲਿਸਟ ਹਨ, ਉਹ ਅਸੀਂ 140 ਲੈ ਚੁੱਕੇ ਹਾਂ। ਆਲਰੈਡੀ ਸਾਡੀ ਇਹ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ, ਇਨ੍ਹਾਂ ਨੂੰ appointment letters issue ਹੋ ਚੁੱਕੇ ਹਨ ਅਤੇ ਇਨ੍ਹਾਂ ਦੀ posting ਕਰ ਦਿੱਤੀ ਗਈ ਹੈ। ਇਸ ਤੋਂ ਬਾਅਦ ਅਸੀਂ ਹਸਪਤਾਲਾਂ ਦਾ ਵੀ ਸੁਧਾਰ ਕਰਾਂਗੇ। ਜਿਹੜੀ ਟੀਨੂ ਜੀ ਨੇ ਗੱਲ ਕਹੀ ਹੈ, ਉਹ ਵੀ ਜਲਦ ਤੋਂ ਜਲਦ ਹੋਵੇਗੀ। ਹੋ ਸਕਦਾ ਹੈ ਕਿ ਮੈਂ ਅਗਲੇ ਸੈਸ਼ਨ ਵਿੱਚ ਹੀ ਇਨ੍ਹਾਂ ਨੂੰ ਦੱਸ ਦਿਆਂ।

-----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1677**

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

-----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1561***

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

-----

## ਸਕੂਲਾਂ ਦੇ ਕਮਰਿਆਂ ਦਾ ਲੈਵਲ ਠੀਕ ਕਰਨਾ

***1546. ਸਰਦਾਰ ਕੁਲਵੰਤ ਸਿੰਘ ਪੰਡੋਰੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਸੰਗਰੂਰ ਦੇ ਪਿੰਡ ਖੇੜੀ ਚਹਿਲਾਂ ਕਲਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਸਰਕਾਰੀ ਐਲੀਮੈਂਟਰੀ ਸਕੂਲ-2, ਸ਼ੇਰਪੁਰ ਦੇ ਕਮਰੇ ਧਰਤੀ ਤੋਂ ਤਕਰੀਬਨ 3 ਫੁੱਟ ਨੀਵੇਂ ਹਨ ਜਿਸ ਕਾਰਨ ਬਰਸਾਤਾਂ ਵਿੱਚ ਇਨ੍ਹਾਂ ਸਕੂਲਾਂ ਵਿੱਚ ਛੁੱਟੀਆਂ ਕਰਨੀਆਂ ਪੈਂਦੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਕਮਰਿਆਂ ਦਾ ਲੈਵਲ ਠੀਕ ਕਰਨ ਲਈ ਸਰਕਾਰ ਦੀ ਤਜਵੀਜ਼ ਦੇ ਵੇਰਵੇ ਕੀ ਹਨ?

**ਸ਼੍ਰੀ ਓਮ ਪ੍ਰਕਾਸ਼ ਸੋਨੀ :** ਹਾਂ ਜੀ। ਸਰਕਾਰੀ ਪ੍ਰਾਇਮਰੀ ਸਕੂਲ ਖੇੜੀ ਚਹਿਲਾਂ ਦੇ 6

**ਡਿਬੇਟਾਂ ਦੀ ਫਾਈਨਲ ਪ੍ਰਿੰਟਿੰਗ ਤੱਕ ਜਵਾਬ ਪ੍ਰਾਪਤ ਨਹੀਂ ਹੋਇਆ।

***For Starred Question No. 1561 and reply thereto, please see Appendix to this Debate

ਕਮਰੇ ਧਰਤੀ ਦੇ ਲੈਵਲ ਤੋਂ ਨੀਵੇਂ ਹਨ। ਇਨ੍ਹਾਂ 6 ਕਮਰਿਆਂ ਦਾ ਲੈਵਲ ਠੀਕ ਕਰਨ ਲਈ ਲਗਭਗ 11 ਲੱਖ ਰੁਪਏ ਖਰਚ ਹੋਣਗੇ ਜਿਸ ਦਾ ਐਸਟੀਮੇਟ ਤਿਆਰ ਕਰ ਲਿਆ ਗਿਆ ਹੈ।

ਸਰਕਾਰੀ ਐਲੀਮੈਂਟਰੀ ਸਕੂਲ-2 ਸ਼ੇਰਪੁਰ ਵਿੱਚ 3 ਕਮਰਿਆਂ ਦਾ ਲੈਵਲ ਧਰਤੀ ਦੇ ਲੈਵਲ ਤੋਂ ਨੀਵਾਂ ਹੈ। ਇਨ੍ਹਾਂ ਕਮਰਿਆਂ ਦਾ ਲੈਵਲ ਠੀਕ ਕਰਨ ਲਈ ਲਗਭਗ 5 ਲੱਖ ਰੁਪਏ ਖਰਚ ਹੋਣਗੇ ਜਿਸ ਦਾ ਐਸਟੀਮੇਟ ਤਿਆਰ ਕਰ ਲਿਆ ਗਿਆ ਹੈ।

ਵਿਭਾਗ ਵੱਲੋਂ ਤਿਆਰ ਕੀਤੇ ਇਨ੍ਹਾਂ ਦੋਹਾਂ ਸਕੂਲਾਂ ਦੇ ਲੈਵਲ ਠੀਕ ਕਰਨ ਲਈ ਖਰਚੇ ਦਾ ਉਪਬੰਧ 2019-20 ਦੇ ਬਜਟ ਵਿੱਚ ਕਰ ਲਿਆ ਜਾਵੇਗਾ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਸਰਕਾਰੀ ਐਲੀਮੈਂਟਰੀ ਸਕੂਲ-2, ਸ਼ੇਰਪੁਰ ਹੈ, ਉਥੇ ਸਿਰਫ 6 ਕਮਰੇ ਹਨ, ਉਥੇ ਤਕਰੀਬਨ 3 ਫੁੱਟ ਉੱਤਰ ਕੇ ਬੱਚਿਆਂ ਨੂੰ ਪੜ੍ਹਨਾ ਪੈਂਦਾ ਹੈ, ਸਰਦੀਆਂ ਵਿੱਚ ਵੀ ਤਕਰੀਬਨ ਉਹ ਬੱਚੇ ਬਾਹਰ ਬੈਠ ਕੇ ਪੜ੍ਹਦੇ ਹਨ, ਉਥੇ ਪੰਜ ਲੱਖ ਰੁਪਏ ਦੀ ਗਰਾਂਟ ਨਾਲ ਕੁਝ ਨਹੀਂ ਬਣਨਾ, ਇਸ ਨਾਲ ਇੱਕ ਕਮਰਾ ਵੀ ਨਹੀਂ ਬਣਨਾ। ਸਪੀਕਰ ਸਾਹਿਬ, ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਸ ਦੀ ਗਰਾਂਟ ਵਧਾਈ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਜਿਥੋਂ ਤੱਕ ਕਮਰਿਆਂ ਦਾ ਸਵਾਲ ਹੈ, ਪੰਜ ਲੱਖ ਰੁਪਏ ਦਾ ਸਰਕਾਰੀ ਐਸਟੀਮੇਟ ਬਣ ਚੁੱਕਾ ਹੈ। ਉਸ ਸਕੂਲ ਤੇ ਖਰਚਾ ਹੀ ਪੰਜ ਲੱਖ ਆਉਣਾ ਹੈ, ਜੇ ਜ਼ਿਆਦਾ ਖਰਚ ਆਏਗਾ, ਹੋਰ ਕੀਤਾ ਜਾਵੇਗਾ। Within 6 months ਜਿਹੜਾ ਤੁਹਾਡਾ ਕੰਮ ਹੈ, ਉਹ ਕੰਪਲੀਟ ਕੀਤਾ ਜਾਵੇਗਾ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1692

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1691

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1699**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

## ਦੂਧਨ ਸਾਧਾਂ ਸਬ-ਡਵੀਜ਼ਨ ਜ਼ਿਲ੍ਹਾ ਪਟਿਆਲਾ ਦੀ ਬਿਲਡਿੰਗ ਤਿਆਰ ਕਰਨਾ

***1595. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੀ ਸਰਕਾਰ ਵੱਲੋਂ ਬਣਾਈ ਗਈ ਦੂਧਨ ਸਾਧਾਂ ਸਬ-ਡਵੀਜ਼ਨ (ਜ਼ਿਲ੍ਹਾ ਪਟਿਆਲਾ) ਦੀ ਬਿਲਡਿੰਗ ਕਦੋਂ ਤੱਕ ਬਣਾਉਣ ਦੀ ਤਜਵੀਜ਼ ਹੈ ਅਤੇ ਇਸ ਦੀ ਉਸਾਰੀ ਵਿੱਚ ਦੇਰੀ ਦੇ ਕੀ ਕਾਰਨ ਹਨ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਦੂਧਨ ਸਾਧਾਂ ਸਬ-ਡਵੀਜ਼ਨ/ਤਹਿਸੀਲ ਪਟਿਆਲਾ ਵਿਖੇ ਨਵੀਂ ਬਿਲਡਿੰਗ ਬਣਾਉਣ ਦੀ ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ ਹੈ। ਜ਼ਿਲ੍ਹਾ ਪ੍ਰਸ਼ਾਸਨ ਦੂਧਨ ਸਾਧਾਂ ਵਿਖੇ ਸਬ-ਡਵੀਜ਼ਨ ਬਣਾਉਣ ਲਈ ਜ਼ਮੀਨ ਦੀ ਸ਼ਨਾਖਤ ਕਰਕੇ ਇਸ ਸਬੰਧੀ ਪ੍ਰਸ਼ਾਸਨ ਵੱਲੋਂ ਤਜਵੀਜ਼ ਬਣਾ ਕੇ ਸਰਕਾਰ ਨੂੰ ਅਗਲੇਰੀ ਯੋਗ ਕਾਰਵਾਈ ਲਈ ਭੇਜੇਗੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਮੈਂ ਸਮਝਦਾ ਹਾਂ ਕਿ ਜਿਹੜਾ ਪੰਜਾਬ ਸਰਕਾਰ ਦਾ ਜਵਾਬ ਮੰਤਰੀ ਜੀ ਨੇ ਦਿੱਤਾ ਹੈ, ਇਹ ਆਪਣੇ ਆਪ ਵਿੱਚ ਹੀ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਵਾਲਾ ਜਵਾਬ ਹੈ। ਉਸ ਸਬ-ਡਵੀਜ਼ਨ ਨੂੰ ਬਣੀ ਨੂੰ ਡੇਢ ਦੋ ਸਾਲ ਹੋ ਚੁੱਕਾ ਹੈ ਲੇਕਿਨ ਅੱਜ ਸਰਕਾਰ ਸਬ-ਡਵੀਜ਼ਨ ਦੀ ਬਿਲਡਿੰਗ ਬਣਾਉਣ ਤੋਂ ਇੱਕ ਕਿਸਮ ਨਾਲ ਮੁਨਕਰ ਹੋ ਰਹੀ ਹੈ। ਉਹ ਐਸਾ ਰਿਮੋਟ ਏਰੀਆ ਹੈ ਕਿ ਪਟਿਆਲਾ ਸਿਟੀ ਉੱਥੋਂ 70 ਕਿਲੋਮੀਟਰ ਦੇ ਕਰੀਬ ਹੈ। ਕਈ ਐਸੇ ਪਿੰਡ ਹਨ ਕਿ ਜਿੱਥੋਂ ਪਟਿਆਲੇ ਜਾਣਾ ਪੈਂਦਾ ਹੈ ਲੇਕਿਨ ਉਥੇ ਟਰਾਂਸਪੋਰਟ ਦੀ ਕੋਈ ਫੈਸਿਲਿਟੀ ਨਹੀਂ ਹੈ। ਇਹ ਜਵਾਬ ਆਪਣੇ ਆਪ ਵਿੱਚ ਹੀ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਹੋਣ ਵਾਲਾ ਜਵਾਬ ਹੈ।

**ਮਾਨਯੋਗ ਸਪੀਕਰ :** ਪਲੀਜ਼, ਤੁਸੀਂ ਸਵਾਲ ਪੁੱਛੋ। ਪਲੀਜ਼, ਸਵਾਲ ਪੁੱਛੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜੇ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਹੀ ਭੱਜ ਰਹੀ ਹੈ ਤਾਂ ਅਸੀਂ ਅੱਗੋਂ ਕੀ ਸਵਾਲ ਪਾ ਸਕਦੇ ਹਾਂ? ਦੂਸਰੀ ਗੱਲ ਹੈ ਕਿ ਇਸ ਲਈ ਜਿਹੜਾ ਅੱਗੇ ਉੱਤਰ ਦਿੱਤਾ ਗਿਆ ਹੈ, ਜ਼ਮੀਨ ਦਾ ਬਹਾਨਾ ਲਗਾਇਆ ਗਿਆ ਹੈ ਕਿ ਜ਼ਮੀਨ ਦੀ ਘੋਖ ਕਰਕੇ, ਸ਼ਨਾਖਤ

ਕਰਕੇ ਅਸੀਂ ਅਗਲੀ ਪਰਪੋਜ਼ਲ ਤਿਆਰ ਕਰਾਂਗੇ। ਮੰਤਰੀ ਜੀ ਟਾਈਮ ਕੱਢਣ, ਇਨ੍ਹਾਂ ਨੂੰ ਮੈਂ ਲੈ ਕੇ ਚੱਲਦਾ ਹਾਂ, ਇੰਨੀ ਜ਼ਮੀਨ ਕਿਸੇ ਹੋਰ ਸਬ-ਡਵੀਜ਼ਨ ਕੋਲ ਨਹੀਂ ਹੈ ਜਿੰਨੀ ਕਿ ਦੂਧਨ ਸਾਧਾਂ ਸਬ-ਡਵੀਜ਼ਨ ਕੋਲ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਮੰਗ ਕਰਦਾ ਹਾਂ ਕਿ ਜਿਸ ਨੇ ਵੀ ਇਹ ਜਵਾਬ ਤਿਆਰ ਕਰਵਾਇਆ ਹੈ, ਜਿਸ ਅਫ਼ਸਰ ਨੇ ਵੀ ਇਹ ਜਵਾਬ ਭਿਜਵਾਇਆ ਹੈ, ਉਸ ਅਫ਼ਸਰ ਤੇ ਹੀ ਕਾਰਵਾਈ ਹੋਵੇ ਕਿਉਂਕਿ ਹਾਊਸ ਨੂੰ ਮਿਸਗਾਈਡ ਕੀਤਾ ਜਾ ਰਿਹਾ ਹੈ। ਇਹ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਹੋਣ ਵਾਲਾ ਜਵਾਬ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ......

**ਮਾਨਯੋਗ ਸਪੀਕਰ :** ਕੁਐਸਚਨ ਪੁੱਛੋ ਜੀ। ਤੁਸੀਂ ਸਵਾਲ ਨਹੀਂ ਪੁੱਛਿਆ ।

**ਮੰਤਰੀ :** ਚਲੋ, ਮੈਂ ਜਵਾਬ ਦੇ ਦਿੰਦਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਸਾਡੀ ਸਰਕਾਰ ਦਾ ਕਸੂਰ ਤਾਂ ਬੜਾ ਕੱਢ ਦਿੱਤਾ ਕਿ ਡੇਢ ਸਾਲ ਹੋ ਗਿਆ ਹੈ ਅਤੇ ਅੱਜ ਸਰਕਾਰ ਭੱਜ ਰਹੀ ਹੈ। ਮੈਂ ਤੁਹਾਡੀ ਅਤੇ ਹਾਊਸ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਜਦੋਂ 2016 ਵਿੱਚ ਇਹ ਜਾਣ ਨੂੰ ਫਿਰਦੇ ਸਨ, ਇਨ੍ਹਾਂ ਨੇ ਦਸੰਬਰ ਵਿੱਚ 9 ਸਬ-ਡਵੀਜ਼ਨਾਂ ਅਨਾਊਂਸ ਕੀਤੀਆਂ ਅਤੇ 4 ਸਬ-ਤਹਿਸੀਲਾਂ ਕਰਕੇ ਗਏ। ਨਾ ਉਸ ਦੀ ਕੋਈ ਜ਼ਮੀਨ ਦੀ ਸ਼ਨਾਖਤ ਕੀਤੀ, ਕਿਉਂਕਿ ਇਹ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਕਿੰਨਾ ਮੁਲਾਜ਼ਮ ਰੱਖਣਾ ਹੈ, ਕਿਹੜੀ ਜਗ੍ਹਾ ਲੈਣੀ ਹੈ ਅਤੇ ਕਿੱਥੋਂ ਆਉਣੀ ਹੈ। ਇਹ ਆਪ ਤਾਂ ਜਾਂਦੇ ਜਾਂਦੇ ਕਰਕੇ ਸਾਡੇ ਗਲ ਪਾ ਗਏ ਹਨ ਪਰ ਅਸੀਂ ਇਨ੍ਹਾਂ ਵਾਂਗ ਭੱਜਦੇ ਨਹੀਂ, ਸਮੇਂ ਦੇ ਨਾਲ ਸਾਨੂੰ ਫੰਡਜ਼ ਆ ਜਾਣੇ ਹਨ। ਜ਼ਮੀਨ ਦੀ ਸ਼ਨਾਖਤ ਲਈ ਕਹਿ ਦਿੱਤਾ ਹੈ। ਮੈਂ ਇਨ੍ਹਾਂ ਨਾਲ ਵੀ ਚਲਾ ਜਾਵਾਂਗਾ। ਜਦੋਂ ਵੀ ਸਾਡੇ ਕੋਲ ਫੰਡਜ਼ ਆ ਗਏ ਤਾਂ ਅਸੀਂ ਕਰਵਾ ਵੀ ਦਿਆਂਗੇ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਜਿਹੜੀ ਗੱਲ ਸਰਕਾਰੀਆ ਸਾਹਿਬ ਨੇ ਕਹੀ ਹੈ, ਇਹ ਬੜੇ ਹੀ ਕਾਬਲ ਮੰਤਰੀ ਹਨ, ਇਹ ਬੜੇ ਜ਼ਮੀਨੀ ਪੱਧਰ ਤੇ ਵਿਚਰਦੇ ਹਨ....

**ਮਾਨਯੋਗ ਸਪੀਕਰ :** ਉਹ ਤਾਂ ਕਹਿੰਦੇ ਕਿ ਤੁਹਾਡੇ ਨਾਲ ਚੱਲਾਂਗੇ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਸਰਕਾਰ ਕੋਈ ਪਹਿਲੀ ਵਾਰ ਨਹੀਂ ਗਈ ਹੈ। 70 ਸਾਲਾਂ ਵਿੱਚ ਕਈ ਸਰਕਾਰਾਂ ਆਈਆਂ ਹਨ, ਕਈ ਸਰਕਾਰਾਂ ਗਈਆਂ ਹਨ। ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਦੂਧਨ ਸਾਧਾਂ ਦੀ 40 ਸਾਲ ਪੁਰਾਣੀ ਮੰਗ ਮੰਨੀ, ਉਸ ਨੂੰ ਸਬ-ਡਵੀਜ਼ਨ ਬਣਾ ਕੇ ਉੱਥੋਂ ਦੇ ਲੋਕਾਂ ਦਾ ਮਾਣ ਕੀਤਾ ਸੀ। ਤੁਸੀਂ ਤਾਂ ਉਥੇ ਕੇਵਲ ਬਿਲਡਿੰਗ ਹੀ ਬਣਾਉਣੀ ਹੈ।

**ਮੰਤਰੀ :** ਤੁਸੀਂ ਤਾਂ ਜਾਣ ਲੱਗੇ ਕਰ ਗਏ ਸੀ। ਤੁਹਾਨੂੰ ਪਤਾ ਸੀ ਕਿ ਦੁਬਾਰਾ ਮੁੜ ਕੇ ਨਹੀਂ ਆਉਣਾ, ਇਸ ਕਰਕੇ ਤੁਸੀਂ ਕਰ ਗਏ ਸੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਮੇਰੀ ਬੇਨਤੀ ਸੁਣਿਉ। ਉੱਥੇ ਜਿਹੜੀਆਂ ਪੋਸਟਾਂ ਹਨ, ਤੁਸੀਂ ਕਲੈਰੀਕਲ ਕਾਡਰ ਦੀਆਂ ਪੋਸਟਾਂ, ਰੀਡਰ ਦੀ ਪੋਸਟ, ਸੁਪਰਡੰਟ ਦੀ ਪੋਸਟ, ਜੁਡੀਸ਼ੀਅਲ ਕੋਰਟ ਦੀਆਂ ਪੋਸਟਾਂ ਤਾਂ ਘੱਟੋ-ਘੱਟ ਸੈਂਕਸ਼ਨ ਕਰ ਦਿੰਦੇ। ਇਸ ਲਈ ਤਾਂ ਕੋਈ ਫੰਡ ਵੀ ਨਹੀਂ ਲੱਗਣਾ।

**ਮਾਨਯੋਗ ਸਪੀਕਰ :** ਤੁਸੀਂ ਇਸ ਤਰ੍ਹਾਂ ਨਾ ਕਰੋ। ਚੰਦੂਮਾਜਰਾ ਜੀ, ਤੁਸੀਂ ਸਵਾਲ ਪੁੱਛੋ। ਤੁਸੀਂ ਇਸ ਤਰ੍ਹਾਂ ਨਾ ਕਰੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਮੈਂ ਇਹੋ ਪੁੱਛ ਰਿਹਾ ਹਾਂ ਕਿ ਘੱਟੋ-ਘੱਟ ਪੋਸਟਾਂ ਸੈਂਕਸ਼ਨ ਕਰਨ ਦੀ ਤਾਂ ਸਰਕਾਰ ਮਨਜ਼ੂਰੀ ਦੇ ਸਕਦੀ ਹੈ ਅਤੇ ਇਹ ਕਦੋਂ ਤੱਕ ਦੇ ਸਕਦੀ ਹੈ? ਇਨ੍ਹਾਂ ਨੇ ਪੋਸਟਾਂ ਵੀ ਸੈਂਕਸ਼ਨ ਨਹੀਂ ਕੀਤੀਆਂ। ਤਿੰਨ ਪੋਸਟਾਂ ਰੀਡਰ, ਕਲੈਰੀਕਲ ਅਤੇ ਸੁਪਰਡੰਟ ਦੀ ਪੋਸਟ ਸੈਂਕਸ਼ਨ ਹੀ ਨਹੀਂ ਹੋਈ ਹੈ, ਉਥੇ ਕੇਵਲ ਐਸ.ਡੀ.ਐਮ. ਦੀ ਪੋਸਟ ਸੈਂਕਸ਼ਨ ਹੋਈ ਹੈ।

**ਮਾਨਯੋਗ ਸਪੀਕਰ :** ਤੁਸੀਂ ਪੋਸਟਾਂ ਸੈਂਕਸ਼ਨ ਕਰ ਦਿਉ ਜੀ।

**ਮੰਤਰੀ :** ਕਰ ਦਿਆਂਗੇ ਜੀ। ਪਰ ਮੈਂ ਜਿਹੜੀ ਬੇਨਤੀ ਕੀਤੀ ਹੈ, ਮੈਂ ਜਾ ਵੀ ਆਵਾਂਗਾ, ਵੇਖ ਵੀ ਲਵਾਂਗੇ। ਡੀ.ਸੀ. ਨੂੰ ਵੀ ਕਹਿ ਦਿੱਤਾ ਹੈ। ਸਾਡੇ ਕੋਲ ਜਦੋਂ ਜ਼ਮੀਨ ਦੀ ਨਿਸ਼ਾਨਦੇਹੀ ਆ ਗਈ, ਕਿਉਂਕਿ ਸ਼ਾਇਦ ਥੋੜ੍ਹੀ ਬਹੁਤੀ ਹੋਰ ਜ਼ਮੀਨ ਐਕੁਆਇਰ ਵੀ ਕਰਨੀ ਪਵੇਗੀ, ਉਸ ਤੋਂ ਬਾਅਦ ਹੀ ਕੰਮ ਚੱਲੇਗਾ।

----

## ਸ੍ਰੀ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਦੇ ਯੂਨਿਟ ਚਾਲੂ ਕਰਨਾ

***1571. ਸਰਦਾਰ ਅਮਰਜੀਤ ਸਿੰਘ ਸੰਦੋਆ :** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਰੂਪਨਗਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ, ਘਨੌਲੀ ਦੇ ਜੋ ਦੋ ਯੂਨਿਟ ਬੰਦ ਕੀਤੇ ਗਏ ਹਨ, ਉਹ ਚੱਲਣਯੋਗ ਹਨ; ਜੇਕਰ ਅਜਿਹਾ ਹੈ ਤਾਂ ਇਹ ਦੋ ਯੂਨਿਟ ਬੰਦ ਕਿਉਂ ਕੀਤੇ ਗਏ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਦੁਬਾਰਾ ਚਾਲੂ ਕੀਤਾ ਜਾਵੇਗਾ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ਹਾਂ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ, ਰੂਪਨਗਰ ਦੇ 2 ਯੂਨਿਟ ਮਿਤੀ 1.1.2018 ਨੂੰ ਘੱਟ ਪਲਾਂਟ ਲੋਡ ਫੈਕਟਰ (ਪੀ.ਐਲ.ਐਫ.) ਅਤੇ ਸੰਚਾਲਣ ਤੇ ਜ਼ਿਆਦਾ ਖਰਚ ਹੋਣ ਕਰਕੇ ਪੱਕੇ ਤੌਰ ਤੇ ਬੰਦ

ਕਰ ਦਿੱਤੇ ਗਏ ਹਨ। ਇਹ ਯੂਨਿਟ 25 ਸਾਲ ਤੋਂ ਜ਼ਿਆਦਾ ਪੁਰਾਣੇ, ਘੱਟ ਪਲਾਂਟ ਲੋਡ ਫੈਕਟਰ, ਵੱਧ ਹੀਟ ਰੇਟ ਅਤੇ ਪ੍ਰਤੀ ਯੂਨਿਟ ਉਤਪਾਦਨ ਦੀ ਕੀਮਤ ਜ਼ਿਆਦਾ ਹੋਣ ਕਰਕੇ ਅਤੇ ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਮੌਸਮੀ ਤਬਦੀਲੀ ਦੇ ਮੰਤਰਾਲਾ ਵਲੋਂ ਜਾਰੀ ਕੀਤੇ ਗਏ ਨਵੇਂ ਨਿਯਮਾਂ/ਹਦਾਇਤਾਂ ਅਨੁਸਾਰ ਬੰਦ ਕੀਤੇ ਗਏ ਹਨ। ਇਨ੍ਹਾਂ ਬੰਦ ਯੂਨਿਟਾਂ ਨੂੰ ਚਲਾਉਣ ਬਾਰੇ ਸਰਕਾਰ ਦੀ ਕੋਈ ਵੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਰ, ਤਜਵੀਜ਼ ਤਾਂ ਕਰੋ। ਦੇਖੋ ਰੋਪੜ ਦੇ ਕਿੰਨੇ ਲੋਕ ਬੇਰੁਜ਼ਗਾਰ ਹੋ ਗਏ ਹਨ। ਪਿਛਲੀ ਸਰਕਾਰ ਨੇ ਉਸ ਤੇ ਕਰੋੜਾਂ ਰੁਪਏ ਖਰਚ ਕੇ ਮੁਰੰਮਤ ਕੀਤੀ ਹੈ, ਉਹ 20-25 ਸਾਲ ਚੱਲ ਸਕਦੇ ਸਨ। ਦੂਸਰਾ ਸਾਡੇ ਵਿੱਤ ਮੰਤਰੀ ਸਾਹਿਬ ਨੇ ਕਹਿ ਦਿੱਤਾ ਕਿ ਅਸੀਂ ਚਲਾਵਾਂਗੇ ਲੇਕਿਨ ਇਹ ਵੀ ਇਨ੍ਹਾਂ ਨਾਲ ਰਲ ਕੇ ਇਸ ਨੂੰ ਬੰਦ ਕਰਵਾਉਣ ਲੱਗ ਪਏ। ਲੋਕ ਕਿੱਥੇ ਜਾਣਗੇ? ਇਨ੍ਹਾਂ ਨੇ ਰੁਜ਼ਗਾਰ ਤਾਂ ਕਿੱਥੇ ਦੇਣਾ ਸੀ, ਸਗੋਂ ਬੇਰੁਜ਼ਗਾਰ ਕਰ ਦਿੱਤੇ। ਜਿਹੜੇ ਮੁਲਾਜ਼ਮ ਇੱਥੋਂ ਸ਼ਿਫਟ ਕਰ ਗਏ, ਉਨ੍ਹਾਂ ਦੀਆਂ ਰਿਹਾਇਸ਼ਾਂ ਡਿੱਗ ਰਹੀਆਂ ਹਨ। ਜਿਹੜੇ ਦੋ ਯੂਨਿਟ ਬੰਦ ਕੀਤੇ ਗਏ ਹਨ ਉਨ੍ਹਾਂ ਲਈ ਜਿਹੜੀ ਜ਼ਮੀਨ ਐਕੁਆਇਰ ਕੀਤੀ ਗਈ ਹੈ, ਉਸ ਉੱਤੇ ਸਰਕਾਰ ਦੇ ਕਰੋੜਾਂ ਰੁਪਏ ਲੱਗੇ ਹੋਏ ਹਨ। ਬੰਦ ਹੋਏ ਯੂਨਿਟਾਂ ਦੀ ਮਸ਼ੀਨਰੀ ਨੂੰ ਕਰੋੜਾਂ ਰੁਪਏ ਲਗਾਉਣ ਤੋਂ ਬਾਅਦ ਵੀ ਜੰਗਾਲ ਲੱਗ ਰਿਹਾ ਹੈ।

**ਮਾਨਯੋਗ ਸਪੀਕਰ :** ਸਵਾਲ ਕਰੋ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਰ, ਸਵਾਲ ਇਸ ਨਾਲ ਹੀ ਜੁੜਿਆ ਹੈ। ਜਿਹੜੇ ਲੋਕਾਂ ਦਾ ਰੁਜ਼ਗਾਰ ਸੀ, ਉਨ੍ਹਾਂ ਲੋਕਾਂ ਦਾ ਰੁਜ਼ਗਾਰ ਬੰਦ ਹੋ ਗਿਆ ਹੈ ਜੀ। ਉਹ ਲੋਕ ਕਿੱਥੇ ਜਾਣਗੇ?

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਉਨ੍ਹਾਂ ਦੇ ਜਿਹੜੇ ਬੱਚੇ ਹਨ, ਉਹ ਲੋਕ ਉਨ੍ਹਾਂ ਬੱਚਿਆਂ ਨੂੰ ਕਿੱਥੋਂ ਪੜ੍ਹਾਉਣਗੇ, ਉਨ੍ਹਾਂ ਦੇ ਬੱਚੇ ਭੁੱਖੇ ਰਹਿਣਗੇ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਨਹੀਂ ਪੁੱਛ ਰਹੇ?

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਰ, ਸਵਾਲ ਇਹੀ ਹੈ। ਇਸ ਦੇ ਨਾਲ ਹੀ ਜੁੜਿਆ ਹੈ। ਉਹ ਲੋਕ ਬੇਰੁਜ਼ਗਾਰ ਹੋ ਗਏ ਹਨ, ਉਹ ਬੱਚਿਆਂ ਨੂੰ ਕਿਵੇਂ ਪੜ੍ਹਾਉਣਗੇ? ਉਹ ਆਪਣਾ ਖਰਚਾ ਕਿੱਥੋਂ ਕਰਨਗੇ? ਇਸ ਬਾਰੇ ਮੈਨੂੰ ਮੰਤਰੀ ਸਾਹਿਬ ਦੱਸਣ ਤਾਂ ਸਹੀ? ਉਹ ਲੋਕ ਜਿਹੜੇ ਇੱਥੇ ਨੌਕਰੀ ਕਰਦੇ ਸਨ, ਮੁਲਾਜ਼ਮ ਸਨ, ਉਹ ਕਿੱਥੇ ਜਾਣਗੇ?

**ਮਾਨਯੋਗ ਸਪੀਕਰ :** ਇਹ ਸਵਾਲ ਨਹੀਂ ਬਣਿਆ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਰ, ਸਵਾਲ ਤਾਂ ਇਸ ਨਾਲ ਹੀ ਹੈ।

**ਮਾਨਯੋਗ ਸਪੀਕਰ :** ਕੀ ਸਟਾਫ ਨੂੰ ਐਡਜਸਟ ਕਰਨ ਦੀ ਕੋਈ ਤਜਵੀਜ਼ ਹੈ?

**ਮੰਤਰੀ :** ਸਪੀਕਰ ਸਾਹਿਬ, ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਸ਼ਾਇਦ ਇੰਨਾ ਨਹੀਂ ਪਤਾ ਕਿ ਜਿਹੜੇ ਥਰਮਲ ਪਲਾਂਟ ਬੰਦ ਹੋਏ ਹਨ, ਉੱਥੇ ਜਿੰਨੇ ਇੰਪਲਾਈਜ਼ ਸਨ, ਉਹ ਵੀ ਅਸੀਂ ਐਡਜਸਟ ਕੀਤੇ ਹਨ ਅਤੇ ਜਿਹੜੇ ਕੰਟਰੈਕਟ ਤੇ ਸਨ, ਉਨ੍ਹਾਂ ਨੂੰ ਵੀ ਅਸੀਂ ਪੱਕੇ ਕਰ ਦਿੱਤਾ ਹੈ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਇਹ ਬਿਲਕੁਲ ਗਲਤ ਹੈ। ਇਹ ਹਾਊਸ ਨੂੰ ਮਿਸਗਾਈਡ ਕਰ ਰਹੇ ਹਨ।

**ਮਾਨਯੋਗ ਸਪੀਕਰ :** ਚੰਦੂਮਾਜਰਾ ਜੀ, ਬੈਠੋ, ਬੈਠੋ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਜੇ ਇਨ੍ਹਾਂ ਨੇ ਮੁਲਾਜ਼ਮ ਪੱਕੇ ਕਰ ਦਿੱਤੇ ਹਨ ਤਾਂ ਮੁਲਾਜ਼ਮ ਧਰਨਾ ਕਿਉਂ ਲਗਾਉਂਦੇ ਹਨ? ਤੁਹਾਡੀ ਕੋਠੀ ਦੇ ਅੱਗੇ ਵੀ ਰੋਪੜ ਥਰਮਲ ਪਲਾਂਟ ਦੇ ਮੁਲਾਜ਼ਮਾਂ ਨੇ ਧਰਨਾ ਲਗਾਇਆ ਹੈ। ਰੋਪੜ ਵੀ ਧਰਨਾ ਲਗਾ ਰਹੇ ਹਨ। ਜੇ ਉਹ ਪੱਕੇ ਕਰ ਦਿੱਤੇ ਹਨ, ਜੇ ਐਡਜਸਟ ਕਰ ਦਿੱਤੇ ਹਨ ਤਾਂ ਉਹ ਕਿਉਂ ਧਰਨਾ ਲਗਾਉਂਦੇ? ਲੋਕ ਬੇਵਕੂਫ ਤਾਂ ਹੈ ਨਹੀਂ ਹਨ। ਤੁਸੀਂ ਗੁੰਮਰਾਹ ਕਰ ਰਹੇ ਹੋ।

**ਮੰਤਰੀ :** ਇਨ੍ਹਾਂ ਦੀ ਗੱਲ ਬਿਲਕੁਲ ਠੀਕ ਹੈ। ਧਰਨੇ ਲੱਗਦੇ ਸੀ। ਬਠਿੰਡੇ ਵੀ ਧਰਨੇ ਲੱਗਦੇ ਸੀ, ਪਰ ਕੀ ਤੁਸੀਂ ਉਸ ਤੋਂ ਬਾਅਦ ਕਿਤੇ ਧਰਨਾ ਲੱਗਦਾ ਦੇਖਿਆ ਹੈ? ਮੈਂ ਬੜੀ ਜ਼ਿੰਮੇਵਾਰੀ ਨਾਲ ਕਹਿ ਸਕਦਾ ਹਾਂ ਅਤੇ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾ ਸਕਦਾ ਹਾਂ ਕਿ ਇੱਕ ਵੀ ਬੰਦਾ ਜਿਹੜਾ ਪਹਿਲਾਂ ਥਰਮਲ ਪਲਾਂਟ ਵਿੱਚ ਕੰਮ ਕਰਦਾ ਸੀ, ਉਸ ਨੂੰ ਨੌਕਰੀ ਤੋਂ ਬਾਹਰ ਨਹੀਂ ਕੀਤਾ ਗਿਆ ਹੈ । ਮੈਂ ਫਿਰ ਜ਼ਿੰਮੇਵਾਰੀ ਨਾਲ ਦੱਸ ਰਿਹਾ ਹਾਂ ਕਿ ਜੇਕਰ ਤੁਹਾਡੀ ਨਿਗਾਹ ਵਿੱਚ ਕੋਈ ਅਜਿਹਾ ਬੰਦਾ ਹੈ ਤਾਂ ਦੱਸ ਦਿਓ, ਅਸੀਂ ਉਸ ਨੂੰ ਐਡਜਸਟ ਕਰ ਦਿਆਂਗੇ।

**ਮਾਨਯੋਗ ਸਪੀਕਰ:** ਤੁਸੀਂ ਮਿਲਵਾ ਦਿਓ ਜੀ। ਹਾਂ ਜੀ, ਅਗਲਾ ਸਵਾਲ, ਸਰਦਾਰ ਨਵਤੇਜ ਸਿੰਘ ਚੀਮਾ।

-----

## ਸੁਲਤਾਨਪੁਰ ਲੋਧੀ ਨੂੰ ਮਾਝੇ ਇਲਾਕੇ ਨਾਲ ਜੋੜਨ ਲਈ ਬਿਆਸ ਦਰਿਆ ਤੇ ਪੁਲ ਦੀ ਉਸਾਰੀ

***1700. ਸਰਦਾਰ ਨਵਤੇਜ ਸਿੰਘ ਚੀਮਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੁਲਤਾਨਪੁਰ ਲੋਧੀ ਹਲਕੇ ਨੂੰ ਮਾਝੇ ਇਲਾਕੇ ਨਾਲ ਜੋੜਨ ਲਈ ਬਿਆਸ ਦਰਿਆ ਉਤੇ ਪੁਲ ਦੀ ਉਸਾਰੀ ਲਈ 3 ਸਾਲ ਪਹਿਲਾਂ ਉਸ ਵੇਲੇ ਦੇ ਮੁੱਖ ਮੰਤਰੀ ਵੱਲੋਂ ਨੀਂਹ ਪੱਥਰ ਰੱਖਿਆ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਪੁਲ ਦੀ ਉਸਾਰੀ ਦਾ ਕੰਮ ਸ਼ੁਰੂ ਨਾ ਕੀਤੇ ਜਾਣ ਦੇ ਕੀ ਕਾਰਨ ਹਨ ਅਤੇ ਇਸ ਦੀ ਉਸਾਰੀ ਦਾ ਕੰਮ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, ਪੰਜਾਬ ਸਰਕਾਰ ਵੱਲੋਂ ਬਿਆਸ ਦਰਿਆ ਤੇ ਹਾਈ ਲੈਵਲ ਪੁਲ ਉਸਾਰਨ ਦੀ ਤਜਵੀਜ਼ ਪੀ.ਆਈ.ਡੀ.ਬੀ. ਫੰਡਾਂ ਅਧੀਨ, ਐਗਜੈਕਟਿਵ ਕਮੇਟੀ ਦੀ 91ਵੀਂ ਮੀਟਿੰਗ ਵਿੱਚ ਮਿਤੀ 5.11.2009 ਨੂੰ ਪ੍ਰਵਾਨ ਕੀਤੀ ਗਈ ਸੀ। ਇਸ ਪੁਲ ਦੀ ਉਸਾਰੀ ਦਾ ਨੀਂਹ ਪੱਥਰ ਉਸ ਵੇਲੇ ਦੇ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਮਿਤੀ 8.12.2011 ਨੂੰ ਰੱਖਿਆ ਗਿਆ ਸੀ। ਮਾਨਯੋਗ ਮੁੱਖ ਮੰਤਰੀ, ਪੰਜਾਬ, ਕਮ-ਚੇਅਰਮੈਨ, ਪੀ.ਆਈ.ਡੀ.ਬੀ. ਦੀ ਮਿਤੀ 30.6.2014 ਅਤੇ ਮਾਨਯੋਗ ਡਿਪਟੀ ਮੁੱਖ ਮੰਤਰੀ ਕਮ-ਕੋ-ਚੇਅਰਮੈਨ, ਪੀ.ਆਈ.ਡੀ.ਬੀ. ਜੀ ਦੀ ਮਿਤੀ 14.7.2014 ਨੂੰ ਪ੍ਰਧਾਨਗੀ ਹੇਠ ਹੋਈਆਂ ਮੀਟਿੰਗਾਂ ਵਿੱਚ ਇਸ ਪ੍ਰੋਜੈਕਟ ਨੂੰ put on hold ਰੱਖਣ ਲਈ ਫੈਸਲਾ ਕੀਤਾ ਗਿਆ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੇ ਵਕਤ ਮਿਤੀ 5.11.2009 ਨੂੰ ਹੋਈ ਪੀ.ਆਈ.ਡੀ.ਬੀ. ਦੀ 91ਵੀਂ ਮੀਟਿੰਗ ਵਿੱਚ ਇਹ ਪੁਲ ਜਿਹੜਾ ਕਿ ਮਾਝੇ ਤੇ ਦੁਆਬੇ ਨੂੰ ਜੋੜਦਾ ਸੀ, ਇਹ ਬੜਾ ਅਹਿਮ ਪੁਲ ਸੀ ਉਸ ਦੀ ਤਜਵੀਜ਼ ਮਨਜ਼ੂਰ ਕੀਤੀ ਗਈ ਸੀ ਅਤੇ ਉਸ ਵੇਲੇ ਦੇ ਮੁੱਖ ਮੰਤਰੀ ਸਾਹਿਬ ਨੇ ਮਿਤੀ 18.12.2011 ਨੂੰ ਦੋ ਸਾਲ ਬਾਅਦ ਇਸ ਪੁਲ ਦਾ ਨੀਂਹ ਪੱਥਰ ਇੱਕ ਪਾਸੇ ਨਹੀਂ ਬਲਕਿ ਦੋ ਪਾਸੇ ਰੱਖਿਆ ਸੀ। ਕਪੂਰਥਲਾ ਜ਼ਿਲ੍ਹੇ ਵਾਲੇ ਪਾਸੇ ਵੀ ਰੱਖਿਆ ਅਤੇ ਉਸ ਤੋਂ ਬਾਅਦ ਤਰਨਤਾਰਨ ਵਾਲੇ ਪਾਸੇ ਵੀ ਸੇਮ ਦਿਨ ਹੀ ਦੋਨੋਂ ਜਗ੍ਹਾ ਉੱਪਰ ਇਸ ਪੁਲ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਗਿਆ ਸੀ । ਇਸ ਦੇ ਨੀਂਹ ਪੱਥਰ ਰੱਖਣ ਤੋਂ ਦੋ ਵਰ੍ਹਿਆਂ ਬਾਅਦ ਪੀ.ਆਈ.ਡੀ.ਬੀ. ਦੀਆਂ ਦੁਬਾਰਾ ਦੋ ਮੀਟਿੰਗਾਂ ਹੋਈਆਂ। ਇੱਕ ਮੁੱਖ ਮੰਤਰੀ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 30.06.2014 ਨੂੰ ਮੀਟਿੰਗ ਹੋਈ ਅਤੇ ਦੂਜੀ ਉਸ ਵੇਲੇ ਦੇ ਉਪ ਮੁੱਖ ਮੰਤਰੀ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 14.07.2014 ਨੂੰ

[ ਲੋਕ ਨਿਰਮਾਣ ਮੰਤਰੀ ]

ਮੀਟਿੰਗ ਹੋਈ ਅਤੇ ਉਸ ਵੇਲੇ ਇਸ ਪੁਲ ਨੂੰ put on hold ਕਰ ਦਿੱਤਾ ਗਿਆ। ਇਹ ਅਹਿਮ ਪੁਲ ਸੀ।ਉਸ ਵੇਲੇ ਦੀ ਪੀ.ਆਈ.ਡੀ.ਬੀ. ਦੀ ਮੀਟਿੰਗ ਵਿੱਚ ਪੰਜ ਸਾਲ ਵਿੱਚ ਇਸ ਦੀ ਮਨਜ਼ੂਰੀ ਵੀ ਹੋਈ, ਦੋਵੇਂ ਪਾਸੇ ਇਸ ਦਾ ਨੀਂਹ ਪੱਥਰ ਵੀ ਰੱਖਿਆ ਗਿਆ । ਫਿਰ 2014 ਵਿੱਚ ਮੁੱਖ ਮੰਤਰੀ ਸਾਹਿਬ ਅਤੇ ਉਪ ਮੁੱਖ ਮੰਤਰੀ ਸਾਹਿਬ ਦੀਆਂ ਮੀਟਿੰਗਾਂ ਵਿੱਚ ਇਸ ਨੂੰ put on hold ਕਰ ਦਿੱਤਾ ਗਿਆ। ਇਹ ਠੀਕ ਹੈ ਕਿ ਇਹ ਪੁਲ ਬਣਨਾ ਬਹੁਤ ਜ਼ਰੂਰੀ ਸੀ ਕਿਉਂਕਿ ਇਹ ਦੁਆਬੇ ਤੇ ਮਾਝੇ ਨੂੰ ਜੋੜਦਾ ਹੈ ਤੇ ਇਸ ਪੁਲ ਦੀ ਲਾਗਤ ਤਕਰੀਬਨ 105 ਕਰੋੜ ਹੈ ਜਿਸ ਵਿੱਚ 780 ਮੀਟਰ ਪੁਲ ਦੀ ਲੈਂਥ ਹੈ ਅਤੇ 6200 ਮੀਟਰ ਅਪ੍ਰੋਚ ਰੋਡਜ਼ ਦੀ ਲੈਂਥ ਹੈ ਅਤੇ 10 ਕਰੋੜ ਰੁਪਏ ਦੀ ਲੈਂਡ ਐਕੁਜ਼ੀਸ਼ਨ ਲਈ ਜ਼ਰੂਰਤ ਹੈ । ਅਸੀਂ ਇਸ ਪੁਲ ਨੂੰ ਆਉਣ ਵਾਲੇ ਸਮੇਂ ਵਿੱਚ ਭਾਰਤ ਸਰਕਾਰ ਦੇ ਇੱਕ ਇਕਨਾਮਿਕ ਇੰਪਾਰਟੈਂਸ ਪ੍ਰੋਗਰਾਮ ਵਿੱਚ ਪਰਪੋਜ਼ ਕਰ ਰਹੇ ਹਾਂ ਤਾਂ ਕਿ ਇਹ ਮਨਜ਼ੂਰ ਹੋ ਸਕੇ। ਇਹ ਪੁਲ ਬੜਾ ਜ਼ਰੂਰੀ ਹੈ । ਮੈਂ ਇਸ ਲਈ ਹਾਊਸ ਨੂੰ ਦੱਸਿਆ ਹੈ ਕਿਉਂਕਿ ਮੈਂਬਰ ਸਾਹਿਬ ਨੇ ਗੱਲ ਧਿਆਨ ਵਿੱਚ ਲਿਆਂਦੀ ਹੈ ਕਿ ਇਸ ਪੁਲ ਦੀ ਉਸਾਰੀ ਇਨ੍ਹਾਂ ਕਾਰਨਾਂ ਕਰਕੇ ਨਹੀਂ ਹੋ ਸਕੀ ਹੈ।

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਇਹ ਗੱਲ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਮੁੱਖ ਮੰਤਰੀ ਸਾਹਿਬ ਦੇ ਲੈਵਲ ਦਾ ਨੀਂਹ ਪੱਥਰ ਦੋ ਜਗ੍ਹਾ ਤੇ ਰੱਖਿਆ ਜਾਂਦਾ ਹੈ ਔਰ ਉਸ ਪੁਲ ਨੂੰ ਅੱਜ ਤੱਕ ਨਹੀਂ ਬਣਾਇਆ ਗਿਆ ਹੈ। ਜਦੋਂ ਸਾਲ 2011 ਵਿੱਚ ਇਲੈਕਸ਼ਨਾਂ ਨੇੜੇ ਆਈਆਂ ਤਾਂ ਨੀਂਹ ਪੱਥਰ ਇੱਕ ਸਾਈਡ ਤੇ ਰੱਖ ਦਿੱਤਾ ਅਤੇ ਦੂਜੀ ਸਾਈਡ ਤੇ ਵੀ ਰੱਖ ਦਿੱਤਾ। ਮੇਰੇ ਸਤਿਕਾਰਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਹਾਊਸ ਨੂੰ ਮਿਸਲੀਡ ਕਰਦੇ ਹਨ, ਮਿਸਗਾਈਡ ਕਰਦੇ ਹਨ। ਇੱਥੇ ਪੰਜਾਬ ਦੇ ਲੋਕਾਂ ਨੂੰ ਮਿਸਲੀਡ ਕੀਤਾ ਜਾਂਦਾ ਹੈ, ਉਦੋਂ ਲੋਕਾਂ ਦੇ ਬੜੇ ਮਨ ਵਿੱਚ ਸੀ ਕਿ ਇਹ ਪੁਲ ਬਣ ਰਿਹਾ ਹੈ ਪਰੰਤੂ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਖੇਡਿਆ ਗਿਆ ਹੈ।

**ਮਾਨਯੋਗ ਸਪੀਕਰ:** ਸਵਾਲ ਪੁੱਛੋ, ਤੁਸੀਂ ਸਵਾਲ ਪੁੱਛੋ।

**ਸਰਦਾਰ ਨਵਤੇਜ ਸਿੰਘ ਚੀਮਾ:** ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਪੁਲ ਨੂੰ ਛੇਤੀ ਤੋਂ ਛੇਤੀ ਬਣਾਇਆ ਜਾਵੇ। ਜੇ ਪਿਛਲੀ ਸਰਕਾਰ ਨੇ ਨਹੀਂ ਬਣਾਇਆ ਤਾਂ ਸਾਡੇ ਮੰਤਰੀ ਸਾਹਿਬ ਨੂੰ ਮੇਰੀ ਰਿਕੁਐਸਟ ਹੈ ਕਿ ਸੈਂਟਰ ਦੇ ਕਿਸੇ ਪ੍ਰੋਗਰਾਮ ਵਿੱਚ ਪਾ ਕੇ ਇਸ ਪੁਲ ਨੂੰ ਬਣਾਇਆ ਜਾਵੇ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਅਸੀਂ ਇਸ ਨੂੰ ਨੈਕਸਟ ਪ੍ਰੋਗਰਾਮ ਵਿੱਚ ਲਵਾਂਗੇ ਔਰ ਉਨ੍ਹਾਂ ਨੇ ਇਸ ਦੀ ਜ਼ਰੂਰਤ ਨੂੰ ਵੀ ਮੰਨਿਆ ਹੈ ਕਿ ਇਸ ਦੀ ਜ਼ਰੂਰਤ ਹੈ।

**ਸਰਦਾਰ ਨਵਤੇਜ ਸਿੰਘ ਚੀਮਾ:** ਪਰ ਸਪੀਕਰ ਸਾਹਿਬ, ਇਸ ਲਈ ਕੋਈ ਰੋਕ ਲੱਗਣੀ ਚਾਹੀਦੀ ਹੈ ਕਿ ਜਦੋਂ ਵੀ ਕੋਈ ਨੀਂਹ ਪੱਥਰ ਰੱਖਿਆ ਜਾਂਦਾ ਹੈ ਉਹ ਉਦੋਂ ਹੀ ਰੱਖਿਆ ਜਾਵੇ, ਜਦੋਂ ਕੰਮ ਕਰਨਾ ਹੈ ਜਾਂ ਕੰਮ ਸ਼ੁਰੂ ਹੋਣਾ ਹੈ, ਬਗੈਰ ਮਤਲਬ ਤੋਂ ਨੀਂਹ ਪੱਥਰ ਰੱਖਣ ਦਾ ਕੋਈ ਮਤਲਬ ਨਹੀਂ। ਪਿਛਲੇ 10 ਸਾਲਾਂ ਵਿੱਚ ਬਹੁਤ ਨੀਂਹ ਪੱਥਰ ਰੱਖੇ ਗਏ ਹਨ, ਉਨ੍ਹਾਂ ਤੇ ਵੀ ਕੋਈ ਰੋਕ ਲੱਗਣੀ ਚਾਹੀਦੀ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਧੰਨਵਾਦ। ਮੈਂ ਅੱਜ ਪ੍ਰਸ਼ਨ ਵੀ ਲਗਾਇਆ ਸੀ ਪਰ ਇਹ ਥੋੜ੍ਹਾ ਅਲੱਗ ਹੈ ਪਰ ਫਿਰ ਵੀ ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੀ ਗੜ੍ਹਸ਼ੰਕਰ ਤੋਂ ਨਵਾਂ ਸ਼ਹਿਰ ਇੱਕ ਸੜਕ ਹੈ, ਇੱਕ ਛੇ ਕਿਲੋਮੀਟਰ ਦਾ ਟੋਟਾ ਹੈ...

**ਮਾਨਯੋਗ ਸਪੀਕਰ:** ਨਹੀਂ, ਇਸ ਤਰ੍ਹਾਂ ਨਹੀਂ ਹੋਣਾ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਮੈਂ ਇਸ ਬਾਰੇ ਪ੍ਰਸ਼ਨ ਵੀ ਲਗਾਇਆ ਸੀ, ਸਾਨੂੰ ਮੰਤਰੀ ਸਾਹਿਬ ਤੋਂ ਬਹੁਤ ਉਮੀਦਾਂ ਹਨ ਕਿਉਂਕਿ ਇਹ ਸਾਡੇ ਯੂਥ ਦੇ ਹਨ । ਮੈਨੂੰ ਮੰਤਰੀ ਸਾਹਿਬ ਤੋਂ ਇਹ ਵੀ ਉਮੀਦ ਹੈ ਕਿ ਇਹ ਸਾਡੀ ਸੜਕ ਬਾਰੇ ਜ਼ਰੂਰ ਦੱਸਣਗੇ ਕਿਉਂਕਿ ਉੱਥੇ ਇਸ ਬਾਰੇ ਅਖਬਾਰਾਂ ਵਿੱਚ ਆ ਗਿਆ ਹੈ ਕਿ ਸਾਡੀ ਇਸ ਸੜਕ ਵਾਸਤੇ 13.5 ਕਰੋੜ ਰੁਪਿਆ ਮਨਜ਼ੂਰ ਹੋ ਗਿਆ ਹੈ। ਜੇਕਰ ਮਨਜ਼ੂਰ ਹੋ ਗਿਆ ਹੈ ਤਾਂ ਇਹ ਜ਼ਰੂਰ ਆਸ਼ਵਾਸਨ ਦੇ ਦੇਣ ਕਿ ਇਸ ਸੜਕ ਲਈ ਪੈਸਾ ਮਨਜ਼ੂਰ ਹੋ ਗਿਆ ਹੈ।

**ਮਾਨਯੋਗ ਸਪੀਕਰ:** ਨਹੀਂ ਜੀ, ਇਸ ਤਰ੍ਹਾਂ ਨਹੀਂ ਪੁੱਛਿਆ ਜਾ ਸਕਦਾ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਮੰਤਰੀ ਸਾਹਿਬ ਤਾਂ ਜਵਾਬ ਦੇਣਾ ਚਾਹੁੰਦੇ ਹਨ।

**ਮਾਨਯੋਗ ਸਪੀਕਰ:** ਤੁਸੀਂ ਨਹੀਂ ਪੁੱਛ ਸਕਦੇ ਜੀ। ਉਹ ਸਾਰੇ ਪੰਜਾਬ ਬਾਰੇ ਕਿਵੇਂ ਜ਼ੁਬਾਨੀ ਯਾਦ ਰੱਖਣਗੇ? ਅਗਲਾ ਸਵਾਲ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1668

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1687

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1696****

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

-----

**ਲਾਭਪਾਤਰੀਆਂ ਨੂੰ ਆਧਾਰ ਕਾਰਡ ਨਾਲ ਲਿੰਕ ਕਰਨਾ**

***1658. ਡਾਕਟਰ ਸੁਖਵਿੰਦਰ ਕੁਮਾਰ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਲਈ ਚਲਾਈਆਂ ਜਾ ਰਹੀਆਂ ਵੈਲਫੇਅਰ ਸਕੀਮਾਂ ਦੇ ਲਾਭ ਪ੍ਰਾਪਤ ਕਰਨ ਲਈ ਕੀ ਅਜਿਹੇ ਲਾਭਪਾਤਰੀਆਂ ਨੂੰ ਆਧਾਰ ਕਾਰਡ ਨਾਲ ਲਿੰਕ ਕੀਤਾ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਾਰੇ ਯੋਗ ਲਾਭਪਾਤਰੀਆਂ ਦੇ ਅਧਾਰ ਕਾਰਡ ਬਣੇ ਹੋਏ ਹਨ?

**ਸਰਦਾਰ ਸਾਧੂ ਸਿੰਘ :** ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਕੇਵਲ ਸਕਾਲਰਸ਼ਿਪ ਅਤੇ ਕਰਜ਼ਾ ਸਕੀਮਾਂ ਅਧੀਨ ਲਾਭ ਲੈਣ ਵਾਲੇ ਸਮੂਹ ਯੋਗ ਲਾਭਪਾਤਰੀਆਂ ਦਾ ਆਧਾਰ ਨੰਬਰ ਪ੍ਰਾਪਤ ਕੀਤਾ ਜਾਂਦਾ ਹੈ। ਇਨ੍ਹਾਂ ਸਕੀਮਾਂ ਤਹਿਤ ਲਾਭ ਲੈਣ ਵਾਲੇ ਸਮੂਹ ਯੋਗ ਲਾਭਪਾਤਰੀਆਂ ਨੂੰ ਆਧਾਰ ਨੰਬਰ ਮਿਲੇ ਹੋਏ ਹਨ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਜਿਸ ਤਰ੍ਹਾਂ ਪਿਛਲੇ ਸਮੇਂ ਵਿੱਚ ਆਡਿਟ ਦੇ ਬਹਾਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਤਕਰੀਬਨ ਇੱਕ ਲੱਖ ਐਸ.ਸੀ. ਬੱਚਾ ਔਰ ਹਜ਼ਾਰਾਂ ਹੀ ਬੀ.ਸੀ. ਬੱਚੇ ਐਜੂਕੇਸ਼ਨ ਤੋਂ ਵਾਂਝੇ ਰਹਿ ਗਏ ਹਨ । ਮੰਤਰੀ ਜੀ, ਇਹ ਆਧਾਰ ਕਾਰਡ ਨਾਲ ਲਿੰਕ ਕਰਕੇ ਜਿਹੜੀਆਂ ਸਕੀਮਾਂ ਦੇ ਰਹੇ ਹੋ, ਕੀ ਕੋਈ ਉਹ ਤਾਂ ਨਹੀਂ ਬੰਦ ਕਰਨਗੇ? ਕੀ ਮੰਤਰੀ ਜੀ ਦੀ ਇਸ ਤਰ੍ਹਾਂ ਦੀ ਕੋਈ ਮਨਸ਼ਾ ਤਾਂ ਨਹੀਂ?

**ਮਾਨਯੋਗ ਸਪੀਕਰ:** ਮੰਤਰੀ ਜੀ, ਕੋਈ ਐਸੀ ਮਨਸ਼ਾ ਤਾਂ ਨਹੀਂ?

**ਮੰਤਰੀ :** ਸਪੀਕਰ ਸਾਹਿਬ, ਸਾਡੀ ਕਾਂਗਰਸ ਪਾਰਟੀ ਦੀ ਕਦੇ ਕੋਈ ਐਸੀ ਮਨਸ਼ਾ ਨਹੀਂ ਹੋਈ, ਖਾਸ ਕਰਕੇ ਪੰਜਾਬ ਦੇ ਵਿੱਚ ਕੈਪਟਨ ਅਮਰਿੰਦਰ ਸਿੰਘ ਜੀ ਦੀ ਕਾਂਗਰਸ ਪਾਰਟੀ ਦੀ ਸਰਕਾਰ ਹੋਵੇ ਜਿਹੜੀ ਕਿ ਪੰਜਾਬ ਦਾ ਭਲਾ ਕਰਨਾ ਚਾਹੁੰਦੀ ਹੋਵੇ। ਗਰੀਬਾਂ ਤੇ ਕੋਹਾੜਾ ਨਹੀਂ ਚੱਲ ਸਕਦਾ, ਇਹ ਤਾਂ **** ਦੇ ਨਾਲ ਹਨ, ਉੱਥੋਂ ਹੀ ਸਕੀਮਾਂ ਬਣ ਕੇ ਆਉਂਦੀਆਂ ਹਨ ਅਤੇ ਇਹ ਸੈਂਟਰ ਦੀਆਂ ਸਕੀਮਾਂ ਹਨ। ਜੋ ਉਹ ਕਹਿੰਦੇ ਹਨ, ਉਹ ਹੁੰਦਾ ਹੈ।

**For Starred Question No. 1696 and reply thereto, please see Appendix to this Debates.

****Expunged as ordered by the Chair.

**ਡਾਕਟਰ ਸੁਖਵਿੰਦਰ ਕੁਮਾਰ :** ਮੰਤਰੀ ਸਾਹਿਬ, ਜੇ ਤੁਹਾਨੂੰ ਇੰਨੀ ਹੀ ਫਿਕਰ ਹੈ ਤਾਂ ਅੱਜ ਤੱਕ ਜਿਹੜਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਪੈਸਾ.......

**ਮਾਨਯੋਗ ਸਪੀਕਰ:** ** ** ਨਾਂ ਕੱਟ ਦਿਉ, ਐਕਸਪੰਜ ਕਰ ਦਿਉ।

**ਡਾਕਟਰ ਸੁਖਵਿੰਦਰ ਕੁਮਾਰ :** ਜਿਹੜਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਪੈਸਾ ਹੈ, ਇਨ੍ਹਾਂ ਨੇ ਅਜੇ ਤੱਕ ਰਿਲੀਜ਼ ਨਹੀਂ ਕੀਤਾ। ਕੀ ਮੰਤਰੀ ਜੀ ਇਹ ਦੱਸਣਗੇ ਕਿ ਉਹ ਪੈਸਾ ਕਦੋਂ ਤੱਕ ਰਿਲੀਜ਼ ਕੀਤਾ ਜਾਵੇਗਾ ਤਾਂ ਕਿ ਬੱਚੇ ਆਪਣੀ ਪੜ੍ਹਾਈ ਕਰ ਸਕਣ? ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਪੰਜਾਬ ਦਾ ਹਿੱਸਾ ਬਣਦਾ ਹੈ, ਇਨ੍ਹਾਂ ਨੇ ਅੱਜ ਤੱਕ ਉਹ ਕਿਸੇ ਕਾਲਜ ਨੂੰ ਨਹੀਂ ਦਿੱਤਾ। ਅੱਜ ਪ੍ਰਾਈਵੇਟ ਕਾਲਜ ਵਾਲੇ ਬੱਚਿਆਂ ਨੂੰ ਐਡਮਿਸ਼ਨ ਤਾਂ ਦੇ ਦਿੰਦੇ ਹਨ ਕਿ ਜਦੋਂ ਤੱਕ ਤੁਹਾਡੇ ਕੋਲ ਪੈਸਾ ਨਹੀਂ ਪਰੰਤੂ ਜਦੋਂ ਉਨ੍ਹਾਂ ਦੇ ਪੇਪਰ ਆ ਜਾਂਦੇ ਹਨ ਅਤੇ ਉਹ ਬੱਚੇ ਰੋਲ ਨੰਬਰ ਲੈਣ ਜਾਂਦੇ ਹਨ ਤਾਂ ਉਨ੍ਹਾਂ ਨੂੰ ਇੱਕ ਦਿਨ ਪਹਿਲਾਂ ਇਹ ਕਿਹਾ ਜਾਂਦਾ ਹੈ ਕਿ ਤੁਸੀਂ ਪਹਿਲਾਂ ਪੂਰੀ ਫੀਸ ਜਮ੍ਹਾਂ ਕਰਵਾਓ ਫਿਰ ਤੁਹਾਨੂੰ ਰੋਲ ਨੰਬਰ ਦੇਵਾਂਗੇ।

**ਮਾਨਯੋਗ ਸਪੀਕਰ :** ਡਾਕਟਰ ਸਾਹਿਬ, ਤੁਸੀਂ ਸਵਾਲ ਪੁੱਛੋ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਮੈਂ ਸਵਾਲ ਤੇ ਹੀ ਆ ਰਿਹਾ ਹਾਂ। ਕਿਉਂਕਿ ਇਹ ਕਹਿੰਦੇ ਹਨ ਕਿ ਸਾਡੀ ਇਸ ਤਰ੍ਹਾਂ ਦੀ ਕੋਈ ਮਨਸ਼ਾ ਨਹੀਂ ਹੈ ਤਾਂ ਮੰਤਰੀ ਸਾਹਿਬ ਇਹ ਦੱਸਣ ਕਿ ਇਸ ਤਰ੍ਹਾਂ ਆਧਾਰ ਕਾਰਡ ਨਾਲ ਲਿੰਕ ਕਿਉਂ ਕੀਤਾ ਹੈ? ਦੂਸਰਾ ਇਹ ਕਹਿੰਦੇ ਹਨ ਕਿ ਇਹ ਕਰਜ਼ੇ ਦੇ ਲਈ ਹੈ ਜਾਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਲਈ ਹੈ। ਜਿਹੜਾ ਅਸੀਂ ਆਟਾ ਦਾਲ ਸਕੀਮ ਦਿੰਦੇ ਹਾਂ, ਉਸ ਵਿੱਚ ਸਾਡਾ ਅੰਗੂਠਾ ਲਗਾ ਕੇ ਕਿਉਂ ਚੈੱਕ ਕਰਦੇ ਹਨ ਕਿ ਇਹ ਬੰਦੇ ਨੂੰ ਅਸੀਂ ਆਟਾ ਦਾਲ ਦੇਣਾ ਹੈ ਜਾਂ ਨਹੀਂ ਦੇਣਾ। ਉੱਥੇ ਕਿਉਂ ਅੰਗੂਠਾ ਲਗਵਾਇਆ ਜਾਂਦਾ ਹੈ? ਇਹ ਕਹਿੰਦੇ ਹਨ ਕਿ ਆਧਾਰ ਕਾਰਡ ਨਾਲ ਲਿੰਕ ਨਹੀਂ ਕੀਤਾ।

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ। ਆਟਾ-ਦਾਲ ਤੇ ਵੱਖਰਾ ਸਵਾਲ ਬਣਦਾ ਹੈ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਸਵਾਲ ਮੇਰਾ ਇਹੀ ਹੈ।

**ਮਾਨਯੋਗ ਸਪੀਕਰ :** ਨਹੀਂ ਜੀ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਪਲੀਜ਼ ਇੱਕ ਮਿੰਟ ਸੁਣ ਲਵੋ ਜੀ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਨੂੰ ਮਿਕਸ ਨਾ ਕਰੋ।

---

** Expunged as ordered by the Chair.

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਮਿਕਸ ਨਹੀਂ ਹੈ ਜੀ। ਮੈਂ ਕੁਐਸਚਨ ਪੁੱਛਿਆ ਹੈ ਕਿ ਜਿਹੜਾ ਆਧਾਰ ਕਾਰਡ ਹੈ, ਉਹ ਤੁਸੀਂ ਕਿੱਥੇ-ਕਿੱਥੇ ਲਿੰਕ ਕੀਤਾ ਹੈ? ਇਨ੍ਹਾਂ ਨੇ ਕਿਹਾ ਕਿ ਸਿਰਫ 2 ਸਕੀਮਾਂ ਵਿੱਚ ਕੀਤਾ ਅਤੇ ਆਟਾ-ਦਾਲ ਸਕੀਮ ਵਿੱਚ ਲਿੰਕ ਨਹੀਂ ਕੀਤਾ ਗਿਆ। ਪਰ ਪਿੰਡਾਂ ਦੇ ਵਿੱਚ ਜਦੋਂ ਲੋਕ ਆਟਾ-ਦਾਲ ਲੈਣ ਜਾਂਦੇ ਹਨ ਤਾਂ ਉਸ ਵੇਲੇ ਉਹ ਕਹਿੰਦੇ ਹਨ ਕਿ ਆਪਣਾ ਅੰਗੂਠਾ ਲਗਾਓ, ਜੇ ਉਨ੍ਹਾਂ ਦਾ ਅੰਗੂਠਾ ਮੈਚ ਨਹੀਂ ਕਰਦਾ ਤਾਂ ਉਨ੍ਹਾਂ ਨੂੰ ਆਟਾ-ਦਾਲ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਟਾ-ਦਾਲ ਸਕੀਮ ਵਿੱਚ ਅੰਗੂਠਾ ਲਗਾਉਣ ਦੀ ਜ਼ਰੂਰਤ ਕਿਉਂ ਮਹਿਸੂਸ ਕਰਦੇ ਹਨ?

**ਮੰਤਰੀ :** ਇਨ੍ਹਾਂ ਨੇ ਪੁੱਛਿਆ ਹੈ ਕਿ ਆਟਾ ਦਾਲ ਸਕੀਮ ਲਈ ਵੀ ਆਧਾਰ ਕਾਰਡ ਕਿਉਂ ਨਹੀਂ। ਮੈਂ ਦੱਸਣਾ ਚਾਹੁੰਦਾ ਹਾਂ ਕਿ.......

(ਅਵਾਜ਼ਾਂ: ਕਿਉਂ ਹੈ, ਕਿਉਂ ਹੈ?)

**ਮੰਤਰੀ :** ਕਿਉਂ ਹੈ? ਇਹ ਜ਼ਰੂਰੀ ਹੋਵੇਗਾ ਤਾਂ ਹੈ.. (ਹਾਸਾ)

**ਡਾਕਟਰ ਸੁਖਵਿੰਦਰ ਕੁਮਾਰ :** ਇਨ੍ਹਾਂ ਦੇ ਗੱਲ ਸਮਝ ਨਹੀਂ ਲੱਗਦੀ, ਹੱਸ ਕੇ ਸਾਰ ਦਿੰਦੇ ਹਨ। ਸਰ, ਮੇਰੀ ਗੱਲ ਦਾ ਜਵਾਬ ਨਹੀਂ ਆਇਆ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਸਰਕਾਰ ਬਣਨ ਤੋਂ ਪਹਿਲੇ ਸੈਸ਼ਨ ਵਿੱਚ ਇਹ ਗੱਲ ਆਈ ਸੀ ਕਿ ਪਿਛਲੀ ਸਰਕਾਰ ਨੇ 800 ਕਰੋੜ ਰੁਪਏ ਦਾ ਘਪਲਾ ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਸਕੀਮ ਤਹਿਤ ਕੀਤਾ ਹੈ। ਉਸ ਦਾ ਆਡਿਟ ਹੋਇਆ ਸੀ, ਕੀ ਮੰਤਰੀ ਸਾਹਿਬ ਦੱਸਣਗੇ ਕਿ ਇਨ੍ਹਾਂ ਨੇ ਕਿਹੜਾ ਘਪਲਾ ਫੜ੍ਹਿਆ ਹੈ। ਉਦੋਂ ਸੀ.ਐਮ. ਸਾਹਿਬ ਨੇ ਵੀ ਐਸ਼ਿਉਰੈਂਸ ਦਿੱਤੀ ਸੀ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਦੇਖੋ, ਚੀਮਾ ਸਾਹਿਬ। ਚੀਮਾ ਸਾਹਿਬ, ਮੇਰੀ ਗੱਲ ਸੁਣ ਲਓ।(ਵਿਘਨ)

**ਸਰਦਾਰ ਹਰਪਾਲ ਸਿੰਘ ਚੀਮਾ :** 800 ਕਰੋੜ ਰੁਪਏ ਦਾ ਘਪਲਾ ਹੋਇਆ ਹੈ, ਇੱਕ ਵੀ ਐਫ.ਆਈ.ਆਰ... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਚੀਮਾ ਸਾਹਿਬ, ਗੱਲ ਸੁਣੋ। (ਵਿਘਨ) (ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ:** ** **

**ਮਾਨਯੋਗ ਸਪੀਕਰ:** ਜੋ ਕੁਝ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਜਾਂਦਾ ਹੈ, ਉਹ ਦਰਜ ਨਾ ਕੀਤਾ ਜਾਏ। (ਵਿਘਨ..ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

---

** Not recorded as ordered by the Chair.

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ, ਬੈਠੋ, ਬਿਲਕੁਲ ਦਰਜ ਨਾ ਕੀਤਾ ਜਾਵੇ। ਜੋ ਕੁਝ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਜਾਂਦਾ ਹੈ, ਦਰਜ ਨਾ ਕੀਤਾ ਜਾਏ।(ਵਿਘਨ..ਸ਼ੋਰ) ਸਵਾਲ ਵੈੱਲਫੇਅਰ ਸਕੀਮ ਦਾ ਹੈ, ਸਵਾਲ ਆਧਾਰ ਕਾਰਡ ਦਾ ਹੈ। ਸਵਾਲ ਵੈਲਫੇਅਰ ਸਕੀਮ ਦਾ ਹੈ, (ਵਿਘਨ)(ਸ਼ੋਰ) ਬਿਲਕੁਲ ਦਰਜ ਨਾ ਕੀਤਾ ਜਾਵੇ। ਸਵਾਲ ਵੈਲਫੇਅਰ ਸਕੀਮ ਦਾ ਹੈ (ਵਿਘਨ) (ਸ਼ੋਰ) No, No, ਸਵਾਲ ਵੈਲਫੇਅਰ ਸਕੀਮ ਦਾ ਹੈ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਸਵਾਲ ਵੈਲਫੇਅਰ ਸਕੀਮ ਤੇ ਆਧਾਰ ਕਾਰਡ ਦਾ ਹੈ। ਇਸ ਕਰਕੇ ਤੁਸੀਂ ਬੈਠੋ। ਉਨ੍ਹਾਂ ਨੂੰ ਪੁੱਛਣ ਦਿਓ। ਸੁੱਖੀ ਜੀ ਨੂੰ ਪੁੱਛਣ ਦਿਓ। (ਵਿਘਨ) (ਸ਼ੋਰ) ਤੁਸੀਂ ਸਾਰੇ ਬੈਠੋ ਪਲੀਜ਼। Don't disturb. don't disturb. ਜਵਾਬ ਸੁਣੋ, ਜਵਾਬ ਸੁਣੋ, ਮੰਤਰੀ ਜੀ ਜਵਾਬ ਦੇਣਾ ਚਾਹੁੰਦੇ ਹਨ।(ਵਿਘਨ) (ਸ਼ੋਰ) ਮੰਤਰੀ ਜੀ, ਦਿਓ ਜਵਾਬ। ** ਨਾਅਰੇ ਰਿਕਾਰਡ ਨਾ ਕੀਤੇ ਜਾਣ।(ਵਿਘਨ, ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ਮੈਂ ਜਵਾਬ ਦੇਣ ਨੂੰ ਤਿਆਰ ਹਾਂ, ਇਹ ਸੁਣਨ ਨੂੰ ਤਿਆਰ ਤਾਂ ਹੋਣ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਮੰਤਰੀ ਜੀ ਨੂੰ ਜਵਾਬ ਦੇਣ ਦਿਓ। ਤੁਸੀਂ ਉਨ੍ਹਾਂ ਦਾ ਜਵਾਬ ਸੁਣੋ।

**ਮੰਤਰੀ :** ਸਪੀਕਰ ਸਾਹਿਬ, ਸਾਲ 2014-15, 2015-16 ਅਤੇ 2016-17 ਵਿਚ ਇਨ੍ਹਾਂ ਦੀ ਸਰਕਾਰ ਸੀ ਇਨ੍ਹਾਂ ਨੇ ਇੱਕ ਪੈਸਾ ਨਹੀਂ ਦਿੱਤਾ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸਾਲ 2014-15, 2015-16 ਅਤੇ 2016-17 ਦੇ ਪੈਸੇ ਕਾਲਜਾਂ ਨੂੰ ਦਿੱਤੇ ਹਨ । ਫਿਰ ਇੱਕ ਹੋਰ ਗੱਲ ਹੈ ਕਿ ਇਨ੍ਹਾਂ ਦੇ ਵੇਲੇ ਦਾ ਕਰਜ਼ਾ ਅਸੀਂ ਉਤਾਰ ਰਹੇ ਹਾਂ। (ਵਿਘਨ, ਸ਼ੋਰ) ਬਾਕੀ ਜਿਹੜਾ ਉਨ੍ਹਾਂ ਨੇ ਆਡਿਟ ਦੀ ਗੱਲ ਕੀਤੀ ਹੈ, ਫਾਈਨਾਂਸ ਡਿਪਾਰਟਮੈਂਟ ਆਡਿਟ ਕਰ ਰਿਹਾ ਹੈ, ਇੱਕ-ਇੱਕ ਵੱਡਾ ਗੁਨਾਹਗਾਰ ਤੁਹਾਡੇ ਸਾਹਮਣੇ ਪੇਸ਼ ਕਰਾਂਗੇ..(ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

---

** Not recorded as ordered by the Chair.

**ਮਾਨਯੋਗ ਸਪੀਕਰ :** ਡਾਕਟਰ ਸੁੱਖੀ ਜੀ ਨੂੰ ਬੋਲਣ ਦਿਓ। ਸੁੱਖੀ ਜੀ ਦਾ ਸਵਾਲ ਹੈ, ਤੁਸੀਂ ਇਸ ਤਰ੍ਹਾਂ ਨਾ ਕਰੋ। ਡਾਕਟਰ ਸੁੱਖੀ ਜੀ ਦਾ ਸਵਾਲ ਹੈ, ਉਨ੍ਹਾਂ ਨੂੰ ਬੋਲ ਲੈਣ ਦਿਉ। (ਵਿਘਨ) (ਸ਼ੋਰ) ਡਾਕਟਰ ਸੁੱਖੀ ਜੀ ਦਾ ਸਵਾਲ ਹੈ, ਉਨ੍ਹਾਂ ਨੂੰ ਬੋਲਣ ਦਿਓ। (ਵਿਘਨ)(ਸ਼ੋਰ) ਹਾਂ ਜੀ, ਸਰਦਾਰ ਸੁਖਬੀਰ ਸਿੰਘ ਬਾਦਲ ਜੀ।

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਮੇਰੇ ਕੋਲ ਐਕਚੂਅਲ ਫੈਕਸਟ ਸਨ, ਗੌਰਮਿੰਟ ਆਫ ਇੰਡੀਆ ਤੋਂ 444 ਕਰੋੜ ਰੁਪਿਆ ਆਇਆ ਹੈ, ਉਸ ਵਿਚੋਂ ਇਨ੍ਹਾਂ ਨੇ ਸਿਰਫ 244 ਕਰੋੜ ਰੁਪਿਆ ਖਰਚਿਆ ਹੈ, ਬਾਕੀ ਖਾ ਗਏ। (ਸ਼੍ਰੋਮਣੀ ਅਕਾਲੀ ਦਲ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਉਸ ਕਰਕੇ ਉਹ ਕਹਿੰਦੇ ਹਨ ਕਿ ਜਿੰਨੀ ਦੇਰ ਯੂ.ਸੀ. ਨਹੀਂ ਆਉਂਦਾ we are not sending it. (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਡਾਕਟਰ ਸੁੱਖੀ ਜੀ ਦਾ ਸਵਾਲ ਹੈ, ਕਮ-ਜ਼-ਕਮ ਉਨ੍ਹਾਂ ਨੂੰ ਤਾਂ ਸਵਾਲ ਪੁੱਛ ਲੈਣ ਦਿਓ, he is on legs, ਉਨ੍ਹਾਂ ਦੀ ਸਪਲੀਮੈਂਟਰੀ ਹੈ, ਉਨ੍ਹਾਂ ਨੂੰ ਪੁੱਛਣ ਦਿਓ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਮੈਨੂੰ ਇਸ ਗੱਲ ਤੇ ਬੜੀ ਹੈਰਾਨੀ ਹੋਈ ਹੈ ਕਿ ਮੰਤਰੀ ਜੀ ਨੇ ਪਹਿਲਾਂ ਤਾਂ ਮੇਰਾ ਸਵਾਲ ਹੀ ਨਹੀਂ ਸਮਝਿਆ...(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਦੁਬਾਰਾ ਦੱਸ ਦਿਓ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਉਨ੍ਹਾਂ ਨੂੰ ਪੁੱਛੋ ਕਿ ਤੁਹਾਨੂੰ ਸਮਝ ਆ ਰਹੀ ਹੈ। ** (ਵਿਘਨ) (ਸ਼ੋਰ) ਮੰਤਰੀ ਜੀ, ਸਮਝ ਹੀ ਨਹੀਂ ਰਹੇ ਕਿ ਮੈਂਬਰ ਕੀ ਕਹਿ ਰਿਹਾ ਹੈ. (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਇਹ ਇਲਜ਼ਾਮ ਨਾ ਲਗਾਉ। ਤੁਸੀਂ ਆਪਣੀ ਗੱਲ ਕਰੋ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਸਵਾਲ ਐਸ.ਸੀ. ਬੱਚਿਆਂ ਦਾ ਹੈ, ਉੱਪਰੋਂ ** ** ਹਨ, ਇਨ੍ਹਾਂ ਨੇ ਐਸ.ਸੀਜ਼ ਦਾ ਮਜ਼ਾਕ ਉਡਾਇਆ।

**ਮਾਨਯੋਗ ਸਪੀਕਰ :** ** ** ਸ਼ਬਦ ਐਕਸਪੰਜ ਕਰ ਦਿਓ। ਤੁਸੀਂ ਪਹਿਲਾਂ ਆਪ ਸ਼ਾਂਤ ਹੋਵੋ, ਤੁਸੀਂ ਸ਼ਾਂਤ ਹੋ ਕੇ ਸਵਾਲ ਪੁੱਛੋ।

(**ਇੱਕ ਅਵਾਜ਼:** ਪਾਣੀ ਪਿਲਾ ਦਿਓ।)

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਮੈਂ ਸ਼ਾਂਤ ਹਾਂ ਜੀ, ਪਾਣੀ ਪਿਲਾ ਦਿਓ। ਜੇ ਤੁਸੀਂ ਦਲਿਤਾਂ ਦਾ ਮਜ਼ਾਕ ਉਡਾਓਗੇ ਤਾਂ ਸਾਨੂੰ ਗੁੱਸਾ ਆਵੇਗਾ ਹੀ..(ਵਿਘਨ)(ਸ਼ੋਰ)

---

** Expunged as ordered by the Chair.

ਉਨ੍ਹਾਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਤੇ ਬੋਲਣਾ ਚਾਹੀਦਾ ਸੀ, ਪਰ ਬੋਲੇ ਨਹੀਂ, ਇਸ ਤਰ੍ਹਾਂ ਨਾ ਕਰੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਪਲੀਜ਼ ਬੈਠੋ। ਪਲੀਜ਼, ਤੁਸੀਂ ਨਾ ਬੋਲੋ । ਪਲੀਜ਼ ਬੈਠੋ। ਡਾਕਟਰ ਜੀ ਖੜ੍ਹੇ ਹਨ, ਉਨ੍ਹਾਂ ਨੂੰ ਬੋਲਣ ਦਿਓ।

**ਸ਼੍ਰੀ ਪਵਨ ਕੁਮਾਰ ਟੀਨੂ :** ਸਰ, ਅਸੀਂ ਕਿਵੇਂ ਨਾ ਬੋਲੀਏ? (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਬੈਠੋ, ਬੈਠੋ, ਉਨ੍ਹਾਂ ਨੂੰ ਬਿਠਾ ਦੇਵਾਂ।

**ਸ਼੍ਰੀ ਪਵਨ ਕੁਮਾਰ ਟੀਨੂ :** ਇਹ ਕਿਉਂ ਹੱਸਦੇ ਹਨ। ਅਸੀਂ ਸਾਰੇ ਕਿਉਂ ਨਾ ਬੋਲੀਏ?(ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਡਾਕਟਰ ਸਾਹਿਬ, ਤੁਸੀਂ ਬੋਲੋ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਕਰਜ਼ਾ ਸਕੀਮਾਂ ਲਈ ਵੀ ਆਧਾਰ ਕਾਰਡ ਦੀ ਜ਼ਰੂਰਤ ਹੈ, ਉਨ੍ਹਾਂ ਨਾਲ ਉਸ ਨੂੰ ਲਿੰਕ ਕਰ ਦਿੱਤਾ ਗਿਆ। ਮੇਰਾ ਇਨ੍ਹਾਂ ਨੂੰ ਇਹ ਸਵਾਲ ਸੀ, ਇਨ੍ਹਾਂ ਨੂੰ ਪੁੱਛ ਲਵੋ, ਇਹ ਜ਼ਰਾ ਧਿਆਨ ਨਾਲ ਗੱਲ ਸੁਨਣ, ਜ਼ਰਾ ਇਹ ਗੱਲ ਨੂੰ ਸਮਝ ਲੈਣ। ਮੈਂ ਇਹ ਕਿਹਾ ਸੀ ਕਿ ਜਿਹੜੀ ਆਟਾ ਦਾਲ ਸਕੀਮ ਚਲਦੀ ਹੈ ਉੱਥੇ ਜਦੋਂ ਲਾਭਪਾਤਰੀ ਆਟਾ ਲੈਣ ਜਾਂਦਾ ਹੈ ਜਾਂ ਦਾਣੇ ਲੈਣ ਜਾਂਦਾ ਹੈ, ਉਸ ਨੂੰ ਉਹ ਕਿਉਂ ਕਹਿੰਦੇ ਹਨ ਕਿ ਇੱਥੇ ਅੰਗੂਠਾ ਲਗਾਉ। ਉਹ ਅੰਗੂਠੇ ਦਾ ਸਿਰਫ ਆਧਾਰ ਕਾਰਡ ਦੇ ਨਾਲ ਲਿੰਕ ਹੈ, ਹੋਰ ਅੰਗੂਠਾ ਕਿਤੇ ਵੀ ਨਹੀਂ ਚੱਲਦਾ। ਮੈਂ ਕਹਿੰਦਾ ਹਾਂ ਕਿ ਉਹ ਇਹ ਸਮਝਣ ਜਾਂ ਤਾਂ ਇਨ੍ਹਾਂ ਨੂੰ ਪਤਾ ਨਹੀਂ ਕਿ ਅੱਗੇ ਇਨ੍ਹਾਂ ਦੀ ਗਲਤੀ ਦੇ ਨਾਲ 20 ਕਰੋੜ ਰੁਪਿਆ ਬੈਕਵਰਡ ਕਲਾਸ ਦੇ ਬੱਚਿਆਂ ਦਾ ਸਾਲ 2016-17 ਦਾ ਵਾਪਸ ਚਲਾ ਗਿਆ। ਜਦੋਂ ਅਸੀਂ ਮੰਤਰੀ ਸਾਹਿਬ ਨੂੰ ਪੁੱਛਣ ਗਏ ਕਿ ਐਸ.ਸੀ., ਬੀ.ਸੀ. ਬੱਚਿਆਂ ਦਾ 20 ਕਰੋੜ ਰੁਪਿਆ ਵਾਪਿਸ ਕਿਉਂ ਗਿਆ ਤਾਂ ਇਹ ਕਹਿੰਦੇ ਕਿ ਮੈਨੂੰ ਤਾਂ ਪਤਾ ਹੀ ਨਹੀਂ। ਉਹ ਮੰਤਰੀ ਕਾਹਦਾ, ਜਿਸ ਨੂੰ ਇਹ ਨਾ ਪਤਾ ਹੋਵੇ ਕਿ 20 ਕਰੋੜ ਰੁਪਿਆ ਸੈਂਟਰ ਦਾ ਆਇਆ ਅਤੇ ਵਾਪਿਸ ਚਲਾ ਗਿਆ।

**ਮਾਨਯੋਗ ਸਪੀਕਰ:** ਇੱਕ ਮਿੰਟ ਬੈਠੋ ਜੀ। ਸਰਦਾਰ ਸਾਧੂ ਸਿੰਘ ਜੀ, ਇਹ ਜਿਹੜਾ ਬਾਇਓਮੈਟਰਿਕਸ ਸਿਸਟਮ ਹੈ, ਕੀ ਇਹ compulsory ਹੈ? ਇਹ ਉਨ੍ਹਾਂ ਦਾ ਸਵਾਲ ਹੈ।

**ਮੰਤਰੀ :** ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਇਹ ਮੇਰੇ ਮਹਿਕਮੇ ਦੇ ਨਾਲ ਤਾਅਲੁੱਕ ਹੀ ਨਹੀਂ ਰੱਖਦਾ। ਇਸ ਵਿੱਚ ਆਟਾ-ਦਾਲ ਦਾ ਮੇਰੇ ਨਾਲ ਕੀ ਮਤਲਬ ਹੈ? (ਸ਼ੋਰ) ਨਹੀਂ ਨਹੀਂ, ਇਸ ਵਿੱਚ ਮੇਰਾ ਤਾਂ ਕੋਈ ਮਤਲਬ ਹੀ ਨਹੀਂ ਬਣਦਾ। ਆਟਾ-ਦਾਲ ਸਕੀਮ ਦਾ ਮੇਰਾ ਤਾਂ ਕੋਈ ਮਹਿਕਮਾ ਹੀ ਨਹੀਂ ਹੈ। (ਸ਼ੋਰ) ਸਰ, ਮੇਰੀ ਗੱਲ ਪੂਰੀ ਨਹੀਂ ਹੋਈ।

**ਮਾਨਯੋਗ ਸਪੀਕਰ :** ਡਾਕਟਰ ਸੁੱਖੀ ਜੀ, ਅਜੇ ਡਾਕਟਰ ਸੁੱਖੀ ਜੀ ਦਾ ਸਵਾਲ ਰਹਿੰਦਾ ਹੈ ।(ਸ਼ੋਰ) ਸੁੱਖੀ ਜੀ ਨੂੰ ਆਪਣੀ ਗੱਲ ਕਹਿ ਲੈਣ ਦਿਓ। ਸੁੱਖੀ ਜੀ, ਖੜ੍ਹੇ ਹਨ, ਸਵਾਲ ਸੁੱਖੀ ਜੀ ਦਾ ਹੈ, ਇਸ ਲਈ ਤੁਸੀਂ ਬੈਠੋ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਇਹ ਜਿਹੜਾ ਮੈਂਬਰ ਕੁਐਸਚਨ ਕਰਦਾ ਹੈ..

**ਮਾਨਯੋਗ ਸਪੀਕਰ :** ਡਾਕਟਰ ਸਾਹਿਬ, ਵੈਸੇ ਆਟਾ-ਦਾਲ ਇਸ ਦਾ ਪਾਰਟ ਨਹੀਂ ਹੈ।

**ਡਾਕਟਰ ਸੁਖਵਿੰਦਰ ਕੁਮਾਰ :** ਨਹੀਂ ਸਰ, ਮੇਰਾ ਤਾਂ ਆਟਾ-ਦਾਲ ਦਾ ਕੁਐਸਚਨ ਹੀ ਨਹੀਂ ਹੈ।

**ਮਾਨਯੋਗ ਸਪੀਕਰ:** ਆਟਾ ਦਾਲ ਇਸ ਦਾ ਪਾਰਟ ਨਹੀਂ ਹੈ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਮੇਰਾ ਕੁਐਸਚਨ ਕਿਸੇ ਨੇ ਵੀ ਨਹੀਂ ਸਮਝਿਆ। ਮੈਂ ਤੁਹਾਨੂੰ ਕੁਐਸਚਨ ਦੱਸਦਾ ਹਾਂ ਜੀ। ਮੈਂ ਮੰਤਰੀ ਸਾਹਿਬ ਨੂੰ ਇਹ ਹੀ ਪੁੱਛਿਆ ਸੀ ਕਿ ਜਿਹੜਾ ਆਧਾਰ ਕਾਰਡ ਹੈ, ਮੈਂ ਇਸ ਦੇ ਬਾਰੇ ਪੁੱਛਿਆ ਸੀ। ਉਨ੍ਹਾਂ ਨੇ ਸਿਰਫ ਅੱਧਾ ਜਵਾਬ ਦਿੱਤਾ। ਮੈਂ ਪੁੱਛਿਆ ਸੀ ਕਿ ਜਦੋਂ ਅਸੀਂ ਆਟਾ ਦਾਲ ਸਕੀਮ ਲਈ ਜਾਂਦੇ ਹਾਂ ਤਾਂ ਉੱਥੇ ਅੰਗੂਠਾ ਕਿਉਂ ਲਗਵਾਇਆ ਜਾਂਦਾ ਹੈ? ਉਸ ਨੂੰ ਬਾਹਰ ਕੱਢ ਦਿਓ। ਉਨ੍ਹਾਂ ਨੂੰ directions ਦੇ ਦਿੱਤੀਆਂ ਜਾਣ ਕਿ ਅੰਗੂਠਾ ਲਗਵਾਉਣ ਦੀ ਲੋੜ ਨਹੀਂ। ਜਿਸ ਦਾ ਕਾਰਡ ਬਣਿਆ ਹੈ, ਉਸ ਨੂੰ ਸਹੂਲਤ ਦਿੱਤੀ ਜਾਵੇਗੀ।

**ਮਾਨਯੋਗ ਸਪੀਕਰ :** ਜਦੋਂ ਆਟਾ ਦਾਲ ਮੰਤਰੀ ਜੀ ਦੀ ਵਾਰੀ ਆਵੇਗੀ ਤਾਂ ਉਹ ਉਨ੍ਹਾਂ ਨੂੰ ਪੁੱਛ ਲੈਣਾ। ਹਾਂ ਜੀ, ਸ਼੍ਰੀ ਅਮਨ ਅਰੋੜਾ ਜੀ।

**ਸ਼੍ਰੀ ਅਮਨ ਅਰੋੜਾ:** ਸਰ, ਧੰਨਵਾਦ। ਸਰ, ਇਸ ਵਿੱਚ ਅਜਿਹਾ ਹੈ ਕਿ ਜਿਹੜੇ ਸਾਡੇ ਆਨਰੇਬਲ ਮੈਂਬਰ ਹਨ, ਉਨ੍ਹਾਂ ਦਾ ਸਵਾਲ ਕੁਝ ਹੱਦ ਤੱਕ ਜਾਇਜ਼ ਹੈ ਅਤੇ ਸ਼ਾਇਦ ਮੰਤਰੀ ਸਾਹਿਬ ਨੂੰ ਇਸ ਬਾਰੇ ਗਿਆਨ ਨਹੀਂ ਹੈ। ਮੈਂ ਥੋੜ੍ਹਾ ਜਿਹਾ explain ਕਰਨਾ ਚਾਹਾਂਗਾ ਕਿ ਇਹ ਕਿਉਂ ਹੈ? ਸਰ, ਇਹ ਇਸ ਤਰ੍ਹਾਂ ਹੈ ਕਿ ਜਿੰਨੀਆਂ ਵੈਲਫੇਅਰ ਸਕੀਮਾਂ ਹਨ ਉਨ੍ਹਾਂ ਦੀ UID ਸੀਡਿੰਗ ਹੋਣੀ ਜ਼ਰੂਰੀ ਹੈ। ਸਰ, ਇਹ ਆਧਾਰ ਕਾਰਡ ਦੇ ਨਾਲ ਲਿੰਕ ਹੋਣਾ ਜ਼ਰੂਰੀ ਹੈ, ਇਹ ਸੈਂਟਰਲ ਗੌਰਮਿੰਟ ਦੀ ਸਕੀਮ ਹੈ। ਇਸ ਬਾਰੇ

ਸ਼ਾਇਦ ਮੰਤਰੀ ਜੀ ਨੂੰ ਆਈਡੀਆ ਨਹੀਂ ਹੈ। ਜੇ ਕਿਤੇ ਬਾਇਓਮੈਟਰਿਕ ਨਹੀਂ ਚੱਲਦਾ ਤਾਂ ਅੱਖਾਂ ਦੀ retina ਦੇ ਨਾਲ ਵੀ ਚੈੱਕ ਹੋਣਾ ਚਾਹੀਦਾ ਹੈ। ਉਹ ਇਸ ਕਰਕੇ ਜ਼ਰੂਰੀ ਹੈ ਕਿਉਂਕਿ ਪਿਛਲੇ ਸਮੇਂ ਦੇ ਵਿੱਚ, 2 ਸਾਲ ਪਹਿਲਾਂ ਆਟਾ ਦਾਲ ਸਕੀਮ ਵਿੱਚ UID ਸੀਡਿੰਗ 47-48% ਸੀ ਜਿਹੜੀ ਹੁਣ ਵੱਧ ਕੇ 97-98% ਹੋ ਗਈ ਹੈ। ਉਹ ਇਸ ਕਰਕੇ ਕਿਉਂਕਿ ਪਿਛਲੇ ਸਮੇਂ ਵਿੱਚ, ਇਨ੍ਹਾਂ ਦੇ ਟਾਈਮ ਦੇ ਵਿੱਚ (ਸ਼੍ਰੋਮਣੀ ਅਕਾਲੀ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਜਿਹੜਾ 31000 ਕਰੋੜ ਦਾ ਫੂਡ ਸਕੈਮ ਹੋਇਆ ਸੀ, ਉਸ ਦੇ ਵਿੱਚ ਇੱਕ ਫੈਮਿਲੀ ਨੂੰ 5-5 ਫੈਮਿਲੀਜ਼ ਦਿਖਾ ਕੇ ਘਪਲਾ ਕੀਤਾ ਗਿਆ। ਮੇਰੇ ਹਲਕੇ ਵਿੱਚ ਪਿੰਡ ਬੀਰਕਲਾਂ ਪੈਂਦਾ ਹੈ, ਉੱਥੇ ਹੀ ਮੈਂ ਇਹ ਸਟੱਡੀ ਕੀਤਾ ਸੀ, ਜਿਸ ਵਿੱਚ 17 ਬੰਦੇ ਜਿਨ੍ਹਾਂ ਦੀ ਡੈੱਥ ਹੋ ਚੁੱਕੀ ਸੀ, ਉਨ੍ਹਾਂ ਨੂੰ ਵੀ ਆਟਾ ਦਾਲ ਮਿਲ ਰਿਹਾ ਸੀ, ਜਿਨ੍ਹਾਂ ਲੜਕੀਆਂ ਦਾ ਵਿਆਹ ਹੋ ਚੁੱਕਾ ਸੀ, ਉਨ੍ਹਾਂ ਨੂੰ ਵੀ ਮਿਲ ਰਿਹਾ ਸੀ। ਇਹ ਹੁੰਦਾ ਕੀ ਹੈ? ਜੇਕਰ 5 ਮੈਂਬਰਾਂ ਦਾ ਪਰਿਵਾਰ ਹੈ ਤਾਂ ਇੱਕ ਮੈਂਬਰ ਦਾ UID ਨੰਬਰ ਪਾ ਦਿੱਤਾ ਤਾਂ ਉਸ ਨੇ ਪੰਜ ਮੈਂਬਰਾਂ ਦਾ ਆਟਾ ਦਾਲ ਲੈ ਲਿਆ ਫਿਰ ਦੂਜੇ ਮੈਂਬਰ ਦਾ ਪਾ ਦਿੱਤਾ ਤਾਂ ਦੂਜੀ ਵਾਰ ਲੈ ਲਿਆ। ਇਸ ਤਰ੍ਹਾਂ ਇੱਕ ਫੈਮਿਲੀ ਨੂੰ 5-5 ਫੈਮਿਲੀਜ਼ ਬਣਾ ਕੇ ਦਿਖਾ ਦਿੱਤਾ। ਇਸ ਕਰਕੇ UID ਸੀਡਿੰਗ must ਹੈ। ਇਹ ਜਿਹੜਾ ਘਪਲਾ ਹੋਇਆ ਸੀ। (ਸ਼ੋਰ) ਇਸ ਮਸਲੇ ਦਾ ਵੀ ਹੱਲ ਕਰੋ।

**ਮਾਨਯੋਗ ਸਪੀਕਰ :** ਇਨ੍ਹਾਂ ਨੂੰ ਬੋਲਣ ਦਿਉ, Let him speak, let him speak. Let him speak, ਉਨ੍ਹਾਂ ਨੂੰ ਬੋਲ ਲੈਣ ਦਿਉ। (ਵਿਘਨ)

**ਸ਼੍ਰੀ ਅਮਨ ਅਰੋੜਾ :** ਮੈਂ ਮੰਤਰੀ ਜੀ ਨੂੰ ਕਹਿ ਰਿਹਾ ਹਾਂ ਕਿ ਜਿਹੜੇ ਫੈਕਟਸ ਹਨ ਉਹ ਪੜ੍ਹ ਕੇ ਆਇਆ ਕਰੋ। ਪਰ ਅੱਜ ਵੀ ਮਸਲਾ ਇਹ ਹੈ ਕਿ ਜਿਹੜੇ ਪਹਿਲਾਂ beneficiary ਸੀ, ਉਹ ਇਨ੍ਹਾਂ ਨੇ ਕਟਵਾ ਦਿੱਤੇ ਅਤੇ ਜਿਹੜੇ ਆਪ ਦੇ ਇਨ੍ਹਾਂ ਦੇ beneficiary ਹਨ, ਕਾਂਗਰਸੀ ਪੰਚਾਂ ਸਰਪੰਚਾਂ ਦੇ ਘਰ ਬੈਠ ਕੇ beneficiaries ਦੀਆਂ ਲਿਸਟਾਂ ਬਣਦੀਆਂ ਹਨ which is uncalled for, ਇਹ ਨਹੀਂ ਹੋਣਾ ਚਾਹੀਦਾ। ਜਿਹੜਾ ਜਾਇਜ਼ ਬੈਨੀਫਿਸ਼ਰੀ ਹੈ, ਉਹ ਬੈਨੀਫਿਟ ਲਵੇ ਅਤੇ ਉਹ ਇਸ ਦੀ UID ਆਧਾਰ ਕਾਰਡ ਦੀ ਸੀਡਿੰਗ ਦੇ ਨਾਲ ਲਵੇ ਤਾਂ ਕਿ ਸਹੀ ਲੋਕਾਂ ਕੋਲ ਇਸ ਦਾ ਬੈਨੀਫਿਟ ਪਹੁੰਚ ਸਕੇ। (ਵਿਘਨ) ਜਦੋਂ ਇਨ੍ਹਾਂ ਦੀ ਸਰਕਾਰ ਆਉਂਦੀ ਹੈ ਤਾਂ ਇਹ ਆਪਣੇ ਬੰਦੇ ਪਾ ਲੈਂਦੇ ਹਨ। ਇਹ ਗਲਤ ਹੈ।

**ਮਾਨਯੋਗ ਸਪੀਕਰ :** ਬੈਠੋ, ਬੈਠੋ। ਅਗਲਾ ਸਵਾਲ, ਬੇਰੀ ਸਾਹਿਬ ਤੁਸੀਂ ਆ ਗਏ ਹੋ? ਤੁਸੀਂ ਪਹਿਲਾਂ ਗੈਰ-ਹਾਜ਼ਰ ਸੀ।

------

## ਡਰਾਈਵਿੰਗ ਲਾਇਸੰਸ ਬਣਾਉਣ ਲਈ ਸੈਂਟਰ ਖੋਲ੍ਹਣਾ

***1705. ਸ਼੍ਰੀ ਰਜਿੰਦਰ ਬੇਰੀ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹੈਵੀ ਡਰਾਈਵਿੰਗ ਲਾਇਸੰਸ ਰਿਨਿਊ ਕਰਵਾਉਣ ਲਈ ਮਾਊਆਣਾ (ਮੁਕਤਸਰ) ਵਿਖੇ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਸੈਂਟਰ ਤੇ ਜਾਣਾ ਪੈਂਦਾ ਹੈ ਜਿਸ ਨਾਲ ਪੰਜਾਬ ਦੀ ਆਮ ਜਨਤਾ ਖਾਸ ਕਰ ਡਰਾਈਵਰਾਂ ਨੂੰ ਕਾਫੀ ਪ੍ਰੇਸ਼ਾਨੀ ਆ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਮਾਊਆਣਾ (ਮੁਕਤਸਰ) ਤੋਂ ਇਲਾਵਾ ਕਿਸੇ ਹੋਰ ਜ਼ਿਲ੍ਹੇ ਵਿੱਚ ਇਹੋ ਜਿਹਾ ਸੈਂਟਰ ਬਣਾਉਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਉਸਦੇ ਵੇਰਵੇ ਕੀ ਹਨ?

**ਸ਼੍ਰੀਮਤੀ ਅਰੁਨਾ ਚੌਧਰੀ :** ਹਾਂ ਜੀ। ਮਾਊਆਣਾ (ਮੁਕਤਸਰ) ਤੋਂ ਇਲਾਵਾ 2 ਹੋਰ ਸੈਂਟਰ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

1) Institute of Driving Training & Research (IDTR)-cum- Skill Development Centre at Kapurthala ਵਿਖੇ ਖੋਲ੍ਹਣ ਲਈ ਸਰਕਾਰ ਪਾਸ 12 ਏਕੜ ਜ਼ਮੀਨ ਉਪਲਬਧ ਹੈ।

2) Regional Driving Training Centre (RDTC)-cum-Skill Development Centre at Malerkotla ਵਿਖੇ 9 ਏਕੜ ਜ਼ਮੀਨ ਵਿੱਚ ਟਰੈਕ ਤਿਆਰ ਹੋ ਚੁੱਕਾ ਹੈ ਅਤੇ ਇਨ੍ਹਾਂ ਦੋਨਾਂ ਸਕੂਲਾਂ ਨੂੰ ਆਮ ਪਬਲਿਕ ਲਈ ਜਲਦੀ ਖੋਲ੍ਹ ਦਿੱਤਾ ਜਾਵੇਗਾ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਪੀਕਰ ਸਾਹਿਬ, ਜਦੋਂ ਦੇ ਡੀ.ਟੀ.ਓ. ਆਫਿਸ ਖਤਮ ਹੋਏ ਹਨ, ਉਸ ਤੋਂ ਬਾਅਦ ਲਾਈਟ ਵਹੀਕਲ ਲਾਇਸੈਂਸ ਅਤੇ ਹੈਵੀ ਡਰਾਈਵਿੰਗ ਲਾਇਸੈਂਸ ਬਣਾਉਣ ਦੀਆਂ ਬਹੁਤ ਜ਼ਿਆਦਾ ਕੰਪਲੇਂਟਸ ਆ ਰਹੀਆਂ ਹਨ। ਲੋਕਾਂ ਕੋਲੋਂ ਇਹ ਲਾਇਸੰਸ ਬਣਵਾਉਣ ਲਈ 25-25 ਹਜ਼ਾਰ ਰੁਪਏ ਦੀ ਮੰਗ ਕੀਤੀ ਜਾਂਦੀ ਹੈ । ਸਪੀਕਰ ਸਾਹਿਬ, ਇਸ ਪੱਖੋਂ ਮੈਂ ਟਰਾਂਸਪੋਰਟ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਰਿਕੁਐਸਟ ਕਰਾਂਗਾ ਕਿ ਕੋਈ ਵਿਧਾਨ ਸਭਾ ਦੀ ਕਮੇਟੀ ਕਾਂਸਟੀਚਿਊਟ ਕਰਨ ਜਿਹੜੀ ਉਥੇ ਜਾ ਕੇ ਇੰਸਪੈਕਸ਼ਨ ਕਰੇ ਕਿ ਕੀ ਆਨ-ਮੈਰਿਟ ਵਾਰੀ ਸਿਰ ਸਭ ਦੇ ਲਾਇਸੰਸ ਬਣ ਰਹੇ ਹਨ ਜਾਂ ਪਿੱਕ ਐਂਡ ਚੂਜ਼ ਕਰਕੇ ਉਨ੍ਹਾਂ ਲੋਕਾਂ ਦੇ ਹੀ ਬਣ ਰਹੇ ਹਨ ਜਿਹੜੇ ਏਜੰਟਾਂ ਦੇ ਥਰੂ ਪੈਸੇ ਦੇ ਕੇ ਬਣਵਾ ਲੈਂਦੇ ਹਨ ਅਤੇ ਵਾਰੀ ਸਿਰ ਵਾਲੇ ਲੋਕ ਵਿਚਾਰੇ ਧੱਕੇ ਖਾਂਦੇ ਫਿਰਦੇ ਰਹਿੰਦੇ ਹਨ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਜੀ ਨੂੰ ਦੱਸਣਾ ਚਾਹੁੰਦੀ ਹਾਂ ਕਿ ਤੁਸੀਂ ਮੈਨੂੰ ਲਿਖ ਕੇ ਭੇਜ ਦਿਉ। ਇਸ ਤੇ ਕਮੇਟੀ ਬਣਾ ਕੇ ਜ਼ਰੂਰ ਵਿਚਾਰ ਕਰ ਲਿਆ ਜਾਵੇਗਾ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਠੀਕ ਹੈ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਸਾਡੇ ਰੋਪੜ ਦੇ ਲੋਕਾਂ ਨੂੰ ਹੈਵੀ ਡਰਾਈਵਿੰਗ ਲਾਇਸੰਸ ਬਣਾਉਣ ਵਾਸਤੇ ਮਾਊਆਣਾ (ਮੁਕਤਸਰ ਸਾਹਿਬ) ਬਹੁਤ ਦੂਰ ਜਾਣਾ ਪੈਂਦਾ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਰੋਪੜ, ਮੋਹਾਲੀ ਦੇ ਆਸ-ਪਾਸ ਕਿਤੇ ਨਾ ਕਿਤੇ ਇਹ ਸੈਂਟਰ ਖੋਲ੍ਹ ਦਿਉ, ਮਲੇਰਕੋਟਲੇ ਵੱਲ ਕਿਉਂ ਲੈ ਕੇ ਜਾਣਾ ਹੈ, ਸਾਡੇ ਵੱਲ ਵੀ ਲੋਕ ਰਹਿੰਦੇ ਹਨ, ਕਿਤੇ ਨਾ ਕਿਤੇ ਮੋਹਾਲੀ ਜਾਂ ਰੋਪੜ ਦੇ ਵਿਚ ਇਹ ਸੈਂਟਰ ਜ਼ਰੂਰ ਖੋਲ੍ਹੋ, ਦੁਆਬੇ ਵਿਚ ਵੀ ਖੋਲ੍ਹੋ ਜੀ।

**ਮਾਨਯੋਗ ਸਪੀਕਰ :** ਇਸ ਖਿੱਤੇ ਵਿਚ ਵੀ ਖੋਲ੍ਹ ਦਿਉ ਜੀ।

**ਮੰਤਰੀ :** ਠੀਕ ਹੈ ਜੀ, ਤੁਹਾਡੀ ਵੀ ਸਿਫਾਰਸ਼ ਹੈ ਤਾਂ ਇਸ ਬਾਰੇ ਵੀ ਜ਼ਰੂਰ ਵਿਚਾਰ ਕੀਤਾ ਜਾਏਗਾ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਅਗਲਾ ਸਵਾਲ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਜੀ।

-----

## ਹਲਕਾ ਸਨੌਰ ਦੇ ਰਜਬਾਹਿਆਂ ਨੂੰ ਪੱਕਾ ਕਰਨਾ

*1599. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸਨੌਰ (ਜ਼ਿਲ੍ਹਾ ਪਟਿਆਲਾ) ਦੇ ਰਜਬਾਹਿਆਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਹਾਂ ਜੀ। ਤਜਵੀਜ਼ ਦੀ ਤਕਨੀਕੀ ਅਤੇ ਵਿੱਤੀ ਘੋਖ ਕੀਤੀ ਜਾ ਰਹੀ ਹੈ।ਉਸ ਉਪਰੰਤ ਫੰਡਾਂ ਦੀ ਉਪਲਬਧਤਾ ਅਨੁਸਾਰ ਕੰਮ ਕਰਵਾ ਦਿੱਤੇ ਜਾਣਗੇ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਇਸ ਵਾਰ "ਹਾਂ ਜੀ" ਦੇ ਵਿਚ ਜਵਾਬ ਦੇਣ ਲਈ ਧੰਨਵਾਦ । ਸਰ, ਦੂਸਰਾ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਹਲਕਾ ਸਨੌਰ ਪਟਿਆਲੇ ਜ਼ਿਲ੍ਹੇ ਦਾ ਅਹਿਮ ਹਿੱਸਾ ਹੈ। ਇਹ ਇਲਾਕਾ ਜ਼ਿਆਦਾਤਰ ਨਹਿਰੀ ਪਾਣੀ ਤੇ ਨਿਰਭਰ ਕਰਦਾ ਹੈ। ਪਿੱਛੋਂ ਜਿਥੇ ਕੱਚੇ ਰਜਬਾਹੇ ਹੋਣ ਕਾਰਨ ਪਾਣੀ ਚੋਰੀ ਹੋ ਜਾਂਦਾ ਹੈ ਤਾਂ ਇਹ ਲੜਾਈ ਝਗੜਿਆਂ ਦਾ ਵੀ ਬਹੁਤ ਵੱਡਾ ਕਾਰਨ ਬਣਦਾ ਹੈ। ਮੈਂ ਮੰਤਰੀ ਸਾਹਿਬ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਹਾਂ ਜੀ ਦੇ ਵਿਚ ਜਵਾਬ ਦਿੱਤਾ ਹੈ ਇਸ ਦੇ ਲਈ ਤੁਹਾਡਾ ਧੰਨਵਾਦ ਪਰ ਕੋਈ ਸਮਾਂ-ਸੀਮਾ ਦੱਸ ਸਕਦੇ ਹੋ ਕਿ

[ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ]

ਕਦੋਂ ਤੱਕ ਇਹ ਕੰਮ ਹੋ ਜਾਵੇਗਾ?

**ਮੰਤਰੀ :** ਸਪੀਕਰ ਸਾਹਿਬ , ਇਹ ਜਿਹੜਾ ਸਵਾਲ ਹੈ ਕਿ ਇਹ ਬਹੁਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਰਜਬਾਹਿਆਂ ਦੀ ਹਾਲਤ ਬਹੁਤ ਮਾੜੀ ਹੈ। ਜਿਹੜੀ ਇਨ੍ਹਾਂ ਦੇ ਹਲਕੇ ਵਿਚ ਰਜਬਾਹਿਆਂ ਦੀ ਲਾਈਨਿੰਗ ਹੋਈ ਹੋਈ ਹੈ, ਇਹ ਬਹੁਤ ਪੁਰਾਣੀ ਹੋਈ ਹੋਈ ਹੈ, ਇਸ ਲਾਈਨਿੰਗ ਬਣੀ ਨੂੰ ਤਕਰੀਬਨ 30-35 ਸਾਲ ਹੋ ਗਏ ਹਨ। ਇਸ ਵਾਸਤੇ ਸਾਡਾ ਐਸਟੀਮੇਟ ਤਿਆਰ ਹੋਇਆ ਹੈ ਉਹ ਤਕਰੀਬਨ 47 ਕਰੋੜ ਰੁਪਏ ਦਾ ਹੈ ਔਰ ਅਸੀਂ ਲਿਖ ਕੇ ਭੇਜ ਦਿੱਤਾ ਹੈ। ਜਦੋਂ ਸਾਡੇ ਕੋਲ ਫੰਡ ਆ ਜਾਂਦੇ ਹਨ ਤਾਂ ਇਹ ਕੰਮ ਕਰਵਾ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ :** ਕੰਮ ਕਰਵਾ ਦਿੱਤਾ ਜਾਵੇਗਾ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਉੱਥੇ ਤਿੰਨ ਮੇਨ ਸਿਸਟਮ ਅਰਨੌਲੀ, ਸਨੌਰ ਅਤੇ ਘੜਾਮ ਹਨ। ਜਿੱਥੋਂ ਤੱਕ ਮੇਰੀ ਜਾਣਕਾਰੀ ਹੈ ਇਹ ਜਿਹੜੀ ਤੁਸੀਂ ਫਿੱਗਰ ਰੱਖੀ ਹੈ ਇਹ 47 ਕਰੋੜ ਰੁਪਏ ਦੀ ਹੈ। ਪਰ ਜਿਹੜਾ ਕੱਚੇ ਤੋਂ ਪੱਕੇ ਰਜਬਾਹੇ ਕਰਨ ਦਾ ਪ੍ਰਾਜੈਕਟ ਹੈ ਇਸਦਾ ਲਗਭਗ 100 ਕਰੋੜ ਰੁਪਏ ਦਾ ਐਸਟੀਮੇਟ ਬਣਦਾ ਹੈ। ਮੈਂ ਮੰਤਰੀ ਜੀ ਨੂੰ ਇੱਕ ਅਹਿਮ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਦੀ ਇਸਵਿੱਗ ਸਕੀਮ ਹੈ। ਮਾਨਯੋਗ ਸਰਦਾਰ ਸੁਖਬੀਰ ਸਿੰਘ ਜੀ ਦੀ ਅਗਵਾਈ ਥੱਲੇ ਅਸੀਂ ਕੇਂਦਰੀ ਵਾਟਰ ਰਿਸੋਰਸਿਜ਼ ਮੰਤਰੀ ਜੀ ਨੂੰ ਮਿਲੇ ਸੀ। ਸਰ, ਇਹ ਇਸਵਿੱਗ ਸਕੀਮ ਹੈ ਜਿਸ ਅਧੀਨ ਇਹ ਰਜਬਾਹੇ ਪੱਕੇ ਹੋ ਸਕਦੇ ਹਨ। ਜੇਕਰ ਸਰਕਾਰ ਪਰਪੋਜ਼ਲ ਬਣਾ ਕੇ ਭੇਜੇ। ਮੈਂ ਸਮਝਦਾ ਹਾਂ ਕਿ ਇਨ੍ਹਾਂ ਰਜਬਾਹਿਆਂ ਦਾ ਕੰਮ ਸ਼ੁਰੂ ਵੀ ਹੋ ਸਕਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਇਸਵਿੱਗ ਦੀ ਸਕੀਮ ਇਨ੍ਹਾਂ ਨੇ ਆਖੀ ਹੈ, ਇਸ ਬਾਰੇ ਸਾਨੂੰ ਪਤਾ ਹੈ, ਸਾਡੀ ਜਾਣਕਾਰੀ ਵਿਚ ਹੈ। ਇਕੱਲੇ ਇਨ੍ਹਾਂ ਦੇ ਹਲਕੇ ਦੀ ਗੱਲ ਨਹੀਂ ਹੈ, ਇਸ ਦੇ ਲਈ ਅਸੀਂ ਸਾਰੇ ਪੰਜਾਬ ਦੇ ਐਸਟੀਮੇਟ ਤਿਆਰ ਕਰਵਾਏ ਹਨ, ਕੁਝ ਜਾ ਰਹੇ ਹਨ। ਸਾਰੇ ਪੰਜਾਬ ਲਈ ਇਸ ਦੀ ਬੜੀ ਲੋੜ ਹੈ ਔਰ ਜਦੋਂ ਸਾਨੂੰ ਉਥੋਂ ਵੀ ਫੰਡਾਂ ਦੀ ਅਵੇਲੇਬਿਲਟੀ ਹੋ ਗਈ, ਅਸੀਂ ਸਾਰੇ ਕਰਵਾ ਦੇਵਾਂਗੇ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ ਉਥੋਂ ਤਾਂ ਫੰਡਜ਼ ਰੈਡੀ ਹਨ, ਉਹ ਤਾਂ ਦੇਣ ਨੂੰ ਤਿਆਰ ਹਨ ਪਰ ਮੇਰੀ ਬੇਨਤੀ ਹੈ ਕਿ ਇਹ ਉਥੇ ਪਰਪੋਜ਼ਲ ਕਦੋਂ ਤੱਕ ਭੇਜ ਦੇਣਗੇ?

**ਮੰਤਰੀ :** ਤੁਹਾਡੇ ਵਾਲੀ ਪਰਪੋਜ਼ਲ ਤਾਂ ਮੈਂ ਇਸ ਵੇਲੇ ਨਹੀਂ ਦੱਸ ਸਕਦਾ ਕਿ ਗਈ ਹੈ ਕਿ ਨਹੀਂ ਗਈ ਪਰ ਬਾਕੀ ਅਸੀਂ ਕੁਝ ਪਰਪੋਜ਼ਲਾਂ ਭੇਜ ਦਿੱਤੀਆਂ ਹਨ, ਇਹ ਵੀ ਮੈਂ ਚੈੱਕ ਕਰ ਲੈਂਦਾ ਹਾਂ, ਇਸ ਨੂੰ ਵੀ ਦੇਖ ਲਵਾਂਗੇ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਘੱਟੋ-ਘੱਟ ਐਸ਼ੋਰੈਂਸ ਦੇ ਦਿਓ।

**ਮੰਤਰੀ :** ਅਸੀਂ ਤਾਂ ਆਪਣੇ ਕੋਲੋਂ ਪਾਉਣ ਨੂੰ ਤਿਆਰ ਹਾਂ। ਜੇ ਉਥੋਂ ਨਾ ਆਏ ਤਾਂ ਫਿਰ ਬੈਠੇ ਰਹੋਗੇ। ਅਸੀਂ ਤਾਂ 47 ਕਰੋੜ ਰੁਪਿਆ .....

**ਮਾਨਯੋਗ ਸਪੀਕਰ :** ਜਵਾਬ ਆ ਗਿਆ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਤੁਸੀਂ ਪਰਪੋਜ਼ਲ ਭੇਜੋ, ਉਥੋਂ ਦੀ ਜ਼ਿੰਮੇਵਾਰੀ ਸਾਡੇ ਤੇ ਛੱਡ ਦਿਓ, ਅਸੀਂ ਕਰਵਾ ਦੇਵਾਂਗੇ।

**ਸਰਦਾਰ ਜਗਦੇਵ ਸਿੰਘ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਸਾਡੇ ਹਲਕੇ ਵਿੱਚ ਚਾਰ ਪਿੰਡਾਂ ਨੂੰ ਇੱਕ ਕੱਸੀ ਜਾਂਦੀ ਹੈ ਅਤੇ ਉਹ ਕੱਸੀ ਕਿਸੇ ਦੇ ਖੇਤ ਵਿੱਚ ਦੀ ਬਣਾਈ ਸੀ। ਪਿਛਲੇ ਕਾਫੀ ਸਮੇਂ ਤੋਂ ਹਾਈ ਕੋਰਟ ਵਿੱਚ ਕੇਸ ਚਲਦਾ ਸੀ। ਉਨ੍ਹਾਂ ਨੇ ਕੇਸ ਜਿੱਤ ਲਿਆ ਹੈ ਅਤੇ ਕੱਸੀ ਢਾਹ ਦਿੱਤੀ। ਉਥੇ ਚਾਰ ਮਹੀਨਿਆਂ ਤੋਂ ਕੋਈ ਵੀ ਪਾਣੀ, ਨਾ ਪੀਣ ਵਾਲਾ ਪਾਣੀ ਅਤੇ ਨਾ ਹੀ ਸਿੰਜਾਈ ਲਈ ਪਾਣੀ ਜਾਂਦਾ ਹੈ ਉਸ ਨੂੰ ਛੇਤੀ ਤੋਂ ਛੇਤੀ ਬਣਾ ਕੇ ਪਿੰਡਾਂ ਦੀ ਪਾਣੀ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ ਜੀ।.

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ। ਇਹ ਜ਼ੁਬਾਨੀ ਨਹੀਂ ਚੇਤਾ ਹੋ ਸਕਦਾ। ਸਾਰੇ ਪੰਜਾਬ ਦੀਆਂ ਕੱਸੀਆਂ ਜ਼ੁਬਾਨੀ ਚੇਤੇ ਨਹੀਂ ਹੁੰਦੀਆਂ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਰਜਬਾਹੇ ਪੱਕੇ ਕਰਨ ਦੀ ਸਕੀਮ ਤਾਂ ਠੀਕ ਹੈ ਪਰ ਜਿਹੜੇ ਰਜਬਾਹੇ ਆਪਾਂ ਪੱਕੇ ਕਰ ਰਹੇ ਹਾਂ, ਜਿਹੜੇ ਪੰਜਾਬ ਦੇ ਸਾਰੇ ਰਜਬਾਹੇ, ਸਾਰੇ ਦਰਿਆਵਾਂ ਦੇ ਵਿੱਚ ਟਾਕਸਿਕ, ਜ਼ਹਿਰੀਲਾ ਪਾਣੀ ਪੈ ਰਿਹਾ ਹੈ, ਕੀ ਉਸ ਨੂੰ ਪਲੱਗ ਕਰਨ ਦਾ ਸਰਕਾਰ ਕੋਈ ਇੰਤਜ਼ਾਮ ਕਰੇਗੀ? ਅਸੀਂ ਤਾਂ ਮਰ ਚੱਲੇ ਹਾਂ। ਕੋਈ ਤੁਹਾਡੇ ਧਿਆਨ ਦੇ ਵਿੱਚ ਆਇਆ ਹੈ ਕਿ ਜਦੋਂ ਤੁਸੀਂ ਰਜਬਾਹੇ ਪੱਕੇ ਕਰੋਗੇ ਤਾਂ ਉਥੇ ਜਿਹੜੇ ਇਨਲੈੱਟ ਹਨ, ਜਿਹੜੇ ਫੈਕਟਰੀਆਂ ਵਾਲਿਆਂ ਨੇ ਥੱਲੇ ਦੀ ਕਰਕੇ ਪਾਏ ਹੋਏ ਹਨ, ਕੀ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕਰਨ ਜਾਂ ਇਸ ਨੂੰ ਪਲੱਗ ਕਰਨ ਦੀ ਇਸ ਦੇ ਵਿੱਚ ਕੋਈ ਤਜਵੀਜ਼ ਹੈ ....

**ਮਾਨਯੋਗ ਸਪੀਕਰ :** ਇਹ ਪਲਿਊਸ਼ਨ ਨਾਲ ਰਿਲੇਟਿਡ ਸਵਾਲ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਨਹੀਂ ਜੀ, ਇਹ ਰਜਬਾਹੇ ਜਦੋਂ ਪੱਕੇ ਕਰਨਗੇ .....

**ਮਾਨਯੋਗ ਸਪੀਕਰ :** ਇਹ ਪਲਿਊਸ਼ਨ ਨਾਲ ਰਿਲੇਟਿਡ ਸਵਾਲ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਬੇਨਤੀ ਹੈ ਕਿ ਜਦੋਂ ਰਜਬਾਹੇ ਪੱਕੇ ਕਰਨਗੇ ਤਾਂ ਇਨਲੈੱਟ ਉਸ ਦੇ ਵਿੱਚ ਹੀ ਹਨ। ਕੀ ਤੁਹਾਡੇ ਠੇਕੇਦਾਰ ਜਾਂ ਤੁਹਾਡੇ ਅਫਸਰ ਉਨ੍ਹਾਂ ਨਾਲ ਸੈਟਿੰਗ ਕਰਕੇ ਉਵੇਂ ਹੀ ਛੱਡ ਦੇਣਗੇ ਜਾਂ ਪਲੱਗ ਵੀ ਕਰਨਗੇ? ਇਹ ਦੱਸਣ, this is sorrow of Punjab.

**ਮਾਨਯੋਗ ਸਪੀਕਰ :** ਤੁਸੀਂ ਬੈਠੋ ਜੀ। ਹਾਂ ਜੀ, ਅਗਲਾ ਸਵਾਲ, ਸਰਦਾਰ ਨਵਤੇਜ ਸਿੰਘ ਚੀਮਾ।

------

## ਸੁਲਤਾਨਪੁਰ ਲੋਧੀ ਨੂੰ ਸਮਾਰਟ ਸਿਟੀ ਬਣਾਉਣ ਲਈ ਸਹੂਲਤਾਂ ਅਤੇ ਪ੍ਰਾਜੈਕਟ ਮੁਕੰਮਲ ਕਰਨਾ

*1701. **ਸਰਦਾਰ ਨਵਤੇਜ ਸਿੰਘ ਚੀਮਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਜਨਮ ਦਿਵਸ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਸੁਲਤਾਨਪੁਰ ਲੋਧੀ ਨੂੰ ਸਮਾਰਟ ਸਿਟੀ ਬਣਾਉਣ ਦਾ ਐਲਾਨ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਸਮਾਰਟ ਸਿਟੀ ਵਿੱਚ ਸ਼ਹਿਰੀਆਂ ਲਈ ਦੂਜੇ ਸ਼ਹਿਰਾਂ ਨਾਲੋਂ ਕੀ ਵੱਖ-ਵੱਖ ਸਹੂਲਤਾਂ ਅਤੇ ਪ੍ਰਾਜੈਕਟ ਮਿਲਣਯੋਗ ਹਨ;

(ਅ) ਉਪਰੋਕਤ ਸਾਰੇ ਪ੍ਰਾਜੈਕਟ ਸ਼ਤਾਬਦੀ ਸਮਾਗਮਾਂ ਤੋਂ ਪਹਿਲਾਂ ਮੁਕੰਮਲ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

**ਸਰਦਾਰ ਨਵਜੋਤ ਸਿੰਘ ਸਿੱਧੂ:** (ੳ) ਨਹੀਂ ਜੀ, ਪਰੰਤੂ ਸੁਲਤਾਨਪੁਰ ਲੋਧੀ ਨੂੰ ਮਕਾਨ ਉਸਾਰੀ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੁਆਰਾ ਪੰਜਾਬ ਸਰਕਾਰ ਦੇ ਸਹਿਯੋਗ ਨਾਲ "ਪਿੰਡ ਬਾਬੇ ਨਾਨਕ ਦਾ " ਨੂੰ ਸ਼ਾਮਲ ਕਰਦੇ ਹੋਏ ਵਿਰਾਸਤੀ ਸ਼ਹਿਰ ਦੇ ਰੂਪ ਵਿੱਚ ਵਿਕਸਿਤ ਕੀਤਾ ਜਾਵੇਗਾ।

(ਅ) ਉਪਰੋਕਤ ਲਈ ਪ੍ਰੋਜੈਕਟ ਪ੍ਰਸਤਾਵ ਵੀ ਤਿਆਰ ਕੀਤੇ ਜਾ ਰਹੇ ਹਨ।

**ਮਾਨਯੋਗ ਸਪੀਕਰ :** ਵਿਰਾਸਤੀ ਸ਼ਹਿਰ ਕਰ ਰਹੇ ਹਾਂ, ਪ੍ਰੋਜੈਕਟ ਤਿਆਰ ਹੈ।

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਸਮਾਰਟ ਸਿਟੀ ਅਨਾਊਂਸ ਕੀਤੀ ਸੀ, ਉਸ ਤੋਂ ਦੋ ਦਿਨ ਬਾਅਦ ਸੈਂਟਰ ਗੌਰਮਿੰਟ ਨੇ ਸਮਾਰਟ ਸਿਟੀ ਅਨਾਊਂਸ ਕੀਤੀ ਸੀ। ਸਾਨੂੰ ਇਹ ਨਹੀਂ ਪਤਾ ਲੱਗ ਰਿਹਾ ਕਿ ਸੈਂਟਰ ਗੌਰਮਿੰਟ ਨੇ ਜਿਹੜੀ ਸਮਾਰਟ ਸਿਟੀ ਅਨਾਊਂਸ ਕੀਤੀ ਹੈ, ਉਹ ਕੀ ਸੀ? ਹੁਣ ਮਾਨਯੋਗ ਮੰਤਰੀ ਸਾਹਿਬ ਨੇ ਕਿਹਾ ਹੈ ਨਹੀਂ ਜੀ। ਇਹ ਦੱਸਣ ਕਿ ਸਮਾਰਟ ਸਿਟੀ ਅਤੇ ਵਿਰਾਸਤੀ ਸ਼ਹਿਰ ਵਿੱਚ ਕੀ ਫਰਕ ਹੈ ਅਤੇ ਇਹ ਕਦੋਂ ਸ਼ੁਰੂ ਹੋ ਰਿਹਾ ਹੈ?

ਜਿਹੜੀ ਅਨਾਊਂਸਮੈਂਟ ਸੀ.ਐਮ. ਸਾਹਿਬ ਵੱਲੋਂ ਅਤੇ ਸੈਂਟਰ ਗੌਰਮਿੰਟ ਵੱਲੋਂ ਹੋਈ ਹੈ, ਉਸ ਤੇ ਇਹ ਆਸ਼ਵਾਸਨ ਦੇਣ ਕਿ 2019 ਵਿੱਚ ਸਾਡਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਆ ਰਿਹਾ ਹੈ, ਕੀ ਉਸ ਤੋਂ ਪਹਿਲਾਂ ਪਹਿਲਾਂ ਇਹ ਪੂਰਾ ਹੋ ਜਾਵੇਗਾ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਸਮਾਰਟ ਸਿਟੀ ਤਾਂ ਸਿਰਫ ਸੈਂਟਰ ਦੀ ਸਰਕਾਰ ਹੀ ਅਨਾਊਂਸ ਕਰ ਸਕਦੀ ਹੈ। ਉਸ ਵਿੱਚ ਸ਼ੇਅਰ ਹੁੰਦਾ ਹੈ। ਲੇਕਿਨ ਮੁੱਖ ਮੰਤਰੀ ਸਾਹਿਬ ਵੱਲੋਂ, ਪੰਜਾਬ ਸਰਕਾਰ ਵੱਲੋਂ ਸੁਲਤਾਨਪੁਰ ਲੋਧੀ ਨੂੰ ਇੱਕ ਬਹੁਤ ਹੀ ਸਾਫ ਸੁਥਰਾ ਸ਼ਹਿਰ ਬਣਾਉਣ ਲਈ ਅਤੇ ਬਾਬਾ ਜੀ ਦਾ ਜਿਹੜਾ ਜਨਮ ਦਿਹਾੜਾ ਹੈ, ਉਸ ਨੂੰ ਸੈਲੀਬਰੇਟ ਕਰਨ ਲਈ 200 ਕਰੋੜ ਰੁਪਿਆ ਅਨਾਊਂਸ ਕੀਤਾ ਗਿਆ ਹੈ। ਇਸ ਵਿੱਚ ਬਹੁਤ ਹੀ ਮੁਨਾਸਿਬ ਰਕਮ, 200 ਕਰੋੜ ਦੇ ਵਿੱਚੋਂ ਸੁਲਤਾਨਪੁਰ ਲੋਧੀ ਦੇ ਵਿੱਚ ਲੱਗਣ ਵਾਲੀ ਹੈ। ਉਸ ਚੀਜ਼ ਨੂੰ ਸ਼ਾਇਦ ਇਹ ਸਮਾਰਟ ਸਿਟੀ ਸਮਝ ਗਏ ਹਨ ਲੇਕਿਨ ਇੱਕ ਬਹੁਤ ਸੋਹਣਾ ਸੁਨੱਖਾ ਸ਼ਹਿਰ ਬਣਾਉਣ ਦੇ ਲਈ ਸੀ.ਐਮ. ਸਾਹਿਬ ਨੇ ਉਹ ਸ਼ਬਦ ਵਰਤੇ ਸਨ।

**ਮਾਨਯੋਗ ਸਪੀਕਰ :** ਸਮਾਰਟ ਸਿਟੀ ਗੌਰਮਿੰਟ ਆਫ ਇੰਡੀਆ ਕਰ ਸਕਦੀ ਹੈ, ਸੂਬਾ ਸਰਕਾਰ ਨਹੀਂ ਕਰ ਸਕਦੀ।

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਬਕਾਇਦਾ ਅਨਾਊਂਸਮੈਂਟ ਹੋਈ ਹੈ। ਬਕਾਇਦਾ ਨਿਊਜ਼ ਪੇਪਰ, ਟੀ.ਵੀ. ਦੇ ਵਿੱਚ ਅਨਾਊਂਸਮੈਂਟ ਹੋਈ ਹੈ।

**ਮਾਨਯੋਗ ਸਪੀਕਰ :** ਲੇਕਿਨ ਜਦੋਂ ਇਹ ਜਵਾਬ ਆ ਗਿਆ ਕਿ ਸੂਬਾ ਸਰਕਾਰ ਕਰ ਹੀ ਨਹੀਂ ਸਕਦੀ।

**ਸਰਦਾਰ ਨਵਤੇਜ ਸਿੰਘ ਚੀਮਾ :** ਚਲੋ, ਸੂਬਾ ਸਰਕਾਰ ਰਿਕੁਮੈਂਡ ਕਰਕੇ ਭੇਜ ਦੇਵੇ। ਸਿੱਧੂ ਸਾਹਿਬ ਨੂੰ ਮੈਂ ਇਹ ਬੇਨਤੀ ਕਰਦਾ ਹਾਂ।

**ਮੰਤਰੀ :** ਬਿਲਕੁਲ ਤੁਹਾਡੀ ਹਰ ਗੱਲ ਨੂੰ ਅਸੀਂ ਪ੍ਰਵਾਨ ਕਰਾਂਗੇ ਅਤੇ ਅਸੀਂ ਰਿਕੁਮੈਂਡ ਕਰਕੇ ਭੇਜਾਂਗੇ।

**ਸ਼੍ਰੀ ਸੋਮ ਪ੍ਰਕਾਸ਼ :** ਸਪੀਕਰ ਸਾਹਿਬ, ਸਮਾਰਟ ਸਿਟੀ ਦੀ ਜਿਹੜੀ ਪਲਾਨ ਹੈ, ਇਹ ਸੈਂਟਰ ਗੌਰਮਿੰਟ ਦੀ ਹੈ। ਜਿੰਨੇ ਵੀ ਸਮਾਰਟ ਸਿਟੀ ਬਣਨੇ ਹਨ, ਉਹ ਸੈਂਟਰ ਸਰਕਾਰ ਨੇ ਬਣਾਉਣੇ ਹਨ। ਮਾਨਯੋਗ ਜੇਤਲੀ ਸਾਹਿਬ ਨੇ ਅਨਾਊਂਸ ਕੀਤਾ ਸੀ ਕਿ ਅਸੀਂ ਇਸ ਨੂੰ ਸਮਾਰਟ ਸਿਟੀ ਬਣਾਵਾਂਗੇ। ਆਪਾਂ ਤਾਂ ਪਰਪੋਜ਼ਲ ਬਣਾ ਕੇ ਭੇਜਣੀ ਹੈ, ਆਪਾਂ ਬਣਾ ਕੇ ਭੇਜ ਦੇਈਏ। ਜਿੰਨੇ ਪੈਸੇ ਇਸ ਸਕੀਮ ਥੱਲੇ ਆਉਂਦੇ ਹਨ, ਸਾਨੂੰ ਆਉਣਗੇ। ਆਪਾਂ ਇਹ ਕਹੀਏ ਕਿ ਅਸੀਂ ਬਣਾਉਣਾ ਹੀ ਨਹੀਂ ਹੈ, ਇਹ ਨਹੀਂ ਹੈ। ਮੈਂ ਇਸ ਬਾਰੇ ਇੱਕ ਹੋਰ ਚੀਜ਼ ਕਹਿਣੀ ਚਾਹਾਂਗਾ ਕਿ ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਸਾਡੇ ਸਮੇਂ ਵਿੱਚ

[ ਸ਼੍ਰੀ ਸੋਮ ਪ੍ਰਕਾਸ਼ ]

550 ਸਾਲਾ ਆਇਆ ਹੈ। ਆਪਾਂ ਬਿਲਡਿੰਗਾਂ ਬਣਾਉਣ ਦੀ ਗੱਲ ਕਰਦੇ ਹਾਂ ਜੀ। ......

**ਕਿਰਤ ਮੰਤਰੀ :** ਸਪੀਕਰ ਸਾਹਿਬ, .....

**ਸ਼੍ਰੀ ਸੋਮ ਪ੍ਰਕਾਸ਼ :** ਸਿੱਧੂ ਸਾਹਿਬ, ਇੱਕ ਮਿੰਟ ਪਲੀਜ਼।

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਸ਼੍ਰੀ ਸੋਮ ਪ੍ਰਕਾਸ਼ ਜੀ ਬੋਲ ਰਹੇ ਹਨ, ਇਸ ਕਰਕੇ ਉਨ੍ਹਾਂ ਨੂੰ ਬੋਲ ਲੈਣ ਦਿਉ।

**ਸ਼੍ਰੀ ਸੋਮ ਪ੍ਰਕਾਸ਼ :** ਸਪੀਕਰ ਸਾਹਿਬ, ਅਸੀਂ ਬਿਲਡਿੰਗਾਂ ਬਣਾਉਣ ਦੀ ਗੱਲ ਤਾਂ ਕਰਦੇ ਹਾਂ । ਕੀ ਇਹ ਸਾਨੂੰ ਪਤਾ ਹੈ ਕਿ 1947 ਤੋਂ ਬਾਅਦ 53 ਸਾਲ ਉਸ ਜਗ੍ਹਾ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੋਇਆ। ਉਥੇ ਸਾਲ 2000 ਵਿੱਚ 53 ਸਾਲਾਂ ਬਾਅਦ ਪਹਿਲੀ ਵਾਰੀ ਪ੍ਰਕਾਸ਼ ਹੋਇਆ। ਜਿਸ ਵਿਅਕਤੀ ਨੇ ਇਕੱਲਿਆਂ ਜਾ ਕੇ ਉਥੇ ਗੁਰਦੁਆਰਾ ਬਣਾਇਆ, ਉਥੇ ਬਿਲਡਿੰਗ ਬਣਾਈ, ਉਥੇ ਸੜਕ ਬਣਾਈ, ਉਸ ਦਾ ਅੱਜ ਤੱਕ ਕਿਸੇ ਨੇ ਨਾਂ ਨਹੀਂ ਲਿਆ। ਉਹ ਸਿੰਗਲ ਆਦਮੀ ਸ਼੍ਰੀ ਜੇ.ਬੀ.ਸਿੰਘ ਹਨ ਜੋ ਕਿ ਹੁਸ਼ਿਆਰਪੁਰ ਦੇ ਹਨ, ਉਨ੍ਹਾਂ ਨੂੰ ਵੀ ਸਤਿਕਾਰ ਦੇਣਾ ਚਾਹੀਦਾ ਹੈ ਕਿ ਜਿਸ ਵਿਅਕਤੀ ਨੇ ਇਹ ਕੀਤਾ ਹੈ। ਆਪਾਂ ਲਾਂਘਾ ਬਣਾਉਣ ਬਾਰੇ ਤਾਂ ਕਹਿ ਦਿੰਦੇ ਹਾਂ ਕਿ ਮੈਂ ਬਣਵਾ ਦਿੱਤਾ, ਮੈਂ ਬਣਵਾ ਦਿੱਤਾ, ਇਸ ਤਰ੍ਹਾਂ ਆਪਾਂ ਸਾਰੇ ਜਣੇ ਕਹੀ ਜਾਂਦੇ ਹਾਂ..

**ਮਾਨਯੋਗ ਸਪੀਕਰ:** ਸ਼੍ਰੀ ਸੋਮ ਪ੍ਰਕਾਸ਼ ਜੀ, ਗੱਲ ਤਾਂ ਸਮਾਰਟ ਸਿਟੀ ਦੀ ਹੋ ਰਹੀ ਹੈ।

**ਸ਼੍ਰੀ ਸੋਮ ਪ੍ਰਕਾਸ਼:** ਸਰ, ਮੈਂ ਗੱਲ ਕਰਦਾ ਹਾਂ ਕਿ ਜਿਸ ਵਿਅਕਤੀ ਨੇ 53 ਸਾਲਾਂ ਬਾਅਦ ਉਥੇ ਪ੍ਰਕਾਸ਼ ਕੀਤਾ ਉਸ ਦਾ ਨਾਂ ਲਿਆ ਜਾਣਾ ਚਾਹੀਦਾ ਹੈ..

**ਮਾਨਯੋਗ ਸਪੀਕਰ:** ਤੁਸੀਂ ਵੱਖਰਾ ਦੇ ਦਿਉ। ਵੱਖਰਾ ਕਹਿ ਦਿਉ।

**ਸ਼੍ਰੀ ਸੋਮ ਪ੍ਰਕਾਸ਼:** ਉਸ ਦਾ ਨਾ ਕਦੇ ਐਸ.ਜੀ.ਪੀ.ਸੀ. ਨੇ ਨਾਂ ਲਿਆ ਹੈ ਅਤੇ ਨਾ ਹੀ ਕਿਸੇ ਸਰਕਾਰ ਨੇ ਨਾਂ ਲਿਆ ਹੈ। ਇਹ ਅੱਛੀ ਗੱਲ ਨਹੀਂ ਹੈ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਅਤੇ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬੜੀ ਖੁਸ਼ੀ ਦੀ ਗੱਲ ਹੈ ਕਿ ਸਮਾਰਟ ਸਿਟੀ ਸੈਂਟਰ ਦੀ ਸਰਕਾਰ ਬਣਾ ਰਹੀ ਹੈ, ਪੰਜਾਬ ਗੌਰਮਿੰਟ ਵੱਲੋਂ ਬਾਬਾ ਨਾਨਕ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਉਤੇ ਡਿਵੈਲਪਮੈਂਟ ਅਥਾਰਿਟੀ ਬਣਾਈ ਜਾ ਰਹੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਬਟਾਲਾ ਸ਼ਹਿਰ ਹੈ, ਉਹ ਬਾਬਾ ਨਾਨਕ ਜੀ ਦੇ ਸਹੁਰਿਆਂ ਦਾ ਸ਼ਹਿਰ ਹੈ ਉਸ ਨੂੰ ਅੱਖੋਂ ਓਹਲੇ ਕੀਤਾ ਜਾ ਰਿਹਾ ਹੈ । ਸਾਡੇ ਪੁਰਾਣੇ ਡਿਵੈਲਪਮੈਂਟ ਦੇ ਕੋਈ 1 ਕਰੋੜ ਦੋ ਚਾਰ ਲੱਖ ਰੁਪਿਆ ਪਿਆ ਹੈ, ਉਸ ਦੀ ਖਰਚਣ ਵਾਸਤੇ ਵੀ ਸਾਨੂੰ ਮਨਜ਼ੂਰੀ ਨਹੀਂ ਦਿੱਤੀ ਜਾ

ਰਹੀ। ਮੈਂ ਬੇਨਤੀ ਕਰਦਾ ਹਾਂ ਕਿ ਇਹ ਇਕੂਅਲੀ ਇੰਪਾਰਟੈਂਟ ਸਿਟੀ ਹੈ । ਸੁਲਤਾਨਪੁਰ ਲੋਧੀ ਤੋਂ ਹਰ ਸਾਲ ਬਰਾਤ ਦੇ ਰੂਪ ਵਿੱਚ ਬਾਬਾ ਨਾਨਕ ਜੀ ਦਾ ਨਗਰ ਕੀਰਤਨ ਬਟਾਲੇ ਆਉਂਦਾ ਹੈ । ਮੈਂ ਕਹਿੰਦਾ ਹਾਂ ਕਿ ਬਟਾਲੇ ਤੋਂ ਅਗਾਂਹ ਡੇਰਾ ਬਾਬਾ ਨਾਨਕ ਤੱਕ ਡਿਵੈਲਪਮੈਂਟ ਕੀਤੀ ਜਾਵੇ, ਇਹ ਬਹੁਤ ਚੰਗੀ ਗੱਲ ਹੈ। ਲਾਂਘੇ ਵਾਲੀ ਗੱਲ ਬੜੀਆਂ ਅਰਦਾਸਾਂ ਨਾਲ ਪੂਰੀ ਹੋਈ ਹੈ ਪਰ ਮੇਰੀ ਬੇਨਤੀ ਹੈ ਕਿ ਬਟਾਲਾ ਬੜਾ ਇੰਪਾਰਟੈਂਟ ਸਿਟੀ ਹੈ, ਇਸ ਦੇ ਨਾਲ ਹੀ ਉਸ ਵੱਲ ਵੀ ਧਿਆਨ ਦਿੱਤਾ ਜਾਵੇ, ਉਸ ਦੇ ਵਾਸਤੇ ਵੀ ਸਪੈਸ਼ਲ ਫੰਡਜ਼ ਰੇਜ਼ ਕੀਤੇ ਜਾਣ ਤਾਂ ਕਿ ਜੋ ਉਸ ਦੀ ਹਾਲਤ ਹੈ, ਉਸ ਨੂੰ ਠੀਕ ਕੀਤਾ ਜਾ ਸਕੇ।

**ਮਾਨਯੋਗ ਸਪੀਕਰ:** ਇਹ ਸਵਾਲ ਵੱਖਰਾ ਬਣਦਾ ਹੈ, ਸਿੱਧੂ ਸਾਹਿਬ ਫਿਰ ਵੀ ਬਟਾਲੇ ਦਾ ਨਾਂ ਲਿਆ ਹੈ, ਇਸ ਕਰਕੇ ਤੁਸੀਂ ਜ਼ਰੂਰ ਕੁਝ ਕਹੋ।

**ਮੰਤਰੀ :** ਮਾਨਯੋਗ ਐਮ.ਐਲ.ਏ. ਸਾਹਿਬ ਤੁਹਾਡਾ ਸਵਾਲ ਬੜਾ ਵਾਜਬ ਹੈ ਔਰ ਬੜਾ ਸਹੀ ਹੈ, ਇਸ ਲਈ ਮੈਂ ਤੁਹਾਨੂੰ ਇਹ ਖੁਸ਼ਖਬਰੀ ਦੇਣੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਅਸੀਂ ਮੁਨਾਸਿਬ ਫੰਡ ਪਿੰਡ ਬਾਬੇ ਨਾਨਕ ਪਿੰਡ ਦੇ ਲਈ ਐਲੋਕੇਟ ਕਰ ਰਹੇ ਹਾਂ ਉਸੇ ਤਰ੍ਹਾਂ ਅਸੀਂ ਡੇਰਾ ਬਾਬਾ ਨਾਨਕ ਔਰ ਬਟਾਲੇ ਲਈ ਕਾਫੀ ਸੰਮ ਐਲੋਕੇਟ ਕਰ ਰਹੇ ਹਾਂ, ਬਹੁਤ ਜ਼ਿਆਦਾ ਵੱਡਾ ਸੰਮ ਐਲੋਕੇਟ ਕਰ ਰਹੇ ਹਾਂ। ਧੰਨਵਾਦ ।

**Mr. Speaker :**Thank you, ਹਾਂ ਜੀ, ਸਰਦਾਰ ਕੁਲਤਾਰ ਸਿੰਘ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਪ੍ਰਮਾਤਮਾ ਦੀ ਬੜੀ ਵੱਡੀ ਮਿਹਰ ਸਾਡੇ ਇਸ ਖਿੱਤੇ ਉਤੇ ਹੋਈ ਹੈ, ਖਾਸ ਕਰਕੇ ਸਾਡੇ ਸਿੱਖ ਭਰਾਵਾਂ ਉਤੇ ਅਤੇ ਬਾਬੇ ਨਾਨਕ ਦਾ ਨਾਂ ਲੈਣ ਵਾਲਿਆਂ ਉਤੇ ਬਹੁਤ ਵੱਡੀ ਮਿਹਰ ਹੋਈ ਹੈ। ਸਿੱਖ ਉਹ ਹੁੰਦਾ ਹੈ ਜਿਹੜਾ ਹਰ ਰੋਜ਼ ਸ਼ੁਕਰ ਕਰਦਾ ਹੈ। ਪੰਜਾਬੀ ਤੇ ਸਿੱਖ ਵਿੱਚ ਕੋਈ ਜ਼ਿਆਦਾ ਫਰਕ ਨਹੀਂ ਹੈ ਭਾਵੇਂ ਉਹ ਕਿਸੇ ਵੀ ਧਰਮ ਦੇ ਨਾਲ ਹੋਵੇ ਕਿਉਂਕਿ ਬਾਬੇ ਨਾਨਕ ਜੀ ਨੂੰ ਸਾਰੇ ਮੰਨਦੇ ਹਨ..

**ਮਾਨਯੋਗ ਸਪੀਕਰ:** ਤੁਸੀਂ ਕਹਿਣਾ ਕੀ ਹੈ?

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਏਡਾ ਵੱਡਾ ਕੰਮ ਹੋਇਆ ਹੈ। ਮੈਂ ਵਿਧਾਨ ਸਭਾ ਵਿੱਚ ਇਹ ਪ੍ਰਸਤਾਵ ਪੇਸ਼ ਕਰਦਾ ਹਾਂ ਕਿ ਇਹ ਜਿਹੜਾ ਕੰਮ ਹੋਇਆ ਹੈ ਇਸ ਲਈ ਕੇਂਦਰ ਸਰਕਾਰ, ਪਾਕਿਸਤਾਨ ਸਰਕਾਰ ਤੇ ਸਾਡੇ ਵੀਰ, ਸਰਦਾਰ ਨਵਜੋਤ ਸਿੰਘ ਸਿੱਧੂ ਸਾਹਿਬ ਜੀ ਦਾ ਧੰਨਵਾਦ ਕੀਤਾ ਜਾਵੇ। (ਆਮ ਆਦਮੀ ਪਾਰਟੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ:** ਇਹ ਅੱਗੇ ਆ ਰਿਹਾ ਹੈ। ਤੁਸੀਂ ਬੈਠੋ। ਹਾਂ ਜੀ, ਅਗਲਾ

[ ਮਾਨਯੋਗ ਸਪੀਕਰ ]
ਸਵਾਲ। ਸਰਦਾਰ ਬਲਵਿੰਦਰ ਸਿੰਘ ਲਾਡੀ।

-----

## ਸ੍ਰੀ ਹਰਗੋਬਿੰਦਪੁਰ ਦਾ ਨਾਮ ਬਦਲ ਕੇ ਸ੍ਰੀ ਹਰਗੋਬਿੰਦਪੁਰ ਸਾਹਿਬ ਰੱਖਣਾ

***1662. ਸਰਦਾਰ ਬਲਵਿੰਦਰ ਸਿੰਘ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸ੍ਰੀ ਹਰਗੋਬਿੰਦਪੁਰ ਸ਼ਹਿਰ ਅਤੇ ਅਸੈਂਬਲੀ ਚੋਣ ਹਲਕਾ ਸ੍ਰੀ ਹਰਗੋਬਿੰਦਪੁਰ ਦਾ ਨਾਮ ਬਦਲ ਕੇ ਸ੍ਰੀ ਹਰਗੋਬਿੰਦਪੁਰ ਸਾਹਿਬ ਰੱਖਣ ਦਾ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** (ੳ) ਨਹੀਂ ਜੀ। ਹਾਲ ਦੀ ਘੜੀ ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਬਲਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਹਰਗੋਬਿੰਦਪੁਰ ਹਲਕਾ ਜਿਹੜਾ ਹੈ ਉਹ ਰਾਜ ਦੇ 117 ਹਲਕਿਆਂ ਵਿੱਚੋਂ ਪਹਿਲਾ ਹਲਕਾ ਹੈ ਜਿਹੜਾ ਛੇਵੇਂ ਪਾਤਸ਼ਾਹ ਜੀ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਨਾਂ ਤੇ ਜਾਣਿਆ ਜਾਂਦਾ ਹੈ। ਸੋ, ਸ੍ਰੀ ਹਰਗੋਬਿੰਦਪੁਰ ਦਾ ਨਾਮ ਬਦਲ ਕੇ ਸ੍ਰੀ ਹਰਗੋਬਿੰਦਪੁਰ ਸਾਹਿਬ ਰੱਖਣ ਵਾਸਤੇ ਸਮੂਹ ਸਾਧ ਸੰਗਤ ਵੱਲੋਂ, ਸਿੱਖ ਕੌਮ ਵੱਲੋਂ ਪ੍ਰਸਤਾਵ ਹੈ । ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੇਕਰ ਇਸ ਲਈ ਹਾਊਸ ਵਿੱਚ ਮਤਾ ਲਿਆਉਣ ਦੀ ਲੋੜ ਹੈ ਤਾਂ ਲਿਆਂਦਾ ਜਾਵੇ। ਮੈਂ ਹਾਊਸ ਨੂੰ ਵੀ ਬੇਨਤੀ ਕਰਾਂਗਾ ਕਿ ਛੇਵੇਂ ਪਾਤਸ਼ਾਹ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਹਰਗੋਬਿੰਦਪੁਰ ਸ਼ਹਿਰ ਵਸਾਇਆ ਹੈ, ਉਥੇ ਉਨ੍ਹਾਂ ਨੇ ਬੰਦਗੀ ਕੀਤੀ ਹੈ, ਉਥੇ ਗੁਰੂ ਸਾਹਿਬ ਦਾ ਬਹੁਤ ਪਵਿੱਤਰ ਅਸਥਾਨ ਸ੍ਰੀ ਦਮਦਮਾ ਸਾਹਿਬ ਹੈ । ਮੈਂ ਇਸ ਵੇਲੇ ਉਸ ਸੱਚੇ ਪਾਤਸ਼ਾਹ ਅੱਗੇ ਅਰਦਾਸ ਕਰਕੇ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਛੇਵੇਂ ਪਾਤਸ਼ਾਹ ਦੇ ਨਾਂ ਨੂੰ ਸਾਹਿਬ ਲਗਾਉਣਾ ਬੜਾ ਅਤਿ ਜ਼ਰੂਰੀ ਹੈ ਤਾਂ ਕਿ ਗੁਰੂ ਸਾਹਿਬ ਦੇ ਨਾਂ ਨੂੰ ਸਤਿਕਾਰ ਦਿੱਤਾ ਜਾ ਸਕੇ। ਸੋ, ਮੈਂ ਮੰਤਰੀ ਸਾਹਿਬ ਨੂੰ ਤੇ ਪੂਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਸ ਵਾਸਤੇ ਹਾਊਸ ਵਿੱਚ ਇੱਕ ਮਤਾ ਪੇਸ਼ ਕੀਤਾ ਜਾਵੇ ਤਾਂ ਕਿ ਗੁਰੂ ਸਾਹਿਬ ਜੀ ਦਾ ਜਿਹੜਾ ਨਾਂ ਹੈ, ਉਸ ਨਾਲ ਸਾਹਿਬ ਲਗਾਇਆ ਜਾ ਸਕੇ।

(ਅਵਾਜ਼ਾਂ: ਇਹ ਮੰਗ ਠੀਕ ਹੈ ਜੀ।)

**ਮਾਨਯੋਗ ਸਪੀਕਰ:** ਹਾਂ ਜੀ, ਸਰਕਾਰੀਆ ਜੀ, ਇਸ ਸ਼ਹਿਰ ਦੇ ਨਾਂ ਦੇ ਨਾਲ ਸਾਹਿਬ ਲਗਾ ਦਿਉ ਜੀ।

**ਮੰਤਰੀ :** ਨਹੀਂ ਜੀ। ਧੰਨਵਾਦ।

**ਮਾਨਯੋਗ ਸਪੀਕਰ:** ਲਗਾਇਆ ਨਹੀਂ ਜਾਣਾ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੀ ਮੰਗ ਜਾਇਜ਼ ਹੈ । ਅਸੀਂ ਆਪਣੇ ਗੁਰੂਆਂ ਦਾ ਸਤਿਕਾਰ ਕਰਦੇ ਹਾਂ ਅਤੇ ਉਨ੍ਹਾਂ ਅੱਗੇ ਸਿਰ ਝੁਕਦਾ ਹੈ ਪਰ ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਜ਼ਿਲ੍ਹੇ ਦਾ, ਤਹਿਸੀਲ, ਸ਼ਹਿਰ ਜਾਂ ਪਿੰਡ ਦਾ ਨਾਂ ਚੇਂਜ ਕਰਨਾ ਹੋਵੇ ਤਾਂ ਉਸ ਲਈ ਸਾਨੂੰ ਭਾਰਤ ਸਰਕਾਰ ਕੋਲੋਂ ਸਹਿਮਤੀ ਲੈਣੀ ਪੈਂਦੀ ਹੈ।

**ਮਾਨਯੋਗ ਸਪੀਕਰ :** ਤੁਸੀਂ ਉਨ੍ਹਾਂ ਨੂੰ ਲਿਖ ਦਿਓ।

**ਮੰਤਰੀ :** ਮੈਂ ਇਹੀ ਬੇਨਤੀ ਕਰਨ ਲੱਗਿਆ ਹਾਂ ਕਿ ਉਨ੍ਹਾਂ ਨੇ ਇਸ ਵਾਸਤੇ ਜਿਹੜੀਆਂ ਸਾਨੂੰ ਗਾਈਡਲਾਈਨਜ਼ ਦਿੱਤੀਆਂ ਹਨ, ਇਹ ਦੇਖ ਲੈਣ ਅਤੇ ਜਿਹੜਾ ਪਿੰਡ ਹੈ, ਉਸ ਦੀ ਕਮੇਟੀ ਮਤਾ ਪਾ ਦੇਵੇ। ਅਸੀਂ ਆਪਣੇ ਵਲੋਂ ਰਿਕੁਮੈਂਡ ਕਰਕੇ ਭਾਰਤ ਸਰਕਾਰ ਨੂੰ ਭੇਜ ਦੇਵਾਂਗੇ।

**ਮਾਨਯੋਗ ਸਪੀਕਰ:** ਠੀਕ ਹੈ ਜੀ। ਅਗਲਾ ਸਵਾਲ।

----

**ਕੰਢੀ ਇਲਾਕੇ ਦੀਆਂ ਬਰਾਨੀਆਂ ਜ਼ਮੀਨਾਂ ਨੂੰ ਸਿੰਚਾਈ ਸਹੂਲਤਾਂ ਪ੍ਰਦਾਨ ਕਰਨਾ**

***1672. ਸ਼੍ਰੀ ਦਰਸ਼ਨ ਲਾਲ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਬਲਾਚੌਰ ਤਹਿਸੀਲ ਵਿਚ ਪਿਛਲੀ ਸਰਕਾਰ ਦੇ ਸਮੇਂ ਕੰਢੀ ਇਲਾਕੇ ਦੀ ਸ਼ਿਵਾਲਿਕ ਪਹਾੜੀ ਨਾਲ ਲੱਗਦੇ ਤਕਰੀਬਨ 36 ਪਿੰਡਾਂ ਦੀ ਜ਼ਮੀਨ ਜੋ ਨਿਰੋਲ ਬਰਾਨੀ ਪੱਟੀ ਹੈ, ਉਹ ਨਹਿਰੀ ਚੱਕਬੰਦੀ ਤੋਂ ਬਾਹਰ ਰਹਿ ਗਈ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਜੇਕਰ ਪਿੰਡ ਛੁਛੇਵਾਲ ਵਿਖੇ ਕੰਢੀ ਨਹਿਰ ਦੇ ਪਾਣੀ ਦੇ ਕੁਝ ਹਿੱਸੇ ਨੂੰ ਅਪਲਿਫਟ ਕਰਕੇ ਜਮ੍ਹਾਂ ਕੀਤਾ ਜਾਵੇ ਤਾਂ ਉਥੇ ਇੱਕ ਹੋਰ ਲਾਈਨ ਸਿੰਘਪੁਰਾ, ਮਾਲੇਵਾਲ ਆਦਿ ਪਿੰਡਾਂ ਵਿਚੋਂ ਭੱਦੀ ਤੱਕ ਵਿਛਾ ਕੇ ਇਨ੍ਹਾਂ 15 ਪਿੰਡਾਂ ਦੀ ਬਰਾਨੀ ਪੱਟੀ ਨੂੰ ਸਿੰਚਾਈ ਸਹੂਲਤ ਪ੍ਰਦਾਨ ਕੀਤੀ ਜਾ ਸਕਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨਵੀਂ ਲਾਈਨ ਨੂੰ ਵਿਛਾਉਣ ਦੀ ਕਦੋਂ ਤੱਕ ਪ੍ਰਵਾਨਗੀ ਦੇ ਦਿੱਤੀ ਜਾਵੇਗੀ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** (ੳ) ਹਾਂ ਜੀ, ਇਹ ਠੀਕ ਹੈ ਕਿ ਬਲਾਚੌਰ ਤਹਿਸੀਲ ਵਿੱਚ ਕੰਢੀ ਇਲਾਕੇ ਦੀਆਂ ਸ਼ਿਵਾਲਿਕ ਪਹਾੜੀਆਂ ਨਾਲ ਲੱਗਦੇ ਤਕਰੀਬਨ 36 ਪਿੰਡਾਂ ਦੀ ਬਰਾਨੀ ਜ਼ਮੀਨ ਨਹਿਰੀ ਚੱਕਬੰਦੀ ਤੋਂ ਬਾਹਰ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪਾਣੀ ਦੀ ਉਪਲਬਧਤਾ (availability) ਅਨੁਸਾਰ ਬਲਾਚੌਰ ਤਹਿਸੀਲ ਦੇ 72 ਪਿੰਡਾਂ ਦੇ ਰਕਬੇ ਨੂੰ ਸਿੰਚਾਈ ਸਹੂਲਤ ਦਿੱਤੀ ਗਈ ਹੈ।

(ਅ) ਕੰਢੀ ਨਹਿਰ ਤੋਂ ਪਾਣੀ ਲਿਫਟ ਕਰਕੇ ਪਿੰਡ ਛੁਛੇਵਾਲ ਵਿਖੇ ਡਲਿਵਰੀ ਟੈਂਕ ਤੋਂ ਪਿੰਡ ਸਿੰਘਪੁਰਾ, ਮਾਲੇਵਾਲ ਆਦਿ ਪਿੰਡਾਂ ਦੀਆਂ ਜ਼ਮੀਨਾਂ ਰਾਹੀਂ ਹੁੰਦੀ ਹੋਈ ਪਿੰਡ

ਭੱਦੀ ਤੱਕ ਜ਼ਮੀਨਦੋਜ਼ (underground) ਪਾਈਪ ਲਾਈਨ ਵਿਛਾ ਕੇ ਇਸ ਏਰੀਏ ਨੂੰ 15 ਪਿੰਡਾਂ ਦੇ ਰਕਬੇ ਨੂੰ ਪਾਣੀ ਦੇਣ ਵਾਸਤੇ ਸਕੀਮ ਦੀ ਤਕਨੀਕੀ ਅਤੇ ਵਿੱਤੀ ਘੋਖ (examine) ਕੀਤੀ ਜਾ ਰਹੀ ਹੈ। ਇਸ ਘੋਖ ਉਪਰੰਤ ਹੀ ਇਸ ਬਾਰੇ ਫੈਸਲਾ ਲਿਆ ਜਾ ਸਕੇਗਾ।

**ਸ਼੍ਰੀ ਦਰਸ਼ਨ ਲਾਲ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕੰਢੀ ਨਹਿਰ ਦਾ ਮਕਸਦ ਸਿਰਫ ਤੇ ਸਿਰਫ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਬਰਾਨੀ ਪੱਟੀ ਨੂੰ ਪਾਣੀ ਦੇਣਾ ਸੀ ਪਰ ਪਿਛਲੀ ਸਰਕਾਰ ਨੇ ਸਾਡੇ ਲੋਕਾਂ ਨਾਲ ਵਾਇਦਾ ਖਿਲਾਫੀ, ਬੇਇਨਸਾਫੀ ਕੀਤੀ ਅਤੇ ਇਕ ਬਹੁਤ ਵੱਡਾ ਫਰਾਡ ਕੀਤਾ ਹੈ। ਪਲੇਨ ਏਰੀਏ ਵਿੱਚ ਤਾਂ ਪਾਈਪ ਲਾਈਨਾਂ ਵਿਛਾ ਦਿੱਤੀਆਂ ਪਰ ਬਰਾਨੀ ਪੱਟੀ ਵੱਲ ਕੋਈ ਇੰਤਜ਼ਾਮ ਨਹੀਂ ਕੀਤਾ। ਸੋ, ਮੇਰਾ ਖਿਆਲ ਹੈ ਕਿ ਇਕ ਬਹੁਤ ਵੱਡਾ 1200 ਕਰੋੜ ਰੁਪਏ ਦਾ ਫਰਾਡ ਵੀ ਹੋਇਆ ਹੈ। ਮੇਰਾ ਖਿਆਲ ਹੈ ਕਿ ਠੇਕੇਦਾਰ ਵੀ ਅੰਦਰ ਹੈ। ਮੈਂ ਮੰਤਰੀ ਜੀ ਨੂੰ ਰਿਕੁਐਸਟ ਕਰਦਾ ਹਾਂ ਕਿ ਸ਼ਿਵਾਲਿਕ ਦੀਆਂ ਪਹਾੜੀਆਂ ਨਾਲ ਲਗਦੇ ਇਲਾਕੇ ਦੇ ਲੋਕਾਂ ਦੀ ਜ਼ਿੰਦਗੀ ਨੂੰ ਮੁੱਖ ਰੱਖਦੇ ਹੋਏ ਇਸ ਸਕੀਮ ਨੂੰ ਪਹਿਲ ਦੇ ਅਧਾਰ ਤੇ ਨੇਪਰੇ ਚੜ੍ਹਾਇਆ ਜਾਵੇ ਤਾਂ ਕਿ ਲੋਕਾਂ ਵਿੱਚ ਖੁਸ਼ਹਾਲੀ ਆ ਸਕੇ।

**ਮੰਤਰੀ :** ਠੀਕ ਹੈ ਜੀ।

**ਮਾਨਯੋਗ ਸਪੀਕਰ :** ਪ੍ਰਸ਼ਨ ਖ਼ਤਮ ਹੁੰਦੇ ਹਨ।

-----

## UNSTARRED QUESTIONS AND ANSWERS

### ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕ-ਵਿਦਿਆਰਥੀ ਅਨੁਪਾਤ ਦਾ ਵੇਰਵਾ

**230. ਸ਼੍ਰੀ ਅਮਨ ਅਰੋੜਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਇਸ ਸਮੇਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ (ਪ੍ਰਾਇਮਰੀ ਤੋਂ ਸੀਨੀਅਰ ਸੈਕੰਡਰੀ ਤੱਕ) ਜਮਾਤ ਅਤੇ ਵਿਸ਼ੇ ਮੁਤਾਬਿਕ ਕਿੰਨੇ-ਕਿੰਨੇ ਅਧਿਆਪਕ ਅਤੇ ਵਿਦਿਆਰਥੀ ਹਨ;

(ਅ) ਕੀ Right to Education Act ਮੁਤਾਬਿਕ ਅਤੇ ਬਾਕੀ ਸਬੰਧਿਤ ਕੇਂਦਰੀ ਅਤੇ ਰਾਜ ਕਾਨੂੰਨਾਂ ਅਤੇ ਨਿਯਮਾਵਲੀ ਮੁਤਾਬਿਕ ਅਧਿਆਪਕ-ਵਿਦਿਆਰਥੀ ਅਨੁਪਾਤ (Teacher-Student Ratio) ਸਹੀ ਹੈ;

(ੲ) ਜੇਕਰ ਨਹੀਂ ਤਾਂ ਸਰਕਾਰ ਇਸ ਅਨੁਪਾਤ ਨੂੰ ਪੂਰਾ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ?

**ਸ਼੍ਰੀ ਓਮ ਪ੍ਰਕਾਸ਼ ਸੋਨੀ :** (ੳ) ਇਸ ਸਮੇਂ ਪੰਜਾਬ ਰਾਜ ਵਿੱਚ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਗਿਣਤੀ 12905, ਅਧਿਆਪਕਾਂ ਦੀ ਗਿਣਤੀ 40705 ਹੈ ਅਤੇ ਵਿਦਿਆਰਥੀਆਂ ਦੀ ਗਿਣਤੀ 1019148 ਹੈ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਪ੍ਰਾਇਮਰੀ ਜਮਾਤਾਂ ਤੱਕ ਵਿਸ਼ਾਵਾਰ ਅਧਿਆਪਕ ਨਹੀਂ ਹੁੰਦੇ ਹਨ।

ਸਰਕਾਰੀ ਮਿਡਲ ਸਕੂਲਾਂ ਦੀ ਗਿਣਤੀ 2269 ਹੈ। ਇਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਗਿਣਤੀ 11286 ਹੈ ਅਤੇ ਵਿਦਿਆਰਥੀਆਂ ਦੀ ਗਿਣਤੀ 143869 ਹੈ।

ਸਰਕਾਰੀ ਹਾਈ ਸਕੂਲਾਂ ਦੀ ਗਿਣਤੀ 1740 ਹੈ। ਇਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਗਿਣਤੀ 18735 ਹੈ ਅਤੇ ਵਿਦਿਆਰਥੀਆਂ ਦੀ ਗਿਣਤੀ 310105 ਹੈ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ 1867 ਹੈ। ਇਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਗਿਣਤੀ 41958 ਹੈ ਅਤੇ ਵਿਦਿਆਰਥੀਆਂ ਦੀ ਗਿਣਤੀ 824105 ਹੈ। ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ (ਅਨੁਲੱਗ ੳ**) ਅਤੇ ਇਨ੍ਹਾਂ ਸਕੂਲਾਂ ਵਿੱਚ ਵਿਸ਼ਾਵਾਰ ਅਧਿਆਪਕਾਂ ਦੀ ਗਿਣਤੀ (ਅਨੁਲੱਗ ਅ**) ਤੇ ਹੈ ।

(ਅ) ਜੀ ਹਾਂ, ਆਰ.ਟੀ.ਈ.ਐਕਟ ਅਨੁਸਾਰ ਅਨੁਪਾਤ ਸਹੀ ਹੈ।

ਸਰਕਾਰੀ ਪ੍ਰਾਇਮਰੀ ਅਧਿਆਪਕ-ਵਿਦਿਆਰਥੀ ਅਨੁਪਾਤ 1:22 ਹੈ।

ਸਰਕਾਰੀ ਮਿਡਲ ਸਕੂਲਾਂ ਵਿੱਚ ਅਧਿਆਪਕ-ਵਿਦਿਆਰਥੀ ਅਨੁਪਾਤ 1:25 ਹੈ।

ਸਰਕਾਰੀ ਹਾਈ ਸਕੂਲਾਂ ਵਿੱਚ ਅਧਿਆਪਕ-ਵਿਦਿਆਰਥੀ ਅਨੁਪਾਤ 1:13 ਹੈ।

ਸਰਕਾਰੀ ਸੈਕੰਡਰੀ ਸਕੂਲਾਂ ਵਿੱਚ ਅਧਿਆਪਕ-ਵਿਦਿਆਰਥੀ ਅਨੁਪਾਤ 1:26 ਹੈ।

----

## ਫਰਜ਼ੀ ਪੈਨਸ਼ਨ ਲਾਭਪਾਤਰੀਆਂ ਦੀ ਗਿਣਤੀ

**231. ਸ਼੍ਰੀ ਅਮਨ ਅਰੋੜਾ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

---

** Placed in the Revisor Branch.

[ ਸ਼੍ਰੀ ਅਮਨ ਅਰੋੜਾ ]

(ੳ) ਮੌਜੂਦਾ ਸਰਕਾਰ ਵੱਲੋਂ ਸਰਕਾਰ ਬਣਨ ਉਪਰੰਤ ਪੈਨਸ਼ਨ ਲਾਭਪਾਤਰੀਆਂ ਦੀ ਵੈਰੀਫਿਕੇਸ਼ਨ, ਪੜਤਾਲ ਕਰਵਾਉਣ ਤਹਿਤ ਪੂਰੇ ਪੰਜਾਬ ਵਿੱਚ ਜ਼ਿਲ੍ਹਾਵਾਰ ਕਿੰਨੇ ਫਰਜ਼ੀ ਲਾਭਪਾਤਰੀ ਪਾਏ ਗਏ ਹਨ;

(ਅ) ਇਨ੍ਹਾਂ ਨਜਾਇਜ਼ (ਗਲਤ) ਪੈਨਸ਼ਨਾਂ ਨਾਲ ਸਰਕਾਰ ਦਾ ਕੁੱਲ ਕਿੰਨਾ ਮਾਲੀਆ ਨੁਕਸਾਨ ਹੋ ਚੁੱਕਾ ਹੈ;

(ੲ) ਕੀ ਸਰਕਾਰ ਇਨ੍ਹਾਂ ਨਜਾਇਜ਼ ਲਾਭਪਾਤਰੀਆਂ ਨੂੰ ਲਾਭ ਪਹੁੰਚਾਉਣ ਵਾਲੇ ਸਬੰਧਤ ਅਧਿਕਾਰੀਆਂ ਦੇ ਖਿਲਾਫ ਕੋਈ ਕਾਰਵਾਈ ਕਰ ਰਹੀ ਹੈ, ਜੇਕਰ ਹਾਂ ਤਾਂ ਕੀ ਕਾਰਵਾਈ ਕੀਤੀ ਜਾ ਰਹੀ ਹੈ?

**ਸ਼੍ਰੀਮਤੀ ਅਰੁਨਾ ਚੌਧਰੀ :** ਸ਼੍ਰੀਮਾਨ ਜੀ,

(ੳ) ਮੌਜੂਦਾ ਸਰਕਾਰ ਬਣਨ ਉਪਰੰਤ ਮਿਤੀ 16.06.2017 ਨੂੰ ਬੁਢਾਪਾ ਪੈਨਸ਼ਨ ਅਤੇ ਹੋਰ ਵਿੱਤੀ ਸਹਾਇਤਾ ਸਕੀਮਾਂ ਦੇ ਲਾਭਪਾਤਰੀਆਂ ਦੀ ਵੈਰੀਫਿਕੇਸ਼ਨ ਕਰਵਾਉਣ ਦੇ ਆਦੇਸ਼ ਦਿੱਤੇ ਗਏ, ਜਿਸ ਦੌਰਾਨ ਗਲਤ ਪਤੇ ਕਾਰਨ/ਗੈਰ-ਹਾਜ਼ਰ ਹੋਣ ਕਾਰਨ/ਮ੍ਰਿਤਕ ਪਾਏ ਗਏ/ਅਯੋਗ ਪਾਏ ਗਏ ਲਾਭਪਾਤਰੀਆਂ ਦਾ ਜ਼ਿਲ੍ਹਾਵਾਰ ਵੇਰਵਾ ਅਨੁਲੱਗ-ੳ ਤੇ ਹੈ ਜੀ।

(ਅ) ਪੜਤਾਲ ਦੌਰਾਨ ਗਲਤ ਪਤੇ ਕਾਰਨ/ਗੈਰਹਾਜ਼ਰ ਹੋਣ ਕਾਰਨ/ਮ੍ਰਿਤਕ ਪਾਏ ਗਏ/ਅਯੋਗ ਪਾਏ ਗਏ ਲਾਭਪਾਤਰੀਆਂ ਦੀਆਂ ਪੈਨਸ਼ਨਾਂ ਅਪ੍ਰੈਲ, 2017 ਤੋਂ ਰੋਕ ਦਿੱਤੀਆਂ ਗਈਆਂ ਹਨ।

ਪੜਤਾਲ ਦੌਰਾਨ ਅਯੋਗ ਅਤੇ ਗੈਰਹਾਜ਼ਰ ਪਾਏ ਗਏ ਲਾਭਪਾਤਰੀਆਂ ਬਾਰੇ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ:-

(1) "ਪੜਤਾਲ ਦੌਰਾਨ ਅਯੋਗ/ਮ੍ਰਿਤਕ ਪਾਏ ਗਏ ਲਾਭਪਾਤਰੀਆਂ ਦੀ ਪੈਨਸ਼ਨ/ਵਿੱਤੀ ਸਹਾਇਤਾ ਅਪ੍ਰੈਲ, 2017 ਤੋਂ ਬੰਦ ਕਰ ਦਿੱਤੀ ਗਈ ਹੈ, ਜੇਕਰ ਕੋਈ ਲਾਭਪਾਤਰੀ ਇਸ ਬਾਰੇ ਇੱਕ ਮਹੀਨੇ ਦੇ ਅੰਦਰ-ਅੰਦਰ ਇਤਰਾਜ਼ ਕਰੇ ਤਾਂ ਉਸ ਦਾ ਸੁਣ ਕੇ ਨਿਪਟਾਰਾ ਕੀਤਾ ਜਾਵੇ।"

(2) "ਜਿਹੜੇ ਲਾਭਪਾਤਰੀ ਪੜਤਾਲ ਦੌਰਾਨ ਦਰਸਾਏ ਗਏ ਪਤੇ ਤੇ ਗੈਰਹਾਜ਼ਰ ਪਾਏ ਗਏ ਹਨ, ਉਨ੍ਹਾਂ ਦੀ ਪੈਨਸ਼ਨ/ਵਿੱਤੀ ਸਹਾਇਤਾ ਤੁਰੰਤ ਰੋਕ ਦਿੱਤੀ ਜਾਵੇ, ਇਸ ਸਬੰਧੀ ਜੇਕਰ ਕੋਈ ਵਿਅਕਤੀ ਅਰਜ਼ੀ ਦਿੰਦਾ ਹੈ ਤਾਂ ਡਿਪਟੀ ਕਮਿਸ਼ਨਰਜ਼ ਵਲੋਂ ਬਣਾਈ ਗਈ ਕਮੇਟੀ ਉਸ ਅਰਜ਼ੀ ਦਾ ਤੱਥਾਂ ਦੇ ਆਧਾਰ ਤੇ ਵਿਚਾਰ ਕਰਕੇ ਫੈਸਲਾ ਲਵੇਗੀ।"

ਉਕਤ ਅਨੁਸਾਰ ਹੁਣ ਤੱਕ ਸੁਣਵਾਈ ਉਪਰੰਤ 75,784 ਲਾਭਪਾਤਰੀ ਮੁੜ ਯੋਗ ਪਾਏ ਗਏ ਅਤੇ ਬਾਕੀ ਰਹਿੰਦੇ ਲਾਭਪਾਤਰੀਆਂ ਬਾਰੇ ਵੀ ਕਾਰਵਾਈ ਚਲ ਰਹੀ ਹੈ।

(ੲ) ਨਜਾਇਜ਼ ਲਾਭਪਾਤਰੀਆਂ ਨੂੰ ਲਾਭ ਪਹੁੰਚਾਉਣ ਵਿੱਚ ਜੇਕਰ ਕੋਈ ਅਧਿਕਾਰੀ/ਕਰਮਚਾਰੀ ਜ਼ਿੰਮੇਵਾਰ ਪਾਇਆ ਗਿਆ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

**ਅਨੁਲੱਗ-ੳ**

**ਪੜਤਾਲ ਦੌਰਾਨ ਗਲਤ ਪਤੇ ਕਾਰਨ/ਗੈਰ-ਹਾਜ਼ਰ ਹੋਣ ਕਾਰਨ/ਮ੍ਰਿਤਕ ਪਾਏ ਗਏ/ਅਯੋਗ ਪਾਏ ਗਏ ਲਾਭਪਾਤਰੀਆਂ ਦਾ ਜ਼ਿਲ੍ਹਾਵਾਰ ਵੇਰਵਾ**

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਗਲਤ ਪਤੇ ਕਾਰਨ | ਗੈਰਹਾਜ਼ਰ ਪਾਏ ਗਏ/ ਗੈਰਹਾਜ਼ਰ ਹੋਣ ਕਾਰਨ | ਮ੍ਰਿਤਕ ਲਾਭਪਾਤਰੀ | ਵੈਰੀਫਿਕੇਸ਼ਨ ਉਪਰੰਤ ਅਯੋਗ ਲਾਭਪਾਤਰੀ |
|---|---|---|---|---|---|
| 1 | ਅੰਮ੍ਰਿਤਸਰ | 7834 | 14551 | 5897 | 8496 |
| 2 | ਬਰਨਾਲਾ | 371 | 1103 | 1208 | 541 |
| 3 | ਬਠਿੰਡਾ | 16066 | 3466 | 2876 | 13516 |
| 4 | ਫਤਹਿਗੜ੍ਹ ਸਾਹਿਬ | 1746 | 1655 | 823 | 1210 |
| 5 | ਫਰੀਦਕੋਟ | 407 | 2982 | 1182 | 2833 |
| 6 | ਫਿਰੋਜ਼ਪੁਰ | 2529 | 2953 | 6478 | 894 |
| 7 | ਫਾਜ਼ਿਲਕਾ | 1760 | 6404 | 2179 | 2452 |
| 8 | ਗੁਰਦਾਸਪੁਰ | 7637 | 4237 | 6396 | 7319 |
| 9 | ਪਠਾਨਕੋਟ | 175 | 4198 | 1477 | 208 |
| 10 | ਹੁਸ਼ਿਆਰਪੁਰ | 663 | 1206 | 3733 | 1238 |
| 11 | ਜਲੰਧਰ | 9377 | 6614 | 7429 | 1781 |
| 12 | ਕਪੂਰਥਲਾ | 2241 | 2484 | 1767 | 399 |
| 13 | ਲੁਧਿਆਣਾ | 25006 | 4380 | 3714 | 1955 |
| 14 | ਸ੍ਰੀ ਮੁਕਤਸਰ ਸਾਹਿਬ | 473 | 8834 | 2806 | 7441 |
| 15 | ਮੋਗਾ | 1405 | 793 | 1474 | 2662 |

| | | | | | |
|---|---|---|---|---|---|
| 16 | ਮਾਨਸਾ | 228 | 5497 | 720 | 8958 |
| 17 | ਸ਼ਹੀਦ ਭਗਤ ਸਿੰਘ ਨਗਰ | 395 | 1257 | 2795 | 462 |
| 18 | ਪਟਿਆਲਾ | 6111 | 4780 | 5730 | 6528 |
| 19 | ਰੂਪਨਗਰ | 879 | 2092 | 1159 | 1136 |
| 20 | ਐਸ.ਏ.ਐਸ ਨਗਰ | 5724 | 1808 | 1666 | 1122 |
| 21 | ਸੰਗਰੂਰ | 2291 | 10811 | 7726 | 12574 |
| 22 | ਤਰਨਤਾਰਨ | 3207 | 7848 | 3693 | 9796 |
| | ਕੁੱਲ | 96525 | 99953 | 72928 | 93521 |

-----

## ਸਕੂਲ ਵਾਸਤੇ ਨਵੀਂ ਇਮਾਰਤ ਦੀ ਉਸਾਰੀ ਕਰਨਾ

**232. ਸ਼੍ਰੀ ਅਮਨ ਅਰੋੜਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ (ਲੜਕੀਆਂ) ਵਿੱਚ ਕਿੰਨੇ ਵਿਦਿਆਰਥੀ ਪੜ੍ਹਦੇ ਹਨ ਅਤੇ ਇਸ ਸਕੂਲ ਦੀ ਬਿਲਡਿੰਗ ਕਦੋਂ ਦੀ ਬਣੀ ਹੋਈ ਹੈ;

(ਅ) ਕੀ ਇਹ ਸਹੀ ਹੈ ਕਿ ਇਸ ਸਕੂਲ ਨੂੰ ਨਵੀਂ ਜਗ੍ਹਾ ਸ਼ਿਫਟ ਕਰਨ ਲਈ ਸਰਕਾਰ ਵੱਲੋਂ ਨਵੀਂ ਇਮਾਰਤ ਦੀ ਉਸਾਰੀ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ; ਜੇਕਰ ਹਾਂ ਤਾਂ ਉਸ ਦੇ ਵੇਰਵੇ ਕੀ ਹਨ;

(ੲ) ਕੀ ਇਸ ਨਵੀਂ ਇਮਾਰਤ ਦੀ ਉਸਾਰੀ ਦਾ ਕੰਮ ਪੂਰਾ ਹੋ ਚੁੱਕਾ ਹੈ; ਜੇਕਰ ਨਹੀਂ ਤਾਂ ਕਿਉਂ ਅਤੇ ਸਰਕਾਰ ਕਦੋਂ ਤੱਕ ਇਸ ਨੂੰ ਪੂਰਾ ਕਰਨ ਦੀ ਮਨਸ਼ਾ ਰੱਖਦੀ ਹੈ?

**ਸ਼੍ਰੀ ਓਮ ਪ੍ਰਕਾਸ਼ ਸੋਨੀ:**(ੳ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ (ਲੜਕੀਆਂ) ਵਿੱਚ ਵਿਦਿਆਰਥੀਆਂ ਦੀ ਗਿਣਤੀ 532 ਹੈ ਅਤੇ ਇਸ ਸਕੂਲ ਦੀ ਮੌਜੂਦਾ ਇਮਾਰਤ ਦੀ ਉਸਾਰੀ ਤਕਰੀਬਨ 60 ਸਾਲ ਤੋਂ ਪਹਿਲਾਂ ਹੋਈ ਹੈ।

(ਅ) ਹਾਂ ਜੀ, ਸਰਕਾਰ ਵੱਲੋਂ ਨਵੀਂ ਇਮਾਰਤ ਦੀ ਉਸਾਰੀ ਦੀ ਪ੍ਰਵਾਨਗੀ ਮਿਤੀ 21-12-2016 ਨੂੰ ਦਿੱਤੀ ਜਾ ਚੁੱਕੀ ਹੈ।

(ੲ) ਨਹੀਂ ਜੀ, ਸਕੂਲ ਦੀ ਨਵੀਂ ਇਮਾਰਤ ਦਾ ਕੰਮ ਅਜੇ ਮੁਕੰਮਲ ਨਹੀਂ ਹੋਇਆ ਹੈ। ਇਸ ਸਕੂਲ ਲਈ ਕੁੱਲ 565.00 ਲੱਖ ਰੁਪਏ ਦੀ ਲਾਗਤ ਨਾਲ 3 ਮੰਜ਼ਿਲੀ ਇਮਾਰਤ ਦੀ ਉਸਾਰੀ ਕੀਤੀ ਜਾਣੀ ਹੈ, ਜਿਸ ਵਿੱਚੋਂ ਪਹਿਲੇ ਫੇਜ਼ ਵਿੱਚ 250.00 ਲੱਖ

ਰੁਪਏ ਦੀ ਪ੍ਰਵਾਨਗੀ ਪੰਜਾਬ ਇਨਫਰਾਸਟ੍ਰਕਚਰ ਡਿਵੈਲਪਮੈਂਟ ਬੋਰਡ (ਪੀ.ਆਈ.ਡੀ.ਬੀ) ਵੱਲੋਂ ਦਿੱਤੀ ਗਈ ਹੈ। ਹੁਣ ਤੱਕ ਇਸ ਕੰਮ ਲਈ 125.00 ਲੱਖ ਰੁਪਏ ਪ੍ਰਾਪਤ ਹੋਏ ਹਨ।ਪਹਿਲੇ ਫੇਜ਼ ਦੇ ਕੰਮ ਨੂੰ ਮਿਤੀ 30-4-2019 ਤੱਕ ਪੂਰਾ ਕਰ ਲਿਆ ਜਾਵੇਗਾ।

-----

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 233****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

------

## ਡੋਪ ਟੈਸਟ

**235. ਸ਼੍ਰੀ ਪਵਨ ਕੁਮਾਰ ਟੀਨੂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਡੋਪ ਟੈਸਟ ਕਰਵਾਉਣਾ ਕਿਹੜੀਆਂ-ਕਿਹੜੀਆਂ ਸੁਵਿਧਾਵਾਂ ਲੈਣ ਲਈ ਜ਼ਰੂਰੀ ਕੀਤਾ ਗਿਆ ਹੈ ਅਤੇ ਇਸ ਡੋਪ ਟੈਸਟ ਦੀ ਫੀਸ ਕਿੰਨੀ ਰੱਖੀ ਗਈ ਹੈ;

(ਅ) ਚਾਲੂ ਵਿੱਤੀ ਸਾਲ ਵਿੱਚ ਰਾਜ ਵਿੱਚ ਜ਼ਿਲ੍ਹਾਵਾਰ ਕੁੱਲ ਕਿੰਨੇ ਡੋਪ ਟੈਸਟ ਕੀਤੇ ਗਏ ਹਨ ਅਤੇ ਕਿੰਨੀ ਰਾਸ਼ੀ ਇੱਕਠੀ ਹੋਈ ਹੈ;

(ੲ) ਉਪਰੋਕਤ ਵਰਣਿਤ ਇਕੱਤਰ ਹੋਈ ਰਕਮ ਕਿਹੜੇ ਖਾਤੇ ਵਿੱਚ ਜਮ੍ਹਾਂ ਕਰਵਾਈ ਜਾਂਦੀ ਹੈ ਅਤੇ ਇਹ ਰਾਸ਼ੀ ਕਿਸ ਮੰਤਵ ਲਈ ਖਰਚ ਕੀਤੀ ਜਾਂਦੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, (ੳ) ਪੰਜਾਬ ਸਰਕਾਰ ਵੱਲੋਂ ਡੋਪ ਟੈਸਟ ਅਸਲਾ ਲਾਇਸੈਂਸ ਬਣਵਾਉਣ ਅਤੇ ਰਿਨਿਊ ਕਰਨ ਲਈ ਜ਼ਰੂਰੀ ਹੈ ਜਿਸ ਦੀ ਫੀਸ 1500/- ਰੁਪਏ ਮਿਤੀ 17.04.2018 ਤੋਂ ਰੱਖੀ ਗਈ ਹੈ।

(ਅ) ਚਾਲੂ ਵਿੱਤੀ ਸਾਲ ਵਿੱਚ ਰਾਜ ਵਿੱਚ ਕੁੱਲ 64578 ਡੋਪ ਟੈਸਟ ਕੀਤੇ ਗਏ ਹਨ ਅਤੇ ਡੋਪ ਟੈਸਟ ਤੋਂ ਕੁੱਲ 9,52,96,940/- ਰੁਪਏ ਦੀ ਰਕਮ ਇਕੱਠੀ ਹੋਈ ਹੈ, ਜਿਸ ਦਾ ਜ਼ਿਲ੍ਹੇਵਾਰ ਵੇਰਵਾ ਅਨੁਲੱਗ 'ੲ' ਤੇ ਹੈ।

(ੲ) ਡੋਪ ਟੈਸਟ ਤੋਂ ਇਕੱਤਰ ਹੋਈ ਰਕਮ ਸਬੰਧਿਤ ਹਸਪਤਾਲ ਦੇ ਯੂਜ਼ਰ ਚਾਰਜਿਜ਼ ਵਿੱਚ ਜਮ੍ਹਾਂ ਕਰਵਾਈ ਜਾਂਦੀ ਹੈ ਅਤੇ ਇਹ ਰਾਸ਼ੀ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਵਰਤੀ ਜਾਂਦੀ ਹੈ।

**For Unstarred Question No. 233 and reply thereto, please see Appendix to this Debates.

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

ਚਾਲੂ ਵਿੱਤੀ ਸਾਲ 2018-19 ਵਿੱਚ ਪੰਜਾਬ ਰਾਜ ਵਿੱਚ ਕੀਤੇ ਗਏ ਡੋਪ ਟੈਸਟਾਂ ਦਾ ਵੇਰਵਾ

**ਅਨੁਲੱਗ "ੲ"**

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਸਾਲ 2018-19 ਵਿਚ ਕੀਤੇ ਗਏ ਟੈਸਟਾਂ ਦਾ ਵੇਰਵਾ | ਇਕੱਤਰ ਹੋਈ ਕੁੱਲ ਰਾਸ਼ੀ (ਲੱਖਾਂ ਵਿਚ) |
|---|---|---|---|
| 1 | ਅੰਮ੍ਰਿਤਸਰ | 5441 | 8161500.00 |
| 2 | ਬਰਨਾਲਾ | 1729 | 2593500.00 |
| 3 | ਬਠਿੰਡਾ | 4345 | 6342500.00 |
| 4 | ਫਤਹਿਗੜ੍ਹ ਸਾਹਿਬ | 1351 | 2026500.00 |
| 5 | ਫਰੀਦਕੋਟ | 2998 | 4479750.00 |
| 6 | ਫਿਰੋਜ਼ਪੁਰ | 5255 | 7788000.00 |
| 7 | ਫਾਜ਼ਿਲਕਾ | 2918 | 4299000.00 |
| 8 | ਗੁਰਦਾਸਪੁਰ | 2843 | 4121950.00 |
| 9 | ਹੁਸ਼ਿਆਰਪੁਰ | 1304 | 1956000.00 |
| 10 | ਜਲੰਧਰ | 2368 | 3552000.00 |
| 11 | ਕਪੂਰਥਲਾ | 1643 | 2464500.00 |
| 12 | ਲੁਧਿਆਣਾ | 6504 | 9481490.00 |
| 13 | ਮਾਨਸਾ | 2328 | 3426000.00 |
| 14 | ਮੋਗਾ | 3522 | 5031000.00 |
| 15 | ਮੁਕਤਸਰ | 4491 | 6439250.00 |
| 16 | ਪਟਿਆਲਾ | 3991 | 5933000.00 |
| 17 | ਪਠਾਨਕੋਟ | 773 | 1159500.00 |
| 18 | ਰੂਪਨਗਰ | 727 | 1090000.00 |
| 19 | ਸੰਗਰੂਰ | 3954 | 5931000.00 |
| 20 | ਐਸ.ਏ.ਐਸ.ਨਗਰ | 1396 | 2094000.00 |

| | | | |
|---|---|---|---|
| 21 | ਐਸ.ਬੀ.ਐਸ.ਨਗਰ | 693 | 920500.00 |
| 22 | ਤਰਨਤਾਰਨ | 4004 | 6006000.00 |
| | ਕੁੱਲ ਜੋੜ | 64578 | 95296940.00 |

-----

**ਮਾਨਯੋਗ ਸਪੀਕਰ:** ਹੁਣ ਏਜੰਡੇ ਦੀ ਅਗਲੀ ਆਈਟਮ ਲੈਂਦੇ ਹਾਂ।

## Announcement by the Speaker Reg. Panel of Chairmen

**ਮਾਨਯੋਗ ਸਪੀਕਰ :** ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਦਾ ਹਾਂ:-

1. ਸਰਦਾਰ ਪਰਗਟ ਸਿੰਘ ;
2. ਸਰਦਾਰ ਪਰਮਿੰਦਰ ਸਿੰਘ ਪਿੰਕੀ;
3. ਸ਼੍ਰੀ ਅਮਨ ਅਰੋੜਾ ; ਅਤੇ
4. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ।

-----

## Announcement by the Secretary

**ਮਾਨਯੋਗ ਸਪੀਕਰ :** ਹੁਣ ਸਕੱਤਰ ਜੀ ਐਲਾਨ ਕਰਨਗੇ।

**ਸਕੱਤਰ :** ਸ਼੍ਰੀਮਾਨ ਜੀ, ਮੈਂ 15ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਚੌਥੇ ਅਤੇ ਪੰਜਵੇਂ ਸਮਾਗਮਾਂ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਸ਼ਟਰਪਤੀ ਜੀ/ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦੀ ਹਾਂ:-

1. ਪੰਜਾਬ ਪਬਲਿਕ ਸੇਵਾ ਦੀ ਡਿਲੀਵਰੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਿਲ, 2018
2. ਸਿਗਰਟ ਅਤੇ ਹੋਰ ਤੰਬਾਕੂ ਉਤਪਾਦ (ਵਿਗਿਆਪਨ ਤੇ ਰੋਕ ਅਤੇ ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਡਿਸਟ੍ਰੀਬਿਊਸ਼ਨ ਦਾ ਵਿਨਿਯਮਨ) (ਪੰਜਾਬ ਸੋਧਨਾ) ਬਿਲ, 2018
3. ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਅਤੇ ਰੋਕ) ਸੋਧਨਾ ਬਿਲ, 2018
4. ਪੰਜਾਬ ਰਾਜ ਉਚੇਰੀ ਸਿੱਖਿਆ ਕੌਂਸਲ ਬਿਲ, 2018

[ ਸਕੱਤਰ ]

5. ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਸੇਵਾਵਾਂ ਵਿੱਚ ਰਾਖਵਾਂਕਰਨ) ਸੋਧਨਾ ਬਿਲ, 2018
6. ਪੰਜਾਬ ਮਿਊਂਸਿਪਲ ਬੁਨਿਆਦੀ ਢਾਂਚਾ ਵਿਕਾਸ ਫੰਡ (ਸੋਧਨਾ) ਬਿਲ, 2018
7. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2018
8. ਪੰਜਾਬ ਖੇਤੀਬਾੜੀ ਕਰਜ਼ਦਾਰੀ ਨਿਪਟਾਰਾ (ਸੋਧਨਾ) ਬਿਲ, 2018
9. ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਦੂਜੀ ਸੋਧਨਾ) ਬਿਲ, 2018
10. ਪੰਜਾਬ ਪੁਲਿਸ (ਦੂਜੀ ਸੋਧਨਾ) ਬਿਲ, 2018

------

## MATTERS RAISED DURING ZERO HOUR AND STATEMENTS MADE BY THE MINISTER THEREON

**ਮਾਨਯੋਗ ਸਪੀਕਰ :** ਜ਼ੀਰੋ ਆਵਰ, ਸ਼੍ਰੀ ਅਮਨ ਅਰੋੜਾ ਜੀ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੇਰੀ ਤੁਹਾਨੂੰ ਬੇਨਤੀ ਹੈ ਕਿ ਕੁਐਸਚਨ ਆਵਰ ਬਹੁਤ ਇੰਪਾਰਟੈਂਟ ਹੁੰਦਾ ਹੈ। ਹੁਣ ਤਿੰਨ ਕੁਐਸਚਨ ਕਾਂਗਰਸ ਦੇ ਐਮ.ਐਲ.ਏਜ਼ ਦੇ ਸਨ, ਇਨ੍ਹਾਂ ਤਿੰਨਾਂ ਪ੍ਰਸ਼ਨਾਂ ਉਤੇ ਮੇਰੀਆਂ ਤਿੰਨ ਸਪਲੀਮੈਂਟਰੀਜ਼ ਹੋਣੀਆਂ ਸਨ ਪਰ ਉਹ ਤਿੰਨੋਂ ਕਾਂਗਰਸ ਦੇ ਐਮ.ਐਲ.ਏ. ਗੈਰ ਹਾਜ਼ਰ ਹਨ। ਪਲੀਜ਼, ਇਸ ਤਰ੍ਹਾਂ ਦਾ ਸਿਸਟਮ ਬਣਾਇਆ ਜਾਵੇ ਕਿ ਜੇਕਰ ਸਵਾਲ ਪੁੱਛਣੇ ਹੀ ਨਹੀਂ ਹਨ ਤਾਂ ਸਵਾਲ ਦੇਣ ਦਾ ਕੋਈ ਫਾਇਦਾ ਹੀ ਨਹੀਂ ਹੈ। ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਪ੍ਰਸ਼ਨਾਂ ਨੂੰ ਰਿਜੈਕਟ ਕਰਨਾ ਸ਼ੁਰੂ ਕਰੋ। ਸਾਡੇ ਇਕੱਲੇ-ਇਕੱਲੇ ਮੈਂਬਰ ਦੇ ਸਵਾਲ ਹਨ ਪਰ ਸਾਡੇ ਸਵਾਲ ਇਨ੍ਹਾਂ ਦੇ ਚੱਕਰ ਵਿੱਚ ਰਹਿ ਜਾਂਦੇ ਹਨ।

**ਮਾਨਯੋਗ ਸਪੀਕਰ :** ਤੁਸੀਂ ਜ਼ੀਰੋ ਆਵਰ ਤੇ ਗੱਲ ਕਰੋ।

**ਸ਼੍ਰੀ ਅਮਨ ਅਰੋੜਾ :** ਅਸੀਂ 23 ਕਾਲ ਅਟੈਂਸ਼ਨਜ਼ ਲਗਾਈਆਂ ਸਨ ਅਤੇ 250 ਦੇ ਕਰੀਬ ਸਵਾਲ ਸਨ ਪਰੰਤੂ ਹੁਣ ਪਤਾ ਲੱਗਿਆ ਹੈ ਕਿ ਕੱਲ੍ਹ ਸੈਸ਼ਨ ਨਹੀਂ ਹੈ....

**ਮਾਨਯੋਗ ਸਪੀਕਰ :** ਮੈਂ ਜ਼ੀਰੋ ਆਵਰ ਬਾਰੇ ਕਹਿ ਰਿਹਾ ਹਾਂ, ਤੁਸੀਂ ਜ਼ੀਰੋ ਆਵਰ ਤੇ ਕੁਝ ਕਹਿਣਾ ਹੈ?

**ਸ਼੍ਰੀ ਅਮਨ ਅਰੋੜਾ :** ਮੈਂ ਜ਼ੀਰੋ ਆਵਰ ਬਾਰੇ ਹੀ ਕਹਿ ਰਿਹਾ ਹਾਂ। ਰੂਲ 14 ਇਹ ਕਹਿੰਦਾ ਹੈ ਕਿ ਸੈਸ਼ਨ ਦੀਆਂ ਘੱਟੋ-ਘੱਟ 40 ਸਿਟਿੰਗਜ਼ ਹੋਣੀਆਂ ਚਾਹੀਦੀਆਂ ਹਨ

ਜਦ ਕਿ ਆਪਣੀਆਂ ਮਹਿਜ਼ 10-12-15 ਸਿਟਿੰਗਜ਼ ਹੀ ਹੁੰਦੀਆਂ ਹਨ।

**ਮਾਨਯੋਗ ਸਪੀਕਰ :** ਇਹ ਗੱਲ ਅੱਗੇ ਆਵੇਗੀ। ਤੁਸੀਂ ਮਤਿਆਂ ਵੇਲੇ ਆਪਣੀ ਇਹ ਗੱਲ ਕਹਿ ਲੈਣਾ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਸਾਡੇ ਕਈ ਮਤੇ ਆਏ ਹਨ, 23 ਕਾਲ ਅਟੈਂਸ਼ਨਜ਼ ਆਈਆਂ ਸਨ ਜਿਹੜੀਆਂ ਕਿ ਤੁਸੀਂ ਰਿਜੈਕਟ ਕਰ ਦਿੱਤੀਆਂ, 10 ਕਾਲ ਅਟੈਂਸ਼ਨਾਂ ਆਮ ਆਦਮੀ ਪਾਰਟੀ ਦੇ ਮੈਂਬਰਾਂ ਦੀਆਂ ਸਨ। ਤੁਸੀਂ ਇਹ ਕਹਿ ਕੇ ਕਿ ਬਿਜ਼ਨਸ ਨਹੀਂ ਹੈ, ਸੈਸ਼ਨ ਤਿੰਨ ਸਿਟਿੰਗਜ਼ ਤੋਂ ਘਟਾ ਕੇ ਅੱਜ ਇਕ ਦਿਨ ਦਾ ਕਰ ਦਿੱਤਾ ਹੈ।

ਸਪੀਕਰ ਸਾਹਿਬ, ਰੂਲ 66 ਦੇ ਅੰਡਰ ਪੰਜਾਬ ਦੇ ਪਾਣੀਆਂ ਦੇ ਮਾਮਲੇ ਸਬੰਧੀ ਮੇਰੀ ਇੱਕ ਕਾਲ ਅਟੈਨਸ਼ਨ ਵੀ ਸੀ। ਇਹ ਵੀ ਤੁਸੀਂ ਇਹ ਕਹਿ ਕੇ .......

**ਮਾਨਯੋਗ ਸਪੀਕਰ :** ਤੁਸੀਂ ਰੂਲਜ਼ ਨੂੰ ਆਈਸੋਲੇਸ਼ਨ ਵਿੱਚ ਨਾ ਪੜ੍ਹੋ, ਇਸ ਨੂੰ ਮੁਕੰਮਲ ਤੌਰ ਤੇ ਪੜ੍ਹੋ।

**ਸ਼੍ਰੀ ਅਮਨ ਅਰੋੜਾ :** ਸਰ, ਮੁਕੰਮਲ ਤੌਰ ਤੇ ਹੀ ਪੜ੍ਹ ਰਿਹਾ ਹਾਂ ਜੀ। (ਵਿਘਨ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ....

**ਮਾਨਯੋਗ ਸਪੀਕਰ :** ਢੀਂਡਸਾ ਸਾਹਿਬ, ਤੁਸੀਂ ਇਨ੍ਹਾਂ ਤੋਂ ਬਾਅਦ ਵਿੱਚ ਬੋਲ ਲੈਣਾ। ਸੰਧੂ ਸਾਹਿਬ, ਤੁਸੀਂ ਬੋਲੋ। (ਵਿਘਨ)(ਸ਼ੋਰ)

**ਸ਼੍ਰੀ ਅਮਨ ਅਰੋੜਾ:** ** **

**ਮਾਨਯੋਗ ਸਪੀਕਰ:** ਬੈਠੋ ਜੀ। ਢੀਂਡਸਾ ਸਾਹਿਬ, ਸੰਧੂ ਸਾਹਿਬ ਤੁਹਾਡੇ ਤੋਂ ਪਹਿਲਾਂ ਦੇ ਖੜ੍ਹੇ ਹਨ।

**ਸ਼੍ਰੀ ਅਮਨ ਅਰੋੜਾ:** ** **

**ਮਾਨਯੋਗ ਸਪੀਕਰ:** ਜੋ ਕੁਝ ਵੀ ਇਜਾਜ਼ਤ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਇਹ ਲਿਖਿਆ ਨਾ ਜਾਵੇ, ਰਿਕਾਰਡ ਵਿੱਚ ਦਰਜ ਨਾ ਕੀਤਾ ਜਾਵੇ।

**ਸ਼੍ਰੀ ਅਮਨ ਅਰੋੜਾ:** ** **

(ਇਸ ਸਮੇਂ ਸ਼੍ਰੀ ਕੰਵਰ ਸੰਧੂ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਸਰਦਾਰ ਜਗਦੇਵ ਸਿੰਘ ਅਤੇ ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਾਕੀ ਸਾਰੇ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਕੇ ਸ਼੍ਰੀ ਅਮਨ ਅਰੋੜਾ ਨੂੰ ਬੋਲਣ ਲਈ ਹੋਰ ਸਮਾਂ ਨਾ ਦਿੱਤੇ ਜਾਣ ਦੇ ਵਿਰੋਧ

** Not recorded as ordered by the Chair.

ਵਿੱਚ ** ** ਨਾਅਰੇ ਲਗਾਉਣ ਲੱਗ ਪਏ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਇਨ੍ਹਾਂ ਮੈਂਬਰਾਂ ਨੇ ਪੰਜਾਬ ਦੇ ਵੱਖ-ਵੱਖ ਮੁੱਦਿਆਂ ਨਾਲ ਸਬੰਧਿਤ ਸਲੋਗਨ ਲਿਖੇ ਹੋਏ ਬੈਨਰ ਅਤੇ ਪੈਂਫਲਿਟ ਵੀ ਫੜੇ ਹੋਏ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** **** ਨਾਅਰੇ ਰਿਕਾਰਡ ਨਾ ਕੀਤੇ ਜਾਣ। ਇਹ ਬਿਜ਼ਨਸ ਐਡਵਾਈਜ਼ਰੀ ਕਮੇਟੀ ਦਾ ਫੈਸਲਾ ਹੈ। ਇਹ ਹਾਊਸ ਵਿੱਚ ਆਵੇਗਾ। ਹਾਂ ਜੀ, ਢੀਂਡਸਾ ਸਾਹਿਬ। (ਵਿਘਨ ਸ਼ੋਰ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਇੱਥੇ ਆਉਣੀ ਚਾਹੀਦੀ ਹੈ। ਹਾਲੇ ਤੱਕ ਇਹ ਰਿਪੋਰਟ ਸਬਮਿਟ ਨਹੀਂ ਕੀਤੀ ਗਈ। ਇਹ ਰਿਪੋਰਟ ਸਬਮਿਟ ਕਰਵਾ ਦਿਉ ਤਾਂ ਕਿ ਸਾਨੂੰ ਵੀ ਪਤਾ ਚੱਲੇ ਕਿ ਬੀ.ਏ.ਸੀ. ਦੀ ਰਿਪੋਰਟ ਵਿੱਚ ਕੀ-ਕੀ ਫੈਸਲਾ ਹੋਇਆ ਹੈ? (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਇਹ ਰਿਪੋਰਟ ਹਾਊਸ ਵਿੱਚ ਰੱਖਾਂਗੇ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਦੂਸਰਾ ਮਸਲਾ ਹੈ ਕਿ ਅਸੀਂ ਕਿਸਾਨਾਂ ਦੇ ਮੁੱਦਿਆਂ ਤੇ ਐਡਜਰਨਮੈਂਟ ਮੋਸ਼ਨ ਮੂਵ ਕੀਤੀ ਸੀ, ਉਹ ਤੁਸੀਂ ਐਕਸੈਪਟ ਨਹੀਂ ਕੀਤੀ। ਇੱਕ ਪਾਸੇ ਤਾਂ ਸਰਕਾਰ ਕਹਿ ਰਹੀ ਹੈ ਕਿ ਸਾਡੇ ਕੋਲ ਬਿਜ਼ਨਸ ਨਹੀਂ ਹੈ ਪ੍ਰੰਤੂ ਦੂਜੇ ਪਾਸੇ ਤੁਸੀਂ ਸਾਡੀ ਐਡਜਰਨਮੈਂਟ ਮੋਸ਼ਨ ਰਿਜੈਕਟ ਕਰ ਰਹੇ ਹੋ। ਇਹ frivolous ਗਰਾਊਂਡ ਤੇ ਰਿਜੈਕਟ ਕਰ ਰਹੇ ਹੋ। ਰੂਲ 61 ਦੇ ਅੰਡਰ ਸੈਕਸ਼ਨ 1, 2 ਅਤੇ 3 ਦੇ ਤਹਿਤ ਇਸ ਨੂੰ ਰਿਜੈਕਟ ਕਰ ਦਿੱਤਾ ਹੈ ਕਿ ਇੱਕ ਤੋਂ ਵੱਧ ਮੁੱਦਾ ਇਸ ਰੂਲ ਤਹਿਤ ਡਿਸਕਸ ਨਹੀਂ ਕੀਤਾ ਜਾ ਸਕਦਾ। ਇਸ ਦਾ ਮਤਲਬ ਹੈ ਕਿ ਤੁਸੀਂ ਬਹਿਸ ਹੀ ਨਹੀਂ ਕਰਵਾਉਣਾ ਚਾਹੁੰਦੇ। ਅਸੀਂ ਬਿਜ਼ਨਸ ਮੂਵ ਕਰ ਰਹੇ ਹਾਂ ਅਤੇ ਡਿਸਕਸ ਕਰਨਾ ਚਾਹੁੰਦੇ ਹਾਂ। ਸਰਕਾਰ ਕਹਿੰਦੀ ਹੈ ਕਿ ਬਿਜ਼ਨਸ ਨਹੀਂ ਹੈ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਐਡਜਰਨਮੈਂਟ ਮੋਸ਼ਨ ਤੇ ਡਿਸਕਸ਼ਨ ਕਰਵਾ ਲਉ। ਸਪੀਕਰ ਸਾਹਿਬ, ਤੁਸੀਂ ਇਸ ਐਡਜਰਨਮੈਂਟ ਮੋਸ਼ਨ ਨੂੰ ਬਿਲਕੁਲ frivolous ਗਰਾਊਂਡ ਤੇ ਰਿਜੈਕਟ ਕੀਤਾ ਹੈ। ਇਸ ਐਡਜਰਨਮੈਂਟ ਮੋਸ਼ਨ ਤਹਿਤ ਕਿਸਾਨਾਂ ਦਾ ਮੁੱਦਾ ਡਿਸਕਸ ਕਰਨਾ ਚਾਹੁੰਦੇ ਹਾਂ। ਇਹ ਪੰਜਾਬ ਵਿੱਚ ਕਿੰਨਾ ਵੱਡਾ ਭੱਖਦਾ ਮੁੱਦਾ ਹੈ। ਇਸ ਤੇ ਡਿਸਕਸ਼ਨ ਕਰਵਾਉ। ਅੱਜ ਤੱਕ ਜ਼ਿਮੀਂਦਾਰਾਂ ਨੂੰ ਗੰਨੇ ਦਾ ਬਕਾਇਆ ਨਹੀਂ ਮਿਲਿਆ। ਆਲੂ ਵਾਲੇ ਕਿਸਾਨ ਪਰੇਸ਼ਾਨ ਹਨ, ਆਲੂ ਸੜਕਾਂ ਤੇ ਰੁਲ ਰਿਹਾ ਹੈ, ਕਣਕ ਦੀ ਫਸਲ ਹੈ.....

---

** Not recorded as ordered by the Chair.

**ਮਾਨਯੋਗ ਸਪੀਕਰ :** ਬੀ.ਏ.ਸੀ. ਦੀ ਰਿਪੋਰਟ ਆਵੇਗੀ, ਉਸ ਤੇ ਤੁਸੀਂ ਬੋਲ ਲੈਣਾ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਨਹੀਂ ਸਰ। ਮੈਂ ਐਡਜਰਨਮੈਂਟ ਮੋਸ਼ਨ ਤੇ ਸਮਾਂ ਮੰਗਿਆ ਸੀ। ਮੈਂ ਉਸ ਮੁੱਦੇ ਤੇ ਬਹਿਸ ਕਰਵਾਉਣੀ ਚਾਹੁੰਦਾ ਹਾਂ ਜੀ। ਐਡਜਰਨਮੈਂਟ ਮੋਸ਼ਨ ਤੇ ਬਹਿਸ ਅਲਾਉ ਕੀਤੀ ਜਾਵੇ। ਕਿਸਾਨਾਂ ਦੇ ਮੁੱਦਿਆਂ ਤੇ ਬਹਿਸ ਅਲਾਉ ਕੀਤੀ ਜਾਵੇ। ਇਹ ਪੰਜਾਬ ਦੇ ਬਹੁਤ ਹੀ ਅਹਿਮ ਮੁੱਦੇ ਹਨ। (ਵਿਘਨ)(ਸ਼ੋਰ)

(ਇਸ ਸਮੇਂ ਵੀ ਸ਼੍ਰੀ ਕੰਵਰ ਸੰਧੂ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਸਰਦਾਰ ਜਗਦੇਵ ਸਿੰਘ ਅਤੇ ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਾਕੀ ਸਾਰੇ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਇਹ ਮੈਂਬਰ ਪੰਜਾਬ ਦੇ ਵੱਖ-ਵੱਖ ਮੁੱਦਿਆਂ ਨਾਲ ਸਬੰਧਿਤ ਸਲੋਗਨ ਲਿਖੇ ਹੋਏ ਬੈਨਰ ਅਤੇ ਪੈਂਫਲਿਟ ਵੀ ਉਠਾ ਕੇ ਚੇਅਰ ਅਤੇ ਹਾਊਸ ਵੱਲ ਉਪਰ ਉਠਾ ਕੇ ਦਿਖਾ ਰਹੇ ਸਨ ਅਤੇ ਕੁਝ ਕਾਗਜ਼-ਪੱਤਰ ਵੀ ਫਾੜ ਕੇ ਉਪਰ ਵੱਲ ਨੂੰ ਉਛਾਲ ਰਹੇ ਸਨ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਹਾਂ ਜੀ, ਸੰਧੂ ਸਾਹਿਬ, ਸ਼੍ਰੀ ਕੰਵਰ ਸੰਧੂ ਸਾਹਿਬ ਦਾ ਮਾਈਕ ਖੋਲ੍ਹੋ ਜੀ।(ਵਿਘਨ, ਸ਼ੋਰ)

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਹਾਊਸ ਦਾ ਧਿਆਨ ਜਿਹੜੇ ਸ਼ੂਗਰਕੇਨ ਦੀ ਫਸਲ ਦੇ ਬਕਾਏ ਬਾਕੀ ਹਨ, ਉਨ੍ਹਾਂ ਵੱਲ ਦਿਵਾਉਣਾ ਚਾਹੁੰਦਾ ਹਾਂ। ਮੈਂ ਇਹ ਮਸਲਾ ਪਿਛਲੇ ਸੈਸ਼ਨ ਦੇ ਵਿੱਚ ਵੀ ਚੁੱਕਿਆ ਸੀ। ਉਦੋਂ ਵਿੱਤ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਅਸੀਂ ਪਿਛਲੇ ਸਾਲ ਦਾ ਸਾਰਾ ਬਕਾਇਆ ਦੇ ਦਿੱਤਾ ਹੈ। ਕੁੱਲ 15 ਮਿੱਲਾਂ ਹਨ, ਇਨ੍ਹਾਂ ਵਿਚੋਂ 6 ਪ੍ਰਾਈਵੇਟ ਮਿੱਲਾਂ ਹਨ ਅਤੇ 9 ਸਹਿਕਾਰੀ ਮਿੱਲਾਂ ਹਨ। ਐਤਕੀਂ ਹੁਣ ਤਕਰੀਬਨ 450 ਕਰੋੜ ਰੁਪਏ ਬਣਦੇ ਹਨ, ਇਨ੍ਹਾਂ ਮਿੱਲਾਂ ਦਾ ਬਕਾਇਆ ਹਾਲੇ ਵੀ ਬਾਕੀ ਹੈ। 192 ਕਰੋੜ ਰੁਪਏ ਦੇ ਕਰੀਬ 9 ਕੋਆਪਰੇਟਿਵ ਮਿੱਲਾਂ ਦਾ ਬਕਾਇਆ ਵੀ ਬਾਕੀ ਹੈ। ਸਾਡੀ ਮੋਰਿੰਡਾ ਮਿੱਲ ਦਾ 28 ਕਰੋੜ ਰੁਪਿਆ ਬਾਕੀ ਹੈ। ਅਜਨਾਲਾ ਮਿੱਲ ਦਾ 29 ਕਰੋੜ ਰੁਪਿਆ ਬਾਕੀ ਹੈ। ਮੈਂ ਚਾਹਵਾਂਗਾ ਕਿ ਸਾਡੇ ਕੋਆਪਰੇਟਿਵ ਮੰਤਰੀ ਸਾਹਿਬ ਦੱਸਣ ਕਿ ਇਨ੍ਹਾਂ ਮਿੱਲਾਂ ਦਾ ਬਕਾਇਆ ਕਦੋਂ ਤੱਕ ਦੇ ਦਿੱਤਾ ਜਾਵੇਗਾ? 192 ਕਰੋੜ ਕੋਆਪਰੇਸ਼ਨ ਮਿੱਲਾਂ ਅਤੇ ਕਰੀਬ 350 ਕਰੋੜ

** Not recorded as ordered by the Chair.

ਰੁਪਿਆ ਪ੍ਰਾਈਵੇਟ ਮਿੱਲਾਂ ਦਾ ਬਕਾਇਆ ਬਾਕੀ ਹੈ। ਵਿੱਤ ਮੰਤਰੀ ਜੀ ਜਾਂ ਸਹਿਕਾਰਤਾ ਮੰਤਰੀ ਜ਼ਰੂਰ ਹਾਊਸ ਨੂੰ ਦੱਸਣ ਕਿਉਂਕਿ ਇਸ ਨਾਲ ਜਿਹੜੀ ਕਿਸਾਨੀ ਹੈ, ਉਸ ਦੀ ਹਾਲਤ ਸੁਧਰ ਸਕਦੀ ਹੈ ਨਹੀਂ ਤਾਂ ਕਿਸਾਨ ਬਿਲਕੁਲ ਬਰਬਾਦ ਹੋ ਜਾਣਗੇ।

**ਮਾਨਯੋਗ ਸਪੀਕਰ :** ਰੰਧਾਵਾ ਜੀ, ਸ਼ੂਗਰ ਮਿੱਲਾਂ ਦਾ ਬਕਾਇਆ ਕਦੋਂ ਤੱਕ ਦਿਉਗੇ? ਇਹ ਦੱਸ ਦਿੱਤਾ ਜਾਵੇ।

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 15 ਜਨਵਰੀ ਤੱਕ ਅਸੀਂ ਕੋਆਪਰੇਟਿਵ ਸ਼ੂਗਰ ਮਿੱਲਾਂ ਦੇ ਬਕਾਏ ਕਲੀਅਰ ਕਰ ਦਿਆਂਗੇ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਮਾਨਸ਼ਾਹੀਆ ਜੀ। (ਵਿਘਨ) (ਸ਼ੋਰ)

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਪੀਕਰ ਸਾਹਿਬ, ਸਮਾਂ ਦੇਣ ਲਈ ਤੁਹਾਡਾ ਧੰਨਵਾਦ। ਸਪੀਕਰ ਸਾਹਿਬ, ਮਾਨਸਾ ਤੋਂ ਬਠਿੰਡਾ ਰੋਡ ਬਣੀ ਹੈ ਜੋ ਕਿ ਭਵਾਨੀਗੜ੍ਹ ਨੂੰ ਕੁਨੈਕਟ ਕਰਦੀ ਹੈ, ਹੁਣ ਉਥੇ ਟੋਲ ਪਲਾਜ਼ੇ ਲੱਗਣੇ ਸ਼ੁਰੂ ਹੋ ਗਏ ਹਨ। ਇਕ ਭੀਖੀ ਦੇ ਨੇੜੇ ਟੋਲ ਪਲਾਜ਼ਾ ਲੱਗਣਾ ਸ਼ੁਰੂ ਹੋਇਆ ਹੈ ਅਤੇ ਇਕ ਮੌੜ ਟੱਪ ਕੇ ਘੁੰਮਣਕਲਾਂ ਦੇ ਨੇੜੇ ਲੱਗ ਰਿਹਾ ਹੈ, ਇਹ ਟੋਲ ਪਲਾਜ਼ੇ ਲੱਗ ਰਹੇ ਹਨ। ਮੈਂ ਬੀ.ਐਂਡ.ਆਰ. ਦੇ ਐਕਸੀਅਨ ਤੋਂ ਪਤਾ ਕੀਤਾ ਹੈ ਕਿ ਉਨ੍ਹਾਂ ਦੀ ਕੀ ਪਰਪੋਜ਼ਲ ਹੈ ਤਾਂ ਉਸ ਨੇ ਦੱਸਿਆ ਕਿ ਇਕ ਟੋਲ ਪਲਾਜ਼ਾ ਤੇ 55/- ਰੁਪਏ ਇਕ ਪਾਸੇ ਦੇ ਚਾਰਜ ਕੀਤੇ ਜਾਣਗੇ। ਮੈਂ ਕਹਿੰਦਾ ਹਾਂ ਕਿ ਇਹ ਸਰਕਾਰ ਵੱਲੋਂ ਆਮ ਲੋਕਾਂ ਦੀ ਲੁੱਟ ਹੈ ਕਿਉਂਕਿ ਉਹ ਸੜਕ ਸਰਕਾਰੀ ਪੈਸੇ ਨਾਲ ਬਣੀ ਹੈ। ਜੇਕਰ ਲੋਕਾਂ ਨੂੰ 55/- ਰੁਪਏ ਇਕ ਪਾਸੇ ਦਾ ਟੋਲ ਦੇਣਾ ਪਿਆ ਤਾਂ ਇਸ ਨਾਲ ਲੋਕਾਂ ਤੇ ਬਹੁਤ ਬੋਝ ਪਵੇਗਾ। ਸਰਕਾਰ ਲੋਕਾਂ ਤੋਂ ਪਹਿਲਾਂ ਹੀ ਵਹੀਕਲ ਦੀ ਰਜਿਸਟਰੇਸ਼ਨ ਮੌਕੇ ਰੋਡ ਟੈਕਸ ਲੈ ਰਹੀ ਹੈ, ਇਸ ਲਈ ਇਹ ਨਵਾਂ ਟੈਕਸ ਨਹੀਂ ਲੱਗਣਾ ਚਾਹੀਦਾ। ਪੀ.ਡਬਲਿਊ.ਡੀ. (ਬੀ.ਐਂਡ.ਆਰ.) ਵੱਲੋਂ ਇਸ ਬਾਰੇ ਕਦੇ ਵੀ ਲੋਕਲ ਨੁਮਾਇੰਦਿਆਂ ਤੱਕ ਨੂੰ ਵੀ ਸੂਚਿਤ ਨਹੀਂ ਕੀਤਾ ਗਿਆ। ਸੋ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਬੇਨਤੀ ਕਰਦਾ ਹਾਂ ਕਿ ਕ੍ਰਿਪਾ ਕਰਕੇ ਪੀ.ਡਬਲਿਊ.ਡੀ. (ਬੀ.ਐਂਡ.ਆਰ.) ਮੰਤਰੀ ਇਹ ਦੱਸਣ ਕਿ ਟੋਲ ਪਲਾਜ਼ਾ ਕਿਉਂ ਲਗਾਇਆ ਜਾ ਰਿਹਾ ਹੈ ਜਦੋਂ ਕਿ ਇਹ ਸੜਕ ਲੋਕਾਂ ਦੇ ਪੈਸੇ ਨਾਲ ਬਣੀ ਹੈ? ਇਹੀ ਟੋਲ ਟੈਕਸ ਮਾਨਸਾ, ਸਮਰਾਲਾ, ਲੁਧਿਆਣਾ ਰੋਡ ਉਤੇ 25/- ਰੁਪਏ ਹੈ ਪਰ ਇਥੇ 55/- ਰੁਪਏ ਲਿਆ ਜਾਣਾ ਹੈ। ਮੰਤਰੀ ਜੀ, ਇਸ ਬਾਰੇ ਦੱਸਣ ਦੀ ਕ੍ਰਿਪਾਲਤਾ ਕਰਨ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ ਕਿ ਆਹ ਜਿਹੜੀ ਪਾਰਟੀ ਇਥੇ ਖਲੋਤੀ ਹੈ (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਦਿੱਲੀ ਵਿਚ ਤਾਂ ਭਾਵੇਂ ਇਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਕਾਂਗਰਸ ਪਾਰਟੀ ਦੇ ਪ੍ਰਧਾਨ ਨਾਲ ਇਕੱਠੇ ਚਾਹ ਪੀਂਦੇ ਹਨ ਪਰ ਇੱਥੇ ਇਹ ਲੋਕਾਂ ਦੀਆਂ ਅੱਖਾਂ ਵਿਚ ਘੱਟਾ

ਪਾਉਂਦੇ ਹਨ। ਤੁਹਾਡੀ ਕਾਂਗਰਸ ਪਾਰਟੀ ਦੇ ਦੇਸ਼ ਦੇ ਪ੍ਰਧਾਨ ਨੇ ਕਿਸਾਨੀ ਦੇ ਮੁੱਦਿਆਂ ਤੇ ਚੋਣ ਲੜੀ ਹੈ । ਅਸੀਂ ਇਸੇ ਮੁੱਦੇ ਉਤੇ ਐਡਜਰਨਮੈਂਟ ਮੋਸ਼ਨ ਲੈ ਕੇ ਆਏ ਹਾਂ। ਅਸੀਂ ਕਿਸਾਨੀ ਦੇ ਮੁੱਦੇ ਤੇ ਐਡਜਰਨਮੈਂਟ ਮੋਸ਼ਨ ਲੈ ਕੇ ਆਏ ਹਾਂ ਪਰ ਤੁਸੀਂ ਇਸ ਨੂੰ ਡਿਸਅਲਾਓ ਕਰ ਦਿੱਤਾ ਹੈ। ਇਹ ਵੀ ਤੁਹਾਡੀ ਪਾਰਟੀ ਹੈ ਤੇ ਉਹ ਵੀ ਤੁਹਾਡੀ ਹੀ ਪਾਰਟੀ ਹੈ। ਏ ਟੀਮ ਤੇ ਬੀ ਟੀਮ। ** ** ਤੁਸੀਂ ਸਤਿਕਾਰਯੋਗ ਕੁਰਸੀ ਤੇ ਬੈਠੇ ਹੋ। ਸਪੀਕਰ ਸਾਹਿਬ, ਮੈਂ ਆਸ ਕਰਦਾ ਹਾਂ ਕਿ ਤੁਸੀਂ ਸਾਡਾ ਐਡਜਰਨਮੈਂਟ ਮੋਸ਼ਨ ਅਲਾਓ ਕਰੋਗੇ ਤੇ ਸਾਨੂੰ ਕਿਸਾਨੀ ਦੀ ਗੱਲ ਕਰਨ ਦਾ ਮੌਕਾ ਦਿਓਗੇ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਵਡਾਲਾ ਸਾਹਿਬ। ਵਡਾਲਾ ਸਾਹਿਬ ਬੋਲਣਾ ਚਾਹੁੰਦੇ ਹੋ?(ਵਿਘਨ)(ਸ਼ੋਰ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਸਾਡਾ ਐਡਜਰਨਮੈਂਟ ਮੋਸ਼ਨ ਦਿੱਤਾ ਹੋਇਆ ਹੈ..(ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਐਡਜਰਨਮੈਂਟ ਮੋਸ਼ਨ ਦਾ ਜਵਾਬ ਤੁਹਾਨੂੰ ਭੇਜ ਦਿੱਤਾ ਹੈ। (ਵਿਘਨ)(ਸ਼ੋਰ)

ਹਾਂ ਜੀ, ਵਡਾਲਾ ਸਾਹਿਬ। (ਵਿਘਨ)(ਸ਼ੋਰ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਪਿਛਲੇ 2-3 ਸਾਲਾਂ ਤੋਂ ਆਲੂ ਦੀ ਫਸਲ ਰੁਲ ਰਹੀ ਹੈ। ਕਿਸਾਨਾਂ ਨੇ ਕਰਜ਼ਾ ਲੈ ਕੇ ਆਲੂ ਦੀ ਕਾਸ਼ਤ ਕੀਤੀ ਪਰ ਇਸ ਸਮੇਂ ਕਿਤੇ ਆਲੂ 20 ਪੈਸੇ ਕਿੱਲੋ ਵਿਕ ਰਿਹਾ ਹੈ, ਕਿਤੇ ਇਕ ਰੁਪਏ ਕਿੱਲੋ ਅਤੇ ਕਿਤੇ ਦੋ ਰੁਪਏ ਕਿੱਲੋ ਆਲੂ ਵਿਕ ਰਿਹਾ ਹੈ ਇਸ ਬਾਰੇ ਅਸੀਂ ਸਰਕਾਰ ਤੋਂ ਜਵਾਬ ਮੰਗਦੇ ਹਾਂ। ਵਿੱਤ ਮੰਤਰੀ ਸਾਹਿਬ ਨੇ ਪਿਛਲੀ ਵਾਰ ਸਦਨ ਵਿਚ ਕਿਹਾ ਸੀ ਕਿ ਕਿਸਾਨਾਂ ਦੀਆਂ ਫਸਲਾਂ ਦਾ ਪ੍ਰਾਈਸਿੰਗ ਸਿਸਟਮ ਬਿਹਤਰ ਕਰਾਂਗੇ। ਉਹ ਸਿਸਟਮ ਕਿੱਥੇ ਹੈ? ਟਮਾਟਰ ਰੁਲ ਗਿਆ, ਸਬਜ਼ੀਆਂ ਰੁਲ ਗਈਆਂ। ਸਰਕਾਰ ਕਿਸਾਨਾਂ ਨੂੰ ਸਹੀ ਮੁੱਲ ਕਿਉਂ ਨਹੀਂ ਦਿਵਾਉਂਦੀ ? ਇਸ ਤੇ ਬਹਿਸ ਕਰਵਾਉ। ਗੰਨੇ ਦੇ ਪੈਸੇ ਨਹੀਂ ਆਏ। ਆਲੂ ਦੀ ਫਸਲ ਰੁਲ ਰਹੀ ਹੈ। ਇਸ ਤੇ ਬਹਿਸ ਕਰਾਓ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਵਡਾਲਾ ਜੀ, ਇਸ ਸਬੰਧੀ ਤੁਹਾਡੀ ਕਾਲ ਅਟੈਂਸ਼ਨ ਆ ਰਹੀ ਹੈ, ਤੁਸੀਂ ਉਸ ਤੇ ਬੋਲ ਲੈਣਾ... (ਵਿਘਨ...ਸ਼ੋਰ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਤੁਸੀਂ ਸਾਡੀ ਐਡਜਰਨਮੈਂਟ ਮੋਸ਼ਨ ਅਲਾਓ ਕਰੋ। ਇਹ ਸਾਰੇ ਕਿਸਾਨਾਂ ਨਾਲ ਸਬੰਧਿਤ ਹੈ, ਇਹ ਕਿਸਾਨ ਖੁਦਕੁਸ਼ੀਆਂ ਦਾ ਮਾਮਲਾ ਹੈ।

---

** Expunged as ordered by the Hon'ble Speaker.

**ਮਾਨਯੋਗ ਸਪੀਕਰ :** ਬੈਠੋ ਜੀ, ਹਾਂ ਜੀ, ਚੰਦੂਮਾਜਰਾ ਜੀ। (ਵਿਘਨ...ਸ਼ੋਰ)

## WALK-OUT

(ਇਸ ਸਮੇਂ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਸ਼੍ਰੀ ਕੰਵਰ ਸੰਧੂ, ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ ਅਤੇ ਸਰਦਾਰ ਜਗਦੇਵ ਸਿੰਘ, ਮੈਂਬਰਜ਼ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਲੋਕ ਹਿੱਤਾਂ ਦੇ ਵੱਖ ਵੱਖ ਮੁੱਦਿਆਂ ਤੇ ਬੋਲਣ ਲਈ ਢੁੱਕਵਾਂ ਸਮਾਂ ਨਾ ਦੇਣ ਦੇ ਰੋਸ ਵੱਜੋਂ ** ** ਨਾਅਰੇ ਲਗਾਉਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

-----

## MATTERS RAISED DURING ZERO HOUR AND STATEMENTS MADE BY THE MINISTER THEREON

***(Resumption)***

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਪੰਜਾਬ ਲਈ ਇੱਕ ਅਨਾਊਂਸਮੈਂਟ ਕੀਤੀ ਸੀ ਕਿ ਕਰਜ਼ਾ ਕੁਰਕੀ ਖਤਮ, ਫਸਲ ਦੀ ਪੂਰੀ ਰਕਮ। ਇਹ ਮੇਰੇ ਹੱਥ ਵਿੱਚ ਕੁਰਕੀ ਦੇ ਆਰਡਰ ਹਨ। ਮੈਂ ਇਸ ਪਾਸੇ ਮਾਨਯੋਗ ਸਹਿਕਾਰਤਾ ਮੰਤਰੀ ਸਾਹਿਬ ਦਾ ਧਿਆਨ ਲਿਆਉਣਾ ਚਾਹੁੰਦਾ ਹਾਂ। ਮੇਰਾ ਸਵਾਲ ਵੀ ਸੀ ਪਰ ਐਸੇ ਸਵਾਲਾਂ ਨੂੰ Starred Question ਦੇ ਵਿੱਚ ਪਾਇਆ ਹੀ ਨਹੀਂ ਜਾਂਦਾ ਹੈ। ਮੇਰੇ ਕੋਲ ਕੁਰਕੀ ਦਾ ਇੱਕ ਆਰਡਰ ਨਹੀਂ ਹੈ ਬਲਕਿ ਕਿੰਨੇ ਹੀ ਕੁਰਕੀ ਦੇ ਆਰਡਰ ਹਨ, ਮੇਰੇ ਕੋਲ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਆਪਣੇ ਜ਼ਿਲ੍ਹੇ ਦੇ ਕੁਰਕੀ ਦੇ ਆਰਡਰ ਹਨ। ਦੂਜੀ ਗੱਲ, ਧਾਰਾ 63-ਸੀ ਖਤਮ ਕਰਨ ਦੀ ਗੱਲ ਕੀਤੀ ਗਈ ਸੀ ਪਰ 63-ਸੀ ਦੇ ਅਧੀਨ ਹੀ ਕਿਸਾਨਾਂ ਨੂੰ ਵਾਰੰਟ ਇਸ਼ੂ ਕੀਤੇ ਜਾ ਰਹੇ ਹਨ। ਸਹਿਕਾਰਤਾ ਅਦਾਰੇ ਦੀ ਜਿਹੜੀ ਧਾਰਾ 63-ਸੀ ਤੀਹ ਸਾਲਾਂ ਦੇ ਵਿੱਚ ਲੱਗੀ ਹੀ ਨਹੀਂ ਸੀ ਉਸ ਦੇ ਅਧੀਨ ਹੀ ਪੰਜਾਬ ਦੇ ਕਿਸਾਨਾਂ ਨੂੰ 40-40 ਦਿਨਾਂ ਲਈ ਜੇਲ੍ਹਾਂ ਵਿੱਚ ਧੱਕਿਆ ਜਾ ਰਿਹਾ ਹੈ। ਕਿਉਂ? ਕਿਉਂਕਿ ਉਨ੍ਹਾਂ ਨੇ ਕਰਜ਼ਾ ਨਹੀਂ ਭਰਿਆ। ਕਰਜ਼ਾ ਕਿਸ ਕਰਕੇ ਨਹੀਂ ਭਰਿਆ, ਇਨ੍ਹਾਂ ਦੇ ਵਾਅਦੇ ਦੇ ਭਰੋਸੇ ਕਾਰਨ ਨਹੀਂ ਭਰਿਆ। ਅੱਜ ਉਸ ਨੂੰ ਧਾਰਾ 63-ਸੀ ਦੇ ਅਧੀਨ ਜੇਲ੍ਹਾਂ ਵਿੱਚ ਧੱਕਿਆ ਜਾ ਰਿਹਾ ਹੈ ਲੇਕਿਨ ਇਹ ਕਹਿੰਦੇ ਹਨ ਕਿ ਅਸੀਂ ਧਾਰਾ 63-ਸੀ ਖਤਮ ਕਰ ਦਿੱਤੀ ਹੈ। ਸਰ, ਦੂਸਰੀ ਗੱਲ ਧਾਰਾ 63-ਸੀ ਦੇ ਅਧੀਨ ਇੱਕ ਤਾਂ ਜ਼ਮੀਨ ਪਲੈੱਜ ਹੁੰਦੀ ਹੈ ਅਤੇ ਕੋਆਪਰੇਟਿਵ ਅਦਾਰੇ ਦੀ ਇੱਕ ਧਾਰਾ 63-ਏ ਹੈ ਉਸ ਅਧੀਨ ਉਸ ਦੀ ਜ਼ਮੀਨ

---

** Not recorded as ordered by the Chair.

ਵੀ ਨਾਲ ਅਟੈਚ ਕਰ ਲਈ ਜਾਂਦੀ ਹੈ। ਹੁਣ ਦੱਸੋ ਕਿ ਕਿਸਾਨ ਖੁਦਕੁਸ਼ੀਆਂ ਨਹੀਂ ਕਰੇਗਾ ਤਾਂ ਫਿਰ ਹੋਰ ਕੀ ਕਰੇਗਾ? ਮੇਰੀ ਸਹਿਕਾਰਤਾ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਹ ਇਸ ਗੱਲ ਦਾ ਜਵਾਬ ਦੇਣ।

**ਮਾਨਯੋਗ ਸਪੀਕਰ :** ਜ਼ੀਰੋ ਆਵਰ ਵਿੱਚ ਜਵਾਬ ਦੇਣਾ ਜ਼ਰੂਰੀ ਨਹੀਂ ਹੁੰਦਾ। ਮਜੀਠੀਆ ਸਾਹਿਬ, ਤੁਹਾਡੀ ਅੱਗੇ ਕਾਲ ਅਟੈਂਸ਼ਨ ਆ ਰਹੀ ਹੈ। (ਵਿਘਨ)(ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਜਿਹੜੀ ਚੰਦੂਮਾਜਰਾ ਸਾਹਿਬ ਗੱਲ ਕਰ ਰਹੇ ਹਨ, ਉਹ ਜੋ ਫੈਸਲਾ ਕੈਪਟਨ ਸਾਹਿਬ ਨੇ ਲਿਆ, ਮੁੱਖ ਮੰਤਰੀ ਜੀ ਨੇ ਲਿਆ, ਉਸ ਦੀ ਉਲੰਘਣਾ ਹੋ ਰਹੀ ਹੈ। ਧਾਰਾ 63-ਸੀ ਦੇ ਤਹਿਤ ਜਿਹੜੀ ਕੁਰਕੀ ਕਦੇ ਹੁੰਦੀ ਨਹੀਂ ਸੀ, ਇਨ੍ਹਾਂ ਦੀ ਸਰਕਾਰ ਵਿੱਚ ਕੁਰਕੀ ਸ਼ੁਰੂ ਹੋ ਗਈ ਹੈ। ਇਹ ਕੌਣ ਕਰ ਰਿਹਾ ਹੈ? ਕਿਵੇਂ ਕਰ ਰਿਹਾ ਹੈ? ਉਹ ਤਾਂ ਚੰਦੂਮਾਜਰਾ ਸਾਹਿਬ ਕਹਿ ਰਹੇ ਹਨ ਕਿ ਜੇ ਕੋਈ ਗਲਤੀ ਕਰ ਰਿਹਾ ਹੈ ਤਾਂ ਉਸ ਤੇ ਕਾਰਵਾਈ ਕਰੋ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਕੁਐਸਚਨ ਤਾਂ ਲੱਗਾ ਨਹੀਂ ਹੈ ਪਰ ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸ ਦੇਣਾ ਚਾਹੁੰਦਾ ਹਾਂ। ਚੰਦੂਮਾਜਰਾ ਸਾਹਿਬ, ਤੁਹਾਡਾ ਕੁਐਸਚਨ ਤਾਂ ਲੱਗਾ ਨਹੀਂ ਹੈ ਪਰ ਮੈਂ ਤੁਹਾਨੂੰ ਜਵਾਬ ਜ਼ਰੂਰ ਬਣਾ ਕੇ ਭੇਜ ਦਿਆਂਗਾ। ਸਾਲ 2016 ਵਿੱਚ ਤੁਹਾਡੇ ਟਾਈਮ ਤੇ ਕੁਰਕੀ ਸਟਾਰਟ ਹੋਈ ਹੈ। ਇਥੇ ਜੋ ਮੈਂ ਬੋਲ ਰਿਹਾ ਹਾਂ ਉਹ ਗਲਤ ਨਹੀਂ ਬੋਲ ਰਿਹਾ ਹਾਂ। ਤੁਹਾਡੇ ਕੋਲ ਜਵਾਬ ਜ਼ਰੂਰ ਪਹੁੰਚੇਗਾ। (ਵਿਘਨ) ਸਪੀਕਰ ਸਾਹਿਬ, ਪਹਿਲਾਂ ਲੈਂਡ ਜਿਹੜੀ ਹੈ ਉਹ ਮਾਰਟਗੇਜ਼ ਕਰਨੀ ਹੁੰਦੀ ਹੈ, ਉਸ ਤੋਂ ਬਾਅਦ ਲੋਨ ਹੁੰਦਾ ਹੈ । ਇਸ ਦੇ ਵਿੱਚ ਅਮੈਂਡਮੈਂਟ ਕਰਨ ਦੀ ਲੋੜ ਹੈ ਕਿ ਇਹ ਜਿਹੜੀਆਂ ਚੀਜ਼ਾਂ ਹਨ ਉਨ੍ਹਾਂ ਨੂੰ ਅਸੀਂ ਵਿਚਾਰਾਂਗੇ। ਵਾਕਿਆ ਹੀ ਇਹ ਬੜਾ ਸੀਰੀਅਸ ਮਾਮਲਾ ਹੈ, ਇਸ ਦੇ ਵਿੱਚ ਅਮੈਂਡਮੈਂਟ ਲਿਆਉਣੀ ਪੈਣੀ ਹੈ, ਇਸ ਨੂੰ ਚੇਂਜ ਕਰਨ ਦੀ ਲੋੜ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਸਰਕਾਰ ਮੰਨ ਗਈ ਹੈ ਕਿ ਕੁਰਕੀ ਹੋ ਰਹੀ ਹੈ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਜਿਹੜੀ ਇਹ ਗੱਲ ਕਰ ਰਹੇ ਹਨ, ਜਿਹੜਾ ਅਗਲਾ ਸੈਸ਼ਨ ਆਵੇਗਾ, ਉਸ ਵਿੱਚ ਕੁਰਕੀਆਂ ਦੀ ਵੀ ਪੂਰੀ ਦੀ ਪੂਰੀ ਰਿਪੋਰਟ ਪੇਸ਼ ਕਰ ਦਿਆਂਗੇ ਕਿ ਕਿਸ ਦੇ ਟਾਈਮ ਵਿੱਚ ਕੁਰਕੀ ਹੋਈ ਅਤੇ ਕਿਸ ਦੇ ਟਾਈਮ ਵਿੱਚ ਨਹੀਂ ਹੋਈ। ਚੰਦੂਮਾਜਰਾ ਸਾਹਿਬ, ਇਸ ਵਿੱਚ ਜਿਹੜੀ ਗੱਲ ਕਰਨ ਵਾਲੀ ਹੈ, ਇਸ ਲੈਂਡ ਮਾਰਟਗੇਜ ਦਾ ਜਿਹੜਾ ਐਕਟ ਹੈ, ਇਸ ਨੂੰ ਅਮੈਂਡ ਕਰਨ ਦੀ

ਲੋੜ ਹੈ। (ਵਿਘਨ) (ਸ਼ੋਰ) ਕੋਈ ਕੁਰਕੀ ਹੋਈ ਹੀ ਨਹੀਂ। ਅਜੇ ਤੱਕ ਦੱਸੋ ਕਿ ਕਿਹੜੀ ਕੁਰਕੀ ਹੋਈ ਹੈ? ਸਪੀਕਰ ਸਾਹਿਬ, ਅੱਜ ਤੱਕ ਇੱਕ ਕੁਰਕੀ ਨਹੀਂ ਹੋਈ। (ਵਿਘਨ) (ਸ਼ੋਰ) ਕੋਈ ਕੁਰਕੀ ਨਹੀਂ ਹੋਈ। (ਵਿਘਨ)(ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਅੱਜ ਮੰਤਰੀ ਕਹਿ ਰਿਹਾ ਹੈ ਕਿ ਕੁਰਕੀ ਹੋ ਰਹੀ ਹੈ। ਇਹ ਸੀ.ਐਮ. ਸਾਹਿਬ ਦੇ ਆਰਡਰ ਦੀ ਉਲੰਘਣਾ ਹੀ ਹੈ। (ਸ਼ੋਰ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਕਿਸਾਨਾਂ ਦੀ ਗੱਲ ਹੋ ਰਹੀ ਹੈ। ਸਰਕਾਰ ਮੰਨ ਗਈ ਹੈ। ਅਸੀਂ ਕਹਿੰਦੇ ਹਾਂ ਕਿ ਕਿਸਾਨਾਂ ਦੇ ਮੁੱਦਿਆਂ ਤੇ ਬਹਿਸ ਕਰੋ, ਐਡਜਰਨਮੈਂਟ ਮੋਸ਼ਨ ਅਲਾਉ ਕਰੋ। ਸਰਕਾਰ ਕੋਲ ਕੰਮ ਤਾਂ ਕੋਈ ਹੈ ਨਹੀਂ ਹੈ। (ਵਿਘਨ) (ਸ਼ੋਰ) ਤੁਸੀਂ ਐਡਜਰਨਮੈਂਟ ਮੋਸ਼ਨ ਅਲਾਉ ਕਰੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਕਿਸਾਨਾਂ ਦੀ ਜ਼ਮੀਨ ਦੀ ਕੁਰਕੀ ਅਤੇ ਐਡਜਰਨਮੈਂਟ ਮੋਸ਼ਨ ਅਲਾਉ ਨਾ ਕਰਨ ਦੇ ਵਿਰੋਧ ਵਿੱਚ ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ :** ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਬੋਲਣਾ ਹੈ। ਹਾਂ ਜੀ, ਸ਼੍ਰੀ ਸੋਮ ਪ੍ਰਕਾਸ਼ ਜੀ। (ਵਿਘਨ) (ਸ਼ੋਰ)

**ਸ਼੍ਰੀ ਸੋਮ ਪ੍ਰਕਾਸ਼ :** ਸਪੀਕਰ ਸਾਹਿਬ, ਮੈਂ ਇੱਕ ਬਹੁਤ ਅਹਿਮ ਮਸਲਾ ਉਠਾਉਣਾ ਹੈ। ਫਗਵਾੜਾ ਸ਼ੂਗਰ ਮਿੱਲ, ਜਿਹੜੀ ਇੱਕ ਪ੍ਰਾਈਵੇਟ ਸ਼ੂਗਰ ਮਿੱਲ ਹੈ, ਉਸ ਨੇ 50 ਕਰੋੜ ਰੁਪਿਆ ਕਿਸਾਨਾਂ ਦਾ ਦੇਣਾ ਹੈ ਜਿਹੜਾ ਕਿ 3500 ਜ਼ਿਮੀਂਦਾਰਾਂ ਦੇ ਪਰਿਵਾਰਾਂ ਨਾਲ ਸਬੰਧਿਤ ਹੈ। ਉਹ ਮਿੱਲ ਦੁਬਾਰਾ ਸ਼ੁਰੂ ਹੋ ਗਈ ਹੈ ਲੇਕਿਨ ਇਹ ਰਾਸ਼ੀ ਕਿਸਾਨਾਂ ਨੂੰ ਦੇਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਸੋਮ ਪ੍ਰਕਾਸ਼ ਜੀ ਬੋਲ ਰਹੇ ਹਨ, ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਜ਼ ਨੂੰ ਸੰਬੋਧਨ ਕਰਦੇ ਹੋਏ ਤੁਸੀਂ ਜ਼ਰਾ ਸੁਣ ਲਉ।

**ਸ਼੍ਰੀ ਸੋਮ ਪ੍ਰਕਾਸ਼ :** ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਕਿਸਾਨਾਂ ਦੇ ਗੰਨੇ ਦੀ ਪੇਮੈਂਟ ਕਰਵਾਏ। ਇੱਕ ਸਾਲ ਹੋ ਗਿਆ ਹੈ, ਕਿਸਾਨਾਂ ਨੇ ਕਰਜ਼ਾ ਲੈ ਕੇ ਖੇਤੀਬਾੜੀ ਕੀਤੀ ਹੈ, ਗੰਨਾ ਪੈਦਾ ਕੀਤਾ ਹੈ. (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸ਼੍ਰੀ ਸੋਮ ਪ੍ਰਕਾਸ਼ :** ਲੇਕਿਨ ਸਰਕਾਰ ਨੇ ਹਾਲੇ ਤੱਕ ਕੋਈ ਪ੍ਰਬੰਧ ਨਹੀਂ ਕੀਤਾ। ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਕਿਸਾਨ ਜਿਹੜਾ ਕਰਜ਼ੇ ਥੱਲੇ ਦੱਬਿਆ ਹੋਇਆ ਹੈ, ਆਤਮ ਹੱਤਿਆ ਕਰ ਰਿਹਾ ਹੈ, ਉਸ ਦੀ ਪੇਮੈਂਟ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾ ਰਿਹਾ,

---

** Not recorded as ordered by the Chair.

ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਕਿਸਾਨਾਂ ਦੀ ਪੇਮੈਂਟ ਕੀਤੀ ਜਾਵੇ ਤਾਂ ਕਿ ਕਿਸਾਨ ਖੁਦਕੁਸ਼ੀਆਂ ਦੇ ਰਸਤੇ ਤੇ ਨਾ ਜਾਣ। (ਵਿਘਨ) (ਸ਼ੋਰ)

ਸਪੀਕਰ ਸਾਹਿਬ, ਮੈਂ ਦੂਸਰਾ ਮਸਲਾ ਹੋਰ ਉਠਾਉਣਾ ਚਾਹੁੰਦਾ ਹਾਂ ਕਿ ਪੋਸਟ ਮੈਟਰਿਕ ਸਕਾਲਰਸ਼ਿਪ ਦੇ ਅਧੀਨ ਹਾਲੇ ਤੱਕ ਬੱਚਿਆਂ ਨੂੰ ਸਕਾਲਰਸ਼ਿਪ ਨਹੀਂ ਮਿਲ ਰਹੀ, ਜਿਸ ਕਰਕੇ ਹਜ਼ਾਰਾਂ ਸਟੂਡੈਂਟਸ ਜਿਹੜੇ ਐਸ.ਸੀ. ਵਰਗ ਨਾਲ ਸਬੰਧਿਤ ਹਨ ਉਹ ਦਾਖਲਾ ਨਹੀਂ ਲੈ ਸਕੇ.. (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।(ਵਿਘਨ) (ਸ਼ੋਰ)

**ਸ਼੍ਰੀ ਸੋਮ ਪ੍ਰਕਾਸ਼ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪੈਸੇ ਸੈਂਟਰ ਗੌਰਮਿੰਟ ਤੋਂ ਪੰਜਾਬ ਸਰਕਾਰ ਕੋਲ ਆਏ ਹਨ, ਉਹ ਪੈਸੇ ਰਿਲੀਜ਼ ਨਹੀਂ ਕੀਤੇ ਗਏ, ਬਹਾਨਾ ਇਹ ਬਣਾਇਆ ਜਾਂਦਾ ਹੈ ਕਿ ਅਸੀਂ ਆਡਿਟ ਕਰ ਰਹੇ ਹਾਂ। ਆਡਿਟ ਦੇ ਬਹਾਨੇ ਹਜ਼ਾਰਾਂ ਕਰੋੜ ਰੁਪਿਆ ਇਨ੍ਹਾਂ ਨੇ ਆਪਣੇ ਕੋਲ ਰੱਖਿਆ ਹੋਇਆ ਹੈ। (ਵਿਘਨ) (ਸ਼ੋਰ) ਜਿਹੜੇ ਜਿਹੜੇ ਪ੍ਰਾਈਵੇਟ ਅਦਾਰੇ ਇਨ੍ਹਾਂ ਨੂੰ ਆ ਕੇ ਅਪਰੋਚ ਕਰਦੇ ਹਨ, ਸਿਰਫ ਉਨ੍ਹਾਂ ਨੂੰ ਹੀ ਇਹ ਪੈਸਾ ਰਿਲੀਜ਼ ਕਰਦੇ ਹਨ। ਇਸ ਮਹਿਕਮੇ ਵਿੱਚ ਬਹੁਤ ਵੱਡੀ ਕੁਰੱਪਸ਼ਨ ਸ਼ੁਰੂ ਹੋਈ ਹੈ।ਜਿਸ ਅਦਾਰੇ ਨੇ ਆਪਣੇ ਪੈਸੇ ਰਿਲੀਜ਼ ਕਰਵਾਉਣੇ ਹਨ, ਇਨ੍ਹਾਂ ਨੂੰ ਆ ਕੇ ਮਿਲਣ, ਪੈਸੇ ਦੇਣ, ਫਿਰ ਜਾ ਕੇ ਇਹ ਪੈਸੇ ਰਿਲੀਜ਼ ਕਰਦੇ ਹਨ। (ਵਿਘਨ) (ਸ਼ੋਰ) ਇਹ ਪਹਿਲੀ ਵਾਰ ਹੋਇਆ ਹੈ ਕਿ ਇਸ ਮਹਿਕਮੇ ਵਿੱਚ ਇੰਨੇ ਵੱਡੇ ਪੱਧਰ ਤੇ ਕੁਰੱਪਸ਼ਨ ਸ਼ੁਰੂ ਹੋਈ-ਹੋਈ ਹੈ। ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਜਿਹੜੇ ਸੈਂਟਰ ਗੌਰਮਿੰਟ ਨੇ ਪੈਸੇ ਭੇਜੇ ਹਨ, ਉਹ ਯੂਨੀਵਰਸਿਟੀਆਂ ਜਾਂ ਕਾਲਜਾਂ ਨੂੰ ਦੇਣ। ਇਸ ਨਾਲ ਡਬਲ ਨੁਕਸਾਨ ਹੋ ਰਿਹਾ ਹੈ, ਇੱਕ ਤਾਂ ਸਰਕਾਰ ਦੀ ਸਾਖ ਖਰਾਬ ਹੋ ਰਹੀ ਹੈ ਅਤੇ ਦੂਸਰਾ ਜਿਹੜੇ ਬੱਚੇ ਦਾਖਲਾ ਲੈਣ ਤੋਂ ਰਹਿ ਗਏ ਹਨ. (ਵਿਘਨ) (ਸ਼ੋਰ)

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼ ਅਤੇ ਸ਼੍ਰੀ ਅਰੁਣ ਨਾਰੰਗ ਵੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ ।)

**ਮਾਨਯੋਗ ਸਪੀਕਰ :** ਤੁਸੀਂ ਬੈਠੋ, ਬੈਠੋ। (ਵਿਘਨ) (ਸ਼ੋਰ) ਹਾਂ ਜੀ, ਸਰਦਾਰ ਫਤਿਹਜੰਗ ਸਿੰਘ ਬਾਜਵਾ ਜੀ।

**ਸਰਦਾਰ ਫਤਿਹਜੰਗ ਸਿੰਘ ਬਾਜਵਾ :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਮੈਂ ਆਪ ਜੀ ਦੇ ਰਾਹੀਂ ਰੂਰਲ ਡਿਵੈਲਪਮੈਂਟ ਮੰਤਰੀ ਜੀ ਨੂੰ ਇੱਕ ਬੇਨਤੀ ਕਰਾਂਗਾ ਕਿ ਮੇਰੇ ਹਲਕੇ ਵਿੱਚ ਇੱਕ ਪਿੰਡ ਨਾਥਪੁਰ ਆਉਂਦਾ ਹੈ। ਉੱਥੇ ਮਨਰੇਗਾ ਤਹਿਤ, ਡੀ.ਸੀ. ਸਾਹਿਬ ਦੀ ਮਨਜ਼ੂਰੀ ਦੇ ਨਾਲ ਇੱਕ ਗਲੀ ਦਾ ਕੰਮ ਚਾਲੂ ਕੀਤਾ

[ ਸਰਦਾਰ ਫਤਿਹਜੰਗ ਸਿੰਘ ਬਾਜਵਾ ]

ਜਾਂਦਾ ਹੈ, ਮਨਰੇਗਾ ਤਹਿਤ ਮਜ਼ਦੂਰਾਂ ਦੇ ਖਾਤਿਆਂ ਵਿੱਚ ਪੈਸੇ ਪੈ ਜਾਂਦੇ ਹਨ। (ਵਿਘਨ) (ਸ਼ੋਰ) ਉਥੇ ਮੈਟੀਰੀਅਲ ਆਉਣਾ ਸ਼ੁਰੂ ਹੋ ਜਾਂਦਾ ਹੈ ਲੇਕਿਨ ਉਸੇ ਹੀ ਦਿਨ ਦੁਬਾਰਾ ਉਸੇ ਗਲੀ ਦਾ ਇੱਕ ਨਵਾਂ ਕੰਮ ਬੀ.ਡੀ.ਓ. ਰਾਹੀਂ ਸ਼ੁਰੂ ਕੀਤਾ ਜਾਂਦਾ ਹੈ। ਇੱਥੇ ਉਨ੍ਹਾਂ ਨੇ ਉਲੰਘਣਾ ਕੀਤੀ। ਜਿਹੜਾ ਪਹਿਲੀ ਗਲੀ ਵਾਲਿਆਂ ਦਾ ਮੈਟੀਰੀਅਲ ਸੀ, ਉਹ without geo tagging ਦੂਜੇ ਪਾਸੇ ਵਰਤਣਾ ਸ਼ੁਰੂ ਕਰ ਦਿੱਤਾ। ਜਦੋਂ ਵੀ ਮਨਰੇਗਾ ਦਾ ਕੰਮ ਹੁੰਦਾ ਹੈ ਤਾਂ ਜੀਓ ਟੈਗਿੰਗ ਪਰਮਿਸ਼ਨ ਹੁੰਦੀ ਹੈ। ਬਿਨਾਂ ਜੀਓ ਟੈਗਿੰਗ ਦੀ ਪਰਮਿਸ਼ਨ ਦੇ ਬੀ.ਡੀ.ਓ. ਨੇ ਉਸ ਗਲੀ ਦੀ ਸ਼ੁਰੂਆਤ ਕਰਵਾਈ, ਉਲੰਘਣਾ ਕੀਤੀ......

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਨਾਅਰੇ ** ** ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਫਤਿਹਜੰਗ ਸਿੰਘ ਬਾਜਵਾ :** ਜਿਹੜਾ-ਜਿਹੜਾ ਮੈਟੀਰੀਅਲ ਹੈ ਉਹ ਮੈਟੀਰੀਅਲ without geo tagging ਉੱਥੇ ਆਉਣਾ ਸ਼ੁਰੂ ਹੋ ਗਿਆ। ਜਦੋਂ ਕਦੇ ਮਨਰੇਗਾ ਦਾ ਕੰਮ ਹੁੰਦਾ ਹੈ ਤਾਂ ਜੀਓ ਟੈਗਿੰਗ ਦੀ ਪਰਮਿਸ਼ਨ ਹੁੰਦੀ ਹੈ। ਬਿਨਾਂ ਜੀਓ ਟੈਗਿੰਗ ਦੇ ਬੀ.ਡੀ.ਓ. ਸਾਹਿਬ ਨੇ ਉਸ ਜਗ੍ਹਾ ਤੇ ਗਲੀ ਦੀ ਸ਼ੁਰੂਆਤ ਕਰਵਾਈ, ਉਲੰਘਣਾ ਕੀਤੀ । ਦੂਜੀ ਪਾਰਟੀ ਦੇ ਬੰਦਿਆਂ ਦੇ ਕਹਿਣ ਉਤੇ ਇਹ ਸਾਰਾ ਕੁਝ ਹੋਇਆ ਹੈ। ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹਾਂਗਾ ਕਿ ਕੀ ਉਹ ਬੀ.ਡੀ.ਓ. ਸਾਹਿਬ ਦੀ ਇਸ ਚੀਜ਼ ਦੀ ਇਨਕੁਆਇਰੀ ਕਰਨਗੇ ਅਤੇ ਕੀ ਬੀ.ਡੀ.ਓ. ਸਾਹਿਬ ਨੂੰ ਇਸ ਚੀਜ਼ ਦੀ ਸਜ਼ਾ ਦਿੱਤੀ ਜਾਵੇਗੀ? ਇਹ ਮੇਰੀ ਰਿਕੁਐਸਟ ਹੈ। ਉੱਥੇ ਬਹੁਤ ਜ਼ਿਆਦਾ ਧਾਂਦਲੀਆਂ ਹੋ ਰਹੀਆਂ ਹਨ।

-----

## CALL ATTENTION NOTICES UNDER RULE 66

**ਮਾਨਯੋਗ ਸਪੀਕਰ :** ਅੱਗੇ ਕਾਲ ਅਟੈਨਸ਼ਨ ਨੋਟਿਸ। ਸਰਦਾਰ ਲਖਬੀਰ ਸਿੰਘ ਲੋਧੀਨੰਗਲ ਜੀ, ਤੁਹਾਡੀਆਂ ਕਾਲ ਅਟੈਨਸ਼ਨ ਲੱਗੀਆਂ ਹਨ। ਲੋਧੀਨੰਗਲ ਸਾਹਿਬ, ਪਲੀਜ਼, ਤੁਹਾਡੀਆਂ ਕਾਲ ਅਟੈਨਸ਼ਨਜ਼ ਲੱਗੀਆਂ ਹਨ। ਲੋਧੀਨੰਗਲ ਸਾਹਿਬ, ਪਲੀਜ਼ ਆਪਣੀ ਕਾਲ ਅਟੈਨਸ਼ਨ ਪੜ੍ਹੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਵੈੱਲ ਆਫ ਦਿ ਹਾਊਸ ਵਿਚੋਂ ਆਪਣੀਆਂ-ਆਪਣੀਆਂ ਸੀਟਾਂ ਤੇ ਵਾਪਸ ਆ ਗਏ।)

---

** Not recorded as ordered by the Chair.

**(ਕ੍ਰਮ ਨੰ: 2)**

**1. ਸਰਦਾਰ ਲਖਬੀਰ ਸਿੰਘ ਲੋਧੀਨੰਗਲ**
**2. ਸਰਦਾਰ ਬਿਕਰਮ ਸਿੰਘ ਮਜੀਠੀਆ** **:** ਸ਼੍ਰੀਮਾਨ ਜੀ, ਮੈਂ ਹਾਊਸ ਦਾ ਧਿਆਨ ਇਹ ਲੋਕ ਹਿੱਤਾਂ ਦੇ ਵਾਸਤੇ ਜੋ ਧਿਆਨ ਦਿਵਾਊ ਮਤਾ ਲਿਆਂਦਾ ਹੈ ਉਸ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੇ ਜ਼ਿਲ੍ਹੇ ਵਿੱਚ ਪਿੰਡ ਕੀੜੀ ਅਫਗਾਨਾ ਵਿੱਚ ਇੱਕ ਡਿਸਟਿਲਰੀ ਹੈ ਜਿਸ ਦਾ ਪਿੱਛੇ ਵਾਦ-ਵਿਵਾਦ ਸਾਰਿਆਂ ਨੇ ਦੇਖਿਆ ਹੈ । ਉਸ ਡਿਸਟਿਲਰੀ ਦਾ ਜਿਹੜਾ ਵੇਸਟੇਜ ਹੈ ਉਹ ਸਾਰੇ ਦਾ ਸਾਰਾ ਬਿਆਸ ਦਰਿਆ ਵਿੱਚ ਜਾਂਦਾ ਹੈ, ਉਦੋਂ ਉਨ੍ਹਾਂ ਨੂੰ ਬੜਾ ਭਾਰੀ ਜੁਰਮਾਨਾ ਵੀ ਕੀਤਾ ਗਿਆ ਸੀ, ਉਸ ਦੀ ਰਿਕਵਰੀ ਵੀ ਪਤਾ ਨਹੀਂ ਹੋਈ ਹੈ ਜਾਂ ਨਹੀਂ ਹੋਈ ਹੈ। ਜਿਹੜੀਆਂ ਉਨ੍ਹਾਂ ਨੂੰ ਡਾਇਰੈਕਸ਼ਨਜ਼ ਦਿੱਤੀਆਂ ਗਈਆਂ ਹਨ, ਉਨ੍ਹਾਂ ਨੂੰ ਫਾਲੋ ਨਹੀਂ ਕੀਤਾ ਗਿਆ ਹੈ। ਅੱਜ ਵੀ ਉਸੇ ਤਰ੍ਹਾਂ ਹੀ ਡਿਸਟਿਲਰੀ ਦੀ ਵੇਸਟੇਜ ਫਿਰ ਪਾਣੀ ਨੂੰ ਖਰਾਬ ਕਰ ਰਹੀ ਹੈ। ਮੈਂ ਸਮਝਦਾ ਹਾਂ ਕਿ ਇਨਸਾਨ ਦੇ ਜੀਵਨ ਵਾਸਤੇ ਹਵਾ, ਪਾਣੀ ਤੇ ਖਾਣਾ ਹੀ ਸਭ ਤੋਂ ਜ਼ਰੂਰੀ ਹੈ । ਜੋ ਉਸ ਵੇਲੇ ਵਾਦ-ਵਿਵਾਦ ਬਣਿਆ ਸੀ, ਉਸ ਡਿਸਟਿਲਰੀ ਨੂੰ 50 ਕਰੋੜ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਸੀ ਉਸ ਦੇ ਬਾਵਜੂਦ ਵੀ ਅੱਜ ਕੋਈ ਉਸ ਦਾ ਪ੍ਰਾਪਰ ਹੱਲ ਸਾਹਮਣੇ ਨਜ਼ਰ ਨਹੀਂ ਆਉਂਦਾ ਹੈ। ਸੋ, ਮੈਂ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਵੱਲ ਉਚੇਚਾ ਧਿਆਨ ਦੇ ਕੇ ਫੌਰਨ ਸਖਤ ਤੋਂ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਕਿਉਂਕਿ ਅੱਗੇ ਵੀ ਪਾਣੀ ਵਿੱਚ ਰਹਿਣ ਵਾਲੇ ਲੱਖਾਂ ਜੀਵ ਜੰਤੂਆਂ ਦਾ ਨੁਕਸਾਨ ਹੋ ਗਿਆ ਸੀ ਉਹ ਉਸੇ ਤਰ੍ਹਾਂ ਹੀ ਉਸੇ ਤਰੀਕੇ ਨਾਲ ਹੀ ਚੱਲ ਰਿਹਾ ਹੈ, ਉਸ ਨੂੰ ਕੰਟਰੋਲ ਕੀਤਾ ਜਾਵੇ। ਇਸ ਮਕਸਦ ਦੇ ਨਾਲ ਮੈਂ ਇਹ ਧਿਆਨ ਦਿਵਾਊ ਮਤਾ ਹਾਊਸ ਵਿੱਚ ਲੈ ਕੇ ਆਇਆ ਹਾਂ। ਮੈਂ ਸਮਝਦਾ ਹਾਂ ਕਿ ਜਿਸ ਤਰੀਕੇ ਨਾਲ ਇਸ ਮਸਲੇ ਤੇ ਲਾਪਰਵਾਹੀ ਅਖਤਿਆਰ ਕੀਤੀ ਜਾਵੇਗੀ, ਇਹ ਆਉਣ ਵਾਲੇ ਸਮੇਂ ਵਾਸਤੇ ਭਿਆਨਕ ਹੋਵੇਗੀ ਔਰ ਜੀਵ ਜੰਤੂਆਂ ਦਾ ਹੋਰ ਭਾਰੀ ਨੁਕਸਾਨ ਹੋਵੇਗਾ। ਭਾਵੇਂ ਅਸੀਂ ਬਾਅਦ ਵਿੱਚ ਉੱਥੇ ਹੋਰ ਮੱਛੀਆਂ ਜਾਂ ਜੀਵ ਜੰਤੂ ਵੀ ਛੱਡਦੇ ਹਾਂ ਤਾਂ ਵੀ ਉਹ ਬਚ ਨਹੀਂ ਸਕਦੇ ਜਦੋਂ ਤੱਕ ਉਹ ਉਸ ਵੇਸਟੇਜ ਨੂੰ ਬੰਦ ਨਹੀਂ ਕਰਦੇ ਹਨ, ਜਦੋਂ ਤੱਕ ਅਸੀਂ ਉਨ੍ਹਾਂ ਤੇ ਸਖਤ ਕਾਰਵਾਈ ਨਹੀਂ ਕਰਦੇ ਹਾਂ।

**ਮਾਨਯੋਗ ਸਪੀਕਰ:** ਜੋ ਲਿਖਿਆ ਹੈ, ਤੁਸੀਂ ਉਹ contents ਹੀ ਪੜ੍ਹੋ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ਹਾਂ ਜੀ, ਹਾਂ ਜੀ। ਸੋ, ਉਸ ਕਾਰਨ ਉਸ ਇਲਾਕੇ ਵਿੱਚ ਜੋ ਪ੍ਰਦੂਸ਼ਣ ਫੈਲ ਰਿਹਾ ਹੈ, ਉਸ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ। ਦਰਿਆ ਦਾ ਪਾਣੀ ਗੰਦਾ ਹੋ ਰਿਹਾ ਹੈ। ਇਸ ਨਾਲ ਜਾਨੀ ਮਾਲੀ ਨੁਕਸਾਨ ਹੋ

ਰਿਹਾ ਹੈ। ਪ੍ਰਦੂਸ਼ਣ ਬੋਰਡ ਵੱਲੋਂ ਇਸ ਡਿਸਟਿਲਰੀ ਦੀ ਛਾਪੇਮਾਰੀ ਕੀਤੀ ਗਈ ਹੈ। ਇਸ ਦੇ ਬਾਵਜੂਦ ਇਸ ਦੇ ਮਾਲਕ ਨੂੰ ਤਾੜਨਾ ਕੀਤੀ ਗਈ ਸੀ ਕਿ ਉਹ ਆਪਣੇ ਇਸ ਫੈਕਟਰੀ ਦੇ ਵੇਸਟ ਦੇ ਨਿਪਟਾਰੇ ਦਾ ਬਦਲਵਾਂ ਪ੍ਰਬੰਧ ਕਰੇ ਪਰ ਅਜੇ ਤੱਕ ਉਸ ਵੱਲੋਂ ਕੋਈ ਠੋਸ ਪ੍ਰਬੰਧ ਨਹੀਂ ਕੀਤੇ ਗਏ। ਬਿਆਸ ਦਰਿਆ ਦਾ ਪਾਣੀ ਗੰਧਲਾ ਹੋਣ ਕਾਰਨ ਪੀਣ ਯੋਗ ਨਹੀਂ ਰਿਹਾ ਤੇ ਖਤਰਨਾਕ ਬਿਮਾਰੀਆਂ ਦਾ ਕਾਰਨ ਬਣਿਆ ਹੋਇਆ ਹੈ। ਲੋਕਾਂ ਵਿੱਚ ਦਹਿਸ਼ਤ, ਮਾਯੂਸੀ ਤੇ ਅਸੰਤੁਸ਼ਟਤਾ ਦਾ ਮਾਹੌਲ ਬਣਿਆ ਹੋਇਆ ਹੈ। ਭਾਰਤ ਦੇ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਨੇ ਲੋੜੀਂਦੀ ਕਾਰਵਾਈ ਕਰਨ ਵਿੱਚ ਅਣਗਹਿਲੀ ਕਰਨ ਕਰਕੇ ਪੰਜਾਬ ਸਰਕਾਰ ਨੂੰ 50 ਕਰੋੜ ਰੁਪਏ ਦਾ ਜੁਰਮਾਨਾ ਵੀ ਕੀਤਾ ਗਿਆ ਹੈ ਪਰ ਫੈਕਟਰੀ ਮਾਲਕਾਂ ਵੱਲੋਂ ਅਜੇ ਤੱਕ ਕੋਈ ਵੀ ਤਸੱਲੀਬਖਸ਼ ਠੋਸ ਕਾਰਵਾਈ ਨਹੀਂ ਕੀਤੀ ਗਈ।

ਇਸ ਲੋਕ ਹਿੱਤ ਦੇ ਮਸਲੇ ਤੇ ਗੰਭੀਰਤਾ ਨਾਲ ਸੋਚਣ ਦੀ ਤੇ ਫੌਰੀ ਕਾਰਵਾਈ ਕਰਨ ਦੀ ਸਖਤ ਲੋੜ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਸਲੇ ਵੱਲ ਤੁਰੰਤ ਧਿਆਨ ਦਿੱਤਾ ਜਾਵੇ ਅਤੇ ਲੋਕਾਂ ਦੀ ਜਾਨ, ਮਾਲ ਅਤੇ ਸਿਹਤ ਨੂੰ ਭਿਆਨਕ ਖਤਰੇ ਦੇ ਮੱਦੇਨਜ਼ਰ ਫੈਕਟਰੀ ਮਾਲਕਾਂ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਸਦਨ ਨੂੰ ਦੱਸਿਆ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ):** ਸਪੀਕਰ ਸਾਹਿਬ, ਰਾਜ ਸਰਕਾਰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕੀੜੀ ਅਫਗਾਨਾਂ ਜਿੱਥੇ ਡਿਸਟਿਲਰੀ ਲੱਗੀ ਹੈ, ਉੱਥੋਂ ਜਿਹੜਾ ਪ੍ਰਦੂਸ਼ਣ ਫੈਲ ਰਿਹਾ ਹੈ, ਉਸ ਬਾਰੇ ਪੂਰੀ ਤਰ੍ਹਾਂ ਗੰਭੀਰ ਹੈ। ਉਕਤ ਡਿਸਟਿਲਰੀ ਵੱਲੋਂ ਬਣਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਜ਼ਰੂਰੀ ਕਦਮ ਚੁੱਕੇ ਗਏ ਹਨ ਤੇ ਜਲ ਸੋਧਕ ਯੰਤਰ ਲਗਾਏ ਹੋਏ ਹਨ। ਡਿਸਟਿਲਰੀ ਜਾਂ ਸ਼ੂਗਰ ਮਿੱਲ ਵੱਲੋਂ ਸੋਧਿਆ/ਅਣਸੋਧਿਆ ਪਾਣੀ ਬਿਆਸ ਦਰਿਆ ਵਿੱਚ ਨਹੀਂ ਪਾਇਆ ਜਾਂਦਾ ਜਦੋਂ ਕਿ ਇਨ੍ਹਾਂ ਇਕਾਈਆਂ ਦਾ ਸੋਧਿਆ ਹੋਇਆ ਪਾਣੀ ਦਰੱਖਤਾਂ ਦੀ ਸਿੰਜਾਈ ਲਈ ਵਰਤਿਆ ਜਾਂਦਾ ਹੈ। ਬਿਆਸ ਦਰਿਆ ਵਿਚ ਪ੍ਰਦੂਸ਼ਣ ਦਾ ਕਾਰਨ ਡਿਸਟਿਲਰੀ ਦੇ ਨੇੜੇ ਲੱਗੀ ਸ਼ੂਗਰ ਮਿੱਲ ਵਿੱਚ ਸਟੋਰੇਜ ਟੈਂਕ ਵਿਚੋਂ ਸ਼ੀਰੇ ਦਾ ਉਛਾਲ ਆਉਣਾ ਸੀ। ਇਹ ਹਾਦਸਾ ਸਟੋਰੇਜ ਟੈਂਕ ਵਿਚ ਸ਼ੀਰੇ ਦੇ ਜ਼ਿਆਦਾ ਤਾਪਮਾਨ ਵਧਣ ਕਾਰਨ ਵਾਪਰਿਆ ਸੀ। ਇਸ ਹਾਦਸੇ ਕਾਰਨ ਸ਼ੀਰੇ ਦਾ ਪ੍ਰਵਾਹ ਨਾਲ ਲੱਗਦੀ ਡਰੇਨ ਰਾਹੀਂ ਬਿਆਸ ਦਰਿਆ ਵਿਚ ਹੋ ਗਿਆ ਸੀ। ਉਕਤ ਹਾਦਸੇ ਤੋਂ ਬਾਅਦ ਸਰਕਾਰ

ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਸ਼ੂਗਰ ਮਿੱਲ ਦੇ ਪਲਾਂਟ ਅਤੇ ਮਸ਼ੀਨਰੀ ਨੂੰ ਤੁਰੰਤ ਸੀਲ ਕਰ ਦਿੱਤਾ ਸੀ। ਇਸ ਦੇ ਨਾਲ ਹੀ ਸ਼ੂਗਰ ਮਿੱਲ ਵੱਲੋਂ ਜਮ੍ਹਾਂ ਕਰਵਾਈ ਗਈ 25 ਲੱਖ ਰੁਪਏ ਦੀ ਬੈਂਕ ਗਾਰੰਟੀ ਵੀ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਜ਼ਬਤ ਕਰ ਲਈ ਗਈ ਸੀ। ਇਸ ਹਾਦਸੇ ਕਾਰਨ ਸ਼ੂਗਰ ਮਿੱਲ ਅਤੇ ਇਸ ਦੇ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਵਾਟਰ ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪਲਿਊਸ਼ਨ ਐਕਟ, 1974 ਦੀ ਧਾਰਾ 44 ਅਤੇ 47 ਦੇ ਤਹਿਤ ਮਾਨਯੋਗ ਸੀ.ਜੇ.ਐਮ. ਗੁਰਦਾਸਪੁਰ ਦੀ ਅਦਾਲਤ ਵਿਚ ਅਪਰਾਧਿਕ ਮੁਕੱਦਮਾ ਦਾਇਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼ੂਗਰ ਮਿੱਲ ਨੂੰ ਹਾਦਸੇ ਕਾਰਨ ਹੋਏ ਵਾਤਾਵਰਨ ਦੇ ਨੁਕਸਾਨ ਨੂੰ ਠੀਕ ਕਰਨ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ 5 ਕਰੋੜ ਰੁਪਏ ਦਾ ਐਂਡੋਮੈਂਟ ਪ੍ਰੋਗਰਾਮ ਵਜੋਂ ਵਾਤਾਵਰਨ ਮੁਆਵਜ਼ਾ ਲਗਾਇਆ ਗਿਆ ਹੈ ਤਾਂ ਜੋ ਬਿਆਸ ਦਰਿਆ ਦੇ ਜੀਵ-ਜੰਤੂਆਂ ਅਤੇ ਵਾਤਾਵਰਨ ਦੀ ਸਾਂਭ-ਸੰਭਾਲ ਅਤੇ ਪੁਨਰ ਸਥਾਪਨਾ ਕੀਤੀ ਜਾ ਸਕੇ। ਬਿਆਸ ਦਰਿਆ ਦੇ ਜਲ ਜੀਵ ਜੰਤੂਆਂ ਤੇ ਵਾਤਾਵਰਨ ਦੀ ਸਾਂਭ-ਸੰਭਾਲ ਸਬੰਧੀ ਪੁਨਰ ਸਥਾਪਨਾ ਵਾਸਤੇ ਜੰਗਲਾਤ ਵਿਭਾਗ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਅਤੇ ਸ੍ਰੀ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ ਵੱਲੋਂ ਤਿਆਰ ਕੀਤੇ ਗਏ ਐਕਸ਼ਨ ਪਲਾਨ ਫਾਈਨਲ ਕਰ ਲਏ ਗਏ ਹਨ। ਜੰਗਲਾਤ ਵਿਭਾਗ ਵੱਲੋਂ ਇਸ ਸਬੰਧੀ ਪਹਿਲਾਂ ਹੀ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਵਾਸਤੇ ਬੋਰਡ ਵੱਲੋਂ 25 ਲੱਖ ਰੁਪਏ ਦੀ ਰਾਸ਼ੀ ਦੀ ਅਦਾਇਗੀ ਕਰ ਦਿੱਤੀ ਹੈ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਸੇਫਗਾਰਡ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਡਾਇਰੈਕਟਰ ਆਫ ਫੈਕਟਰੀਜ਼, ਪੰਜਾਬ ਐਂਡ ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਬਤੌਰ ਮੈਂਬਰ ਹਨ। ਇਸ ਕਮੇਟੀ ਵੱਲੋਂ ਕੁਝ ਸੁਝਾਅ ਦਿੱਤੇ ਗਏ ਹਨ ਤਾਂ ਜੋ ਇਹ ਘਟਨਾ ਦੁਬਾਰਾ ਨਾ ਵਾਪਰੇ। ਜੇ ਕਹਿੰਦੇ ਹੋ ਤਾਂ ਸੁਝਾਅ ਪੜ੍ਹ ਦੇਵਾਂ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵੱਲ ਇਸ਼ਾਰਾ)। ਪਹਿਲਾਂ ਸੁਝਾਅ ਸੀ ਕਿ ਸ਼ੂਗਰ ਮਿੱਲ ਵੱਲੋਂ ਅਗਲੇ ਸਾਲ ਜਿਹੜਾ ਕ੍ਰਸ਼ਿੰਗ ਦਾ ਸੀਜ਼ਨ ਆਉਣਾ ਹੈ, 2018-19 ਤੋਂ ਪਹਿਲਾਂ ਸ਼ੀਰੇ ਨੂੰ ਜਮ੍ਹਾਂ ਕਰਨ ਵਾਸਤੇ 4000 ਕਿਲੋ-ਲੀਟਰ ਸਮਰੱਥਾ ਵਾਲੇ 4 ਹੋਰ ਸਟੀਲ ਟੈਂਕ ਲਗਵਾਉਣ ਦੀ ਜ਼ਰੂਰਤ ਹੈ।

ਦੂਜਾ, ਸ਼ੀਰੇ ਨੂੰ ਜਮ੍ਹਾਂ ਕਰਵਾਉਣ ਵਾਸਤੇ ਬਣਨ ਵਾਲੇ ਸਟੀਲ ਟੈਂਕਾਂ ਦਾ ਡਿਜ਼ਾਇਨ, ਸਪੈਸੀਫਿਕੇਸ਼ਨ, ਸੇਫਟੀ measure ਅਤੇ ਲੋਕੇਸ਼ਨ ਬਿਊਰੋ ਆਫ ਇੰਡੀਅਨ ਸਟੈਂਡਰਡ IS:5521-1980 ਦੇ ਮੁਤਾਬਿਕ ਹੋਣੇ ਚਾਹੀਦੇ ਹਨ। ਸਨਅਤ ਨੂੰ ਕਾਮਨ ਜਲ ਸੋਧਕ ਯੰਤਰ ਦੇ ਚਾਰੇ ਪਾਸੇ ਪੰਜਾਬ ਸਿੰਚਾਈ ਵਿਭਾਗ ਦੇ ਮਨਜ਼ੂਰਸ਼ੁਦਾ ਡਿਜ਼ਾਇਨ ਮੁਤਾਬਿਕ, ਇਸ ਦੀ ਰਿਟੇਨਿੰਗ ਕੰਧ ਕਰਨ ਦੀ ਜ਼ਰੂਰਤ ਹੈ। ਸਨਅਤ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਨੂੰ ਰੋਕਣ ਵਾਸਤੇ ਆਨ ਸਾਈਟ ਅਤੇ ਆਫ ਸਾਈਟ

ਐਮਰਜੈਂਸੀ ਪਲਾਂਟ ਬਣਾਵੇਗੀ। ਸਨਅਤ ਵੱਲੋਂ ਉਸ ਨੂੰ ਜਾਰੀ ਕੀਤੀ ਗਈ ਵਾਤਾਵਰਨ ਕਲੀਅਰੈਂਸ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕੀਤੀ ਜਾਵੇਗੀ। ਸਨਅਤ ਵੱਲੋਂ ਸ਼ੀਰੇ ਦੇ ਸਟੋਰੇਜ ਟੈਂਕਾਂ ਦੇ ਆਲੇ-ਦੁਆਲੇ ਨਾਜ਼ੁਕ ਪੈਰਾਮੀਟਰ ਜਿਵੇਂ ਕਿ ਤਾਪਮਾਨ ਆਦਿ ਦਾ ਲਗਾਤਾਰ ਨਿਰੀਖਣ ਕੀਤਾ ਜਾਵੇਗਾ ਅਤੇ ਚਿਤਾਵਨੀ ਸੰਕੇਤਾਂ ਵਾਸਤੇ ਵਿਵਸਥਾ ਕਾਇਮ ਕੀਤੀ ਜਾਵੇਗੀ ਤਾਂ ਕਿ ਕਿਸੇ ਵੀ ਦੁਰਘਟਨਾ ਦੀ ਸੂਰਤ ਵਿੱਚ ਸੁਨੇਹਾ ਸਨਅਤ ਦੇ ਮੁਖੀ ਨੂੰ ਪਹੁੰਚ ਸਕੇ। ਸਨਅਤ ਕਾਮਨ ਜਲ ਸੋਧਕ ਯੰਤਰ ਦੇ ਬਣੇ ਕੱਚੇ ਇੱਟਾਂ ਦੀ ਲਾਈਨਿੰਗ ਵਾਸਤੇ ਸਟੋਰੇਜ ਪਿੱਟ ਅਤੇ ਲੈਕੂਨਾ ਨੂੰ ਖਤਮ ਕਰ ਦਿੱਤਾ ਜਾਵੇਗਾ। ਜਿਹੜੀ ਤੁਸੀਂ ਦੂਸਰੀ ਗੱਲ 50 ਕਰੋੜ ਵਾਲੀ ਆਖੀ ਸੀ। ਉਸ ਬਾਰੇ ਮੈਂ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਮਾਨਯੋਗ ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵੱਲੋਂ ਪੰਜਾਬ ਸਰਕਾਰ ਨੂੰ ਓ.ਏ. ਨੰਬਰ 101/2014-ਸੋਭਾ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੇ ਫੈਸਲੇ ਵਿਚ 50 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ, ਜੋ ਕਿ ਸਤਲੁਜ ਅਤੇ ਬਿਆਸ ਦਰਿਆ ਦੇ ਕੈਚਮੈਂਟ ਏਰੀਏ ਨਾਲ ਸਬੰਧਿਤ ਹੈ । ਇਹ ਕੇਸ ਸ਼ਹਿਰਾਂ ਦੇ ਘਰੇਲੂ ਸੀਵਰੇਜ ਬਾਰੇ ਹੈ, ਨਾ ਕਿ ਚੱਢਾ ਸ਼ੂਗਰ ਮਿੱਲ ਕਰਕੇ ਹੈ। ਇਸ ਤੋਂ ਬਿਨਾਂ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਦਾ ਫੈਸਲਾ ਗਰੀਨ ਟ੍ਰਿਬਿਊਨਲ ਵੱਲੋਂ ਗਠਿਤ ਮੋਨੀਟਰਿੰਗ ਕਮੇਟੀ ਵੱਲੋਂ ਜਮ੍ਹਾਂ ਕਰਵਾਈ ਗਈ ਅੰਤਰਿਮ ਰਿਪੋਰਟ ਤੇ ਆਧਾਰਿਤ ਹੈ, ਜਿਸ ਦੀ ਅਜੇ ਫਾਈਨਲ ਰਿਪੋਰਟ ਆਉਣੀ ਬਾਕੀ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੰਤਰੀ ਜੀ ਨੇ ਸਾਰੀ ਗੱਲ ਦਾ ਬੜਾ ਗੋਲ-ਮੋਲ ਜਵਾਬ ਦੇ ਦਿੱਤਾ ਹੈ। ਮੰਤਰੀ ਜੀ, ਮੇਰਾ ਤੁਹਾਨੂੰ ਸਿੱਧਾ ਸਵਾਲ ਇਹ ਹੈ ਕਿ ਤੁਸੀਂ ਫਾਈਨ ਕੀ ਲਗਾਇਆ ਸੀ ? ਤੁਸੀਂ ਪੰਜ ਕਰੋੜ ਰੁਪਿਆ ਫਾਈਨ ਲਗਾਇਆ। ਫਿਰ ਦੇਖੋ ਕਿ ਕੀ ਉਹ ਪੰਜ ਕਰੋੜ ਰੁਪਏ ਜਮ੍ਹਾਂ ਹੋਏ ? ਸਪੀਕਰ ਸਾਹਿਬ, ਦੂਜੀ ਗੱਲ ਪੰਜਾਹ ਕਰੋੜ ਰੁਪਿਆ ਐਨ.ਜੀ.ਟੀ. ਨੇ ਫਾਈਨ ਲਗਾਇਆ ਹੈ ਕਿਉਂਕਿ ਦਰਿਆਵਾਂ ਦਾ ਪਾਣੀ ਐਡਾ polluted ਹੋ ਗਿਆ ਹੈ। ਤੁਹਾਡੇ ਆਪਣੇ ਜਿਹੜੇ ਪੀ.ਪੀ.ਸੀ.ਸੀ. ਦੇ ਪ੍ਰਧਾਨ ਹਨ, ਐਤਕੀਂ ਤਾਂ ਉਹ ਵਿਧਾਨ ਸਭਾ ਵਿੱਚ ਨਹੀਂ ਪਹੁੰਚੇ। ਉਨ੍ਹਾਂ ਦਾ ਹਰ ਵਾਰੀ ਰੌਲਾ ਰਹਿੰਦਾ ਸੀ ਕਿ ਜਿਹੜੇ ਅਬੋਹਰ ਦੇ ਲੋਕ ਹਨ, ਉਨ੍ਹਾਂ ਨੂੰ ਇਹੀ ਪਾਣੀ ਪੀਣ ਵਾਸਤੇ ਮਿਲਦਾ ਹੈ। ਜਦੋਂ ਮੱਛੀਆਂ ਮਰ ਗਈਆਂ ਤਾਂ ਫਿਰ ਲੋਕਾਂ ਦਾ ਕੀ ਹਾਲ ਹੋ ਰਿਹਾ ਹੋਣਾ? ਮਗਰ ਇਨ੍ਹਾਂ ਨੇ ਐਕਸ਼ਨ ਕੀ ਲਿਆ? ਨਾ ਤਾਂ ਉਹ ਪੰਜ ਕਰੋੜ ਜਮ੍ਹਾਂ ਹੋਏ ਔਰ ਨਾ ਹੀ ਉਥੇ ਰਿਟੇਨਿੰਗ ਬਾਊਂਡਰੀ ਵਾਲ ਬਣੀ। ਜਿਹੜਾ ਤੁਸੀਂ ਸਟੇਨਲੈਸ ਸਟੀਲ ਦੇ ਟੈਂਕ ਬਾਰੇ ਕਹਿ ਰਹੇ ਹੋ ਕਿ ਉੱਥੇ ਸ਼ੀਰੇ ਦੀ ਸਟੋਰੇਜ ਵਾਸਤੇ ਬਣਾਉਣੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਤਿਆਰ ਨਹੀਂ ਕੀਤੇ ਗਏ ਹਨ ਪਰੰਤੂ ਫਿਰ ਅੱਗੋਂ ਇਹ ਗੱਲਾਂ ਹੋਰ ਕਰਨ ਲੱਗ ਪਏ ਹਨ। ਸਪੀਕਰ ਸਾਹਿਬ,

ਇਹ ਅਜਿਹਾ ਕਿਉਂ ਕਰਦੇ ਹਨ ? ਸਰ, 50 ਕਰੋੜ ਰੁਪਿਆ ਐਨ.ਜੀ.ਟੀ. ਨੇ ਫਾਈਨ ਕੀਤਾ ਹੈ ਉਹ ਚੱਢਾ ਕਰਕੇ ਨਹੀਂ ਹੋਇਆ, ਇਹ ਤਾਂ ਜਿਹੜਾ ਕਾਂਗਰਸ ਦਾ ਧਾਰਮਿਕ ਐਡਵਾਈਜ਼ਰ ** ** ਹੈ, ਉਹਦੀ ਗੱਲ ਕਰਨ ਲੱਗ ਪਏ ਹਨ। ਤੁਸੀਂ ਪੰਜ ਕਰੋੜ ਰੁਪਏ ਜਮ੍ਹਾਂ ਕਰਵਾਏ? (ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਡਿਸਕਸ਼ਨ ਨਾ ਕਰੋ, be specific, ਸਵਾਲ ਪੁੱਛੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਜਵਾਬ ਮੰਗ ਰਿਹਾ ਹਾਂ। ਮੈਂ ਤੁਹਾਨੂੰ ਬੇਨਤੀ ਕਰ ਰਿਹਾ ਹਾਂ। ਸਰ, ਇਹ ਬੜਾ ਸੀਰੀਅਸ ਕੰਮ ਹੈ, ਲੋਕ ਮਰ ਰਹੇ ਹਨ, ਪਸ਼ੂ ਮਰ ਗਏ, ਮੱਛੀਆਂ ਮਰ ਗਈਆਂ। ਮੁੜ ਕੇ ਤੁਹਾਡੇ ਵਜ਼ੀਰ, ਉੱਥੇ ਮੱਛੀਆਂ ਸੁੱਟਦੇ ਫਿਰਨ। ਕਹਿਣ ਦਾ ਭਾਵ ਕਿ ਇਹ ਕਾਂਗਰਸ ਦੇ ਧਾਰਮਿਕ ਐਡਵਾਈਜ਼ਰ ਦੀ ਬੇਟੀ ਨੂੰ ਬਚਾਉਣ ਵਾਸਤੇ ਇਹ ਸਾਰੇ ਕੰਮ ਕੀਤੇ ਜਾ ਰਹੇ ਹਨ। ਕੀ ਤੁਸੀਂ ਪੰਜ ਕਰੋੜ ਰੁਪਿਆ ਜਮ੍ਹਾਂ ਕਰਵਾਇਆ ? ਕੀ ਬਾਊਂਡਰੀ ਵਾਲ ਬਣੀ? ਕੀ ਤੁਸੀਂ ਅੱਜ ਇਹ ਕਹਿਣਾ ਚਾਹੁੰਦੇ ਹੋ ਕਿ ਅੱਜ ਜਿਹੜੇ ਸਾਰੇ precautionary measure ਸਟੈੱਪਸ ਕਹੇ ਗਏ ਸਨ, ਕੀ ਉਹ ਲੈ ਲਏ ਗਏ ਹਨ ? ਸੈਕੰਡਲੀ ਸਰ, 1974 ਦੀ ਐਕਟ ਦੀ (ਵਿਘਨ)

**ਮਾਨਯੋਗ ਸਪੀਕਰ:** ਇੱਕ ਸਵਾਲ ਪੁੱਛ ਸਕਦੇ ਹੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, 1974 ਦੀ ਐਕਟ ਦਾ ਜ਼ਿਕਰ ਕੀਤਾ ਹੈ, ਉਸ ਵਿੱਚ 6 ਸਾਲ ਦੀ ਸਜ਼ਾ ਮਿੱਲ ਆਨਰ ਨੂੰ ਹੁੰਦੀ ਹੈ, ਇਨ੍ਹਾਂ ਨੇ ਤਾਂ ਥੱਲੇ ਇੰਪਲਾਈ ਤੇ ਪਰਚਾ ਦੇ ਦਿੱਤਾ ਤੇ ਧਾਰਮਿਕ ਐਡਵਾਈਜ਼ਰ ਨੂੰ ਬਖਸ਼ ਦਿੱਤਾ।

**ਮਾਨਯੋਗ ਸਪੀਕਰ:** ਮਜੀਠੀਆ ਸਾਹਿਬ, ਮਜੀਠੀਆ ਸਾਹਿਬ।

**ਸਰਦਾਰ ਬਿਕਰਮ ਸਿੰਘ ਮਜੀਠੀਆ:** (ਵਿਘਨ) ਬਾਹਰ ਕੱਢ ਕੇ ਮਾਰਿਆ, ਜਿਹੜਾ ਪਾਣੀ ਦੇ ਲਈ ਲੜਦਾ ਹੈ। (ਵਿਘਨ)

**ਮਾਨਯੋਗ ਸਪੀਕਰ:** ਤੁਸੀਂ ਇੱਕ ਸਵਾਲ ਪੁੱਛ ਸਕਦੇ ਹੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਤੁਸੀਂ ਦੱਸ ਦਿਓ, ਇਸ ਵਿੱਚ ਕਿਹੜਾ ਕੰਮ ਕੀਤਾ ਹੈ । ਇਨ੍ਹਾਂ ਨੇ ਤਾਂ ਦਸ ਜਵਾਬ ਦੇ ਦਿੱਤੇ ਹਨ । ਸਰ, ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਤੁਸੀਂ ਸੀਚੇਵਾਲ ਨੂੰ ਬਾਹਰ ਕੱਢ ਰਹੇ ਹੋ। ਧਾਰਮਿਕ ਐਡਵਾਈਜ਼ਰ ਦੀ ਮਦਦ ਹੋ ਰਹੀ ਹੈ ਔਰ ਪੰਜ ਕਰੋੜ ਜਮ੍ਹਾਂ ਨਹੀਂ ਹੋਇਆ। ਤੁਸੀਂ ਕਹਿੰਦੇ ਹੋ, ਸਵਾਲ ਨਾ ਪੁੱਛੋ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਬੈਠੋ, ਬੈਠੋ। ਸਰਕਾਰੀਆ ਸਾਹਿਬ, ਜਿਹੜੇ ਸਟੈੱਪਸ ਤੁਸੀਂ ਕਿਹਾ, ਜਿਹੜੇ ਤੁਸੀਂ ਲੈਣਾ ਚਾਹੁੰਦੇ ਹੋ, ਉਨ੍ਹਾਂ ਦੀ ਕੋਈ ਸਮਾਂ-ਸੀਮਾ ਹੈ।

---

** Expunged as ordered by the Chair.

**ਮੰਤਰੀ:** ਸਰ, ਮੇਰੇ ਕੋਲ ਜਵਾਬ ਹਨ ਤੇ ਮੈਂ ਦੇ ਦਿੰਦਾ ਹਾਂ ਜੀ। ਜਿਹੜੀ ਪੰਜ ਕਰੋੜ ਮੁਆਵਜ਼ੇ ਦੀ ਗੱਲ ਕੀਤੀ ਹੈ।

----

## WELCOME ANNOUNCEMENT BY THE SPEAKER

**ਮਾਨਯੋਗ ਸਪੀਕਰ :** ਮੈਂ ਸਦਨ ਨੂੰ ਦੱਸਣਾ ਹੈ ਕਿ ਸਾਬਕਾ ਕੇਂਦਰੀ ਮੰਤਰੀ, ਸ਼੍ਰੀਮਤੀ ਪ੍ਰਨੀਤ ਕੌਰ ਜੀ ਸਦਨ ਦੀ ਕਾਰਵਾਈ ਵੇਖਣ ਲਈ ਆਏ ਹਨ। ਮੈਂ ਸਮੂਹ ਸਦਨ ਵੱਲੋਂ ਉਨ੍ਹਾਂ ਦਾ ਸਵਾਗਤ ਕਰਦਾ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

-----

## CALL ATTENTION NOTICES UNDER RULE 66

***(Resumption)***

**ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ :** ਸਪੀਕਰ ਸਾਹਿਬ, ਜਿਹੜਾ ਪੰਜ ਕਰੋੜ ਰੁਪਿਆ ਵਾਤਾਵਰਨ ਮੁਆਵਜ਼ਾ ਜਮ੍ਹਾਂ ਕਰਵਾਉਣ ਕਰਨ ਲਈ ਆਖਿਆ ਗਿਆ ਸੀ, ਉਸ ਵਿੱਚ ਦੋ ਕਰੋੜ ਰੁਪਏ ਦੀ ਰਾਸ਼ੀ ਜਮ੍ਹਾਂ ਕਰਵਾ ਦਿੱਤੀ ਗਈ ਹੈ, ਬੋਰਡ ਵੱਲੋਂ ਲੋੜ ਮੁਤਾਬਿਕ ਜਿਹੜੀ ਬਚੀ ਹੋਈ ਰਾਸ਼ੀ ਹੈ, ਉਹ ਵੀ ਜਮ੍ਹਾਂ ਕਰਵਾ ਦਿੱਤੀ ਜਾਵੇਗੀ। ਜਿਹੜੀ ਇਨ੍ਹਾਂ ਨੇ ਗੱਲ ਪੁੱਛੀ ਨਹੀਂ ਪਰ ਮੈਨੂੰ ਤਾਂ ਲੱਗਦਾ ਸੀ ਕਿ ਪੁੱਛਣਗੇ ਕਿ ਕੀ ਫੈਕਟਰੀ ਚਾਲੂ ਹੋ ਗਈ ਜਾਂ ਨਹੀਂ? ਮੈਂ ਦੱਸਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਗੰਨੇ ਦੀ ਪਿੜਾਈ ਲਈ ਲੋੜ ਸੀ, ਉਸ ਵਾਸਤੇ ਜਿਹੜੀਆਂ ਪ੍ਰਾਈਵੇਟ ਮਿੱਲਾਂ ਹਨ, ਉਨ੍ਹਾਂ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਗਈ ਹੈ। ਮੈਂ ਜਿਹੜੇ ਸੱਤ ਪੁਆਇੰਟ ਦੱਸੇ ਸਨ, ਉਨ੍ਹਾਂ ਦਾ ਮੈਂ ਇਕੱਲੇ-ਇਕੱਲੇ ਦਾ ਜਵਾਬ ਦੇ ਦਿੰਦਾ ਹਾਂ। ਸ਼ੂਗਰ ਮਿੱਲ ਦਾ ਜਿਹੜਾ ਪਹਿਲਾਂ ਕ੍ਰਸ਼ਿੰਗ ਚਾਰ ਸੌ ਰਿਕੁਮੈਂਡ ਕੀਤੇ ਸਨ, ਚਾਰ ਹਜ਼ਾਰ ਕਿਲੋਲੀਟਰ ਸਮਰੱਥਾ ਵਾਲੇ ਚਾਰ ਹੋਰ ਸਟੀਲ ਟੈਂਕ ਲਾਉਣ ਦੀ ਜ਼ਰੂਰਤ ਸੀ, ਜਦ ਕਿ ਉੱਥੇ 7500 ਟਨ ਅਤੇ 6500 ਟਨ ਕਪੈਸਿਟੀ ਵਾਲੇ ਹਨ। ਦੂਸਰਾ ਸਟੀਲ ਟੈਂਕ 7500 ਟਨ ਕਪੈਸਟੀ ਦਾ ਹੈ ਉਹ ਉਸਾਰੀ ਅਧੀਨ ਹੈ ਜਿਸ ਦੀ ਕੰਪਲੀਸ਼ਨ 31-3-2019 ਤੱਕ ਹੋ ਜਾਵੇਗੀ। ਜਿਹੜੀ ਦੂਜੀ ਗੱਲ ਸ਼ੀਰੇ ਨੂੰ ਜਮ੍ਹਾਂ ਕਰਨ ਵਾਸਤੇ ਸਟੀਲ ਟੈਂਕਾਂ ਦਾ ਡਿਜ਼ਾਈਨ ਤੇ ਸਪੈਸੀਫਿਕੇਸ਼ਨ, ਸੁਰੱਖਿਆ ਉਪਾਅ ਅਤੇ ਲੋਕੇਸ਼ਨ ਬਾਰੇ ਸੀ, ਸ਼ੀਰੇ ਦੀ ਸਟੋਰੇਜ ਵਾਸਤੇ ਸਨਅਤ ਵੱਲੋਂ ਪ੍ਰਮਾਣਿਤ ਚਾਰਟਿਡ ਇੰਜੀਨੀਅਰ ਰਾਹੀਂ ਸਟੀਲ ਟੈਂਕਾਂ ਦਾ ਡਿਜ਼ਾਈਨ ਅਤੇ ਸਪੈਸੀਫਿਕੇਸ਼ਨ ਦੀ ਕਾਪੀ ਜਮ੍ਹਾਂ ਕਰਵਾਈ ਗਈ ਹੈ। ਤੀਜਾ ਸੀ ਕਿ ਸਨਅਤ ਨੂੰ ਕਾਮਨ ਜਲ ਸੋਧਕ ਯੰਤਰ ਦੇ ਚਾਰੇ ਪਾਸੇ ਪੰਜਾਬ ਸਿੰਚਾਈ ਵਿਭਾਗ ਦੇ ਮਨਜ਼ੂਰਸ਼ੁਦਾ ਡਿਜ਼ਾਈਨ ਮੁਤਾਬਿਕ ਰਿਟੇਨਿੰਗ

ਕੰਧ ਕਰਨ ਦੀ ਜਿਹੜੀ ਗੱਲ ਕਰਦੇ ਹਨ ਉਹ ਸਨਅਤ ਵੱਲੋਂ ਖੰਡ ਮਿੱਲ ਅਤੇ ਬੀਅਰ ਫੈਕਟਰੀ ਦੇ ਜਲ ਸੋਧਕ ਯੰਤਰ ਦੇ ਆਲੇ-ਦੁਆਲੇ ਸੀਮਿੰਟ ਕੰਕਰੀਟ ਦੀ ਦੀਵਾਰ ਬਣਾ ਦਿੱਤੀ ਗਈ ਹੈ। ਸਨਅਤ ਵੱਲੋਂ ਦਿੱਤੀ ਦਰਖਾਸਤ ਕਿ ਸੰਪੂਰਨ ਕੰਪਲੈਕਸ ਦੇ ਆਲੇ-ਦੁਆਲੇ ਰਿਟੇਨਿੰਗ ਕੰਧ ਦੀ ਜ਼ਰੂਰਤ ਨਹੀਂ ਹੈ, ਸੇਫ ਗਾਰਡ ਕਮੇਟੀ ਦੇ ਕੋਲ ਮੁੜ ਵਿਚਾਰ ਅਧੀਨ ਹੈ। ਚੌਥਾ ਜਿਹੜਾ ਕਿ ਸਨਅਤ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਨੂੰ ਰੋਕਣ ਵਾਸਤੇ ਆਨ ਸਾਈਟ ਅਤੇ ਆਫ ਸਾਈਟ ਐਮਰਜੈਂਸੀ ਪਲਾਨ ਬਣਾਵੇਗੀ। ਇਸ ਦੇ ਜਵਾਬ ਦੇ ਵਿੱਚ ਸਨਅਤ ਨੇ ਡਾਇਰੈਕਟਰ ਆਫ ਫੈਕਟਰੀਜ਼ ਕੋਲ ਆਨ ਸਾਈਟ ਅਤੇ ਆਫ ਸਾਈਟ ਐਮਰਜੈਂਸੀ ਪਲਾਨ ਮਨਜ਼ੂਰ ਕਰਨ ਹਿੱਤ ਜਮ੍ਹਾਂ ਕਰਵਾ ਦਿੱਤਾ ਹੈ। ਅੱਗੇ ਸਨਅਤ ਵੱਲੋਂ ਜਾਰੀ ਕੀਤੀ ਗਈ ਵਾਤਾਵਰਨ ਕਲੀਅਰੈਂਸ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕੀਤੀ ਜਾਵੇਗੀ। ਇਸ ਦੇ ਜਵਾਬ ਦੇ ਵਿੱਚ ਵਾਤਾਵਰਨ ਕਲੀਅਰੈਂਸ ਦੀਆਂ ਸ਼ਰਤਾ ਸ਼ੂਗਰ ਮਿਲ ਦੇ ਪੂਰੀ ਕਪੈਸਿਟੀ ਤੇ ਚੱਲਣ ਉਪਰੰਤ ਚੈੱਕ ਕੀਤੀਆਂ ਜਾਣਗੀਆਂ। ਸਨਅਤ ਵੱਲੋਂ ਸ਼ੀਰੇ ਦੇ ਸਟੋਰੇਜ਼ ਟੈਂਕਾਂ ਦੇ ਆਲੇ-ਦੁਆਲੇ ਨਾਜ਼ੁਕ ਪੈਰਾਮੀਟਰ ਜਿਵੇਂ ਕਿ ਤਾਪਮਾਨ ਆਦਿ ਦਾ ਲਗਾਤਾਰ ਨਿਰੀਖਣ ਕੀਤਾ ਜਾਵੇਗਾ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਇਹ ਕੀ ਹੋ ਰਿਹਾ ਹੈ।

**ਮੰਤਰੀ :** ਮੈਨੂੰ ਹੁਣ ਬੋਲ ਤਾਂ ਲੈਣ ਦਿਓ। ਮੈਂ ਹੁਣ ਸੱਤਾਂ ਦਾ ਜਵਾਬ ਦੇਣ ਲੱਗਾ ਹਾਂ। (ਵਿਘਨ ਸ਼ੋਰ)

**ਮਾਨਯੋਗ ਸਪੀਕਰ :** ਸਰਦਾਰ ਬਿਕਰਮ ਸਿੰਘ ਜੀ, Let him complete. ਉਹ ਦੱਸ ਰਹੇ ਹਨ।

**ਮੰਤਰੀ :** ਮੈਂ ਹੁਣ ਦੱਸੀ ਤਾਂ ਜਾ ਰਿਹਾ ਹਾਂ। ਮੈਂ ਉਸ ਦਾ ਜਵਾਬ ਹੀ ਦੇ ਰਿਹਾ ਹਾਂ। ਹੁਣ ਤੁਸੀਂ ਸੁਣ ਲਓ। ਜਿਹੜੇ ਜਿਹੜੇ ਸਵਾਲ ਆਏ ਸੀ ਮੈਂ ਉਨ੍ਹਾਂ ਦਾ ਹੀ ਜਵਾਬ ਦੇ ਰਿਹਾ ਹਾਂ। ਮੈਂ ਤਾਂ ਜਵਾਬ ਦੇ ਰਿਹਾ ਹਾਂ। ਪਹਿਲਾਂ ਮੈਂ ਸਵਾਲ ਬੋਲ ਰਿਹਾ ਹਾਂ ਫਿਰ ਮੈਂ ਉਨ੍ਹਾਂ ਦਾ ਜਵਾਬ ਦੇ ਰਿਹਾ ਹਾਂ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜਿਹੜੀਆਂ ਇਨ੍ਹਾਂ ਤੇ ਕੰਡੀਸ਼ਨਜ਼ ਲਗਾਈਆਂ ਸਨ ਲੇਕਿਨ ਪ੍ਰਦੂਸ਼ਣ ਕੰਟਰੋਲ ਬੋਰਡ ਵੀ ਇਨ੍ਹਾਂ ਦਾ ਹੈ। ਉਸ ਵਕਤ ਦੇ ਚੇਅਰਮੈਨ ਪਨੂੰ ਸਾਹਿਬ ਸਨ ਜਿਨ੍ਹਾਂ ਨੇ ਸਖਤੀ ਵਿਖਾਈ ਤਾਂ ਉਨ੍ਹਾਂ ਨੂੰ ਟ੍ਰਾਂਸਫਰ ਕਰ ਦਿੱਤਾ ਗਿਆ। ਮੰਤਰੀ ਜੀ ਆਪ ਕਹਿ ਰਹੇ ਹਨ ਕਿ 5 ਕਰੋੜ ਵਿੱਚੋਂ ਸਿਰਫ 2 ਕਰੋੜ ਹੀ ਜਮ੍ਹਾਂ ਹੋਏ ਹਨ ਫਿਰ 3 ਕਰੋੜ ਦੀ ਕਿਹੜੀ ਰਿਆਇਤ ਦੇ ਦਿੱਤੀ? ਕੀ ਕਾਂਗਰਸ ਕਮੇਟੀ ਦੇ ਧਾਰਮਿਕ ਐਡਵਾਈਜ਼ਰ ਹਨ। ਫਿਰ ਮਿੱਲ ਡੀ-ਸੀਲ ਕਰ ਦਿੱਤੀ.. (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਇੱਕ ਹੀ ਸਵਾਲ ਪੁੱਛ ਸਕਦੇ ਹੋ ਉਹ ਤੁਸੀਂ ਪੁੱਛ ਲਿਆ ਹੈ। ਇੱਕ ਸਵਾਲ ਲੋਧੀਨੰਗਲ ਜੀ ਦਾ ਰਹਿੰਦਾ ਹੈ। ਜੇਕਰ ਉਹ ਚਾਹੁੰਦੇ ਹਨ ਤਾਂ ਉਹ ਪੁੱਛ ਸਕਦੇ ਹਨ, ਉਹ ਪੁੱਛ ਲੈਣ। (ਵਿਘਨ ਸ਼ੋਰ) ਤੁਸੀਂ ਇੱਕ ਗੱਲ ਕਰ ਦਿੱਤੀ ਉਹ ਗੱਲ ਹੋ ਗਈ। ਲੋਧੀਨੰਗਲ ਸਾਹਿਬ ਤੁਹਾਡਾ ਇੱਕ ਸਵਾਲ ਰਹਿੰਦਾ ਹੈ। ਕੀ ਤੁਸੀਂ ਕੁਝ ਪੁੱਛਣਾ ਹੈ? ਬੈਠੋ, ਬੈਠੋ ਜੀ, ਹੋ ਗਿਆ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਕੀ ਤੁਸੀਂ ਧਾਰਮਿਕ ਐਡਵਾਈਜ਼ਰ ਹੋ ? ਉਸ ਨੂੰ 3 ਕਰੋੜ ਰੁਪਏ ਦੀ ਰਿਆਇਤ ਕਿਹੜੀ ਦੇ ਦਿੱਤੀ ਹੈ? ਫਿਰ ਤੁਸੀਂ ਮਿੱਲ ਡੀ-ਸੀਲ ਕਰ ਦਿੱਤੀ।

**ਮੰਤਰੀ :** ਅਸੀਂ ਮਾਫ ਨਹੀਂ ਕੀਤੇ ਹਨ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਤੁਸੀਂ ਮਿੱਲ ਚਲਾ ਦਿੱਤੀ। ਸਪੀਕਰ ਸਾਹਿਬ, 3 ਕਰੋੜ ਰੁਪਏ ਦੀ ਰਿਆਇਤ ਦੇ ਦਿੱਤੀ। ਮਿੱਲ ਨੂੰ ਵੀ ਡੀ-ਸੀਲ ਕਰ ਦਿੱਤਾ ਅਤੇ ਪਨੂੰ ਸਾਹਿਬ ਨੂੰ ਟ੍ਰਾਂਸਫਰ ਕਰ ਦਿੱਤਾ, ਸੀਚੇਵਾਲ ਜੀ ਨੂੰ ਕੱਢ ਦਿੱਤਾ। ਫਿਰ ਇਹ ਕਹਿੰਦੇ ਹਨ ਕਿ ਅਸੀਂ ਬਹੁਤ ਕਾਰਵਾਈ ਕੀਤੀ ਹੈ। ਦੀਵਾਰ ਤਾਂ ਹਾਲੇ ਵੀ ਨਹੀਂ ਬਣੀ। ਇਹ ਹਾਲਾਤ ਬਣੇ ਹੋਏ ਹਨ।

**ਮਾਨਯੋਗ ਸਪੀਕਰ:** ਨੈਕਸਟ ਕਾਲ ਅਟੈਂਸ਼ਨ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ (ਵਿਘਨ) (ਸ਼ੋਰ) ਅਗਲੀ ਕਾਲ ਅਟੈਂਸ਼ਨ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ।(ਵਿਘਨ) (ਸ਼ੋਰ)

**ਮੰਤਰੀ :** ਦਸਾਂ ਸਾਲਾਂ ਵਿੱਚ ਇਨ੍ਹਾਂ ਨੂੰ ਪਾਣੀ ਦਾ ਕੋਈ ਫਿਕਰ ਨਹੀਂ ਸੀ, ਕੀ ਇਹ ਸੁੱਤੇ ਪਏ ਸਨ?

**ਮਾਨਯੋਗ ਸਪੀਕਰ :** ਸਰਕਾਰੀਆ ਸਾਹਿਬ, ਤੁਸੀਂ ਬੈਠੋ। ਸਰਕਾਰੀਆ ਸਾਹਿਬ, ਇੱਧਰ ਦੇਖੋ, ਤੁਸੀਂ ਬੈਠੋ । ਰੰਧਾਵਾ ਜੀ, ਤੁਸੀਂ ਵੀ ਬੈਠੋ। ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਗੁਰਪ੍ਰਤਾਪ ਸਿੰਘ ਵਡਾਲਾ ਜੀ, ਕਾਲ ਅਟੈਂਸ਼ਨ ਪੜ੍ਹੋ।(ਵਿਘਨ ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਉਸ ਨੂੰ 10 ਕਰੋੜ ਦਾ ਫਾਈਨ ਲੱਗ ਜਾਣਾ ਸੀ, ਇਸ ਗੱਲ ਦਾ ਵੀ ਵਜ਼ੀਰ ਸਾਹਿਬ ਨੂੰ ਪਤਾ ਸੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਵਡਾਲਾ ਸਾਹਿਬ, ਇੱਕ ਮਿੰਟ ਜੀ। ਮੈਂ ਵੀ ਜ਼ਰਾ ਨਾਲ ਲੱਗਦੇ ਹੀ ਇਨ੍ਹਾਂ ਕੋਲੋਂ ਕੋਆਪਰੇਟਿਵ ਸ਼ੂਗਰ ਮਿੱਲ ਦੀ ਗੱਲ ਕਰ ਲਵਾਂ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਿ ਰਿਹਾ ਹਾਂ ਕਿ ਇਨ੍ਹਾਂ ਦੀ ਇੱਕ ਕੰਪਨੀ ਸਨੇਰੀਆ ਹੈ, ਉਨ੍ਹਾਂ ਨੇ ਨਵਾਂਸ਼ਹਿਰ ਵਿਖੇ co-generation ਦਾ ਪਲਾਂਟ ਲਗਾਇਆ ਸੀ, ਉਨ੍ਹਾਂ

ਕੋਲ ਕੋਆਪਰੇਟਿਵ ਸ਼ੂਗਰ ਮਿੱਲ ਦਾ ਬਕਾਇਆ ਹੈ। ਕਿਰਪਾ ਕਰਕੇ ਉਹ ਬਕਾਇਆ ਤਾਂ ਵਾਪਿਸ ਕਰ ਦਿਉ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਓ ਜੀ।

**ਮਾਨਯੋਗ ਸਪੀਕਰ :** ਇਹ never ending ਹੋ ਜਾਵੇਗਾ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਉ। ਇਹ ਜਿਹੜੇ ਹੁਣ ਸਤਿਕਾਰਯੋਗ ਮੰਤਰੀ ਜੀ ਬੋਲੇ ਹਨ ਇਹ ਤੁਹਾਡੇ ਰੋਸ਼ਨ ਦਿਮਾਗ ਹੀ ਹਨ। ਇਹ ਇਸ ਗੱਲ ਤੋਂ ਰੋਸ਼ਨ ਦਿਮਾਗ ਹਨ ਕਿ ਕੱਲ੍ਹ 1984 ਦੀ ** ** ਦੀ ਗੱਲ ਹੋਈ, 1984 ਦੇ ਮੁੱਦੇ ਤੇ ਆਪ ਕੈਪਟਨ ਅਮਰਿੰਦਰ ਸਿੰਘ ਜੀ ਮੰਨੇ ਹਨ।

**ਮਾਨਯੋਗ ਸਪੀਕਰ :** ਇਹ ** ਐਕਸਪੰਜ ਕਰ ਦਿੱਤਾ ਜਾਵੇ।(ਵਿਘਨ)(ਸ਼ੋਰ) ਬੈਠੋ, ਬੈਠੋ, ਬੈਠੋ, ਇਹ never ending ਹੋ ਜਾਏਗਾ, never ending ਹੋ ਜਾਏਗਾ। It will be never ending (ਵਿਘਨ) (ਸ਼ੋਰ) ਸ਼੍ਰੀ ਬ੍ਰਹਮ ਮਹਿੰਦਰਾ ਜੀ ਖੜ੍ਹੇ ਹਨ। (ਵਿਘਨ)(ਸ਼ੋਰ)

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਗੱਲ ਕੀਤੀ ਹੈ, ਇਹ ਬੜੇ ਅਫਸੋਸ ਦੀ ਗੱਲ ਹੈ । ਸਪੀਕਰ ਸਾਹਿਬ, ਤੁਸੀਂ ਠੀਕ ਕੀਤਾ ਕਿ ਤੁਸੀਂ ਨਾਮ ** ਐਕਸਪੰਜ ਕਰਵਾ ਦਿੱਤਾ ਹੈ। ਇਨ੍ਹਾਂ ਦੇ ਨਾਲ ਮੈਂ ਥੋੜ੍ਹੀ ਜਿਹੀ ਗੱਲ ਕਰਨੀ ਚਾਹਾਂਗਾ। ਇਹ ਜਿਹੜੀ 1984 ਦੀ ਗੱਲ ਕਰਦੇ ਹਨ, ਕਿਤੇ ਵੀ ਕੋਈ ਐਫ.ਆਈ.ਆਰ. ਕਿਤੇ ਕੋਈ ਐਸਾ ਨਾਮ ਜਾਂ ਕੇਸ ਨਹੀਂ ਹੈ (ਵਿਘਨ)(ਸ਼ੋਰ) ਮੈਨੂੰ ਬੋਲ ਲੈਣ ਦਿਉ ਜੀ, Let me speak, let me speak.

**ਮਾਨਯੋਗ ਸਪੀਕਰ :** ਤੁਸੀਂ ਨਾਂ ਲਿਆ ਹੈ, ਹੁਣ ਇਨ੍ਹਾਂ ਨੂੰ ਜਵਾਬ ਦੇਣ ਦਿਓ।

**ਸੰਸਦੀ ਮਾਮਲੇ ਮੰਤਰੀ :** ਮੈਨੂੰ ਬੋਲ ਲੈਣ ਦਿਓ। ਸਰ, ਮੇਰੇ ਕੋਲ ਮੇਰਾ ਫੋਨ ਨਹੀਂ ਹੈ। I want to speak sir.

**ਮਾਨਯੋਗ ਸਪੀਕਰ :** ਮਜੀਠੀਆ ਜੀ, ਤੁਸੀਂ ਆਪਣੀ ਗੱਲ ਕਹਿ ਲਈ ਹੈ। ਹੁਣ ਸ਼੍ਰੀ ਬ੍ਰਹਮ ਮਹਿੰਦਰਾ ਜੀ ਨੂੰ ਗੱਲ ਕਰ ਲੈਣ ਦਿਉ।ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਗੈਰ ਕਿਹਾ ਗਿਆ ਹੈ ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) ਉਹ ਐਕਸਪੰਜ ਕਰ ਦਿੱਤਾ ਗਿਆ ਹੈ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਉ। ਮੈਨੂੰ ਬੋਲ ਲੈਣ ਦਿਉ।(ਵਿਘਨ)

---

** Expunged as ordered by the Chair.

ਸਰ, ਉਹ 1984 ਤੋਂ ਬਾਅਦ 8 ਵਾਰ ਐਮ.ਪੀ. ਚੁਣੇ ਗਏ, ਕਦੇ ਗੱਲ ਨਹੀਂ ਆਈ। ਉਹ 1980 ਵਿਚ ਬਣੇ। ਇਹ 1984 ਵਿਚ ਵਾਰਦਾਤ ਦੀ ਗੱਲ ਕਰਦੇ ਹਨ, ਉਸ ਤੋਂ ਬਾਅਦ ਉਹ 8 ਵਾਰ ਐਮ.ਪੀ. ਚੁਣੇ ਗਏ, ਕਦੇ ਉਨ੍ਹਾਂ ਦੀ ਗੱਲ ਨਹੀਂ ਆਈ। ਤਿੰਨ ਵਾਰ ਕੈਬਨਿਟ ਮਨਿਸਟਰ ਬਣੇ, ਉਹ ਸਰਦਾਰ ਮਨਮੋਹਨ ਸਿੰਘ ਜੀ ਨਾਲ ਬਣੇ (ਵਿਘਨ) (ਸ਼ੋਰ) ਮੈਨੂੰ ਬੋਲ ਲੈਣ ਦਿਉ, ਬੋਲ ਲੈਣ ਦਿਉ। ਸਰ, ਮੈਨੂੰ ਇਜਾਜ਼ਤ ਦਿਓ। ਮੈਨੂੰ ਆਪਣਾ ਫੋਨ ਲਿਆਉਣ ਦਿਓ। ਉਸ ਵਿਚ ਇਨ੍ਹਾਂ ਦੀਆਂ ਫੋਟੋਗ੍ਰਾਫਜ਼ ਹਨ, ਬਾਦਲ ਸਾਹਿਬ ** ** ਜੀ ਨੂੰ ਗੁਲਦਸਤਾ ਦੇ ਰਹੇ ਹਨ। ਗੁਲਦਸਤਾ ਦਿੰਦੇ ਹੋਏ ਇਹ ਕਹਿੰਦੇ ਹਨ ਕਿ 1984 ਦੇ ਦੰਗਿਆਂ ਵਿਚ ** ** ਦਾ ਕੋਈ ਹੱਥ ਨਹੀਂ ਹੈ। (ਵਿਘਨ) ਸਰ, ਇੱਕ ਮਿੰਟ ਮੈਨੂੰ ਬੋਲ ਲੈਣ ਦਿਓ, ਮੈਨੂੰ ਕੰਪਲੀਟ ਕਰ ਲੈਣ ਦਿਓ।

**ਮਾਨਯੋਗ ਸਪੀਕਰ :** ਸੀ.ਐਮ. ਸਾਹਿਬ ਖੜ੍ਹੇ ਹਨ, ਪਲੀਜ਼ ਬੈਠੋ, ਪਲੀਜ਼ ਬੈਠੋ, ਸਰਦਾਰ ਬਿਕਰਮ ਸਿੰਘ ਜੀ, ਪਲੀਜ਼, ਤੁਸੀਂ ਬੈਠੋ। ਸਰਦਾਰ ਬਿਕਰਮ ਸਿੰਘ ਜੀ, ਬੈਠੋ। ਸੀ.ਐਮ. ਸਾਹਿਬ ਖੜ੍ਹੇ ਹਨ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਖੜ੍ਹਾ ਹੋਇਆ ਹਾਂ।

**ਮਾਨਯੋਗ ਸਪੀਕਰ :** ਸ਼੍ਰੀ ਬ੍ਰਹਮ ਮਹਿੰਦਰਾ ਜੀ, ਪਲੀਜ਼ ਬੈਠੋ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਨੂੰ ਇੱਕ ਗੱਲ ਹੋਰ ਕਰ ਲੈਣ ਦਿਓ। ** ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸੈਕਟਰੀ ਇੰਚਾਰਜ ਰਹੇ ਹਨ। ਉੱਥੇ ਤਿੰਨ ਇਲੈਕਸ਼ਨਾਂ ਹੋਈਆਂ, ਦੋ ਇਲੈਕਸ਼ਨਾਂ ਵਿਚ ਸ਼ੀਲਾ ਦੀਕਸ਼ਿਤ ਦੀਆਂ ਟਿਕਟਾਂ ਸਾਰਾ ਕੁਝ ਦਿੱਲੀ ਵਿਚ ਹੋਇਆ।(ਵਿਘਨ) (ਸ਼ੋਰ) ਜਦੋਂ ਕਾਂਗਰਸ ਦੀ ਸਰਕਾਰ ਬਣੀ ਉਦੋਂ ਉਨ੍ਹਾਂ ਨੂੰ ** ਨਾਂ ਯਾਦ ਨਹੀਂ ਆਇਆ।ਅੱਜ ਇਹ ਗੱਲਾਂ ਕਰਦੇ ਹਨ। ਮੈਨੂੰ ਪੰਜ ਦਸ ਮਿੰਟ ਦੇ ਦਿਓ। ਮੈਂ ਬਾਦਲ ਸਾਹਿਬ ਨਾਲ ਇਨ੍ਹਾਂ ਦੀਆਂ ਫੋਟੋਆਂ...

**ਮਾਨਯੋਗ ਸਪੀਕਰ :** ਅਗਲੀ ਕਾਲ ਅਟੈਂਸ਼ਨ, ਅਗਲੀ ਕਾਲ ਅਟੈਂਸ਼ਨ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ। ਸੀ.ਐਮ. ਸਾਹਿਬ ਖੜ੍ਹੇ ਹਨ। ਹਾਂ ਜੀ, ਸੀ.ਐਮ.ਸਾਹਿਬ ਜੀ ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਸਾਡੇ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ। ਮੈਂ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਦੇਸ਼ ਵਿਚ ਜਿਹੜਾ ਕਾਨੂੰਨ ਹੈ, ਆਪਾਂ ਸਾਰਿਆਂ ਨੂੰ ਕਾਨੂੰਨ ਮੁਤਾਬਿਕ ਚਲਣਾ ਪੈਂਦਾ ਹੈ। ਕਿਸੇ ਤੇ ਕੋਈ ਦੋਸ਼ ਲੱਗ ਜਾਂਦਾ ਹੈ, ਕਿਸੇ ਤੇ ਕੋਈ ਦੋਸ਼ ਲੱਗ ਜਾਂਦਾ ਹੈ। ਜੋ ਇੱਥੇ ਇਨ੍ਹਾਂ ਨੇ ਅੰਕੜੇ ਦੱਸੇ ਹਨ, ** ਕਿੰਨੇ ਵਾਰ ਇੱਥੇ ਪਾਰਲੀਮੈਂਟ ਵਿਚ ਰਹੇ ਹਨ।ਦਸ ਸਾਲ ਤੋਂ ਉੱਪਰ ਤਾਂ ਉਹ ਮਨਿਸਟਰ ਰਹੇ। ਇਨ੍ਹਾਂ ਦੇ ਬੰਦੇ ਵੀ ਉੱਥੇ ਬੀ.ਜੇ.ਪੀ. ਵਾਲੇ ਅਕਾਲੀ ਦਲ ਵਾਲੇ ਵੀ ਸਨ। ਉਦੋਂ ਤਾਂ ਕਿਸੇ ਨੇ ਨਹੀਂ ਕਿਹਾ ਕਿ ਤੁਸੀਂ ਇੱਥੇ ਮਨਿਸਟਰ ਕਿਉਂ

** Expunged as ordered by the Chair.

ਬੈਠੇ ਹੋ। Let us leave these things to the law. According to law, if somebody is guilty, he is guilty and if he is not guilty then he is not guilty.

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ :** ਤੁਸੀਂ ਨਾ ਬੋਲੋ, ਹੁਣ ਸੀ.ਐਮ. ਸਾਹਿਬ ਬੋਲ ਲਏ ਹਨ, ਹੁਣ ਕੁਝ ਬਾਕੀ ਨਹੀਂ ਰਹਿ ਗਿਆ। (ਵਿਘਨ) (ਸ਼ੋਰ) ਸਰਦਾਰ ਸੁਖਬੀਰ ਸਿੰਘ ਜੀ, ਤੁਸੀਂ ਬੈਠੋ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਨੂੰ ਇਸ ਤੇ ਇੱਕ ਗੱਲ ਹੋਰ ਕਹਿ ਲੈਣ ਦਿਓ । ਇਸ ਉੱਤੇ ਨਾਨਾਵਤੀ ਕਮਿਸ਼ਨ ਬੈਠਿਆ ਹੈ। ਨਾਨਾਵਤੀ ਕਮਿਸ਼ਨ ਨੇ ** ** ਨੂੰ ਐਗਜ਼ੋਨਰੇਟ ਕੀਤਾ ਹੈ। ਜਿਹੜਾ ਕਮਿਸ਼ਨ ਬੈਠਿਆ ਸੀ, ਉਹੀ ਕਹੀ ਜਾਂਦਾ ਹੈ ......(ਵਿਘਨ)......

**ਮਾਨਯੋਗ ਸਪੀਕਰ :** ਸਰਦਾਰ ਸੁਖਬੀਰ ਸਿੰਘ ਜੀ, ਪਲੀਜ਼ ਬੈਠੋ, ਪਲੀਜ਼ ਬੈਠੋ।।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ ......

**ਮਾਨਯੋਗ ਸਪੀਕਰ :** ਬੈਠੋ, ਚੀਮਾ ਜੀ।(ਵਿਘਨ) (ਸ਼ੋਰ)

(ਅਵਾਜ਼ਾਂ : ਲੀਡਰ ਆਫ ਦਿ ਆਪੋਜੀਸ਼ਨ ਨੂੰ ਬੋਲਣ ਦਿਓ।)

**ਮਾਨਯੋਗ ਸਪੀਕਰ :** ਇਸ ਤਰ੍ਹਾਂ ਨਹੀਂ ਹੋਣਾ, ਨਹੀਂ ਹੋਣਾ (ਵਿਘਨ) ਸਰਦਾਰ ਸੁਖਬੀਰ ਸਿੰਘ ਬਾਦਲ ਜੀ, ਚਲੋ ਤੁਸੀਂ ਬੋਲੋ ।(ਵਿਘਨ)

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਹੁਣੇ ਹੀ ਜ਼ਿਕਰ ਕੀਤਾ ਹੈ ਕਿ law should take its own course. ਮੈਂ ਦੱਸਣਾ ਚਾਹੁੰਦਾ ਹਾਂ ਕਿ ਕਿਵੇਂ ਕਾਨੂੰਨ ਨੂੰ ਦਬਾਇਆ ਗਿਆ। ਮੈਂ ਐਗਜ਼ਾਂਪਲ ਦੇਣੀ ਚਾਹੁੰਦਾ ਹਾਂ। Just give me only five minutes. ਆਹ ਜਿਹੜੇ ਦੋ ਦੋਸ਼ੀ ਹਨ, ਜਿਨ੍ਹਾਂ ਨੂੰ ਹੁਣੇ ਹੀ ਸਜ਼ਾ ਹੋਈ ਹੈ। ਇੱਕ ਨੂੰ ਸਜ਼ਾ-ਏ ਮੌਤ ਹੋਈ ਹੈ, ਇੱਕ ਨੂੰ ਉਮਰ ਕੈਦ ਮਿਲੀ ਹੈ। ਇਹ ਜਿਹੜਾ ਕੇਸ ਸੀ, 1984 ਤੋਂ ਬਾਅਦ ਪਹਿਲਾਂ ਤਾਂ ਇਹ ਕੇਸ ਰਜਿਸਟਰ ਨਹੀਂ ਹੁੰਦਾ ਸੀ। ਇੱਕ ਡੇਢ ਸਾਲ ਬਾਅਦ ਰਜਿਸਟਰ ਹੋਇਆ। ਉਸ ਤੋਂ ਬਾਅਦ ਸੀ.ਬੀ.ਆਈ. ਕੋਲ ਚਲਾ ਗਿਆ, ਇਸ ਕੇਸ ਨੂੰ ਸੀ.ਬੀ.ਆਈ. ਨੇ ਬੰਦ ਕਰ ਦਿੱਤਾ। ਇਹ ਜਿਹੜੇ ਕਿਸੇ ਕੇਸ ਵਿੱਚ ਦੋ ਗ੍ਰਿਫਤਾਰ ਹੋਏ ਹਨ, ਇਹ ਕੇਸ ਖੋਲ੍ਹਿਆ ਜਾਂਦਾ ਸੀ, ਬੰਦ ਕਰ ਦਿੱਤਾ ਜਾਂਦਾ ਸੀ। ਇਸ ਕੇਸ ਨੂੰ ਪੰਜ ਵਾਰ ਬੰਦ ਕੀਤਾ ਸੀ ਲੇਕਿਨ ਜਦੋਂ ਮੋਦੀ ਸਾਹਿਬ ਪ੍ਰਧਾਨ ਮੰਤਰੀ ਬਣੇ ਤਾਂ ਅਸੀਂ ਉਨ੍ਹਾਂ ਕੋਲ ਗਏ। ਉਨ੍ਹਾਂ ਨੇ 2015 ਵਿੱਚ ਇੱਕ ਐਸ.ਆਈ.ਟੀ. ਬਣਾਈ। ਉਸ ਐਸ.ਆਈ.ਟੀ. ਦੇ ਰਾਹੀਂ ਇੱਕ ਸਾਲ ਦੇ ਅੰਦਰ

---

** Expunged as ordered by the Chair.

[ ਸਰਦਾਰ ਸੁਖਬੀਰ ਸਿੰਘ ਬਾਦਲ ]

ਇਨਵੈਸਟੀਗੇਸ਼ਨ ਹੋਈ, ਜਿਹੜਾ ਪੰਜ ਵਾਰ ਕੇਸ ਬੰਦ ਹੋ ਗਿਆ ਸੀ, ਉਸ ਦੀ ਇੱਕ ਸਾਲ ਇਨਵੈਸਟੀਗੇਸ਼ਨ ਹੋਈ, ਇੱਕ ਸਾਲ ਫਾਸਟ ਟਰੈਕ ਕੋਰਟਸ ਵਿੱਚ ਕੇਸ ਚੱਲਿਆ ਅਤੇ ਢਾਈ ਸਾਲਾਂ ਦੇ ਅੰਦਰ ਇਨਸਾਫ ਮਿਲਿਆ, ਜਿਹੜਾ 40 ਸਾਲ ਜਸਟਿਸ ਨਹੀਂ ਮਿਲਦਾ ਸੀ, ਉਸ ਬੰਦੇ ਨੂੰ ਵਾਰ ਵਾਰ ਜਾਣ-ਬੁਝ ਕੇ ਬਰੀ ਕੀਤਾ ਜਾਂਦਾ ਸੀ, ਹੁਣ ਪਿਛਲੇ ਦੋ ਸਾਲਾਂ ਦੇ ਕੇਸ ਕਰਕੇ ਉਸ ਨੂੰ ਸਜ਼ਾ-ਏ ਮੌਤ ਹੋ ਗਈ ਹੈ। ਬਾਕੀ ਕੇਸ ਵੀ ਚੱਲ ਰਹੇ ਹਨ। ਆਹ ਜਿਹੜਾ ਕਹਿਣਾ ਕਿ ਕੇਸ ਨਹੀਂ ਹੈ, Court will take its time. ਆਹ ਸਾਰੇ ਦਬਾਏ ਜਾਂਦੇ ਸੀ। ਲਗਾਤਾਰ 40 ਸਾਲ ਦਬਾਏ ਗਏ ਹਨ, ਉਨ੍ਹਾਂ ਨੂੰ ਪ੍ਰੋਟੈਕਸ਼ਨ ਦਿੱਤੀ ਗਈ ਹੈ।

**ਮਾਨਯੋਗ ਸਪੀਕਰ :** ਬੈਠੋ-ਬੈਠੋ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਜੋ ਗੱਲ ਇਨ੍ਹਾਂ ਨੇ ਕਹੀ ਹੈ, ਮੈਂ ਉਸ ਗੱਲ ਤੇ ਆਉਂਦਾ ਹਾਂ।

**ਮਾਨਯੋਗ ਸਪੀਕਰ :** ਰਾਣਾ ਗੁਰਮੀਤ ਸਿੰਘ ਸੋਢੀ ਸਾਹਿਬ ਜੀ।

**ਸੰਸਦੀ ਮਾਮਲੇ ਮੰਤਰੀ :** ਸਰ, ਮੈਨੂੰ ਇੱਕ ਮਿੰਟ ਬੋਲ ਲੈਣ ਦਿਓ।

**ਮਾਨਯੋਗ ਸਪੀਕਰ :** ਰਾਣਾ ਸੋਢੀ ਜੀ ਨੂੰ ਬੋਲ ਲੈਣ ਦਿਓ।

**ਖੇਡਾਂ ਅਤੇ ਯੁਵਕ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਆਪਣੇ ਸਾਹਮਣੇ ਬੈਠੇ ਦੋਸਤਾਂ ਨੂੰ ਦੱਸਣਾ ਚਾਹੁੰਦਾ ਹਾਂ। ਜਿਹੜੀ ਇਹ ਗੱਲ ਕਰ ਰਹੇ ਹਨ ਕਿ ** ਜੀ ਦਾ ਨਾਮ ਲੈ ਲਿਆ, ਟਾਈਟਲਰ ਦਾ ਨਾਮ ਲੈ ਲਿਆ। ਪਹਿਲੀ ਗੱਲ ਤਾਂ ਜਿਹੜੇ ਇਨ੍ਹਾਂ ਦੇ ਅਲਾਇੰਸ ਪਾਰਟਨਰ ਹਨ, ਬੀ.ਜੇ.ਪੀ.,** ਨੇ ਖੁਦ ਇਹ ਪਾਰਲੀਮੈਂਟ ਵਿੱਚ ਬਿਆਨ ਦਿੱਤਾ ਹੈ ਕਿ ਜਿਹੜਾ ਅਪ੍ਰੇਸ਼ਨ ਬਲਿਊ ਸਟਾਰ ਹੋਇਆ ਹੈ, ਉਸ ਦਾ ਕਰੈਡਿਟ ਬੀ.ਜੇ.ਪੀ. ਨੂੰ ਜਾਂਦਾ ਹੈ ਕਿ ਅਸੀਂ ਜ਼ੋਰ ਪਾ ਕੇ ਕਰਵਾਇਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਉਦੋਂ ਇਹ ਕਿੱਥੇ ਸੀ ? ਦੂਸਰੀ ਇੱਕ ਗੱਲ ਹੋਰ ਸੁਣ ਲਵੋ। ਅਡਵਾਨੀ ਸਾਹਿਬ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ। (ਵਿਘਨ)(ਸ਼ੋਰ) ਤੀਸਰਾ ਪੁਆਇੰਟ। ਇੱਕ ਸੈਕਿੰਡ, ਇੱਕ ਸੈਕਿੰਡ। (ਵਿਘਨ) ਮਜੀਠੀਆ ਜੀ, ਮੇਰੀ ਗੱਲ ਤਾਂ ਸੁਣ ਲਵੋ। ਇਨ੍ਹਾਂ ਨੇ ਐਸ.ਆਈ.ਟੀ. ਬਣਾਈ।(ਵਿਘਨ)(ਸ਼ੋਰ) ਸਰ, ਮੇਰੀ ਗੱਲ ਸੁਣੋ (ਵਿਘਨ) Advani Sahib mentioned in his book, ਉਸ ਕਿਤਾਬ ਵਿੱਚ ਲਿਖਿਆ ਹੈ .....(ਵਿਘਨ).....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਉੱਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਰਾਣਾ ਜੀ, ਤੁਸੀਂ ਬੈਠ ਜਾਓ, ਤੁਸੀਂ ਬੈਠ ਜਾਓ। ਰਾਣਾ ਜੀ, ਬੈਠ ਜਾਓ। ਸ਼੍ਰੀ ਬ੍ਰਹਮ ਮਹਿੰਦਰਾ ਜੀ, ਕੁਝ ਕਹਿਣਾ ਚਾਹੁੰਦੇ ਹਨ ...(ਵਿਘਨ).....

---

** Expunged as ordered by the Chair.

ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਖੜ੍ਹੇ ਹਨ, ਰਾਣਾ ਜੀ, ਤੁਸੀਂ ਬੈਠ ਜਾਓ। ਰਾਣਾ ਜੀ, ਤੁਸੀਂ ਬੈਠੋ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਸਤਿਕਾਰਯੋਗ ਸੁਖਬੀਰ ਬਾਦਲ ਜੀ ਨੇ ਕਿਹਾ ਹੈ.. (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਬਾਦਲ ਸਾਹਿਬ, ਬੈਠੋ ਤੁਸੀਂ। ਤੁਸੀਂ ਬੈਠ ਜਾਓ। ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ ਬੋਲ ਰਹੇ ਹਨ, ਇਸ ਲਈ ਰਾਣਾ ਜੀ, ਤੁਸੀਂ ਬੈਠ ਜਾਓ। ਰਾਣਾ ਜੀ, ਤੁਸੀਂ ਬਹਿ ਜਾਓ, ਇਸ ਤਰ੍ਹਾਂ ਨਾ ਕਰੋ।

**Sardar Sukhbir Singh Badal :** Speaker Sahib, investigation is going on in all other cases. ਸੱਜਣ ਕੁਮਾਰ ਅਤੇ ਟਾਈਟਲਰ ਦੇ various ਕੇਸਿਜ਼ prosecution ਵਿੱਚ ਆ ਗਏ ਹਨ, ਕਿਸੇ ਟਾਈਮ ਵੀ ਤੁਸੀਂ ਖੁਸ਼ਖਬਰੀ ਸੁਣ ਲਵੋਗੇ । ਪਰ ਰਾਣਾ ਸਾਹਿਬ ਇੱਕ ਗੱਲ ਦੱਸ ਦਿਉ ਕਿ ਟਾਈਟਲਰ ਨੇ ਕੀਤਾ ਸੀ ਕਿ ਨਹੀਂ? ਤੁਸੀਂ ਹਾਂ ਜਾਂ ਨਾ ਕਰ ਦਿਓ। (ਵਿਘਨ)

(ਇਸ ਸਮੇਂ ਖੇਡਾਂ ਅਤੇ ਯੁਵਕ ਮਾਮਲੇ ਮੰਤਰੀ ਬਿਨਾਂ ਮਾਈਕ ਤੋਂ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਸੰਬੋਧਨ ਕਰਕੇ ਕੁਝ ਬੋਲ ਰਹੇ ਸਨ।) (ਵਿਘਨ) (ਸ਼ੋਰ)

**Mr. Speaker :** Please address the Chair. ..... (Interruptions).... Please address the Chair. ਇਸ ਤਰ੍ਹਾਂ ਨਾ ਕਰੋ । ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਖੇਡਾਂ ਅਤੇ ਯੁਵਕ ਮਾਮਲੇ ਮੰਤਰੀ, ਰਾਣਾ ਗੁਰਮੀਤ ਸਿੰਘ ਸੋਢੀ ਇੱਕ ਦੂਸਰੇ ਨੂੰ ਸੰਬੋਧਨ ਕਰਦੇ ਹੋਏ ਬਿਨਾਂ ਮਾਈਕ ਤੋਂ ਉੱਚੀ-ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਹੁਣ ਮੈਨੂੰ ਅੱਗੇ ਚੱਲਣ ਦਿਉ। ਰਾਣਾ ਸਾਹਿਬ, ਤੁਸੀਂ ਬੈਠੋ। ਰਾਣਾ ਸਾਹਿਬ, ਪਲੀਜ਼ ਬੈਠੋ, ਪਲੀਜ਼ ਬੈਠੋ। (ਵਿਘਨ)(ਸ਼ੋਰ) ਪਲੀਜ਼, ਤੁਸੀਂ ਬੈਠੋ। ਤੁਸੀਂ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਇਸ ਤਰ੍ਹਾਂ ਨਾ ਕਰੋ। ਸ਼੍ਰੀ ਬ੍ਰਹਮ ਮਹਿੰਦਰਾ ਜੀ ਕੁਝ ਕਹਿਣਾ ਚਾਹੁੰਦੇ ਹਨ। ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਸਤਿਕਾਰਯੋਗ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਕਿਹਾ ਹੈ ਕਿ ਲਾਅ ਡਿਸਟੋਰਟ ਕੀਤਾ ਗਿਆ ਹੈ, ਇਹ ਕੇਸ ਰਜਿਸਟਰ ਨਹੀਂ ਹੋਣ ਦਿੱਤੇ ਗਏ। ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਲ 1984 ਤੋਂ ਬਾਅਦ ਪੰਜ ਨਾਨ- ਕਾਂਗਰਸ ਪ੍ਰਾਈਮ ਮਨਿਸਟਰ ਆਏ ਹਨ, ਸ਼੍ਰੀ ਦੇਵੇਗੋੜਾ ਜੀ, ਸ਼੍ਰੀ ਆਈ.ਕੇ.ਗੁਜਰਾਲ ਜੀ, ਸ਼੍ਰੀ ਵੀ.ਪੀ.ਸਿੰਘ ਜੀ ਔਰ ਉਸ ਤੋਂ

ਬਾਅਦ ਸ਼੍ਰੀ ਵਾਜਪਾਈ ਜੀ ਆਏ ਹਨ ਜਿਸ ਵਿੱਚ ਇਹ ਸਾਂਝੀਦਾਰ ਸਨ। ਇਹ ਇਨ੍ਹਾਂ ਨੇ ਉਦੋਂ ਨਹੀਂ ਕੀਤੇ, ਇਨ੍ਹਾਂ ਨੇ ** ਦੇ ਉਸ ਵੇਲੇ ਨਹੀਂ ਕਰ ਸਕੇ। ਆਹ, ਮੇਰੇ ਕੋਲ ਫੋਟੋਆਂ ਪਈਆਂ ਹਨ (ਆਪਣੇ ਮੋਬਾਈਲ ਤੋਂ ਫੋਟੋਆਂ ਵਿਖਾਉਂਦੇ ਹੋਏ।) ਆਹ ਵੇਖੋ, ਬਾਦਲ ਸਾਹਿਬ ਉਨ੍ਹਾਂ ਨੂੰ ਹਾਰ ਪਾ ਰਹੇ ਹਨ, ਆਹ ਬਾਦਲ ਸਾਹਿਬ, ਗੁਲਦਸਤਾ ਲੈ ਕੇ ਖੜ੍ਹੇ ਹਨ, ਇਹ ਫੋਟੋਆਂ ਇਨ੍ਹਾਂ ਨੂੰ ਵਿਖਾ ਦਿਉ।(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਹੁਣ ਤੁਸੀਂ ਬੈਠ ਜਾਓ। ਬੈਠੋ ਪਲੀਜ਼ ਬੈਠੋ। ਅਗਲੀ ਕਾਲ ਅਟੈਨਸ਼ਨ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ। (ਵਿਘਨ)(ਸ਼ੋਰ) ਮਜੀਠੀਆ ਸਾਹਿਬ, ਬੈਠੋ। It will be never ending. It will be never ending.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਸਮੂਹ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਹਾਂ ਜੀ, ਰੰਧਾਵਾ ਜੀ, ਰੰਧਾਵਾ ਜੀ। ਰੰਧਾਵਾ ਜੀ। ਰੰਧਾਵਾ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਛੱਡ ਕੇ ਬਾਕੀ ਹਾਜ਼ਰ ਮੈਂਬਰ ਤੇ ਬੀ.ਜੇ.ਪੀ. ਦੇ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਤੇ ਸਰਕਾਰ ਵਿਰੋਧੀ ** ** ਨਾਅਰੇ ਲਗਾਉਣ ਲੱਗ ਪਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ।)

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਇੱਥੇ ਇਨ੍ਹਾਂ ਨੇ ਜੋ 1984 ਦੀ ਗੱਲ ਕੀਤੀ ਹੈ, ਮੈਂ ਉਸ ਬਾਰੇ ਮਜੀਠੀਆ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1996 ਤੱਕ ਤਾਂ ਇਨ੍ਹਾਂ ਦਾ ਪਰਿਵਾਰ ਕਾਂਗਰਸ ਵਿਚ ਰਿਹਾ ਹੈ। (ਵਿਘਨ)(ਸ਼ੋਰ) ਦੂਸਰੀ ਚੀਜ਼ ਮੈਂ ਇਨ੍ਹਾਂ ਮਾਨਯੋਗ ਮੈਂਬਰ ਸਾਹਿਬਾਨ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਇੱਕ ਸਾਬਕਾ ਮੰਤਰੀ ਨੂੰ ਸ਼੍ਰੀ ਅਕਾਲ ਤਖਤ ਵੱਲੋਂ ਪੰਥ ਵਿਚੋਂ ਛੇਕਿਆ ਗਿਆ ਅਤੇ ਬਾਦਲ ਸਾਹਿਬ ਨੇ ਪਰਸੋਂ ਕੋਲਿਆਂਵਾਲੀ ਪਿੰਡ ਵਿੱਚ ਜਾ ਕੇ ਕਿਹਾ ਸਰਦਾਰ ਸੁੱਚਾ ਸਿੰਘ ਲੰਗਾਹ ਸਾਹਿਬ। (ਵਿਘਨ)(ਸ਼ੋਰ) ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਵੀ ਮੁਨਕਰ ਹੋ ਗਏ ਹਨ ਕਿ ਜਿਨ੍ਹਾਂ ਨੂੰ ਪੰਥ ਵਿਚੋਂ ਕੱਢਿਆ ਜਾਂਦਾ ਹੈ ਉਨ੍ਹਾਂ ਨੂੰ ਵੀ ਇਹ ਸਾਹਿਬ ਕਹਿੰਦੇ ਹਨ।(ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਵੀ

---

** Expunged/Not recorded as ordered by the Chair.

ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ:** ਵਡਾਲਾ ਸਾਹਿਬ, ਤੁਹਾਡੀ ਕਾਲ ਅਟੈਨਸ਼ਨ ਹੈ। ਵਡਾਲਾ ਸਾਹਿਬ, ਤੁਸੀਂ ਬੋਲੋ, ਵਡਾਲਾ ਸਾਹਿਬ, ਤੁਸੀਂ ਬੋਲੋ। ਤੁਸੀਂ ਇਨ੍ਹਾਂ ਨੂੰ ਵੀ ਮਨਾ ਲਵੋ। (ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਨੂੰ ਸੰਬੋਧਤ ਕਰਦੇ ਹੋਏ।) ** ਨਾਅਰੇ ਰਿਕਾਰਡ ਨਾ ਕੀਤੇ ਜਾਣ। ਵਡਾਲਾ ਸਾਹਿਬ, ਤੁਹਾਡੀ ਕਾਲ ਅਟੈਨਸ਼ਨ ਲੱਗੀ ਹੈ, ਤੁਸੀਂ ਪੁੱਟ ਕਰਨੀ ਹੈ ਜਾਂ ਨਹੀਂ ਕਰਨੀ? ਤੁਹਾਡੀਆਂ ਦੋਨੋਂ ਕਾਲ ਅਟੈਨਸ਼ਨਾਂ ਚਲੀਆਂ ਜਾਣੀਆਂ ਹਨ। ਤੁਸੀਂ ਇਨ੍ਹਾਂ ਨੂੰ ਰਿਕੁਐਸਟ ਕਰੋ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਆਪਣੀ ਸੀਟ ਤੇ ਵਾਪਸ ਚਲੇ ਗਏ।)

(ਇਸ ਸਮੇਂ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਬਾਕੀ ਹਾਜ਼ਰ ਮੈਂਬਰ ਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ। ਇਸ ਸਮੇਂ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਬੈਠੋ, ਬੈਠੋ। **ਨਾਅਰੇ ਰਿਕਾਰਡ ਨਾ ਕੀਤੇ ਜਾਣ। ਨਾਅਰੇ ਰਿਕਾਰਡ ਨਾ ਕੀਤੇ ਜਾਣ। ਤੁਸੀਂ ਬੈਠੋ। **ਨਾਅਰੇ ਰਿਕਾਰਡ ਨਾ ਕੀਤੇ ਜਾਣ।

-----

## Walk- Out

(ਇਸ ਸਮੇਂ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਛੱਡ ਕੇ, ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸ਼੍ਰੀ ਕਮਲ ਨਾਥ ਦਾ ਨਾਮ ਸ਼ਾਮਲ ਹੋਣ ਕਰਕੇ ਅਤੇ ਉਨ੍ਹਾਂ ਨੂੰ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਏ ਜਾਣ ਦੇ ਵਿਰੋਧ ਵਜੋਂ ** ** ਨਾਅਰੇ ਮਾਰਦੇ ਹੋਏ ਵਾਕ-ਆਊਟ ਕਰ ਗਏ।)

------

** Not recorded as ordered by the Chair.

## CALL ATTENTION NOTICES UNDER RULE 66

***(Resumption)***

**(ਕ੍ਰਮ ਨੰ: 4)**

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਰਾਜ ਵਿੱਚ ਆਲੂ ਦੀ ਫਸਲ ਦੀ ਪਿਛਲੇ 3-4 ਸਾਲਾਂ ਤੋਂ ਦੁਰਦਸ਼ਾ ਹੋ ਰਹੀ ਹੈ ਅਤੇ ਕਿਸਾਨਾਂ ਨੂੰ ਇਸ ਫਸਲ ਦਾ ਲਾਗਤ ਮੁੱਲ ਵੀ ਨਹੀਂ ਮਿਲ ਰਿਹਾ ਜਦਕਿ ਆਲੂ ਦੀ ਫਸਲ ਨੂੰ ਪਾਲਣ ਲਈ ਕਿਸਾਨਾਂ ਨੂੰ ਪੱਲਿਉਂ ਭਾਰੀ ਖਰਚਾ ਕਰਨਾ ਪੈਂਦਾ ਹੈ। ਬਹੁਤੀ ਵਾਰੀ ਕਿਸਾਨਾਂ ਵੱਲੋਂ ਕਰਜ਼ਾ ਚੁੱਕ ਕੇ ਫਸਲ ਤਿਆਰ ਕੀਤੀ ਜਾਂਦੀ ਹੈ। ਇਨ੍ਹਾਂ ਕਾਰਨਾਂ ਕਰਕੇ ਕਿਸਾਨਾਂ ਵਿੱਚ, ਖਾਸ ਕਰਕੇ ਦੋਆਬੇ ਦੇ ਕਿਸਾਨਾਂ ਵਿੱਚ ਬਹੁਤ ਮਾਯੂਸੀ ਪਾਈ ਜਾ ਰਹੀ ਹੈ। ਕਿਸਾਨਾਂ ਦਾ ਆਲੂ ਸਟੋਰਾਂ ਵਿੱਚ ਸੜ ਰਿਹਾ ਹੈ ਅਤੇ ਕੋਲਡ ਸਟੋਰਾਂ ਦੇ ਮਾਲਕਾਂ ਵੱਲੋਂ ਕਿਸਾਨਾਂ ਤੋਂ ਕਿਰਾਏ ਦੀ ਮੰਗ ਕੀਤੀ ਜਾ ਰਹੀ ਹੈ ਜੋ ਕਿ ਉਹ ਦੇਣ ਤੋਂ ਅਸਮਰਥ ਹਨ। ਮਜਬੂਰੀ ਵਿਚ ਕਿਸਾਨ ਆਪਣਾ ਆਲੂ ਸਟੋਰਾਂ ਵਾਲਿਆਂ ਨੂੰ ਕਿਰਾਏ ਦੇ ਇਵਜ਼ ਵਿੱਚ ਐਡਜਸਟ ਕਰਨ ਲਈ ਕਹਿਣ ਵਿੱਚ ਮਜਬੂਰ ਹੋ ਰਹੇ ਹਨ।

ਮੈਂ ਮੰਗ ਕਰਦਾ ਹਾਂ ਕਿ ਰਾਜ ਸਰਕਾਰ ਇਸ ਅਤਿ ਗੰਭੀਰ ਮਾਮਲੇ ਤੇ ਫੌਰੀ ਧਿਆਨ ਦੇਵੇ ਤੇ ਆਲੂ ਦੀ ਢੁੱਕਵੀਂ ਕੀਮਤ ਦਿਵਾਉਣ ਵਾਸਤੇ ਲੋੜੀਂਦੇ ਪ੍ਰਬੰਧ ਕਰੇ ਤਾਂ ਜੋ ਕਿਸਾਨਾਂ ਨੂੰ, ਜੋ ਪਹਿਲਾਂ ਹੀ ਕਰਜ਼ਿਆਂ ਥੱਲੇ ਦੱਬਿਆ ਹੋਇਆ ਹੈ, ਨੂੰ ਹੋਰ ਭਾਰੀ ਵਿੱਤੀ ਨੁਕਸਾਨ ਤੋਂ ਬਚਾਇਆ ਜਾ ਸਕੇ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) :** ਸਪੀਕਰ ਸਾਹਿਬ, ਵਡਾਲਾ ਜੀ ਨੇ ਅਤਿ ਜ਼ਰੂਰੀ ਸਵਾਲ ਉਠਾਇਆ ਹੈ। ਕਿਸਾਨਾਂ ਦੇ ਹਮਦਰਦ ਤੁਸੀਂ ਘੱਟ ਅਤੇ ਅਸੀਂ ਬਹੁਤ ਜ਼ਿਆਦਾ ਹਾਂ। ਕੈਪਟਨ ਸਾਹਿਬ ਨੇ ਸਾਰੇ ਇੰਤਜ਼ਾਮ ਕੀਤੇ ਹਨ ਅਤੇ ਜੇਕਰ ਲੋੜ ਪਈ ਤਾਂ ਸਰਕਾਰ step in ਕਰੇਗੀ, ਕੋਈ ਸਬਸਿਡੀ ਦੇਵੇਗੀ । ਜੇਕਰ ਲੋੜ ਪਈ ਤਾਂ ਮਾਰਕਫੈੱਡ, ਐਗਰੋ ਇੰਡਸਟਰੀ ਇਨ੍ਹਾਂ ਆਲੂਆਂ ਨੂੰ ਖਰੀਦੇਗੀ। ਸਪੀਕਰ ਸਾਹਿਬ, ਸਭ ਤੋਂ ਵੱਡਾ ਹੱਲ ਇਹ ਕਰ ਸਕਦੇ ਹਨ, ਇਨ੍ਹਾਂ ਦੇ ਭਾਈਵਾਲ ਕਰ ਸਕਦੇ ਹਨ, ਮੋਦੀ ਸਾਹਿਬ ਕਰ ਸਕਦੇ ਹਨ। ਕੈਪਟਨ ਸਾਹਿਬ ਨੇ ਦੋ ਚਿੱਠੀਆਂ ਮੋਦੀ ਸਰਕਾਰ ਨੂੰ ਲਿਖੀਆਂ ਹਨ, ਇਕ ਮੋਦੀ ਸਾਹਿਬ ਨੂੰ ਅਤੇ ਇਕ ਕਮਰਸ ਮਨਿਸਟਰ ਨੂੰ ਲਿਖੀ ਹੈ ਤਾਂ ਕਿ ਆਲੂਆਂ ਨੂੰ ਪਾਕਿਸਤਾਨ ਦੇ ਰਸਤੇ ਕਜ਼ਾਕਿਸਤਾਨ, ਉਜ਼ਬੇਕਿਸਤਾਨ ਜਾਣ ਦਿਓ। ਪਾਕਿਸਤਾਨ ਵਿੱਚ 400 ਕਰੋੜ ਦੇ ਆਲੂ ਜਾਂਦੇ ਸਨ। ਸਾਲ 2014-15 ਵਿੱਚ 300 ਕਰੋੜ ਦੇ ਆਲੂ ਗਏ ਹਨ ਪਰੰਤੂ ਹੁਣ ਪਾਕਿਸਤਾਨ ਨੇ ਲੈਣੇ ਬੰਦ ਕਰ ਦਿੱਤੇ ਅਤੇ ਲੰਘਣੇ ਵੀ ਬੰਦ ਕਰ

ਦਿੱਤੇ ਹਨ। ਮੋਦੀ ਸਾਹਿਬ ਇਸ ਪਾਸੇ ਧਿਆਨ ਦੇਣ, ਤੁਹਾਡੀ ਸਰਕਾਰ ਇਸ ਪਾਸੇ ਧਿਆਨ ਦੇਵੇ, ਬੀਬੀ ਹਰਸਿਮਰਤ ਕੌਰ ਬਾਦਲ ਇਸ ਗੱਲ ਨੂੰ ਉਠਾਵੇ ਕਿ ਹਿੰਦੁਸਤਾਨ ਸਰਕਾਰ ਪਾਕਿਸਤਾਨ ਸਰਕਾਰ ਨੂੰ ਮਨਾਵੇ ਅਤੇ ਇਹ ਰਸਤਾ ਖੁੱਲ੍ਹੇ। ਵਡਾਲਾ ਸਾਹਿਬ, ਕਿਸਾਨਾਂ ਦੀ ਜਿਹੜੀ ਖੱਜਲ-ਖੁਆਰੀ ਹੈ, ਇਹ ਤੁਹਾਡੀ ਹਿੰਮਤ ਨਾਲ ਖਤਮ ਹੋ ਸਕਦੀ ਹੈ। ਸੋ, ਤੁਸੀਂ ਥੋੜ੍ਹਾ ਜਿਹਾ ਉਸ ਪਾਸੇ ਧਿਆਨ ਦਿਓ। ਕੈਪਟਨ ਸਾਹਿਬ ਦੀਆਂ ਚਿੱਠੀਆਂ ਮੇਰੇ ਕੋਲ ਹਨ, ਜਿਹੜੀਆਂ ਸਰਕਾਰ ਨੇ ਮੋਦੀ ਸਾਹਿਬ ਨੂੰ ਰਸਤਾ ਖੁਲ੍ਹਵਾਉਣ ਲਈ ਲਿਖੀ ਹੈ ਅਤੇ ਕਮਰਸ ਮਨਿਸਟਰ ਨੂੰ ਲਿਖੀ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਇਸ ਬਾਰੇ ਹਾਊਸ ਦਾ ਮਤਾ ਪੁਆ ਲਿਆ ਜਾਵੇ।

**ਮੰਤਰੀ :** ਮਤਾ ਪੈ ਜਾਵੇ, ਇਹ ਗੱਲ ਵੀ ਕਰ ਲੈਂਦੇ ਹਾਂ। ਸੋ, ਅਸੀਂ ਇਸ ਦੀ ਮਾਰਕੀਟ ਫੀਸ ਵੀ ਘਟਾ ਦਿੱਤੀ ਹੈ, ਆੜ੍ਹਤੀਆਂ ਦਾ ਕਮਿਸ਼ਨ ਵੀ ਘਟਾ ਦਿੱਤਾ ਹੈ ਤਾਂ ਜੋ ਕਿਸਾਨਾਂ ਦਾ ਨੁਕਸਾਨ ਹੋਰ ਨਾ ਹੋਵੇ । ਜੇਕਰ ਲੋੜ ਪਈ ਤਾਂ ਸਰਕਾਰ step in ਵੀ ਕਰੇਗੀ, ਸਬਸਿਡੀ ਵੀ ਦੇਵੇਗੀ, ਸਾਰਾ ਕੁਝ ਕਰੇਗੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਮੈਂ ਬਾਜਵਾ ਸਾਹਿਬ ਦਾ ਧੰਨਵਾਦ ਕਰਦਾ ਹਾਂ ਇਹ ਬੜੇ ਸਿਆਣੇ ਅਤੇ ਸੂਝਵਾਨ ਮਨਿਸਟਰ ਹਨ। ਬਾਜਵਾ ਸਾਹਿਬ, ਆਪਾਂ ਸਾਰੇ ਹੀ ਕਿਸਾਨਾਂ ਦੇ ਹਮਦਰਦ ਹਾਂ। ਆਪਣੀ ਸਰਕਾਰ ਹੈ, ਤੁਸੀਂ ਵੀ ਲੱਗੇ ਹੋ, ਆਪਾਂ ਸਾਰਿਆਂ ਨੂੰ ਕਿਸਾਨਾਂ ਦੀ ਪੀੜ, ਉਨ੍ਹਾਂ ਦਾ ਦਰਦ ਮਹਿਸੂਸ ਹੁੰਦਾ ਹੈ because pesantry ਹੈ, ਸਾਰੇ ਪੰਜਾਬ ਦੀ ਇਕਾਨਮੀ ਉਸ ਦੇ ਸਿਰ ਤੇ ਚਲਦੀ ਹੈ । ਪਰ ਸਪੀਕਰ ਸਾਹਿਬ, ਜਿਹੜੇ ਦੁਆਬੇ ਦੇ ਕਿਸਾਨ ਹਨ, ਸੀ.ਐਮ. ਸਾਹਿਬ ਬੈਠੇ ਹਨ, ਖਾਸ ਤੌਰ ਤੇ ਚਾਰ ਜ਼ਿਲ੍ਹਿਆਂ ਦੇ ਅਤੇ ਉਨ੍ਹਾਂ ਵਿੱਚ ਤੁਸੀਂ ਵੀ ਆਉਂਦੇ ਹੋ, ਉਥੇ 70% seed potato grow ਕੀਤਾ ਜਾਂਦਾ ਹੈ। ਸਪੀਕਰ ਸਾਹਿਬ, ਬਾਜਵਾ ਸਾਹਿਬ ਨੂੰ ਪਤਾ ਹੋਵੇਗਾ ਕਿ ਜਿਹੜੀ ਪੰਜਾਬ ਦੀ total production ਹੈ, ਉਸ ਵਿਚੋਂ 70% seed potato ਹੈ, ਜੇਕਰ ਇਸ ਦੀ ਸਹੀ ਪ੍ਰਾਈਸ ਮਿਲੇ ਤਾਂ ਉਸ ਦਾ 5000 ਕਰੋੜ ਤੋਂ ਲੈ ਕੇ 10,000 ਕਰੋੜ ਤੱਕ ਕਿਸਾਨਾਂ ਨੂੰ ਮਿਲਦਾ ਹੈ। ਤੁਸੀਂ ਇਹ ਦੱਸੋ ਕਿ ਸਟੇਟ ਨੂੰ ਉਸ ਵਿਚੋਂ ਕਿੰਨੀ ਰੈਵੇਨਿਊ ਆਉਂਦੀ ਹੈ because that is the mainstay crop of Doaba. ਲਗਾਤਾਰ ਪਿਛਲੇ ਸਾਲਾਂ ਵਿੱਚ ਆਪਾਂ ਦੇਖਿਆ ਹੈ ਕਿ ਸਾਰੇ ਕਿਸਾਨਾਂ ਨੂੰ ਸਹੀ ਪ੍ਰਾਈਸ ਨਹੀਂ ਮਿਲ ਸਕੇ। ਮੈਂ ਬਾਜਵਾ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਜੇਕਰ ਇਨ੍ਹਾਂ ਕੋਲ ਫਿੱਗਰਜ਼ ਹੋਣ, ਇੱਥੇ ਬਹੁਤ ਸਾਰੇ ਆਲੂਆਂ ਦੇ ਗਰੋਅਰ ਬੈਠੇ ਹਨ। ਲਾਡੀ ਜੀ, ਸਿੱਕੀ ਜੀ ਹਨ ਜਿਹੜੇ ਜਲੰਧਰ ਜ਼ਿਲ੍ਹੇ ਤੋਂ ਹਨ ਅਤੇ ਵੱਡੇ ਕਿਸਾਨ ਹਨ। ਇਸ ਬਾਰੇ ਸਾਰਿਆਂ ਨੂੰ ਪਤਾ ਹੈ। ਸਪੀਕਰ ਸਾਹਿਬ, ਇਕ ਕਿੱਲੇ ਵਿੱਚ ਆਲੂ ਦੀ ਕਾਸ਼ਤ ਵਾਸਤੇ 7000 ਰੁਪਿਆ ਲਗਦਾ ਹੈ। After that, ਉਸ ਦੀ storage

ਕਰਨੀ ਹੋਵੇ, ਕਿਉਂਕਿ ਕੋਲਡ ਸਟੋਰ ਵਿੱਚ ਰੱਖਣੇ ਪੈਂਦੇ ਹਨ that amounts to about 17,000 to 20,000 rupees per acre. ਤੁਸੀਂ cumulative cost ਦੇਖ ਲਓ, ਇਸ ਦਾ ਸਾਰਾ ਖਰਚਾ ਤਕਰੀਬਨ 80,000 ਰੁਪਿਆ ਇਕ ਏਕੜ ਦਾ ਬਣ ਜਾਂਦਾ ਹੈ। ਐਤਕੀਂ ਆਲੂਆਂ ਦਾ ਕੀ ਰੇਟ ਸੀ? 1 ਰੁਪਿਆ ਕਿਲੋ ਤੋਂ ਲੈ ਕੇ 5 ਜਾਂ 6 ਰੁਪਏ ਕਿਲੋ ਆਲੂ ਵਿਕਿਆ ਹੈ। ਹੁਣ ਤਾਂ ਇਹ ਦੁਰਦਸ਼ਾ ਹੈ ਕਿ ਗੁੱਜਰਾਂ ਨੂੰ...

**ਮਾਨਯੋਗ ਸਪੀਕਰ :** ਤੁਸੀਂ ਕੁਐਸਚਨ ਕਰੋ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਉਸ ਤੇ ਮੈਂ ਆ ਰਿਹਾ ਹਾਂ। ਸਪੀਕਰ ਸਾਹਿਬ, ਗੁੱਜਰਾਂ ਨੂੰ ਫਰੀ ਆਲੂ ਚੁਕਾਏ ਜਾ ਰਹੇ ਹਨ। ਕਾਲ ਅਟੈਂਸ਼ਨ ਵਿੱਚ ਮੈਂ ਦੱਸ ਕੇ ਹਟਿਆ ਹਾਂ ਕਿ ਸਟੋਰਾਂ ਵਾਲਿਆਂ ਨੂੰ ਕਿਸਾਨ ਕਹਿ ਰਹੇ ਹਨ ਕਿ ਸਾਡੇ ਆਲੂ ਰੱਖ ਲਓ ਅਤੇ ਸਟੋਰ ਦਾ ਕਿਰਾਇਆ ਕੱਟ ਲਓ। ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਸੈਂਟਰ ਗੌਰਮਿੰਟ ਦੀ ਇਕ ਪਾਲਿਸੀ Price Stabilization Fund ਸੀ, ਫਾਈਨਾਂਸ ਮਨਿਸਟਰ ਸਾਹਿਬ ਬੈਠੇ ਹਨ, ਤੁਸੀਂ ਪਿਛਲੇ ਸੈਸ਼ਨ ਵਿੱਚ ਕਿਹਾ ਸੀ ਕਿ ਅਸੀਂ ਇਕ ਫੰਡ ਕ੍ਰੀਏਟ ਕਰਨ ਜਾ ਰਹੇ ਹਾਂ, ਇਸ ਫੰਡ ਦੇ ਰਾਹੀਂ, ਜਿਹੜੀ ਵੀ ਕਿਸਾਨ ਦੀ ਫਸਲ ਹੈ, ਜਿਹੜਾ ਮਾਰਕੀਟ ਦਾ ਰੇਟ ਹੈ, ਜੇਕਰ ਉਸ ਤੋਂ ਘੱਟ ਰੇਟ ਮਿਲ ਰਿਹਾ ਹੈ, ਬਹੁਤ low price ਮਿਲ ਰਹੀ ਹੈ ਤਾਂ ਸਰਕਾਰ with that Price Stabilization Fund intervene ਕਰੇਗੀ। ਬਾਜਵਾ ਸਾਹਿਬ, ਇਕ ਤਾਂ ਉਸ ਨੂੰ ਲੈ ਕੇ ਆਉਣਾ ਚਾਹੀਦਾ ਹੈ। ਦੂਜਾ, ਇਸ ਦਾ by-product ਬਣਾਉਣਾ ਚਾਹੀਦਾ ਹੈ, ਚਾਹੇ ਉਹ ਪਾਊਡਰ ਹੋਵੇ ਜਾਂ fries ਹੋਣ, crisp ਹੋਵੇ। ਠੀਕ ਹੈ ਤੁਸੀਂ mid day meal ਵਾਸਤੇ initiative ਲਿਆ ਹੈ, ਮਿਡ ਡੇ ਮੀਲ ਵਾਸਤੇ ਸੀ.ਐਮ. ਸਾਹਿਬ ਨੇ ਆਰਡਰ ਕੀਤਾ ਹੈ ਅਤੇ ਮਾਰਕਫੈੱਡ ਨੇ ਵੀ ਆਪਣੇ ਤੋਂ ਖਰੀਦਿਆ ਹੈ, ਇਸ ਗੱਲ ਨੂੰ ਅਸੀਂ ਮੰਨਦੇ ਹਾਂ ਪਰ it is a very small initiative. ਇੰਨੇ ਕੁ ਉਪਰਾਲੇ ਨਾਲ ਕਿਸਾਨਾਂ ਦਾ ਜ਼ਖ਼ਮ ਭਰ ਨਹੀਂ ਸਕਦਾ।

ਸਪੀਕਰ ਸਾਹਿਬ, ਜਿਹੜੀ ਅਗਲੀ ਗੱਲ ਇਨ੍ਹਾਂ ਨੇ ਕਹੀ ਹੈ, ਪਟੈਟੋਜ਼ ਦੀ ਐਕਸਪੋਰਟ ਤਾਂ ਹੁੰਦੀ ਹੈ, ਚਲੋ ਕਦੇ ਘੱਟ ਗਈ ਤੇ ਕਦੇ ਵੱਧ ਗਈ, ਅਜਿਹਾ ਵੀ ਹੁੰਦਾ ਰਹਿੰਦਾ ਹੈ ਕਿਉਂਕਿ ਸਾਡੇ ਪਾਕਿਸਤਾਨ ਨਾਲ ਜਿਹੋ ਜਿਹੇ ਰਿਲੇਸ਼ਨਜ਼ ਹਨ। ਕੈਪਟਨ ਸਾਹਿਬ, ਸੀ.ਐਮ. ਸਾਹਿਬ ਨੇ ਜੋ ਚਿੱਠੀਆਂ ਲਿਖੀਆਂ ਹਨ, ਇਹ ਬਹੁਤ ਚੰਗੀ ਗੱਲ ਹੈ। ਪ੍ਰੰਤੂ ਆਪਾਂ ਨੂੰ ਇਹ ਮੈਟਰ ਪਰਸਿਊ ਕਰਨਾ ਚਾਹੀਦਾ ਹੈ, ਜੇ ਆਪਾਂ ਇਸ ਸਬੰਧ ਵਿੱਚ ਸਿਰਫ ਲੈਟਰ ਲਿਖ ਕੇ ਕਹਿ ਦੇਈਏ ਕਿ ਹੁਣ ਸੈਂਟਰ ਸਰਕਾਰ ਕਰੇਗੀ, ਨਹੀਂ, ਇਸ ਨਾਲ ਤਾਂ ਗੱਲ ਨਹੀਂ ਬਣਨੀ।

**ਮਾਨਯੋਗ ਸਪੀਕਰ :** ਵਡਾਲਾ ਸਾਹਿਬ, ਕੁਐਸਚਨ ਪੁੱਛੋ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਸਵਾਲ ਹੀ ਪੁੱਛ ਰਿਹਾ ਹਾਂ ਜੀ। ਕੀ ਇੱਥੇ ਬਾਏ ਪ੍ਰੋਡਕਟ ਬਣਾਉਣ ਦੇ ਪ੍ਰੋਜੈਕਟ ਲਿਆਉਣ ਵਾਸਤੇ ਸਰਕਾਰ ਕੋਈ ਉਪਰਾਲਾ ਕਰ ਰਹੀ ਹੈ? ਸ਼੍ਰੀਮਤੀ ਹਰਸਿਮਰਤ ਕੌਰ ਬਾਦਲ, ਕੇਂਦਰੀ ਮੰਤਰੀ....

**ਮਾਨਯੋਗ ਸਪੀਕਰ:** ਵਡਾਲਾ ਸਾਹਿਬ, ਸੀ.ਐਮ. ਸਾਹਿਬ ਖੜ੍ਹੇ ਹਨ, ਕੁਝ ਕਹਿਣਾ ਚਾਹੁੰਦੇ ਹਨ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਗੱਲ ਨਾਲ ਬਿਲਕੁਲ ਸਹਿਮਤ ਹਾਂ। ਜੋ ਪਟੈਟੋ ਗਰੋਅਰਜ਼ ਦੀ ਫਸਲ ਦਾ ਨੁਕਸਾਨ ਹੋਇਆ ਹੈ, ਉਸ ਨੁਕਸਾਨ ਨੂੰ ਅਸੀਂ ਸਾਰੇ ਮਹਿਸੂਸ ਕਰਦੇ ਹਾਂ। ਗੌਰਮਿੰਟ ਆਫ ਇੰਡੀਆ ਨੇ ਪਿਛੇ ਜਿਹੇ ਆਪਣੀ ਕੈਬਨਿਟ ਵਿੱਚ ਫੈਸਲਾ ਕੀਤਾ ਹੈ, ਹਿੰਦੁਸਤਾਨ ਵਿੱਚ ਜਿਹੜੀਆਂ ਕਈ ਫਸਲਾਂ ਹੁੰਦੀਆਂ ਹਨ, ਉਨ੍ਹਾਂ ਦੀ ਐਕਸਪੋਰਟ ਦੀ ਇਜਾਜ਼ਤ ਦਿੱਤੀ ਹੈ। ਮੈਂ ਇਸ ਸਬੰਧ ਵਿੱਚ ਪ੍ਰਾਈਮ ਮਨਿਸਟਰ ਨੂੰ ਇੱਕ ਲੈਟਰ ਲਿਖੀ ਸੀ ਕਿ ਤੁਸੀਂ ਪੰਜਾਬ ਨੂੰ ਖਾਸ ਕਰਕੇ ਆਲੂ ਅਤੇ ਚੀਨੀ ਦੀ ਐਕਸਪੋਰਟ ਕਰਨ ਵਾਸਤੇ ਇਸ ਵਿੱਚ ਇਨਕਲੂਡ ਕਰੋ ਤਾਂ ਕਿ ਸਾਡੇ ਕਿਸਾਨਾਂ ਦੇ ਗੰਨੇ ਦੇ ਭਾਅ ਵਧ ਸਕਣ। I am expecting their reply, ਜਦੋਂ ਉਨ੍ਹਾਂ ਦਾ ਜਵਾਬ ਆਵੇਗਾ ਤਾਂ ਮੈਂ ਜ਼ਰੂਰ ਮੈਂਬਰ ਸਾਹਿਬ ਨੂੰ ਦੱਸਾਂਗਾ। ਮੇਰੀ ਹਮਦਰਦੀ ਪੂਰੀ ਤਰ੍ਹਾਂ ਆਲੂ ਉਗਾਉਣ ਵਾਲੇ ਅਤੇ ਗੰਨੇ ਦੀ ਫਸਲ ਉਗਾਉਣ ਵਾਲੇ ਕਿਸਾਨਾਂ ਨਾਲ ਹੈ। We will do our best ਕਿ ਇਸ ਮੁਸ਼ਕਿਲ ਦਾ ਜਲਦੀ ਤੋਂ ਜਲਦੀ ਕੋਈ ਹੱਲ ਨਿਕਲੇ। In the meantime, ਅਸੀਂ ਆਪਣੀਆਂ ਏਜੰਸੀਆਂ ਨੂੰ ਇਹ ਵੀ ਕਿਹਾ ਹੋਇਆ ਹੈ ਕਿ ਪੰਜਾਬ ਦੇ ਵਿੱਚ ਜਿਹੜੀ ਫੂਡ ਇੰਡਸਟਰੀ ਹੈ, ਉਸ ਵਾਸਤੇ ਜਿੰਨਾ ਵੀ ਆਲੂ ਪਰਚੇਜ਼ ਕਰ ਸਕਦੇ ਹੋ, ਉਹ ਕੀਤਾ ਜਾਵੇ। For other consumptions ਜਿਵੇਂ ਕਿ ਮਿੱਡ ਡੇਅ ਮੀਲ ਦੀ ਹੈ, ਉਸ ਵਾਸਤੇ ਵੀ ਅਸੀਂ ਆਲੂ ਲੈਣਾ ਚਾਹੁੰਦੇ ਹਾਂ ਤਾਂ ਕਿ ਅਸੀਂ ਕਿਸਾਨਾਂ ਦਾ ਨੁਕਸਾਨ ਹੋਣ ਤੋਂ ਵੀ ਬਚਾ ਸਕੀਏ ਅਤੇ ਸਕੂਲੀ ਬੱਚਿਆਂ ਵਾਸਤੇ ਵੀ ਆਲੂਆਂ ਦੀ ਯੂਟੇਲਾਈਜੇਸ਼ਨ ਕਰ ਸਕੀਏ।

**Sardar Sukhbir Singh Badal :** Speaker Sahib, I will request the Hon'ble Chief Minister, ਇਹ ਇਸ ਨੂੰ ਵੀ ਕੰਸਿਡਰ ਕਰ ਲੈਣ ਜਿਵੇਂ ਕਿ ਜਿਹੜੀ ਆਟਾ ਦਾਲ ਸਕੀਮ ਸੀ, ਉਸ ਤਹਿਤ ਜੇਕਰ ਆਲੂ ਵੀ ਡਿਸਟ੍ਰੀਬਿਊਟ ਕੀਤੇ ਜਾ ਸਕਦੇ ਹਨ ਅਤੇ ਨਾਲ ਹੀ ਚੀਨੀ ਦੇ ਵੀ ਕੁਝ ਸਪੈਸ਼ਲ ਪੈਕੇਟਸ ਸਪਲਾਈ ਕਰ ਦਿੱਤੇ ਜਾਇਆ ਕਰਨ so that their prices can be stabilized, rather than throwing them. ਹੁਣ ਇਨ੍ਹਾਂ ਫਸਲਾਂ ਦੀ ਵੇਸਟੇਜ ਕਾਰਨ ਕਿਸਾਨ ਵੀ ਮਰ ਰਹੇ ਹਨ, ਇਨ੍ਹਾਂ

[Sardar Sukhbir Singh Badal]

ਸਕੀਮਾਂ ਤਹਿਤ ਆਲੂ ਅਤੇ ਚੀਨੀ ਵੀ ਦੇ ਦਿੱਤੇ ਜਾਇਆ ਕਰਨ so that prices can go up, ਤਾਂ ਕਿ ਫਾਰਮਰਜ਼ ਨੂੰ ਵੀ ਬੈਨੀਫਿਟ ਹੋ ਜਾਵੇ ਅਤੇ ਗਰੀਬਾਂ ਨੂੰ ਵੀ ਬੈਨੀਫਿਟ ਹੋ ਸਕੇ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਸਾਲ 2002 ਤੋਂ 2007 ਤੱਕ ਮੁੱਖ ਮੰਤਰੀ ਰਹੇ ਹਨ। ਉਸ ਦੌਰਾਨ ਡਾਈਵਰਸੀਫਿਕੇਸ਼ਨ ਦੀ ਗੱਲ ਹੋਈ ਸੀ। ਡਾਈਵਰਸੀਫਿਕੇਸ਼ਨ ਤਹਿਤ ਪੰਜਾਬ ਦੇ ਜਿਹੜੇ-ਜਿਹੜੇ ਇਲਾਕੇ ਕਣਕ ਤੋਂ ਡਾਈਵਰਸੀਫਾਈ ਹੋਏ ਸੀ, ਉੱਥੇ ਦਿਨ ਵਿੱਚ ਬਿਜਲੀ ਮੁਹੱਈਆ ਕਰਵਾਉਣ ਦਾ ਫੈਸਲਾ ਲਿਆ ਗਿਆ ਸੀ, ਜਿਵੇਂ ਕਿ ਆਲੂਆਂ ਦੀ ਫਸਲ ਲਈ ਦਿਨ ਵਿੱਚ ਬਿਜਲੀ ਦੇਣ ਦੀ ਲੋੜ ਹੈ। ਇਨ੍ਹਾਂ ਨੇ ਉਦੋਂ ਉਨ੍ਹਾਂ ਇਲਾਕਿਆਂ ਵਿੱਚ ਦਿਨ ਵਿੱਚ ਬਿਜਲੀ ਦੇਣ ਦੀ ਗੱਲ ਕੀਤੀ ਸੀ। ਇਹ ਸਾਲ 2017-18 ਤੱਕ ਚਲਦਾ ਰਿਹਾ। ਹੁਣ ਜਿਹੜੇ ਦੁਆਬੇ ਦੇ ਇਲਾਕੇ ਵਿੱਚ ਕਿਸਾਨ ਡਾਈਵਰਸੀਫਿਕੇਸ਼ਨ ਕਰਦੇ ਹਨ, ਆਲੂ ਦੀ ਫਸਲ ਨੂੰ ਰਾਤ ਨੂੰ ਪਾਣੀ ਨਹੀਂ ਲੱਗ ਸਕਦਾ ਪ੍ਰੰਤੂ ਕੀ ਹੋਇਆ ਕਿ ਉਨ੍ਹਾਂ ਸਾਰਿਆਂ ਨੂੰ ਇਨ੍ਹਾਂ ਨੇ ਰੈਗੂਲਰ ਕਰ ਦਿੱਤਾ, ਜਿੱਥੇ 70-80% ਡਾਈਵਰਸੀਫਿਕੇਸ਼ਨ ਹੈ, ਉਥੇ ਦਿਨ ਵਿੱਚ ਬਿਜਲੀ ਆਵੇਗੀ ਅਤੇ ਜਿੱਥੇ 25-30% ਹੈ, ਉਥੇ ਦਿਨ ਵਿੱਚ ਬਿਜਲੀ ਨਹੀਂ ਆਵੇਗੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਅਤੇ ਸਬੰਧਿਤ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਦੁਬਾਰਾ ਉਹੀ ਪਹਿਲਾਂ ਦੀ ਤਰ੍ਹਾਂ ਹੀ ਫੈਸਲਾ ਲਾਗੂ ਕੀਤਾ ਜਾਵੇ ਤਾਂ ਕਿ ਜਿਹੜਾ ਦੁਆਬੇ ਦਾ ਕਿਸਾਨ ਡਾਈਵਰਸੀਫਿਕੇਸ਼ਨ ਨੂੰ ਲਾਗੂ ਕਰ ਰਿਹਾ ਹੈ, ਉਸ ਦਾ ਨੁਕਸਾਨ ਨਾ ਹੋਵੇ।

**ਊਰਜਾ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ):** ਸਪੀਕਰ ਸਾਹਿਬ, ਅੱਜ ਮੈਂਬਰ ਸਾਹਿਬ ਨੇ ਇਹ ਮਾਮਲਾ ਧਿਆਨ ਵਿੱਚ ਲਿਆਂਦਾ ਹੈ। ਪਿਛਲੇ ਵਾਰੀ ਸੀ.ਐਮ. ਸਾਹਿਬ ਨੇ ਦਿਨ ਵੇਲੇ ਬਿਜਲੀ ਦੇਣ ਸਬੰਧੀ ਜੋ ਸਮਾਂ ਦਿੱਤਾ ਸੀ, ਅੱਜ ਇਹ ਸੈਸ਼ਨ ਖਤਮ ਹੋਣ ਤੋਂ ਬਾਅਦ ਅਸੀਂ ਉਸ ਨੂੰ ਦੁਬਾਰਾ ਰੈਗੂਲਰ ਕਰ ਦੇਵਾਂਗੇ। (ਥੰਪਿੰਗ)

----

**ਮਾਨਯੋਗ ਸਪੀਕਰ:** ਅਗਲੀ ਕਾਲ ਅਟੈਨਸ਼ਨ। ਵਡਾਲਾ ਸਾਹਿਬ, ਤੁਹਾਡੀ ਕਾਲ ਅਟੈਨਸ਼ਨ ਹੈ ਜੀ, ਤੁਸੀਂ ਆਪਣੀ ਕਾਲ ਅਟੈਂਸ਼ਨ ਮੂਵ ਕਰੋ।

**(ਕ੍ਰਮ ਨੰ: 6 ਅਤੇ 14)**

**1. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ**
**2. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ** }: ਸ਼੍ਰੀਮਾਨ ਜੀ, ਮੈਂ ਸਰਕਾਰ ਦਾ

ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਪੰਜਾਬ ਦੀ ਮੁੱਖ ਸੜਕਾਂ, ਗਲੀਆਂ ਅਤੇ ਖੇਤਾਂ ਵਿੱਚ ਅਵਾਰਾ ਪਸ਼ੂਆਂ ਦੇ ਖੁਲ੍ਹੇ ਫਿਰਨ ਕਾਰਨ ਲੋਕਾਂ ਨੂੰ ਬਹੁਤ ਹੀ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਅਵਾਰਾ ਪਸ਼ੂ ਲੋਕਾਂ ਲਈ ਆਵਾਜਾਈ ਲਈ ਗੰਭੀਰ ਸਮੱਸਿਆ ਪੈਦਾ ਕਰ ਰਹੇ ਹਨ ਅਤੇ ਦੁਰਘਟਨਾਵਾਂ ਵਾਪਰਨ ਦਾ ਮੁੱਖ ਕਾਰਨ ਹਨ। ਇਹ ਕਿਸੇ ਵੇਲੇ ਜਾਨ-ਲੇਵਾ ਅਤੇ ਗੰਭੀਰ ਸੱਟਾਂ ਦਾ ਕਾਰਨ ਵੀ ਬਣਦੇ ਹਨ। ਇਹ ਪਸ਼ੂ ਝੁੰਡਾਂ ਵਿੱਚ ਘੁੰਮਦੇ ਹਨ ਅਤੇ ਕਿਸਾਨਾਂ ਦੀਆਂ ਫਸਲਾਂ ਨੂੰ ਤਬਾਹ ਕਰਦੇ ਹਨ ਅਤੇ ਜਦੋਂ ਇਹ ਹਰੀਆਂ ਫਸਲਾਂ ਚਰਦੇ ਹਨ ਤਾਂ ਕਿਸਾਨਾਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਕਰਦੇ ਹਨ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿੰਡਾਂ ਅਤੇ ਸ਼ਹਿਰਾਂ ਵਿਚ ਅਵਾਰਾ ਪਸ਼ੂਆਂ ਦੀ ਵਾਕਿਆ ਹੀ ਗੰਭੀਰ ਸਮੱਸਿਆ ਹੈ। ਇਹ ਇਕੱਲੇ ਪੰਜਾਬ ਦਾ ਹੀ ਨਹੀਂ ਸਗੋਂ ਸਮੁੱਚੇ ਹਿੰਦੁਸਤਾਨ ਦਾ ਵਰਤਾਰਾ ਹੈ। ਸ਼ਹਿਰਾਂ ਵਿਚ ਅਵਾਰਾ ਪਸ਼ੂਆਂ ਨਾਲ ਨਜਿੱਠਣ ਦੀ ਜ਼ਿੰਮੇਵਾਰੀ ਪੰਜਾਬ ਮਿਊਂਸਿਪਲ ਕਾਰਪੋਰੇਸ਼ਨ ਐਕਟ, 1976 ਤੇ ਪੰਜਾਬ ਮਿਊਂਸਿਪਲ ਐਕਟ, 1911 ਅਨੁਸਾਰ ਸਬੰਧਤ ਮਿਊਂਸਿਪਲ ਬਾਡੀ ਦੀ ਹੈ। ਇਸ ਤਰ੍ਹਾਂ ਪੇਂਡੂ ਖੇਤਰ ਵਿਚ ਇਸ ਸਮੱਸਿਆ ਨੂੰ ਸੁਲਝਾਉਣ ਲਈ ਪੰਜਾਬ ਪੰਚਾਇਤੀ ਰਾਜ ਐਕਟ, 1994 ਅਨੁਸਾਰ ਮੁੱਖ ਤੌਰ ਤੇ ਜ਼ਿੰਮੇਵਾਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਵਿਭਾਗ ਦੀ ਹੈ। ਪਸ਼ੂ ਪਾਲਣ ਵਿਭਾਗ ਦੀ ਜ਼ਿੰਮੇਵਾਰੀ ਕੇਵਲ ਤਕਨੀਕੀ ਸੇਵਾਵਾਂ ਜਿਵੇਂ ਕਿ ਟੀਕਾਕਰਨ, ਪਸ਼ੂਆਂ ਦਾ ਇਲਾਜ ਆਦਿ ਕਰਨ ਦੀ ਹੈ। ਪੰਜਾਬ ਸਰਕਾਰ ਵੱਲੋਂ ਹਰ ਜ਼ਿਲ੍ਹੇ ਵਿਚ ਕੈਟਲ ਪੌਂਡਾਂ ਦੀ ਸਥਾਪਨਾ ਕੀਤੀ ਗਈ ਹੈ, ਜਿਨ੍ਹਾਂ ਨੂੰ ਜ਼ਿਲ੍ਹਾ ਪਸ਼ੂ ਭਲਾਈ ਸੁਸਾਇਟੀਆਂ ਵੱਲੋਂ ਮੈਨੇਜ ਕੀਤਾ ਜਾਂਦਾ ਹੈ। ਸਬੰਧਿਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਇਸ ਸੁਸਾਇਟੀ ਦਾ ਚੇਅਰਮੈਨ ਹੁੰਦਾ ਹੈ। ਇਸ ਤੋਂ ਇਲਾਵਾ ਸ਼ਹਿਰਾਂ ਵਿਚ ਕਈ ਨਿੱਜੀ ਸੁਸਾਇਟੀਆਂ/ਟਰੱਸਟਾਂ ਵੱਲੋਂ ਗਊਸ਼ਾਲਾਵਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਸਮੇਂ-ਸਮੇਂ ਤੇ ਸਬੰਧਤ ਮਿਊਂਸਿਪਲ ਬਾਡੀ ਵੱਲੋਂ ਵਿੱਤੀ ਸਹਾਇਤਾ ਵੀ ਦਿੱਤੀ ਜਾਂਦੀ ਹੈ। ਸਥਾਨਕ ਸਰਕਾਰਾਂ ਵਿਭਾਗ ਵੱਲੋਂ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਅਤੇ ਮਿਉਂਸਿਪਲ ਡਰਾਫਟ ਬਾਈਲਾਜ਼, 2017 ਬਣਾਏ ਗਏ ਹਨ ਜੋ ਕਿ ਜਲਦੀ ਹੀ ਅਧਿਸੂਚਿਤ ਕਰ ਦਿੱਤੇ ਜਾਣਗੇ। ਇਸ ਦੀ ਸਹਾਇਤਾ ਨਾਲ ਅਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਕੰਟਰੋਲ ਕੀਤਾ ਜਾ ਸਕੇਗਾ ਅਤੇ ਇਨ੍ਹਾਂ ਬਾਈਲਾਜ਼ ਵਿਚ ਪਸ਼ੂਆਂ

ਦੁਆਰਾ ਹਮਲਾ ਕਰਨ ਤੇ ਜ਼ਖਮੀ/ਮ੍ਰਿਤਕ ਹੋਏ ਵਿਅਕਤੀ/ਵਾਰਸ ਨੂੰ 1 ਲੱਖ ਰੁਪਏ ਮੁਆਵਜ਼ੇ ਦੀ ਅਦਾਇਗੀ ਕਰਨ ਦਾ ਉਪਬੰਧ ਵੀ ਕੀਤਾ ਗਿਆ ਹੈ। ਪੰਜਾਬ ਰਾਜ ਵਿਚ ਨਗਰ ਨਿਗਮਾਂ, ਨਗਰ ਕੌਂਸਲਾਂ/ਨਗਰ ਪੰਚਾਇਤਾਂ ਵਿਚੋਂ ਪੀ.ਐਸ.ਪੀ.ਸੀ.ਐਲ. ਅਤੇ ਐਕਸਾਈਜ਼ ਤੇ ਟੈਕਸੇਸ਼ਨ ਵਿਭਾਗ ਵੱਲੋਂ cow cess ਇਕੱਠਾ ਕੀਤਾ ਜਾਂਦਾ ਹੈ। ਇਸ cow cess ਦੀ ਯੋਗ ਵਰਤੋਂ ਵਾਸਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਸਥਾਨਕ ਸਰਕਾਰ ਵਿਭਾਗ ਅਤੇ ਪਸ਼ੂ ਪਾਲਣ ਵਿਭਾਗ ਵੱਲੋਂ ਸਾਂਝੇ ਤੌਰ ਤੇ ਇਕ ਪਾਲਿਸੀ ਬਣਾਈ ਜਾ ਰਹੀ ਹੈ। ਅਵਾਰਾ ਪਸ਼ੂਆਂ ਦੇ ਰੱਖ ਰਖਾਵ ਅਤੇ ਦੇਖ-ਭਾਲ ਕਰਨ ਲਈ ਪੰਜਾਬ ਰਾਜ ਵਿਚ ਕੁਝ ਆਈਟਮਾਂ ਤੇ cow cess ਲਗਾਉਣ ਸਬੰਧੀ 10 ਨਗਰ ਨਿਗਮਾਂ ਵੱਲੋਂ ਨੋਟੀਫਿਕੇਸ਼ਨ ਜਾਰੀ ਹੋ ਚੁੱਕੇ ਹਨ, 157 ਨਗਰ ਕੌਂਸਲਾਂ/ਨਗਰ ਪੰਚਾਇਤਾਂ ਵਿਚੋਂ 96 ਨਗਰ ਕੌਂਸਲਾਂ/ਨਗਰ ਪੰਚਾਇਤਾਂ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਬਾਕੀ 61 ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੇ ਨੋਟੀਫਿਕੇਸ਼ਨ ਜਾਰੀ ਕਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਵੱਲੋਂ ਉਕਤ ਜਾਰੀ ਨੋਟੀਫਿਕੇਸ਼ਨ ਅਨੁਸਾਰ cow cess ਇਕੱਠਾ ਕੀਤਾ ਜਾ ਰਿਹਾ ਹੈ। ਇਸ ਵਿਚ 19,79,34,561 ਰੁਪਏ ਦੀ ਰਾਸ਼ੀ ਵਿਚੋਂ 11,23,93,250 ਰੁਪਏ ਗਊ-ਸ਼ਾਲਾਵਾਂ ਨੂੰ ਰੱਖ ਰਖਾਵ ਲਈ ਦਿੱਤੀ ਗਈ ਹੈ। ਪਸ਼ੂ ਪਾਲਣ ਵਿਭਾਗ, ਪੰਜਾਬ ਬਹੁਤ ਜਲਦ ਸੀਮਨ ਸੌਰਟਿੰਗ ਤਕਨੀਕ ਨਾਲ ਸੈਕਸਡ ਸੀਮਨ ਦਾ ਉਤਪਾਦਨ ਕਰਨ ਜਾ ਰਿਹਾ ਹੈ। ਇਸ ਸੈਕਸਡ ਸੀਮਨ ਨਾਲ ਸਿਰਫ ਵੱਛੀਆਂ ਹੀ ਪੈਦਾ ਹੋਣਗੀਆਂ, ਜਿਸ ਨਾਲ ਅਵਾਰਾ ਸਾਨ੍ਹਾਂ ਦੀ ਸਮੱਸਿਆ ਤੋਂ ਨਿਜਾਤ ਪਾਈ ਜਾ ਸਕੇਗੀ। ਇਸ ਤੋਂ ਇਲਾਵਾ ਵਿਭਾਗ ਵੱਲੋਂ ਹੋਲਿਸਟਿਨ ਫਰੀਜ਼ੀਅਨ ਗਾਵਾਂ ਦੇ ਸੈਕਸਡ ਸੀਮਨ ਦੀਆਂ 50 ਹਜ਼ਾਰ ਖੁਰਾਕਾਂ ਆਯਾਤ ਕਰਨ ਦੀ ਪ੍ਰਕਿਰਿਆ ਕਾਰਵਾਈ ਅਧੀਨ ਹੈ। ਇਸ ਤੋਂ ਇਲਾਵਾ ਅੱਜ Punjab Regulation of Cattle Feed, Concentrates and Mineral Mixtures Bill, 2018 ਪੇਸ਼ ਕੀਤਾ ਜਾ ਰਿਹਾ ਹੈ। ਇਸ ਬਿਲ ਨਾਲ ਪਸ਼ੂਆਂ ਨੂੰ ਉੱਤਮ ਕੁਆਲਿਟੀ ਅਤੇ ਸੁਰੱਖਿਅਤ ਫੀਡ ਮੁਹੱਈਆ ਹੋਵੇਗੀ ਜਿਹੜੀ ਕਿ ਗਾਵਾਂ ਵਿਚ ਬਾਂਝਪਣ ਦੀ ਸਮੱਸਿਆ ਨੂੰ ਘੱਟ ਕਰੇਗੀ ਜੋ ਕਿ ਗਾਵਾਂ ਨੂੰ ਅਵਾਰਾ ਛੱਡਣ ਦਾ ਮੁੱਖ ਕਾਰਨ ਹੈ। ਇਥੇ ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਅਵਾਰਾ ਪਸ਼ੂਆਂ ਦੀ ਇਸ ਗੰਭੀਰ ਸਮੱਸਿਆ ਨਾਲ ਨਜਿੱਠਣ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਰਲ ਮਿਲ ਕੇ ਬੀੜਾ ਚੁੱਕਣਾ ਪਵੇਗਾ ਅਤੇ ਇਹ ਕੰਮ ਕਰਨਾ ਪਵੇਗਾ। ਮੈਂ ਸਾਰੇ ਪਸ਼ੂ ਪਾਲਕਾਂ ਨੂੰ ਬੇਨਤੀ ਕਰਨਾ ਚਾਹਾਂਗਾ ਕਿ ਉਹ ਆਪਣੇ ਪਸ਼ੂਆਂ ਨੂੰ ਅਵਾਰਾ ਨਾ ਛੱਡਣ।

(ਇਸ ਸਮੇਂ ਇੰਡੀਅਨ ਨੈਸਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜ਼ਾਜਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਪਾਹੜਾ ਜੀ, ਇਕ ਮਿੰਟ ਬੈਠੋ, ਮਾਨਸ਼ਾਹੀਆ ਜੀ ਦਾ ਸਵਾਲ ਹੈ। ਹਾਂ ਜੀ, ਮਾਨਸ਼ਾਹੀਆ ਜੀ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਮੰਤਰੀ ਜੀ ਨੇ ਦੱਸਿਆ ਹੈ ਕਿ ਅਸੀਂ ਅਵਾਰਾ ਪਸ਼ੂਆਂ ਕਾਰਨ ਹੋਏ ਹਾਦਸੇ ਦੇ ਮ੍ਰਿਤਕਾਂ ਅਤੇ ਜ਼ਖਮੀਆਂ ਨੂੰ ਇਕ ਲੱਖ ਰੁਪਏ ਮੁਆਵਜ਼ਾ ਦਿੰਦੇ ਹਾਂ ਪਰ ਸਾਡੇ ਧਿਆਨ ਵਿਚ ਕਦੇ ਨਹੀਂ ਆਇਆ ਕਿ ਇਸ ਸਰਕਾਰ ਵੱਲੋਂ ਕਦੇ ਕਿਸੇ ਨੂੰ ਇਹ ਮੁਆਵਜ਼ਾ ਮਿਲਿਆ ਹੋਵੇ। ਦੂਜਾ ਸਪੀਕਰ ਸਾਹਿਬ, ਇਹ ਜਿਹੜਾ ਮਸਲਾ ਹੈ ਇਹ ਕਿਸਾਨ ਖੁਦਕੁਸ਼ੀਆਂ ਨਾਲੋਂ ਬਿਲਕੁਲ ਵੱਖਰਾ ਹੈ। ਉੱਥੇ ਬੇਸ਼ਕ ਕਾਨੂੰਨੀ ਤੌਰ ਤੇ ਵਾਜਬ ਨਹੀਂ ਹੈ ਕਿ ਜਿਹੜਾ ਕਿਸਾਨ ਖੁਦਕੁਸ਼ੀ ਕਰਦਾ ਹੈ, ਉਸ ਨੂੰ ਕੋਈ ਮੁਆਵਜ਼ਾ ਦਿੱਤਾ ਜਾਵੇ, ਫਿਰ ਵੀ ਤਿੰਨ ਲੱਖ ਰੁਪਏ ਮੁਆਵਜ਼ਾ ਉਸ ਦੇ ਪਰਿਵਾਰ ਨੂੰ ਦਿੱਤਾ ਜਾਂਦਾ ਹੈ। ਦੂਜੇ ਪਾਸੇ ਇੱਕ ਵਿਕਟਿਮ, ਸਰਕਾਰ ਦੀ ਗਲਤੀ ਕਰਕੇ, ਕਿਉਂਕਿ ਇਹ ਸਰਕਾਰ ਦੀ ਜ਼ਿੰਮੇਵਾਰੀ ਹੈ, ਡਿਪਾਰਟਮੈਂਟ ਬਣਿਆ ਹੈ, cow cess ਵੀ ਲੈ ਰਹੇ ਹਾਂ। ਆਪ ਮੰਤਰੀ ਜੀ ਨੇ ਵੀ ਮੰਨਿਆ ਹੈ ਕਿ ਮਿਉਂਸਿਪਲ ਕਮੇਟੀਆਂ ਅਤੇ ਕੌਂਸਲਾਂ ਵਿੱਚ cow cess ਟੈਕਸ ਇਕੱਠਾ ਕੀਤਾ ਜਾਂਦਾ ਹੈ, ਫਿਰ ਵੀ ਜਿਹੜੇ ਅਵਾਰਾ ਪਸ਼ੂ ਹਨ, ਉਹ ਸੜਕਾਂ ਤੇ ਘੁੰਮ ਕੇ ਐਕਸੀਡੈਂਟਾਂ ਦਾ ਕਾਰਨ ਬਣਦੇ ਹਨ। ਇਸ ਵਿੱਚ ਮਰਨ ਵਾਲੇ ਸਿਰਫ ਇੱਕ ਹੀ ਫਾਈਨਾਂਸ਼ੀਅਲ ਜਾਂ ਸੋਸ਼ਲ ਸਟੇਟਸ ਦੇ ਬੰਦੇ ਨਹੀਂ ਹੁੰਦੇ ਹਨ। ਮੈਂ ਦੱਸਦਾ ਹਾਂ ਕਿ ਇੱਕ ਕਵੀ ਜੋਸ਼ੀ, ਬਠਿੰਡਾ ਵਿੱਚ ਇਸੇ ਤਰ੍ਹਾਂ ਦੀ ਦੁਰਘਟਨਾ ਵਿੱਚ ਮਾਰਿਆ ਗਿਆ। ਉਹ ਇੱਕ ਸਾਫਟਵੇਅਰ ਇੰਜੀਨੀਅਰ ਸੀ, ਉਹ ਕਿੰਨੇ ਪੈਸੇ ਕਮਾਉਂਦਾ ਹੋਵੇਗਾ? ਹੋ ਸਕਦਾ ਹੈ ਕਿ ਉਹ ਇੱਕ ਲੱਖ ਰੁਪਿਆ ਇੱਕ ਮਹੀਨੇ ਦਾ ਕਮਾਉਂਦਾ ਹੋਵੇ। ਕੀ ਇੱਕ ਲੱਖ ਰੁਪਏ ਨਾਲ ਇੱਕ ਸਾਫਟਵੇਅਰ ਇੰਜੀਨੀਅਰ ਦੀ ਜ਼ਿੰਦਗੀ ਨੂੰ ਕੰਪਨਸੇਟ ਕਰ ਸਕਦੇ ਹਾਂ।ਨੰਬਰ ਦੋ, ਰੀਸੈਂਟਲੀ ਮੇਰੇ ਮਾਨਸਾ ਵਿੱਚ ਪਿੰਡ ਭੈਣੀਬਾਘਾ ਵਿੱਚ.....

**ਮਾਨਯੋਗ ਸਪੀਕਰ :** ਸਵਾਲ, ਤੁਸੀਂ ਸਵਾਲ ਕਰੋ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਰ, ਇਹ ਸਵਾਲ ਹੀ ਹੈ ਕਿ ਕੀ ਇੱਕ ਲੱਖ ਰੁਪਏ ਵਿੱਚ ਕੁਝ ਹੋ ਸਕਦਾ ਹੈ? ਕੀ ਇਹ ਇਸ ਰਾਸ਼ੀ ਨੂੰ ਵਧਾਉਣਗੇ? ਕੀ ਅਜਿਹੀ ਘਟਨਾ ਦੇ ਸ਼ਿਕਾਰ ਹੋਣ ਵਾਲੇ ਵਿਅਕਤੀ ਦੇ ਸੋਸ਼ਲ ਸਟੇਟਸ ਨੂੰ ਧਿਆਨ ਵਿੱਚ ਰੱਖਣਗੇ? ਇੱਕ ਬੰਦਾ ਜਿਹੜਾ ਆਪਣੇ ਬੱਚੇ ਥਰੀ ਵੀਲ੍ਹਰ ਚਲਾ ਕੇ ਪੜ੍ਹਾ ਰਿਹਾ ਸੀ। ਉਸ ਦੀ ਡੈੱਥ ਇਸੇ ਐਕਸੀਡੈਂਟ ਵਿੱਚ ਹੋਈ। ਜਦੋਂ ਉੱਥੇ ਜਾ ਕੇ ਪਤਾ ਕੀਤਾ ਤਾਂ ਉਸ ਦੇ ਬੱਚੇ ਰੋ ਰਹੇ ਸਨ। ਇਹ ਦਲਿਤ ਪਰਿਵਾਰ ਹੈ। ਉਸ ਦੀ ਬੇਟੀ ਕਹਿੰਦੀ ਕਿ ਮੇਰੇ ਪਾਪਾ ਦਾ ਸੁਪਨਾ ਸੀ ਕਿ ਮੈਂ ਪੜ੍ਹ ਲਿਖ ਕੇ ਕੋਈ ਅਫ਼ਸਰ ਬਣਾ। ਜਦੋਂ ਮੈਂ

ਉਸ ਨੂੰ ਪੁੱਛਿਆ ਕਿ ਤੂੰ ਕੀ ਕਰਦੀ ਹੈ ਤਾਂ ਉਹ ਕਹਿੰਦੀ ਕਿ ਮੈਂ ਕੰਪਿਊਟਰ ਇੰਜੀਨੀਅਰ ਹਾਂ। ਇੱਕ ਦਲਿਤ ਪਰਿਵਾਰ ਦਾ ਬੰਦਾ, ਥਰੀ ਵੀਲ੍ਹਰ ਚਲਾ ਕੇ ਆਪਣਾ ਪਰਿਵਾਰ ਚਲਾ ਰਿਹਾ ਹੈ, ਉਸ ਦੀ ਲੜਕੀ ਉਸ ਲੈਵਲ ਤੱਕ ਪਹੁੰਚ ਗਈ ਹੈ ਜਿੱਥੇ ਕਿ ਉਸ ਨੇ ਕੰਪੀਟ ਕਰਕੇ ਸੀਨੀਅਰ ਅਫ਼ਸਰ ਬਣਨਾ ਹੈ। ਤੁਸੀਂ ਮੈਨੂੰ ਦੱਸੋ ਕਿ ਉਹ ਇੱਕ ਲੱਖ ਰੁਪਏ ਨਾਲ ਕਿਹੜੇ ਕੰਪੀਟੀਸ਼ਨ ਦੀ ਤਿਆਰੀ ਕਰ ਲਵੇਗੀ? ਕੀ ਉਹ ਅਫ਼ਸਰ ਬਣ ਪਾਏਗੀ? ਇਸ ਲਈ ਮੈਂ ਮੰਤਰੀ ਜੀ ਨੂੰ ਸੁਝਾਅ ਦਿੰਦਾ ਹਾਂ ਕਿ ਇਸ ਦਾ ਘੱਟੋ ਘੱਟ 10 ਲੱਖ ਰੁਪਏ ਮੁਆਵਜ਼ਾ ਹੋਣਾ ਚਾਹੀਦਾ ਹੈ ਜਾਂ ਕਿਸੇ ਦੇ ਫਾਈਨਾਂਸ਼ੀਅਲ ਸਟੇਟਸ ਨੂੰ ਵੇਖ ਕੇ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਜਾਂ ਫਿਰ ਜਿਵੇਂ ਇੰਸ਼ੋਰੈਂਸ ਸਕੀਮ ਵਿੱਚ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਨੇ 58 ਸਾਲ ਤੱਕ ਨੌਕਰੀ ਕਰਨੀ ਸੀ ਤਾਂ ਉਸ ਦੇ ਕਿੰਨੇ ਪੈਸੇ ਬਣਨੇ ਸੀ। ਉਹ ਸਰਕਾਰ ਦੀ ਗਲਤੀ ਕਰਕੇ ਮਰ ਰਿਹਾ ਹੈ। ਉਸ ਬੰਦੇ ਨੇ ਆਪਣੇ ਆਪ ਕੋਈ ਰਿਸਕ ਨਹੀਂ ਲਿਆ ਕਿ ਉਹ ਡੰਗਰਾਂ ਵਿੱਚ ਵੜ ਗਿਆ ਜਾਂ ਕੁਝ ਹੋਰ ਹੋ ਗਿਆ। ਡੰਗਰ ਤਾਂ ਹੁਣ ਸ਼ਹਿਰਾਂ ਵਿੱਚ ਬਹੁਤ ਫਿਰਦੇ ਹਨ। ਹੋਰ ਵੀ ਕਿੰਨੀਆਂ ਉਦਾਹਰਣਾਂ ਹਨ। ਤੁਸੀਂ ਸੋਸ਼ਲ ਮੀਡੀਆ ਤੇ ਫੇਸ ਬੁੱਕ ਤੇ ਦੇਖਦੇ ਹੋ। ਸਭ ਕੁਝ ਪੇਪਰ ਵਿੱਚ ਆਉਂਦਾ ਹੈ ਪਰ ਸਰਕਾਰ ਧਿਆਨ ਨਹੀਂ ਦੇ ਰਹੀ...

**ਮਾਨਯੋਗ ਸਪੀਕਰ :** ਸਵਾਲ, ਸਵਾਲ ਕਰੋ ਜੀ ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਹੁਣ ਮਾਨਯੋਗ ਹਾਈ ਕੋਰਟ ਨੇ 6.12.2018 ਨੂੰ ਇੱਕ ਕੰਪਰੀਹੈਂਸਿਵ ਪਾਲਿਸੀ ਬਣਾਉਣ ਲਈ ਪੰਜਾਬ ਸਰਕਾਰ ਨੂੰ ਡਾਇਰੈਕਸ਼ਨ ਦਿੱਤੀ ਹੈ। ਮੈਂ ਮੰਤਰੀ ਜੀ ਨੂੰ ਪੁੱਛਦਾ ਹਾਂ ਕਿ ਕੀ ਇਹ ਪਾਲਿਸੀ ਬਣਾ ਲਈ ਗਈ ਹੈ? ਜੇ ਬਣਾ ਲਈ ਗਈ ਹੈ ਤਾਂ ਕੰਪਨਸੇਟ ਕਰਨ ਲਈ ਕੀ ਬੇਸਿਜ਼ ਲਏ ਹਨ?

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਲਾਈਫ ਦੀ longevity ਅਤੇ ਸੋਸ਼ਲ ਸਟੇਟਸ ਨੂੰ ਮੱਦੇਨਜ਼ਰ ਰੱਖ ਕੇ ਗੌਰ ਕਰੋਗੇ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦਾ ਸੁਝਾਅ ਬਹੁਤ ਵਧੀਆ ਹੈ ਅਤੇ ਅਸੀਂ ਪੂਰਾ ਅਮਲ ਕਰਾਂਗੇ। ਬਾਕੀ ਜਿਹੜਾ ਮਾਨਯੋਗ ਹਾਈ ਕੋਰਟ ਦਾ ਫੈਸਲਾ ਹੈ, ਉਸ ਨੂੰ ਵੀ ਅਸੀਂ ਪੜ੍ਹ ਰਹੇ ਹਾਂ। ਉਸ ਨੂੰ ਪੜ੍ਹ ਕੇ ਜਵਾਬ ਤਿਆਰ ਕਰਾਂਗੇ।

ਦੂਜੀ ਗੱਲ ਇਹ ਹੈ ਕਿ ਪਸ਼ੂ ਛੱਡਣ ਵਾਲੇ ਵੀ ਅਸੀਂ ਲੋਕ ਹੀ ਹਾਂ। ਸਾਡੇ ਵਿੱਚੋਂ ਕਈ ਕਿਸਾਨ ਜਾਂ ਪਸ਼ੂ ਪਾਲਕ ਹਨ। ਮੈਂ ਅੱਜ ਵੀ ਅਪੀਲ ਕੀਤੀ ਹੈ ਕਿ ਪਸ਼ੂ ਨਾ ਛੱਡਣ। ਦੂਜੀ ਗੱਲ ਹੈ ਕਿ ਇਹ ਸਿਰਫ ਸਾਡੀ ਸਟੇਟ ਦਾ ਹੀ ਨਹੀਂ, ਸਭ ਪਾਸੇ ਹੀ ਇਹ ਹਾਲ ਹੈ। ਹਰਿਆਣਾ, ਰਾਜਸਥਾਨ ਵੱਲ ਵੀ ਚਲੇ ਜਾਈਏ, ਹਰ ਪਾਸੇ ਸੜਕਾਂ ਤੇ ਪਸ਼ੂ ਫਿਰਦੇ ਹਨ। ਪਰ ਸੈਂਟਰ ਗੌਰਮਿੰਟ ਨੂੰ ਕੋਈ ਨਾ ਕੋਈ ਇਨੀਸ਼ੀਏਟਿਵ ਲੈਣਾ

ਪਵੇਗਾ ਕਿ ਜਿਹੜਾ ਕਾਨੂੰਨ ਬਣਾਇਆ ਹੈ, ਉਸ ਤੋਂ ਕੁਝ ਨਾ ਕੁਝ ਪਾਬੰਦੀਆਂ ਚੁੱਕਣੀਆਂ ਪੈਣਗੀਆਂ ਨਹੀਂ ਤਾਂ ਇਹ ਸਾਡੇ ਵਾਸਤੇ ਬਹੁਤ ਖਤਰਨਾਕ ਹੋਵੇਗਾ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਮੈਂ ਤੁਹਾਡੇ ਮਾਧਿਅਮ ਰਾਹੀਂ ਪੰਚਾਇਤ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਅੱਜ ਤੋਂ ਡੇਢ ਸਾਲ ਪਹਿਲਾਂ ਪਿੰਡ ਬੱਬੇਹਾਲੀ ਦੀਆਂ ਦੋ ਪੰਚਾਇਤਾਂ ਕਰਵਾਈਆਂ ਗਈਆਂ ਸਨ..

**ਮਾਨਯੋਗ ਸਪੀਕਰ :** ਪਾਹੜਾ ਜੀ। ਇਹ ਰੈਲੇਵੈਂਟ ਨਹੀਂ ਹੈ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਸਰ, ਇੱਕ ਮਿੰਟ ਜੀ, ਇਹ ਪਾਰਟੀ ਦਾ ਨੁਕਸਾਨ ਹੈ, ਮੇਰਾ ਇਸ ਵਿੱਚ ਕੁਝ ਨਹੀਂ ਹੈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਇੱਕ ਮਿੰਟ ਮੇਰੀ ਗੱਲ ਸੁਣ ਲਉ, ਗੱਲ ਤਾਂ ਸੁਣ ਲਉ। ਇਸ ਤਰ੍ਹਾਂ ਨਹੀਂ ਹੁੰਦਾ। (ਵਿਘਨ)(ਸ਼ੋਰ) ਪਾਹੜਾ ਜੀ, ਪੰਚਾਇਤੀ ਰਾਜ 'ਤੇ ਅਮੈਂਡਮੈਂਟ ਬਿਲ ਆ ਰਿਹਾ ਹੈ, ਤੁਸੀਂ ਉਸ ਬਿਲ ਤੇ ਬੋਲਣਾ ਹੈ, ਹੁਣ ਨਹੀਂ ਬੋਲ ਸਕਦੇ। ਅੱਗੇ ਬਿਲ ਆ ਰਿਹਾ ਹੈ। ਹੁਣ ਇਸ ਕਾਲ ਅਟੈਨਸ਼ਨ ਤੇ ਨਹੀਂ ਬੋਲ ਸਕਦੇ। ਹਾਂ ਜੀ, ਚੀਮਾ ਸਾਹਿਬ ਜੀ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਜਿਹੜੀਆਂ ਪੰਜਾਬ ਵਿੱਚ ਟੋਲ ਵਾਲੀਆਂ ਸੜਕਾਂ ਹਨ, ਪੰਜਾਬ ਵਿੱਚ ਬਹੁਤ ਥਾਂ ਤੇ ਟੋਲ ਲੱਗੇ ਹੋਏ ਹਨ, ਉਨ੍ਹਾਂ ਤੇ ਜਿਹੜੇ ਪਸ਼ੂ ਫਿਰਦੇ ਹਨ, ਜਿਹੜੀਆਂ ਕੰਪਨੀਆਂ ਨੇ ਟੋਲ ਲਗਾਏ ਹੋਏ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਫਿਕਸ ਹੋਣੀ ਚਾਹੀਦੀ ਹੈ ਤਾਂ ਕਿ ਉਸ ਰੋਡ ਤੇ ਜਿਹੜੇ ਵੀ ਵਿਅਕਤੀ ਦੀ ਮੌਤ ਆਵਾਰਾ ਪਸ਼ੂ ਨਾਲ ਹੁੰਦੀ ਹੈ, ਉਸ ਨੂੰ ਕੰਪਨਸੇਸ਼ਨ ਵਿਭਾਗ ਕਰੇ ਜਾਂ ਟੋਲ ਦੇ ਮਾਲਕ ਤੋਂ ਕੰਪਨਸੇਸ਼ਨ ਦੇ ਪੈਸੇ ਲਏ ਜਾਣ।

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਇਨ੍ਹਾਂ ਦਾ ਕਹਿਣਾ ਹੈ ਕਿ ਜਿਹੜੀਆਂ ਟੋਲ ਕੰਪਨੀਆਂ ਹਨ, ਜੇ ਉਨ੍ਹਾਂ ਸੜਕਾਂ ਤੇ ਦੁਰਘਟਨਾ ਹੁੰਦੀ ਹੈ, ਉਨ੍ਹਾਂ ਦੀ ਜਵਾਬਦੇਹੀ ਵੀ ਫਿਕਸ ਕੀਤੀ ਜਾਵੇ। ਇਸ ਤੇ ਵੀ ਗੌਰ ਕਰੋ।

**ਮੰਤਰੀ :** ਸਪੀਕਰ ਸਾਹਿਬ, ਜਿਹੜੇ ਬਾਹਰਲੇ ਮੁਲਕਾਂ ਵਿੱਚ ਹਾਈਵੇਅ ਬਣੇ ਹਨ, ਉੱਥੇ ਨਾਲ-ਨਾਲ ਫੈਂਸਿੰਗ ਕੀਤੀ ਹੁੰਦੀ ਹੈ, ਉਸ ਨਾਲ ਕੋਈ ਪਸ਼ੂ ਰੋਡ ਤੇ ਚੜ੍ਹ ਹੀ ਨਹੀਂ ਸਕਦਾ ਹੈ। ਜਾਂ ਤਾਂ ਆਪਾਂ ਸਾਰੇ ਪੰਜਾਬ ਵਿੱਚ ਵੀ ਇੱਕ ਮਤਾ ਪਾ ਕੇ ਉਹ ਹੀ ਕਰਵਾ ਲਈਏ, ਜੇ ਫੈਂਸਿੰਗ ਹੋ ਜਾਵੇ ਤਾਂ ਪਸ਼ੂ ਐਂਟਰ ਕਰਨਗੇ ਹੀ ਨਹੀਂ।

**ਮਾਨਯੋਗ ਸਪੀਕਰ:** ਬੈਠੋ, ਬੈਠੋ, ਹੁਣ ਬੈਠੋ। ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ।

-----

## PRESENTATION OF THE FIRST REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ :** ਹੁਣ, ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜਿਸ ਵਿੱਚ ਪੂਰੀ ਤਰ੍ਹਾਂ ਆਰਜ਼ੀ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਮਿਤੀ 14.12.2018 ਨੂੰ ਵਿਧਾਨ ਸਭਾ ਦੀ ਬੈਠਕ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇਗਾ:-

| | | |
|---|---|---|
| ਸ਼ੁੱਕਰਵਾਰ, ਮਿਤੀ 14 ਦਸੰਬਰ, 2018 | (i) | ਸਰਕਾਰੀ ਮਤੇ |
| (10.00 ਵਜੇ ਸਵੇਰੇ) | (ii) | ਵਿਧਾਨਕ ਕੰਮ-ਕਾਰ |
| | (iii) | ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ। |

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸੁਖਬੀਰ ਸਿੰਘ ਬਾਦਲ, ਸ਼੍ਰੀ ਪਵਨ ਕੁਮਾਰ ਟੀਨੂ, ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸਰਦਾਰ ਬਿਕਰਮ ਸਿੰਘ ਮਜੀਠੀਆ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਸ਼੍ਰੀ ਕੰਵਰ ਸੰਧੂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਹੁਣ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਬਹਿਸ।

**ਮਾਨਯੋਗ ਸਪੀਕਰ :** ਹਾਂ ਜੀ, ਚੀਮਾ ਸਾਹਿਬ, ਹੁਣ ਤੁਸੀਂ ਆਪਣੀ ਗੱਲ ਕਹਿ ਲਓ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.):** ਸਪੀਕਰ ਸਾਹਿਬ, ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਹੋਇਆ ਸੀ ਕਿ ਜੇਕਰ ਬਿਜ਼ਨੈਸ ਹੋਰ ਹੋਇਆ ਤਾਂ ਆਪਾਂ ਸੈਸ਼ਨ ਨੂੰ ਐਕਸਟੈਂਡ ਕਰ ਲਵਾਂਗੇ। ਮੈਂ ਕਹਿੰਦਾ ਹਾਂ ਕਿ ਪੰਜਾਬ ਵਿੱਚ ....

**ਮਾਨਯੋਗ ਸਪੀਕਰ:** ਇੱਕ ਸੈਕਿੰਡ, ਇਹ ਤਾਂ ਮੰਨਦੇ ਹੋ ਕਿ ਫੈਸਲਾ ਹੋਇਆ ਸੀ?

**ਸਰਦਾਰ ਹਰਪਾਲ ਸਿੰਘ ਚੀਮਾ :** ਕਿਸਾਨਾਂ ਦੀਆਂ ਖੁਦਕੁਸ਼ੀਆਂ ਨੂੰ ਲੈ ਕੇ ਰਿਪੋਰਟ ਪੇਸ਼ ਹੋ ਚੁੱਕੀ ਹੈ, ਜਸਟਿਸ ਨਾਰੰਗ ਕਮਿਸ਼ਨ ਦੀ ਰਿਪੋਰਟ ਪੇਸ਼ ਹੋ ਚੁੱਕੀ ਹੈ, ਤੁਸੀਂ ਉਨ੍ਹਾਂ ਰਿਪੋਰਟਾਂ ਤੇ ਬਹਿਸ ਕਰਵਾਓ, ਸਰਕਾਰ ਉਨ੍ਹਾਂ ਰਿਪੋਰਟਾਂ ਤੇ ਬਹਿਸ ਕਿਉਂ ਨਹੀਂ ਕਰਵਾ ਰਹੀ ਹੈ, ਉਨ੍ਹਾਂ ਉਤੇ ਬਹਿਸ ਕਰਵਾਉਣ ਤੋਂ ਕਿਉਂ ਭੱਜ ਰਹੀ ਹੈ? ਕਿਸਾਨਾਂ ਦੀਆਂ ਖੁਦਕੁਸ਼ੀਆਂ ਹੋਈਆਂ ਹਨ।

**ਮਾਨਯੋਗ ਸਪੀਕਰ:** ਕੀ ਤੁਸੀਂ ਨੋਟਿਸ ਦਿੱਤਾ ਹੈ? ਕੀ ਤੁਸੀਂ ਨੋਟਿਸ ਦਿੱਤਾ ਹੈ?

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਅਸੀਂ ਕਾਲ ਅਟੈਨਸ਼ਨ ਮੋਸ਼ਨ ਦਿੱਤੀ, ਤੁਸੀਂ ਉਹ ਰੱਦ ਕਰ ਦਿੱਤੀ, ਅਸੀਂ ਜਿੰਨੇ ਵੀ ਮਤੇ ਲਗਾਏ, ਤੁਸੀਂ ਸਾਰੇ ਦੇ ਸਾਰੇ ਰੱਦ ਕਰ ਦਿੱਤੇ ਹਨ।

**ਮਾਨਯੋਗ ਸਪੀਕਰ:** ਤੁਸੀਂ ਦੋ ਗੱਲਾਂ ਕੀਤੀਆਂ ਹਨ। ਇੱਕ ਤਾਂ ਤੁਸੀਂ ਇਹ ਗੱਲ ਕਹਿੰਦੇ ਹੋ ਕਿ ਕੱਲ੍ਹ ਗੱਲ ਹੋਈ ਸੀ ਕਿ ਜੇ ਬਿਜ਼ਨੈਸ ਹੋਰ ਆਏਗਾ ਤਾਂ ਅਸੀਂ ਸੈਸ਼ਨ ਅੱਗੇ ਕਰਾਂਗੇ। ਕੀ ਤੁਸੀਂ ਕੋਈ ਨੋਟਿਸ ਦਿੱਤਾ ਹੈ?

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਅਸੀਂ ਤੁਹਾਨੂੰ ਬਿਜ਼ਨੈਸ ਦਿੱਤਾ। ਅਸੀਂ ਕਿਹਾ ਕਿ ਘੱਟੋ-ਘੱਟ ਜਿਹੜੀ ਕਿਸਾਨਾਂ ਦੀਆਂ ਖੁਦਕੁਸ਼ੀਆਂ ਉਤੇ ਤੁਸੀਂ ਕਮੇਟੀ ਬਣਾਈ ਸੀ, ਉਸ ਦੀ ਰਿਪੋਰਟ ਤੇ ਡਿਸਕਸ਼ਨ ਕਰਵਾ ਲਵੋ, ਉਸ ਰਿਪੋਰਟ ਉਤੇ ਡਿਸਕਸ਼ਨ ਕਿਉਂ ਨਹੀਂ ਹੋ ਰਹੀ? ਜਸਟਿਸ ਨਾਰੰਗ ਕਮਿਸ਼ਨ ਦੀ ਰਿਪੋਰਟ ਤੇ ਡਿਸਕਸ਼ਨ ਕਿਉਂ ਨਹੀਂ ਹੋ ਰਹੀ ਹੈ? ਉਹ ਰਿਪੋਰਟ ਪੇਸ਼ ਹੋ ਚੁੱਕੀ ਹੈ ਫਿਰ ਉਸ ਰਿਪੋਰਟ ਨੂੰ ਬਣਾਉਣ ਦਾ ਕੀ ਫਾਇਦਾ ਹੈ ਤੇ ਅੱਜ ਸੈਸ਼ਨ ਚਲਾਉਣ ਦਾ ਕੀ ਫਾਇਦਾ ਹੈ?

**ਮਾਨਯੋਗ ਸਪੀਕਰ:** ਬ੍ਰਹਮ ਮਹਿੰਦਰਾ ਜੀ, ਬ੍ਰਹਮ ਮਹਿੰਦਰਾ ਜੀ, ਕੀ ਤੁਸੀਂ ਕਿਸਾਨਾਂ ਦੀ ਕਮੇਟੀ ਦੀ ਰਿਪੋਰਟ ਤੇ ਕੁਝ ਕਹਿਣਾ ਹੈ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸੁਖਬੀਰ ਸਿੰਘ ਬਾਦਲ, ਸ਼੍ਰੀ ਪਵਨ ਕੁਮਾਰ ਟੀਨੂ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਸ਼੍ਰੀ ਕੰਵਰ ਸੰਧੂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸੰਸਦੀ ਮਾਮਲੇ ਮੰਤਰੀ :** ਦੇਖੋ ਸਰ, ਗੱਲ ਇਹ ਹੈ ਕਿ ਜਿਸ ਦਿਨ ਤੋਂ ਸਾਡੀ ਸਰਕਾਰ ਬਣੀ ਤਾਂ ਪਹਿਲੇ ਦਿਨ ਤੋਂ ਹੀ ਫੈਸਲਾ ਕੀਤਾ ਕਿ ਜੋ ਕਿਸਾਨਾਂ ਦੀਆਂ ਖੁਦਕੁਸ਼ੀਆਂ ਹੋ ਰਹੀਆਂ ਹਨ ਉਨ੍ਹਾਂ ਉਤੇ ਕਮੇਟੀ ਬਣਾਈ ਜਾਵੇ ਇਸ ਲਈ ਉਨ੍ਹਾਂ ਲਈ ਉਸੇ ਵੇਲੇ ਕਮੇਟੀ ਗਠਿਤ ਕਰ ਦਿੱਤੀ ਗਈ। (ਵਿਘਨ) ਉਸ ਕਮੇਟੀ ਦੀ ਰਿਪੋਰਟ ਆ ਚੁੱਕੀ ਹੈ ਅਤੇ ਉਸ ਰਿਪੋਰਟ ਤੇ ਕਾਰਵਾਈ ਹੋ ਰਹੀ ਹੈ। ਉਸ ਤੇ ਡਿਸਕਸ਼ਨ ਦੀ ਕੀ ਲੋੜ ਹੈ? (ਵਿਘਨ) ਰਿਪੋਰਟ ਤਾਂ ਡਿਸਕਸ ਉਦੋਂ ਹੋਈ ਹੈ। (ਵਿਘਨ) ਤੁਸੀਂ ਰਿਕਾਰਡ ਕਢਵਾ ਲਓ, ਰਿਪੋਰਟ ਤੇ ਡਿਸਕਸ਼ਨ ਹੋਈ ਹੈ। (ਵਿਘਨ)

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ। (ਵਿਘਨ) ਹਾਂ ਜੀ, ਸਰਦਾਰ ਸੁਖਬੀਰ ਸਿੰਘ ਬਾਦਲ।

**ਸਰਦਾਰ ਸੁਖਬੀਰ ਸਿੰਘ ਬਾਦਲ (ਜਲਾਲਾਬਾਦ):** ਸਪੀਕਰ ਸਾਹਿਬ, ਮੈਨੂੰ ਲੱਗਦਾ ਹੈ ਕਿ ਪੰਜਾਬ ਸਰਕਾਰ ਦਾ ਨਾਂ ਅੱਜ ਗਿੰਨੀਜ਼ ਬੁੱਕ ਵਿੱਚ ਜਾਣਾ ਚਾਹੀਦਾ ਹੈ। ਇਹ shortest Session in the history of the India, ਇੱਕ ਦਿਨ ਦਾ ਸੈਸ਼ਨ ਹੈ, ਮੈਨੂੰ ਲੱਗਦਾ ਹੈ ਕਿ ਇਹ ਵਰਲਡ ਵਿੱਚ ਹੀ shortest ਸੈਸ਼ਨ ਹੋਣਾ ਹੈ। ਮੈਂ ਤੁਹਾਨੂੰ ਇੱਕ ਗੱਲ ਦੱਸਾਂ। ਸਪੀਕਰ ਸਾਹਿਬ, ਮੈਂ ਤੁਹਾਨੂੰ ਇੱਕ ਹੋਰ ਗੱਲ ਸੁਜੈਸਟ ਕਰਦਾ ਹਾਂ।

**ਮਾਨਯੋਗ ਸਪੀਕਰ :** ਤੁਸੀਂ ਪੁਰਾਣਾ ਰਿਕਾਰਡ ਦੇਖ ਲਓ। (ਵਿਘਨ)

**ਸ਼੍ਰੀ ਅਮਨ ਅਰੋੜਾ :** ਸਰ, ਕੀ ਤੁਸੀਂ ਕੰਪੀਟ ਕਰਨਾ ਹੈ? (ਵਿਘਨ)

**ਮਾਨਯੋਗ ਸਪੀਕਰ :** ਅਮਨ ਜੀ, ਬੈਠੋ, ਬੈਠੋ, ਉਨ੍ਹਾਂ ਨੂੰ ਬੋਲ ਲੈਣ ਦਿਓ, ਬੋਲ ਲੈਣ ਦਿਓ। ਹੁਣ ਤੁਸੀਂ ਬੋਲੋ।

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਮੈਂ ਇੱਕ ਹੋਰ ਬੇਨਤੀ ਕਰਦਾ ਹਾਂ ਜਿਵੇਂ ਕਿ ਅਮਨ ਜੀ ਨੇ ਕਿਹਾ ਹੈ ਕਿ ਸਰਕਾਰ ਕੋਲ ਕੋਈ ਕੰਮ ਨਹੀਂ ਹੈ, ਕੰਮ ਨਹੀਂ ਹੈ ਫਿਰ ਅਸੈਂਬਲੀ ਦਾ ਮਤਲਬ ਕੀ ਹੈ? ਅਸੈਂਬਲੀ ਦਾ ਮਤਲਬ ਹੈ ਐਕਟ ਬਣਾਉਣੇ, ਡਿਸਕਸ਼ਨ ਕਰਨਾ। ਮੈਂ ਬੇਨਤੀ ਕਰਦਾ ਹਾਂ ਕਿਉਂਕਿ ਇੱਕ ਸੈਸ਼ਨ ਤੇ ਕਰੋੜਾਂ ਰੁਪਏ ਲਗਦੇ ਹਨ ਅਤੇ ਜੇ ਇਨ੍ਹਾਂ ਨੇ ਕੰਮ ਕੀਤਾ ਹੀ ਨਹੀਂ ਹੈ ਤੇ ਨਾ ਹੀ ਕਰਨਾ ਹੈ ਤਾਂ ਤੁਸੀਂ ਹਰ ਤਿੰਨ ਮਹੀਨੇ ਬਾਅਦ obituary references ਕਰਕੇ ਮੁਅੱਤਲ ਕਰ ਦਿਆ ਕਰੋ ਕਿਉਂਕਿ ਤੁਸੀਂ ਹੋਰ ਤਾਂ ਕੋਈ ਕੰਮ ਕਰਦੇ ਨਹੀਂ ਹੋ। ਸਾਨੂੰ ਇੱਥੇ ਐਂਵੇਂ ਹੀ ਬੁਲਾਇਆ ਹੈ। We are representing the democracy. ਕੰਮ ਇਕੱਲਾ ਸਰਕਾਰ ਦਾ ਨਹੀਂ ਹੈ। ਸਰਕਾਰ ਦੇ ਬਿਜ਼ਨਸ ਕਰਕੇ ਪਾਰਲੀਮੈਂਟ ਨਹੀਂ ਬਣਿਆ ਹੈ। ਪਾਰਲੀਮੈਂਟ means ਜਿਹੜੇ ਆਪੋਜ਼ੀਸ਼ਨ ਦੇ ਵਿਊਜ਼ ਹਨ, ਜਿਹੜੇ ਪੰਜਾਬ ਦੇ ਇਸ਼ੂਜ਼

ਹਨ ਉਨ੍ਹਾਂ ਤੇ ਡਿਸਕਸ਼ਨ ਹੋਵੇ । ਜੇ ਬਿਲ ਨਾ ਹੁੰਦੇ ਤਾਂ ਉਸ ਦਾ ਕੀ ਮਤਲਬ ਕਿ ਸੈਸ਼ਨ ਨਹੀਂ ਚਲੇਗਾ? Speaker Sahib, this is complete murder of democracy. (ਵਿਘਨ) Basically ਇਹ ਪਰੂਵ ਕਰਦਾ ਹੈ ਕਿ this is the most incompetent government ever formed in Punjab. ਜਿਨ੍ਹਾਂ ਕੋਲ ਕੋਈ ਕੰਮ ਹੀ ਨਹੀਂ ਹੈ। (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਕੁਲਤਾਰ ਸਿੰਘ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ) :** ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਇਸ ਗੱਲ ਨਾਲ ਸਹਿਮਤ ਹਾਂ ਕਿ ਬੜਾ ਛੋਟਾ ਸੈਸ਼ਨ ਹੈ। ਪਰ ਜੇ ਇਨ੍ਹਾਂ ਨੇ ** ** ** ਕਰ ਦਿੱਤਾ ਸੀ ਪਰ ਆਪਾਂ ਤਾਂ ਨਹੀਂ ਕਰਨਾ ਜੀ। ਆਪਾਂ ਤਾਂ ਥੋੜ੍ਹਾ ਅੱਗੇ ਲੈ ਕੇ ਚੱਲੀਏ। ਮੈਂ ਇੱਕ ਬੜੀ ਇੰਪਾਰਟੈਂਟ ਗੱਲ ਕਹਿਣੀ ਚਾਹੁੰਦਾ ਹਾਂ.....(ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ** ਕੱਟ ਦਿਉ। (ਵਿਘਨ..ਸ਼ੋਰ)

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼ ਜੀ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮੈਂ ਇੱਕ ਬੜੇ ਇੰਪਾਰਟੈਂਟ ਇਸ਼ੂ ਵੱਲ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਇਨ੍ਹਾਂ ਨੂੰ ਤਾਂ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਹੁਣ ਸਿਰਸੇ ਵਾਲੇ ਤੋਂ ਵਿਹਲ ਮਿਲ ਗਈ ਹੈ ਅਤੇ ਇੱਥੇ ਆ ਗਏ ਹਨ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਦਾ ਹਾਂ ਕਿ ਲੀਡਰ ਆਫ ਦਿ ਹਾਊਸ ਵੀ ਇਸ ਗੱਲ ਵੱਲ ਧਿਆਨ ਦੇਣ ਕਿ ਪੰਜਾਬ ਵਿੱਚ ਹਰਿਆਣਾ ਅਸੈਂਬਲੀ ਨੇ ਇੱਕ ਮਤਾ ਪਾਸ ਕਰਕੇ ਭੇਜਿਆ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਿੱਚ ਜਿਹੜੀਆਂ ਜੱਜਮੈਂਟਾਂ ਹਨ, ਉਹ ਹਿੰਦੀ ਦੇ ਵਿੱਚ ਦਿੱਤੀਆਂ ਜਾਣ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਸੀਂ ਪੰਜਾਬ ਅਸੈਂਬਲੀ ਵਿੱਚ ਮਤਾ ਪਾਸ ਕਰਕੇ ਨਹੀਂ ਭੇਜ ਸਕਦੇ ਕਿ ਇੱਥੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀਆਂ ਜੱਜਮੈਂਟਾਂ ਪੰਜਾਬੀ ਵਿੱਚ ਹੋਣ। (ਵਿਘਨ) (ਸ਼ੋਰ) ਜੇ ਪੰਜਾਬੀ ਵਿੱਚ ਹੋਣਗੀਆਂ ਤਾਂ ਇਸ ਨਾਲ ਪੰਜਾਬ

---

** Expunged/ Not recorded as ordered by the Chair.

ਦੇ ਲੱਖਾਂ ਨੌਜਵਾਨਾਂ ਦਾ ਫਾਇਦਾ ਹੋਵੇਗਾ। ਸਾਡੇ ਵਕੀਲ ਉਥੇ ਪ੍ਰੈਕਟਿਸ ਕਰ ਸਕਣਗੇ, ਜਿਹੜੇ ਅੰਗਰੇਜ਼ੀ ਵਿੱਚ comfortable ਨਹੀਂ ਹਨ। ਹਰਿਆਣਾ ਨੇ ਉੱਥੇ ਹਿੰਦੀ ਲਾਗੂ ਕਰਵਾ ਲਈ ਹੈ ਤਾਂ ਫਿਰ ਚੰਡੀਗੜ੍ਹ ਤੇ ਸਾਡਾ ਉਹ ਹੱਕ ਨਹੀਂ ਰਹੇਗਾ। (ਵਿਘਨ)(ਸ਼ੋਰ) ਇਹ ਬੜਾ ਵੱਡਾ ਧੱਕਾ ਹੋ ਰਿਹਾ ਹੈ। ਇਹ ਬੜੇ ਅਫਸੋਸ ਦੀ ਗੱਲ ਹੈ ਕਿ ਮੈਂ ਇੱਕ ਕਾਲ ਅਟੈਂਸ਼ਨ ਵੀ ਲਾਈ ਸੀ ਜਿਹੜੀ ਆਪ ਜੀ ਨੇ ਕਿਸੇ ਗੱਲ ਕਰਕੇ ਮਨਜ਼ੂਰ ਨਹੀਂ ਕੀਤੀ। ਹੁਣ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਆਗਿਆ ਦਿੱਤੀ ਜਾਵੇ ਕਿ ਮੈਂ ਇਹ ਮਤਾ ਪੇਸ਼ ਕਰ ਸਕਾਂ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਿਚ ਜਿੰਨੀਆਂ ਵੀ ਜੱਜਮੈਂਟਸ ਹਨ, ਉਹ ਪੰਜਾਬੀ ਦੇ ਵਿੱਚ ਮੁਹੱਈਆ ਕਰਵਾਈਆਂ ਜਾਣ, ਸਾਡਾ ਹਾਊਸ ਇਹ ਮਤਾ ਪਾਸ ਕਰੇ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਸੰਧੂ ਸਾਹਿਬ, ਸੰਧੂ ਸਾਹਿਬ। ਸ਼੍ਰੀ ਕੰਵਰ ਸੰਧੂ ਸਾਹਿਬ ਦਾ ਮਾਈਕ ਆਨ ਕਰੋ ਜੀ। (ਵਿਘਨ) (ਸ਼ੋਰ)

**ਸ਼੍ਰੀ ਕੰਵਰ ਸੰਧੂ (ਖਰੜ):** ਸਪੀਕਰ ਸਾਹਿਬ, ਬਹੁਤ ਅਫਸੋਸ ਦੀ ਗੱਲ ਹੈ। ਵੈਸੇ ਤਾਂ ਸਰਦ ਰੁੱਤ ਦਾ ਸੈਸ਼ਨ ਲੰਬਾ ਹੋਣਾ ਚਾਹੀਦਾ ਹੈ। ਇਹ ਸਿਰਫ 3 ਦਿਨ ਦਾ ਸੈਸ਼ਨ ਸੀ ਜਿਸ ਵਿੱਚੋਂ ਦੋ ਦਿਨ ਦਾ ਕਰ ਦਿੱਤਾ ਗਿਆ ਅਤੇ ਇਸ ਦਾ ਜਵਾਬ ਇਹ ਦਿੱਤਾ ਜਾਂਦਾ ਹੈ ਕਿ ਸਰਕਾਰ ਕੋਲ ਕੋਈ ਬਿਜ਼ਨਸ ਨਹੀਂ ਹੈ। ਸਪੀਕਰ ਸਾਹਿਬ, ਜਿੰਨੀਆਂ ਰਿਪੋਰਟਾਂ ਬਣੀਆਂ ਹਨ, ਉਹ ਇੱਥੇ ਪੇਸ਼ ਹੀ ਨਹੀਂ ਹੋਈਆਂ। ਉਹ ਰਿਪੋਰਟਾਂ ਕਾਹਦੇ ਲਈ ਬਣੀਆਂ ਹਨ? ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਇੱਥੇ ਬੈਠੇ ਹਨ, ਇਹ ਲਾਜ਼ਮੀ ਹੋਣਾ ਚਾਹੀਦਾ ਹੈ ਕਿ ਹਾਊਸ ਵਿੱਚ ਰਿਪੋਰਟ ਸਬਮਿਟ ਹੋਵੇ, ਉਸ ਤੇ ਬਹਿਸ ਹੋਵੇ ਅਤੇ ਉਸ ਤੇ ਸੁਝਾਅ ਲਏ ਜਾਣ, ਫਿਰ ਲਾਗੂ ਹੋਣ। ਲੇਕਿਨ ਇੱਥੇ ਕੀ ਹੋ ਰਿਹਾ ਹੈ? ਜਿੰਨੀਆਂ ਰਿਪੋਰਟਾਂ ਬਣੀਆਂ ਹਨ, ਉਹ ਸਿੱਧੀਆਂ ਜਾ ਕੇ ਠੰਢੇ ਬਸਤੇ ਵਿੱਚ ਪੈ ਜਾਂਦੀਆਂ ਹਨ। ਸਪੀਕਰ ਸਾਹਿਬ, ਇਹ ਜਿਹੜਾ ਹਾਊਸ ਦਾ ਬਿਜ਼ਨਸ ਹੈ, ਇਹ ਕੇਵਲ ਸਰਕਾਰ ਦਾ ਹੀ ਨਹੀਂ, ਬਲਕਿ ਵਿਰੋਧੀ ਧਿਰ ਦਾ ਅਤੇ ਸਾਰੀਆਂ ਧਿਰਾਂ ਦਾ ਹੈ। ਸਪੀਕਰ ਸਾਹਿਬ, ਤੁਸੀਂ ਤੈਅ ਕਰੋ ਕਿ ਕਿੰਨਾ ਬਿਜ਼ਨਸ ਹੋਣਾ ਚਾਹੀਦਾ ਹੈ। ਇਹ ਹਰ ਮਹੀਨੇ ਘੱਟੋ-ਘੱਟ 3 ਤੋਂ 4 ਦਿਨ ਦਾ ਸੈਸ਼ਨ ਹੋਣਾ ਚਾਹੀਦਾ ਹੈ। ਹਰ ਮਹੀਨੇ ਘੱਟੋ-ਘੱਟ 500-1000 ਸਵਾਲ ਇਕੱਠੇ ਹੋ ਜਾਂਦੇ ਹਨ, ਉਹ ਸਵਾਲ ਕਿੱਧਰ ਜਾਂਦੇ ਹਨ? ਫਿਰ ਅਸੀਂ ਕਿਸ ਚੀਜ਼ ਲਈ ਬਿਜ਼ਨਸ ਕਰਦੇ ਹਨ ਅਤੇ ਕਾਹਦੇ ਵਾਸਤੇ ਚੁਣ ਕੇ ਇੱਥੇ ਆਉਂਦੇ ਹਨ? (ਵਿਘਨ)(ਸ਼ੋਰ) ਹੁਣ ਵੀ ਤੁਸੀਂ ਗੱਲ ਸੁਣਨ ਦੀ ਬਜਾਏ ਚਾਹੁੰਦੇ ਹੋ ਕਿ ਅਗਲਾ ਮਤਾ ਸ਼ੁਰੂ ਹੋ ਜਾਵੇ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਅਪੋਜ਼ ਕਰ ਲਿਆ, what else you have to say ? ਬੈਠੋ, ਹੁਣ ਤੁਸੀਂ ਬੈਠੋ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

----

**Walk- out**

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ ਨੂੰ ਛੱਡ ਕੇ ਸਦਨ ਵਿੱਚ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਕਾਰਜ ਸਲਾਹਕਾਰ ਕਮੇਟੀ ਦੀ ਰਿਪੋਰਟ ਤੇ ਅਸਹਿਮਤੀ ਪ੍ਰਗਟਾਉਂਦੇ ਹੋਏ ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

----

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀ ਸੋਮ ਪ੍ਰਕਾਸ਼ ਜੀ।

**ਸ਼੍ਰੀ ਸੋਮ ਪ੍ਰਕਾਸ਼:** ਸਪੀਕਰ ਸਾਹਿਬ, ਜਿਹੜੀ ਰਿਪੋਰਟ ਪੇਸ਼ ਕੀਤੀ ਹੈ, ਉਸ ਵਿੱਚ ਪਹਿਲਾਂ ਸੈਸ਼ਨ ਤਿੰਨ ਦਿਨ ਦਾ ਰੱਖਿਆ ਗਿਆ ਸੀ। ਅੱਜ ਤੁਸੀਂ ਘਟਾ ਕੇ ਇੱਕ ਦਿਨ ਦਾ ਕਰ ਦਿੱਤਾ। ਜਦ ਤੋਂ ਸਰਕਾਰ ਬਣੀ ਹੈ...

**ਮਾਨਯੋਗ ਸਪੀਕਰ :** ਇਹ ਪਾਸ ਹੋ ਗਿਆ ਹੈ, ਹਾਊਸ ਨੇ ਇਸ ਨੂੰ ਪਾਸ ਕਰ ਦਿੱਤਾ, ਹਾਊਸ ਪਾਸ ਕਰ ਚੁੱਕਿਆ ਹੈ।

**ਸ਼੍ਰੀ ਸੋਮ ਪ੍ਰਕਾਸ਼:** ਸਰ, ਮੇਰੀ ਬੇਨਤੀ ਸੁਣ ਲਓ, ਇਹ ਸਭ ਤੋਂ ਇੰਪਾਰਟੈਂਟ ਮਸਲਾ ਹੈ।

**ਮਾਨਯੋਗ ਸਪੀਕਰ:** ਜੇ ਕੋਈ ਹੋਰ ਗੱਲ ਕਰਨੀ ਹੈ, ਕਰ ਲਵੋ। ਤੁਸੀਂ ਬੈਠੋ।

**ਸ਼੍ਰੀ ਸੋਮ ਪ੍ਰਕਾਸ਼:** ਤੁਸੀਂ **

-----

---

** Expunged as ordered by the Hon'ble Speaker.

## OFFICIAL RESOLUTION

### (i) RESOLUTION REGARDING RECOMMENDATION TO THE CENTRAL GOVERNMENT FOR PASSING WOMEN RESERVATION BILL FOR RESERVING ONE-THIRD SEATS FOR WOMEN IN THE LOK SABHA AND STATE LEGISLATURES IN VIEW OF 50% RESERVATION OF SEATS FOR WOMEN PROVIDED BY THE STATE IN THE LOCAL GOVERNMENT AND PANCHAYATI RAJ INSTITUTIONS

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ, ਪ੍ਰਸਤਾਵ ਪੇਸ਼ ਕਰਨ ਜੀ।

**Chief Minister (Captain Amarinder Singh):** Sir, I beg to move that-

> "As, 50% seats have been reserved by State Government for Women in the Local Government and Panchayati Raj Institutions, this House strongly recommends to the Centre Government that Women Reservation Bill for reserving one third seats in the Lok Sabha and State Legislature for Women be passed at the earliest."

ਸਪੀਕਰ ਸਾਹਿਬ, ਮੈਂ ਸਦਨ ਵਿੱਚ ਇਹ ਪ੍ਰਸਤਾਵ ਰੱਖਿਆ ਹੈ। ਸਪੀਕਰ ਸਾਹਿਬ, ਅਸਲ ਵਿੱਚ ਮੈਂ ਦੋ ਪ੍ਰਸਤਾਵ ਰੱਖਣਾ ਚਾਹੁੰਦਾ ਹਾਂ but I will start by this issue of urging the reservation i.e. ਔਰਤਾਂ ਦੀ ਰਿਜ਼ਰਵੇਸ਼ਨ ਪਾਰਲੀਮੈਂਟ ਦੇ ਵਿੱਚ ਵੀ ਹੋਵੇ। ਸਪੀਕਰ ਸਾਹਿਬ, ਇਹ ਕਾਂਗਰਸ ਪਾਰਟੀ ਦੀ ਬਹੁਤ ਪੁਰਾਣੀ ਇੱਕ ਮੰਗ ਸੀ, ਸਾਡੇ ਉਦੋਂ ਸ਼੍ਰੀਮਤੀ ਸੋਨੀਆ ਗਾਂਧੀ ਜੀ ਪ੍ਰਧਾਨ ਸਨ। ਉਹ ਇਹ ਬਿਲ ਖਾਸ ਕਰਕੇ ਲਿਆਏ ਸੀ। ਇਹ ਬਿਲ ਰਾਜ ਸਭਾ ਵਿੱਚ ਪਾਸ ਹੋ ਗਿਆ ਸੀ ਪਰ ਫਿਰ ਜਦੋਂ ਲੋਕ ਸਭਾ ਦੇ ਵਿੱਚ ਆਇਆ, ਉਥੇ ਬੜੀ ਲੰਮੀ ਬਹਿਸ ਚਲਦੀ ਰਹੀ ਔਰ eventually ਉਹ ਬਿਲ ਲੈਪਸ ਕਰ ਗਿਆ। ਸੋ, ਅੱਜ ਅਸੀਂ ਫਿਰ ਚਾਹੁੰਦੇ ਹਾਂ ਕਿ ਇਥੇ ਸਦਨ ਵਿੱਚ ਇਹ ਪਾਸ ਕੀਤਾ ਜਾਵੇ ਤਾਂ ਕਿ ਅਸੀਂ ਫਿਰ ਦਿੱਲੀ ਭੇਜ ਸਕੀਏ ਤਾਂ ਕਿ ਪਾਰਲੀਮੈਂਟ ਦੇ ਆਉਣ ਵਾਲੇ ਸੈਸ਼ਨ ਵਿੱਚ ਇਹ ਗੱਲ ਰੱਖੀ ਜਾਵੇ।

ਇਹ ਰੈਜ਼ੋਲਿਊਸ਼ਨ ਹੈ, ਉਸ ਅਨੁਸਾਰ ਜਿਹੜੀਆਂ ਲੋਕ ਸਭਾ ਵਿੱਚ ਟੋਟਲ 543 ਸੀਟਾਂ ਹਨ, ਉਨ੍ਹਾਂ ਵਿਚੋਂ 181 ਸੀਟਾਂ ਰਿਜ਼ਰਵ ਕੀਤੀਆਂ ਜਾਣਗੀਆਂ ਔਰ 28 ਸਟੇਟ ਅਸੈਂਬਲੀਜ਼ ਵਿੱਚ 4109 ਸੀਟਾਂ ਹਨ, ਉਨ੍ਹਾਂ ਵਿੱਚੋਂ 1370 ਸੀਟਾਂ ਰਿਜ਼ਰਵ ਕੀਤੀਆਂ ਜਾਣਗੀਆਂ। ਇਸ ਡਿਬੇਟ ਤੇ ਜੋ ਲੋਕ ਬੋਲਣਾ ਚਾਹੁੰਦੇ ਹਨ, ਉਹ ਬੋਲ ਲੈਣ।

ਸਾਡੀ ਪਾਰਟੀ ਵੱਲੋਂ ਇਹ ਰੈਜ਼ੋਲਿਊਸ਼ਨ ਹੈ। ਮੈਂ ਆਸ ਕਰਦਾ ਹਾਂ ਕਿ ਹਾਊਸ ਇਸ ਗੱਲ ਨੂੰ ਸਮਝਦੇ ਹੋਏ ਕਿ 50% ਵਾਲੇ ਮਤੇ ਨਾਲ ਸਹਿਮਤ ਹੋਵੇਗਾ। ਸਪੀਕਰ ਸਾਹਿਬ, ਹਿੰਦੁਸਤਾਨ ਦੇ ਵਿੱਚ ਔਰਤਾਂ ਦੀ ਜੋ ਸਾਡੀ ਅਬਾਦੀ ਹੈ and it is unfair ਕਿ ਅਸੀਂ ਉਨ੍ਹਾਂ ਨੂੰ ਇਸ ਡੈਮੋਕਰੇਸੀ ਵਿੱਚੋਂ ਬਾਹਰ ਕੱਢੀਏ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ ਕਿ–

"ਜਿਵੇਂ ਕਿ ਪੰਜਾਬ ਸਰਕਾਰ ਵੱਲੋਂ ਸਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਮਹਿਲਾਵਾਂ ਲਈ 50% ਦੀਆਂ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ। ਇਹ ਸਦਨ ਕੇਂਦਰ ਸਰਕਾਰ ਤੋਂ ਇਹ ਪੁਰਜ਼ੋਰ ਮੰਗ ਕਰਦਾ ਹੈ ਕਿ ਉਹ ਮਹਿਲਾਵਾਂ ਵਾਸਤੇ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਇੱਕ ਤਿਹਾਈ ਸੀਟਾਂ ਰਾਖਵੀਆਂ ਕਰਨ ਲਈ ਵੂਮੈਨ ਰਿਜ਼ਰਵੇਸ਼ਨ ਬਿਲ ਨੂੰ ਛੇਤੀ ਤੋਂ ਛੇਤੀ ਪਾਸ ਕਰਵਾਉਣ।"

ਹਾਂ ਜੀ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.) :** ਸਰ, ਤੁਹਾਡਾ ਬਹੁਤ–ਬਹੁਤ ਧੰਨਵਾਦ ਜੀ ਕਿ ਤੁਸੀਂ ਔਰਤਾਂ ਬਾਰੇ ਸੋਚਿਆ। ਮੈਂ ਇੱਕ ਗੱਲ ਜ਼ਰੂਰ ਕਹਿਣਾ ਚਾਹਾਂਗੀ ਕਿ ਜਿਹੜੀ ਤੁਸੀਂ ਔਰਤਾਂ ਦੀ ਰਿਜ਼ਰਵੇਸ਼ਨ ਕਰੋਗੇ ਤਾਂ ਉਸ ਵਿਚ ਔਰਤਾਂ ਤਿੰਨੋਂ ਪਾਰਟੀਜ਼ ਦੀਆਂ ਖੜ੍ਹੀਆਂ ਹੁੰਦੀਆਂ ਹਨ ਤਾਂ ਦੂਸਰੀ ਪਾਰਟੀ ਦੀਆਂ ਔਰਤਾਂ ਨਾਲ ਧੱਕਾ ਹੋਣ ਤੋਂ ਵੀ ਰੋਕਿਆ ਜਾਣਾ ਚਾਹੀਦਾ ਹੈ । ਤੁਹਾਡੀ ਸਰਕਾਰ ਵਿੱਚ ਚਾਹੇ ਮੁਲਾਜ਼ਮ ਵਰਗ ਵਿੱਚ ਹੋਵੇ ਜਾਂ ਕੁਝ ਹੋਰ ਵਰਗ ਵਿੱਚ ਹੋਵੇ, ਉਥੇ ਔਰਤ ਦਾ ਸਭ ਤੋਂ ਵੱਧ ਸ਼ੋਸ਼ਣ ਹੁੰਦਾ ਹੈ। ਮੇਰੇ ਹਲਕੇ ਦੀ ਗੱਲ ਹੈ, ਇੱਕ ਲੇਡੀ ਪੀ.ਸੀ.ਐਸ. ਆਫੀਸਰ ਦੋ ਹਫਤਿਆਂ ਵਿੱਚ ਆਪਣੀ ਪੋਸਟ ਉਤੇ ਇੱਕ ਵਾਰ ਟਿਕੀ ਅਤੇ ਦੁਬਾਰਾ ਫਿਰ ਉਸਦੀ ਟਰਾਂਸਫਰ ਹੋ ਗਈ ਤਾਂ ਉਹ ਸਿਰਫ ਛੇ ਦਿਨ ਟਿਕ ਕੇ ਡਿਊਟੀ ਤੇ ਗਈ। ਮੈਂ ਪ੍ਰਸਤਾਵ ਦਾ ਬਿਲਕੁਲ ਧੰਨਵਾਦ ਕਰਦੀ ਹਾਂ। ਮੈਂ ਔਰਤਾਂ ਦੇ ਹੱਕ ਵਿੱਚ ਬੋਲ ਰਹੀ ਹਾਂ। ਪਰ ਮੈਂ ਇੱਕ ਗੱਲ ਜ਼ਰੂਰ ਚਾਹੁੰਦੀ ਹਾਂ ਕਿ ਠੀਕ ਹੈ ਕਿ ਕਾਂਗਰਸ ਪਾਰਟੀ ਵੱਲੋਂ ਔਰਤ ਖੜ੍ਹਦੀ ਹੈ ਤਾਂ ਉਹ ਰਿਸਪੈਕਟਿਡ ਹੁੰਦੀ ਹੈ ਪਰ ਜਦੋਂ ਉਹੀ ਔਰਤ ਦੂਸਰੀਆਂ ਪਾਰਟੀਆਂ ਵੱਲ ਚਲੀ ਜਾਂਦੀ ਹੈ ਤਾਂ ਉਸ ਦੀ ਵੀ ਬਣਦੀ ਰਿਸਪੈਕਟ ਕੀਤੀ ਜਾਣੀ ਬਣਦੀ ਹੈ। ਮੇਰੀ ਇਹੀ ਤੁਹਾਨੂੰ ਇੱਕੋ ਬੇਨਤੀ ਹੈ।

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.):** ਸਪੀਕਰ ਸਾਹਿਬ, ਇਹ ਜਿਹੜਾ ਮੁੱਖ ਮੰਤਰੀ ਸਾਹਿਬ ਰੈਜ਼ੋਲਿਊਸ਼ਨ ਲੈ ਕੇ ਆਏ ਹਨ, ਇਹ ਸੰਵਿਧਾਨ ਵਿੱਚ ਸੰਸ਼ੋਧਨ ਹੋਣਾ ਹੈ। ਵੂਮੈਨ ਲਈ 33% ਰਿਜ਼ਰਵੇਸ਼ਨ ਕਰਨ ਦੀ ਗੱਲ ਕੀਤੀ ਗਈ ਹੈ। ਸਰ, ਇਸ ਦੀ ਬੜੀ ਪੁਰਾਣੀ ਹਿਸਟਰੀ ਹੈ। ਇਹ ਠੀਕ ਹੈ ਕਿ ਮਰਦ ਡੋਮੀਨੇਟਿਡ ਸੁਸਾਇਟੀ ਹੈ, ਇਸ ਵਿੱਚ ਇਸਤਰੀ ਨੂੰ ਉਹ ਅਧਿਕਾਰ ਨਹੀਂ ਮਿਲਦੇ, ਜਿਸ ਵਿੱਚ ਅਸੀਂ ਕਾਨੂੰਨ ਦੇ ਮੁਤਾਬਿਕ ਅਧਿਕਾਰ ਨਾ ਦੇਈਏ। ਸਾਡੀ ਹਿੰਦੁਸਤਾਨ ਦੀ ਪਾਰਲੀਮੈਂਟ ਵਿੱਚ ਲੋਕ ਸਭਾ ਵਿੱਚ ਲੇਡੀਜ਼ ਦੀ representation 11.6% ਹੈ ਔਰ ਰਾਜ ਸਭਾ ਵਿੱਚ 11% ਹੈ। ਲੋਕ ਸਭਾ ਵਿੱਚ 543 ਵਿੱਚੋਂ 65 ਮੈਂਬਰ ਲੇਡੀਜ਼ ਹਨ ਅਤੇ ਰਾਜ ਸਭਾ ਵਿੱਚ 243 ਵਿੱਚੋਂ ਸਿਰਫ 31 ਮੈਂਬਰ ਹੀ ਲੇਡੀਜ਼ ਹਨ। ਜੇ ਆਪਾਂ ਦੂਜੇ ਮੁਲਕਾਂ ਨਾਲ ਕੰਪਰੈਜ਼ਿਨ ਕਰੀਏ ਤਾਂ ਨੇਪਾਲ ਵਿੱਚ ਲੇਡੀਜ਼ ਦੀ 33% ਰਿਜ਼ਰਵੇਸ਼ਨ ਹੈ ਔਰ ਬੰਗਲਾਦੇਸ਼ ਵਿੱਚ 18% ਹਨ, ਸਵੀਡਨ ਵਿੱਚ 45% ਹਨ ਅਤੇ ਇੰਡੀਆ ਦੀ ਪੁਜ਼ੀਸ਼ਨ ਬਹੁਤ ਥੱਲੇ ਹੈ। ਇਹ ਬਿਲ ਬਹੁਤ ਪੁਰਾਣਾ ਹੈ। ਇਸ ਨੂੰ ਪਾਰਲੀਮੈਂਟ ਵਿੱਚ ਪੇਸ਼ ਹੋਇਆਂ 22 ਸਾਲ ਹੋ ਗਏ ਹਨ।ਸਭ ਤੋਂ ਪਹਿਲਾਂ ਸ਼੍ਰੀ ਦੇਵੇਗੌੜਾ ਜੀ ਦੀ ਸਰਕਾਰ ਦੇ ਵੇਲੇ ਇਹ ਬਿਲ 1996 ਵਿੱਚ ਪੇਸ਼ ਹੋਇਆ ਸੀ। ਉਸ ਤੋਂ ਬਾਅਦ ਸ਼੍ਰੀ ਸ਼ਰਦ ਯਾਦਵ ਜੀ ਇਸ ਬਿਲ ਦੇ ਬੜੇ critic ਰਹੇ ਹਨ ਅਤੇ ਹਮੇਸ਼ਾ ਉਨ੍ਹਾਂ ਨੇ ਇਸ ਗੱਲ ਨੂੰ ਰੋਕਿਆ। ਸਮਾਜਵਾਦੀ ਪਾਰਟੀ ਅਤੇ ਜੇ.ਡੀ.ਯੂ. ਨੇ ਇਸ ਦੇ ਵਿਰੋਧ ਵਿੱਚ ਰਹਿੰਦਿਆਂ ਇਸ ਬਿਲ ਨੂੰ ਕਦੇ ਵੀ ਪਾਸ ਨਹੀਂ ਹੋਣ ਦਿੱਤਾ। 1998 ਵਿੱਚ ਐਨ.ਡੀ.ਏ. ਗੌਰਮਿੰਟ ਵੇਲੇ, ਸ਼੍ਰੀ ਵਾਜਪਾਈ ਸਰਕਾਰ ਵੇਲੇ 12ਵੀਂ ਲੋਕ ਸਭਾ ਦੇ ਵਿੱਚ ਇਹ ਬਿਲ ਪੇਸ਼ ਹੋਇਆ ਲੇਕਿਨ ਜਦੋਂ ਬਿਲ ਪੇਸ਼ ਕੀਤਾ ਗਿਆ ਤਾਂ ਮੰਤਰੀ ਦੇ ਹੱਥ ਵਿੱਚੋਂ ਬਿਲ ਖੋਹ ਕੇ ਪਾੜ ਦਿੱਤਾ ਗਿਆ ਅਤੇ ਹਾਊਸ ਐਡਜਰਨ ਹੋਇਆ। 2002 ਵਿੱਚ ਵੀ ਪੇਸ਼ ਹੋਇਆ, 2003 ਵਿੱਚ ਵੀ ਦੋ ਵਾਰੀ ਬਿਲ ਪੇਸ਼ ਹੋਇਆ । 2004 ਵਿੱਚ ਯੂ.ਪੀ.ਏ. ਗੌਰਮਿੰਟ ਦਾ ਸੀ.ਐਮ. ਸਾਹਿਬ ਨੇ ਜ਼ਿਕਰ ਕੀਤਾ ਕਿ ਇਹ ਬਿਲ ਲਿਆਂਦਾ ਤਾਂ ਸ੍ਰੀ ਵਾਜਪਾਈ ਸਾਹਿਬ ਨੇ ਕਿਹਾ ਸੀ ਕਿ ਅਸੀਂ ਇਸ ਬਿਲ ਦੀ support ਕਰਾਂਗੇ ਕਿ ਲੇਡੀਜ਼ ਲਈ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ ਪਰ ਇਸ ਦੇ ਵਿੱਚ ਕਈ ਮੁੱਦੇ ਹਨ ਜਿਸ ਕਰਕੇ ਇਹ ਬਿਲ ਰੁਕਦਾ ਰਿਹਾ ਹੈ। ਮੁੱਖ ਮੰਤਰੀ ਜੀ ਆਪਾਂ 33% ਲੇਡੀਜ਼ ਦੀ ਰਿਜ਼ਰਵੇਸ਼ਨ ਰਿਕੁਮੈਂਡ ਤਾਂ ਕਰਨ ਲੱਗੇ ਹਾਂ, 33% ਸੀਟਾਂ ਵਧਣੀਆਂ ਹਨ। ਜਿਹੜਾ ਇਹ ਪਾਰਲੀਮੈਂਟ ਵਿਚ ਬਿਲ ਰੁਕਦਾ ਰਿਹਾ ਹੈ ਜਾਂ ਜਿਸ ਕਰਕੇ ਇਹ ਰੁਕਦਾ ਰਿਹਾ ਹੈ ਉਸ ਵਿੱਚ ਲੇਡੀਜ਼ ਦੀ ਅੱਗੇ ਐਸ.ਸੀ. ਜਾਂ ਬੀ.ਸੀ. ਲਈ ਰਿਜ਼ਰਵੇਸ਼ਨ ਕਰਨੀ ਇੱਕ ਬਹੁਤ ਵੱਡਾ ਮਸਲਾ ਹੈ। ਜੇਕਰ ਆਪਾਂ ਰਿਕੁਮੈਂਡ ਕਰਕੇ ਭੇਜ ਦੇਈਏ, ਅਗਰ 33% ਸੀਟਾਂ ਵੀ ਲੇਡੀਜ਼ ਦੀਆਂ ਵਧ ਗਈਆਂ, ਉਸ ਵਿੱਚ ਐਸ.ਸੀਜ਼ ਦੀ ਰਿਜ਼ਰਵੇਸ਼ਨ ਦਾ ਕੀ ਕਰਨਾ ਹੈ? ਬੀ.ਸੀਜ਼ ਦੀ ਰਿਜ਼ਰਵੇਸ਼ਨ ਦਾ ਕੀ ਕਰਨਾ ਹੈ? ਇਸ ਦੇ ਬਾਰੇ ਅਸੀਂ ਕੁਝ ਵੀ ਰਿਕੁਮੈਂਡ ਨਹੀਂ

ਕਰ ਰਹੇ। ਇਸ ਤਰ੍ਹਾਂ ਮੁੜ ਕੇ ਇਹ ਫਿਰ ਸਾਡੇ ਕੋਲ ਹੀ ਆਉਣਾ ਹੈ। ਜਦੋਂ ਪਾਰਲੀਮੈਂਟ ਨੇ ਬਿਲ ਪਾਸ ਵੀ ਕਰ ਦਿੱਤਾ ਫਿਰ ਵੀ ਆਉਣਾ ਹੈ। ਸੀ.ਐਮ. ਸਾਹਿਬ we should be clear ਕਿ 33% ਲੇਡੀਜ਼ ਦੀ ਰਿਜ਼ਰਵੇਸ਼ਨ ਦੇ ਵਿੱਚ ਐਸ.ਸੀਜ਼ ਦੀ ਰਿਜ਼ਰਵੇਸ਼ਨ ਕਰਨੀ ਹੈ? ਇਹ ਕਰਨੀ ਬਹੁਤ ਜ਼ਰੂਰੀ ਹੈ। ਮੇਰੀ ਬੇਨਤੀ ਸੁਣ ਲਵੋ। ਇਹ ਇਸੇ ਕਰਕੇ ਪਾਰਲੀਮੈਂਟ ਦੇ ਵਿੱਚ 22 ਸਾਲ ਤੋਂ ਮਸਲਾ ਲਟਕਿਆ ਹੋਇਆ ਹੈ। ਇਹ ਹਰ ਹਲਕੇ ਵਿੱਚ ਰੋਟੇਸ਼ਨ ਦੇ ਵਿੱਚ ਹੋਣੀ ਹੈ। 15 ਸਾਲਾਂ ਬਾਅਦ ਇਹ ਇੱਕ ਵਾਰੀ ਹੋਣੀ ਹੈ। ਇੱਕ ਵਾਰ ਰਿਜ਼ਰਵੇਸ਼ਨ ਹੋ ਗਈ, ਫਿਰ ਰੋਟੇਟ ਹੋ ਜਾਣੀ ਹੈ, ਫਿਰ ਅਗਲੇ ਪਾਸੇ ਚਲੇ ਜਾਣੀ ਹੈ। ਇਸ ਕਰਕੇ ਸਾਨੂੰ ਇਹ ਕਲੀਅਰ ਕਰੋ ਕਿ ਅਸੀਂ ਕੀ ਰਿਕੁਮੈਂਡ ਕਰ ਰਹੇ ਹਾਂ। ਲੇਡੀਜ਼ ਦੀ ਅਸੀਂ ਬੇਸ਼ੱਕ ਗੱਲ ਤਾਂ ਕਰਦੇ ਹਾਂ ਕਿ ਇਹ ਮਰਦ dominated ਸੁਸਾਇਟੀ ਹੈ ਅੱਜ ਜੇਕਰ ਲੇਡੀਜ਼ ਦੀ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਲੇਡੀਜ਼ ਨਾਲ ਧੱਕਾ ਹੁੰਦਾ ਹੈ ਤਾਂ ਇਹ ਗੱਲ ਸੱਚ ਹੈ, ਅੱਜ ਵੀ ਲੇਡੀਜ਼ ਨਾਲ ਧੱਕਾ ਹੁੰਦਾ ਹੈ ।ਸ਼੍ਰੀ ਗੁਰੂ ਨਾਨਕ ਸਾਹਿਬ ਨੇ ਕਿਹਾ ਕਿ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।

ਲੇਕਿਨ ਬਹੁਤ ਸਾਰੇ ਮੰਦਿਰ ਹਨ, ਜਿੱਥੇ ਅੱਜ ਵੀ ਲੇਡੀਜ਼ ਪ੍ਰਵੇਸ਼ ਨਹੀਂ ਕਰ ਸਕਦੀਆਂ। ਬਹੁਤ ਸਾਰੀ ਜਗ੍ਹਾ ਤੇ ਲੇਡੀਜ਼ ਇਬਾਦਤ ਨਹੀਂ ਕਰ ਸਕਦੀਆਂ। ਲੇਡੀਜ਼ ਜਨੇਊ ਵੀ ਨਹੀਂ ਪਹਿਨ ਸਕਦੀਆਂ। ਸਿੱਖ ਧਰਮ ਅੱਜ ਵੀ ਸਭ ਤੋਂ ਜ਼ਿਆਦਾ ਆਪਣੇ ਆਪ ਨੂੰ ਕਲੇਮ ਕਰਦਾ ਹੈ ਕਿ ਅਸੀਂ ਲੇਡੀਜ਼ ਦੇ ਮਸਲੇ ਵਿੱਚ ਬਹੁਤ ਖੁੱਲ੍ਹੇ ਹਾਂ। ਲੇਡੀਜ਼ ਕਿਰਪਾਨ ਵੀ ਪਾ ਸਕਦੀ ਹੈ ਪਰ ਕਈ ਥਾਵਾਂ ਐਸੀਆਂ ਵੀ ਹਨ ਜਿੱਥੇ ਅੱਜ ਵੀ ਲੇਡੀਜ਼ ਕੀਰਤਨ ਨਹੀਂ ਕਰ ਸਕਦੀਆਂ। ਸੋ, 50% ਲੇਡੀਜ਼ ਹਨ ਅਤੇ ਜੇਕਰ 50% ਹਨ ਤਾਂ ਸਾਨੂੰ ਉਨ੍ਹਾਂ ਨੂੰ ਹੱਕ ਦੇਣਾ ਚਾਹੀਦਾ ਹੈ। ਪਰੰਤੂ ਜਿਹੜਾ ਬੇਸਿਕ ਮੁੱਦਾ ਜਿਸ ਕਰਕੇ ਵਾਰ ਵਾਰ ਇਹ ਬਿਲ ਰੋਕਿਆ ਗਿਆ ਅਤੇ ਟੋਕਿਆ ਗਿਆ, ਹੰਸ ਰਾਜ ਭਾਰਦਵਾਜ ਜੀ ਨੇ ਯੂ.ਪੀ.ਏ. ਸਰਕਾਰ ਵੇਲੇ ਜਦੋਂ ਬਿਲ ਪੇਸ਼ ਕੀਤਾ ਤਾਂ ਉਨ੍ਹਾਂ ਨੂੰ ਪ੍ਰੋਟੈਕਟ ਕਰਨ ਲਈ  ਦੋ ਲੇਡੀਜ਼ ਉਸ ਦੇ ਆਲੇ ਦੁਆਲੇ ਖੜ੍ਹੀਆਂ ਸਨ ਅਤੇ ਦੋ ਸਾਹਮਣੇ ਖੜ੍ਹੀਆਂ ਸਨ ਕਿ ਕਿਤੇ ਕੋਈ ਰੌਲਾ ਨਾ ਪੈ ਜਾਵੇ ਅਤੇ ਉਨ੍ਹਾਂ ਨੂੰ ਬਿਲ ਪੇਸ਼ ਨਹੀਂ ਕਰਨ ਦਿੱਤਾ ਗਿਆ। ਇਸ ਕਰਕੇ ਅਸੀਂ ਇਹ ਜੋ ਮਤਾ ਲੈ ਕੇ ਆਏ ਹਾਂ, ਉਸ ਤੇ ਅਸੀਂ ਪੂਰੀ ਚੰਗੀ ਤਰ੍ਹਾਂ ਬਹਿਸ ਕਰੀਏ ਔਰ ਜਿਹੜਾ ਉਨ੍ਹਾਂ ਨੇ ਕਿਹਾ ਹੈ..

**ਮਾਨਯੋਗ ਸਪੀਕਰ :** ਤੁਸੀਂ ਮਤੇ ਦੀ ਹਮਾਇਤ ਕਰਦੇ ਹੋ ਜਾਂ ਨਹੀਂ ਕਰਦੇ ਹੋ? ਸਵਾਲ, ਬਸ ਇਹ ਹੈ?

**ਸ਼੍ਰੀ ਸੋਮ ਪ੍ਰਕਾਸ਼ :** ਅਸੀਂ ਕਹਿ ਰਹੇ ਹਾਂ ਕਿ ਇਸ ਦੇ ਨਾਲ ਹੀ ਰਿਜ਼ਰਵੇਸ਼ਨ ਬਾਰੇ ਕਲੀਅਰ ਕਰ ਲਿਆ ਜਾਵੇ ਕਿ ਇਹ 33% ਦੇ ਵਿੱਚ ਰਿਜ਼ਰਵ ਕਿਵੇਂ ਕਰਨੀਆਂ ਚਾਹੀਦੀਆਂ ਹਨ ?

**ਮਾਨਯੋਗ ਸਪੀਕਰ :** ਹਾਂ ਜੀ, ਸੀ.ਐਮ. ਸਾਹਿਬ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸਪੀਕਰ ਸਾਹਿਬ, ਕੀ ਬਿਲ ਆਉਂਦਾ ਹੈ, ਕਿਵੇਂ ਬਣਦਾ ਹੈ, ਕੀ ਉਸ ਦੇ ਵਿੱਚ ਬਣਤਰ ਹੋਵੇਗੀ ਉਹ ਤਾਂ ਲੋਕ ਸਭਾ ਕਰੇਗੀ। ਅਸੀਂ ਤਾਂ ਆਪਣੇ ਵੱਲੋਂ ਇਸ ਹਾਊਸ ਵੱਲੋਂ ਅਤੇ ਪੰਜਾਬ ਵੱਲੋਂ ਉਨ੍ਹਾਂ ਨੂੰ ਬੇਨਤੀ ਕਰ ਸਕਦੇ ਹਾਂ ਕਿ ਇਹ ਬਿਲ ਲਿਆਂਦਾ ਜਾਵੇ ਤਾਂ ਕਿ ਲੇਡੀਜ਼ ਦੀ ਰਿਜ਼ਰਵੇਸ਼ਨ ਹੋਵੇ। ਇਹ ਕਿਵੇਂ ਬਣੇਗੀ I am sure ਉੱਥੇ ਬਹੁਤ ਵਿਦਵਾਨ ਲੋਕ ਬੈਠੇ ਹਨ ਉਹ ਚੰਗੀ ਤਰ੍ਹਾਂ ਹੀ ਕਰਨਗੇ ਤਾਂ ਕਿ ਪੂਰੀ community and ਸਭ ਕੁਝ ਉਸ ਦੇ ਵਿਚ ਇਨਕਲੂਡ ਹੋਵੇ।

**ਮਾਨਯੋਗ ਸਪੀਕਰ:** ਤੁਸੀਂ ਵੀ ਆਪਣੀ ਸਰਕਾਰ ਨੂੰ ਸਲਾਹ ਦੇ ਦਿਓ ਜਦੋਂ ਬਿਲ ਬਣੇਗਾ। ਤੁਹਾਡੀ ਵੀ ਪਾਰਟੀ ਹੈ।ਹਾਂ ਜੀ, ਰੂਬੀ ਜੀ, ਰੂਬੀ ਜੀ। ਸ਼੍ਰੀ ਸੋਮ ਪ੍ਰਕਾਸ਼ ਜੀ, ਤੁਸੀਂ ਵੀ ਉਨ੍ਹਾਂ ਨੂੰ ਸਲਾਹ ਦੇ ਦਿਉ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ (ਬਠਿੰਡਾ ਦਿਹਾਤੀ, ਐਸ.ਸੀ.) :** ਸਪੀਕਰ ਸਾਹਿਬ, ਐਮ.ਐਲ.ਏ. ਸਾਹਿਬ ਨੇ ਬੜੀ ਅੱਛੀ ਗੱਲ ਕੀਤੀ ਹੈ ਕਿ ਇਸ ਬਿਲ ਦਾ ਪ੍ਰਸਤਾਵ ਆਇਆ ਸੀ, ਅਸੀਂ ਚਾਹੁੰਦੇ ਹਾਂ ਕਿ ਇਹ ਪ੍ਰਸਤਾਵ ਪਾਸ ਹੋਣਾ ਚਾਹੀਦਾ ਹੈ। ਇਸ ਵਿਚ ਐਮ.ਐਲ.ਏ. ਸਾਹਿਬ ਨੇ ਇੱਕ ਗੱਲ ਕਹੀ ਹੈ ਕਿ ਐਸ.ਸੀ. ਅਤੇ ਬੀ.ਸੀ. ਮਹਿਲਾਵਾਂ ਲਈ ਵੀ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ, ਅਸੀਂ ਵੀ ਚਾਹੁੰਦੇ ਹਾਂ ਕਿ ਇਹ ਜ਼ਰੂਰ ਹੋਣੀ ਚਾਹੀਦੀ ਹੈ। ਸਰ, ਇਹ ਵੀ ਜ਼ਰੂਰ ਰਿਕੁਮੈਂਡ ਕਰਕੇ ਭੇਜਿਉ । ਇਸ ਦੇ ਨਾਲ ਹੀ ਮੈਂ ਮੁੱਖ ਮੰਤਰੀ ਸਾਹਿਬ ਨੂੰ ਇੱਕ ਗੱਲ ਹੋਰ ਕਹਿਣਾ ਚਾਹੁੰਦੀ ਹਾਂ ਕਿ ਆਪਣੇ ਐਮ.ਐਲ.ਏਜ਼ ਨੂੰ ਵੀ ਕਹੋ ਕਿ ਉਹ ਵੀ ਲੇਡੀਜ਼ ਦੀ ਰਿਸਪੈਕਟ ਕਰਨ। ਕਿਸੇ ਐਮ.ਐਲ.ਏ. ਵੱਲੋਂ ਕਿਸੇ ਨੂੰ ਇਸ ਤਰ੍ਹਾਂ ਕਹਿਣਾ ਸ਼ੋਭਾ ਨਹੀਂ ਦਿੰਦਾ ਕਿ ਤੂੰ ਐਸ.ਐਚ.ਓ. ਬਣ ਗਈ, ਕੋਈ ਰੱਬ ਤਾਂ ਨਹੀਂ ਬਣ ਗਈ, ਉਹ ਵੀ ਰਿਸਪੈਕਟ ਕਰਨ। ਅਸੀਂ ਇਸ ਮਤੇ ਨੂੰ ਐਕਸੈਪਟ ਕਰਦੇ ਹਾਂ ਕਿ ਇਹ ਮਤਾ ਜ਼ਰੂਰ ਪਾਸ ਹੋਣਾ ਚਾਹੀਦਾ ਹੈ।

**ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.) :** ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਹੁਤ ਹੀ ਅਹਿਮ ਮੁੱਦੇ ਤੇ ਜੋ ਕਿ ਸੀ.ਐਮ., ਕੈਪਟਨ ਅਮਰਿੰਦਰ ਸਿੰਘ ਜੀ ਵੱਲੋਂ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿਚ ਮਹਿਲਾਵਾਂ ਦਾ ਰਾਖਵਾਂਕਰਨ ਕਰਨ ਲਈ ਰੈਜ਼ੋਲਿਊਸ਼ਨ ਪੇਸ਼ ਕੀਤਾ ਗਿਆ ਹੈ

ਉਸ ਉਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਆਪ ਜੀ ਦਾ ਅਤਿਅੰਤ ਧੰਨਵਾਦੀ ਹਾਂ।

ਸਪੀਕਰ ਸਾਹਿਬ, 8 ਮਾਰਚ ਨੂੰ ਹਰ ਸਾਲ ਅੰਤਰ-ਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾਂਦਾ ਹੈ ਉਸਦੇ ਵਿਚ ਮਹਿਲਾਵਾਂ ਦੇ ਤਮਾਮ ਹੱਕਾਂ ਦੀ ਗੱਲ ਕੀਤੀ ਜਾਂਦੀ ਹੈ, ਮਹਿਲਾਵਾਂ ਦੇ ਸਸ਼ਕਤੀਕਰਨ ਦੀ ਗੱਲ ਕੀਤੀ ਜਾਂਦੀ ਹੈ, ਉਸੇ ਕੜੀ ਦੇ ਤਹਿਤ 1992 ਦੇ ਵਿਚ ਕਾਂਗਰਸ ਦੀ ਕੇਂਦਰੀ ਸਰਕਾਰ ਨੇ 76ਵੀਂ ਸੰਵਿਧਾਨਕ ਸੋਧ ਐਕਟ ਦੇ ਤਹਿਤ ਪੰਚਾਇਤੀ ਰਾਜ ਐਕਟ ਪਾਸ ਕੀਤਾ। ਜਿਸ ਦੇ ਤਹਿਤ ਹਿੰਦੁਸਤਾਨ ਦੇ ਵਿਚ ਪਹਿਲੀ ਵਾਰ ਮਹਿਲਾਵਾਂ ਦੇ ਹੱਕਾਂ ਦੀ ਗੱਲ ਹੋਈ ਉਸ ਵੇਲੇ 1 ਲੱਖ 6 ਹਜ਼ਾਰ ਤੋਂ ਵੱਧ ਮਹਿਲਾਵਾਂ ਹਿੰਦੁਸਤਾਨ ਦੇ ਸਮੂਹ ਪਿੰਡਾਂ ਦੇ ਵਿਚ ਸਰਪੰਚ ਬਣੀਆਂ । ਹੁਣ ਉਸ ਤੋਂ ਵੀ ਦੋ ਕਦਮ ਅੱਗੇ ਜਾ ਕੇ ਆਪਣੇ ਸੀ.ਐਮ. ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਨੇ ਫਰਾਖਦਿਲੀ ਦਿਖਾਉਂਦੇ ਹੋਏ ਨਗਰ ਪੰਚਾਇਤਾਂ ਵਿਚ, ਨਗਰ ਨਿਗਮਾਂ ਵਿਚ, ਨਗਰ ਕੌਂਸਲਾਂ ਵਿਚ 50 ਪ੍ਰਤੀਸ਼ਤ ਔਰਤਾਂ ਦੇ ਲਈ ਰਾਖਵਾਂਕਰਨ ਕੀਤਾ ਹੈ ਉਸ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਜੋ ਪੰਜਾਬ ਦੀ ਰਾਜਨੀਤੀ ਦੇ ਵਿਚ ਇੱਕ ਸੁਨਹਿਰਾ ਅਧਿਆਏ ਹੈ ਉਸ ਲਈ ਸਮੁੱਚਾ ਪੰਜਾਬ ਕੈਪਟਨ ਸਾਹਿਬ ਦੀ ਸਿਫਤ ਕਰਦਾ ਹੈ, ਤਾਰੀਫ ਕਰਦਾ ਹੈ ਔਰ ਕੈਪਟਨ ਸਾਹਿਬ ਨੂੰ ਉਨ੍ਹਾਂ ਦੇ ਇਸ ਉਪਰਾਲੇ ਦੇ ਲਈ ਬਹੁਤ ਬਹੁਤ ਵਧਾਈ ਦਿੰਦਾ ਹੈ।(ਥੰਪਿੰਗ) ਇਸ ਤੋਂ ਵੀ ਅੱਗੇ ਜਾ ਕੇ ਵਿਧਾਨ ਸਭਾ ਦੇ ਸਾਰੇ ਮੈਂਬਰ ਸਾਹਿਬਾਨ ਕੈਪਟਨ ਸਾਹਿਬ ਦੇ ਬਹੁਤ ਧੰਨਵਾਦੀ ਹਨ ਕਿ ਅੱਜ ਫਿਰ 50 ਪ੍ਰਤੀਸ਼ਤ ਮਹਿਲਾਵਾਂ ਲਈ ਰਾਖਵਾਂਕਰਨ ਕੀਤਾ ਹੈ, ਕੈਪਟਨ ਸਾਹਿਬ ਹਿੰਦੁਸਤਾਨ ਦੇ ਇਤਿਹਾਸ ਵਿਚ ਇੱਕ ਸੁਨਹਿਰੀ ਅਧਿਆਇ ਜੋੜਨ ਜਾ ਰਹੇ ਹਨ ਕਿ ਵਿਧਾਨ ਸਭਾ ਵਿਚ ਇਹ ਪ੍ਰਸਤਾਵ ਉਨ੍ਹਾਂ ਵੱਲੋਂ ਪੇਸ਼ ਕੀਤਾ ਗਿਆ ਹੈ। ਮਹਿਲਾਵਾਂ ਦੇ ਲਈ 33 ਪ੍ਰਤੀਸ਼ਤ ਰਿਜ਼ਰਵੇਸ਼ਨ ਤਮਾਮ ਹਿੰਦੁਸਤਾਨ ਦੀਆਂ ਵਿਧਾਨ ਸਭਾਵਾਂ ਵਿਚ ਔਰ ਲੋਕ ਸਭਾ ਦੇ ਵਿਚ ਲਾਗੂ ਕੀਤੀ ਜਾਵੇ। ਇਹ ਜਿਹੜਾ 2010 ਤੋਂ ਬਾਅਦ ਲਗਾਤਾਰ ਪੈਂਡਿੰਗ ਚੱਲ ਰਿਹਾ ਹੈ ਲੇਕਿਨ ਹੁਣ ਇਸ ਦੇ ਨਾਲ ਜਿੱਥੇ ਮਹਿਲਾ ਵਰਗ ਨੂੰ ਸਤਿਕਾਰ ਮਿਲੇਗਾ, ਉੱਥੇ ਹੀ ਹਿੰਦੁਸਤਾਨ ਦੇ ਇਤਿਹਾਸ ਵਿਚ ਕੈਪਟਨ ਸਾਹਿਬ ਦੀ ਜੋ ਸੋਚ ਹੈ, ਜੋ ਪਹਿਲ ਕਦਮੀ ਹੈ ਉਸ ਨੂੰ ਵੀ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਸਪੀਕਰ ਸਾਹਿਬ, ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ, ਫਕੀਰਾਂ ਦੀ ਧਰਤੀ ਹੈ। ਭਾਰਤ ਦੀ ਧਰਤੀ ਤੇ ਮਹਿਲਾ ਸੰਸਕ੍ਰਿਤੀ ਦਾ ਸਨਮਾਨ ਹੋਇਆ ਹੈ ਔਰ ਪੰਜਾਬ ਇਸ ਦੇ ਵਿਚ ਪਿੱਛੇ ਨਹੀਂ ਹੈ। ਇੱਥੋਂ ਤੱਕ ਕਿ ਰਿਸ਼ੀਆਂ ਦੇ ਵਿਚ ਪਹਿਲੀ ਰਿਸ਼ੀ ਮਹਿਲਾ ਰਿਸ਼ੀ ਕਾਸਾ ਹੋਈ ਹੈ, ਉਸ ਦਾ ਵੀ ਜ਼ਿਕਰ ਆਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਦਾ ਨਾਅਰਾ

[ ਡਾਕਟਰ ਰਾਜ ਕੁਮਾਰ ]

ਬੁਲੰਦ ਕੀਤਾ ਔਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰਤ ਨੂੰ ਇੱਕ ਚੰਡੀ ਦੇ ਰੂਪ ਵਿਚ ਪੇਸ਼ ਕੀਤਾ। ਸੀ.ਐਮ. ਸਾਹਿਬ, ਸਮਾਜ ਦਾ ਕੋਈ ਵੀ ਹਿੱਸਾ ਔਰਤ ਤੋਂ ਬਗੈਰ ਅਧੂਰਾ ਹੈ, ਕੋਈ ਵੀ ਸਮਾਜ ਦਾ ਐਸਾ ਖੇਤਰ ਨਹੀਂ ਹੈ ਜਿੱਥੇ ਔਰਤ ਨੇ ਸਰਗਰਮ ਅਤੇ ਸ਼ਕਤੀਸ਼ਾਲੀ ਭੂਮਿਕਾ ਨਾ ਨਿਭਾਈ ਹੋਵੇ। ਹਿੰਦੁਸਤਾਨ ਦੇ ਵਿਚ ਚਾਹੇ ਰਾਸ਼ਟਰਪਤੀ ਦੀ ਗੱਲ ਕਰੀਏ, ਚਾਹੇ ਪ੍ਰਧਾਨ ਮੰਤਰੀ ਦੀ ਗੱਲ ਕਰੀਏ, ਗਵਰਨਰ ਦੀ ਗੱਲ ਕਰੀਏ ਜਿੱਥੇ ਉਹ ਮਹਾਨ ਅਹੁਦਿਆਂ ਤੇ ਬਿਰਾਜਮਾਨ, ਸੁਭਾਏਮਾਨ ਸਾਡੀਆਂ ਔਰਤਾਂ, ਸਾਡੀਆਂ ਭੈਣਾਂ ਰਹੀਆਂ ਹਨ ਉੱਥੇ ਹੀ ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਨੂੰ ਬੀ.ਬੀ.ਸੀ. ਦੇ ਸਰਵੇ ਵਿੱਚ ਵੂਮੈਨ ਆਫ ਦਿ ਮਿਲੇਨੀਅਮ ਦਾ ਖਿਤਾਬ ਦਿੱਤਾ ਗਿਆ। ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਕੈਪਟਨ ਅਮਰਿੰਦਰ ਸਿੰਘ ਜੀ ਵੱਲੋਂ ਇਹ ਮਹਾਨ ਪ੍ਰਸਤਾਵ ਪੇਸ਼ ਕੀਤਾ ਗਿਆ, ਇਸ ਦੇ ਨਾਲ ਤਮਾਮ ਹਿੰਦੁਸਤਾਨ ਦੀਆਂ ਔਰਤਾਂ ਤੇ ਜੋ ਅੱਤਿਆਚਾਰ ਹੋ ਰਹੇ ਹਨ, ਉਹ ਘਟਣਗੇ। ਜੇ ਅਸੀਂ ਸਾਲ 2007 ਤੋਂ ਲੈ ਕੇ 2016 ਦੇ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਨਾਲ ਮੁਕਾਬਲਾ ਕਰੀਏ ਤਾਂ ਔਰਤਾਂ 'ਤੇ 83 ਪ੍ਰਤੀਸ਼ਤ ਅੱਤਿਆਚਾਰ ਦਾ ਵਾਧਾ ਹੋਇਆ ਹੈ। ਇਸ ਬਿਲ ਦੇ ਲਿਆਉਣ ਦੇ ਨਾਲ ਜਿਥੇ ਔਰਤਾਂ 'ਤੇ ਅੱਤਿਆਚਾਰ ਘਟੇਗਾ, ਉਥੇ ਸਮਾਜ ਦੇ ਵਿੱਚ ਔਰਤਾਂ ਦੀ ਮਜ਼ਬੂਤੀ ਵੀ ਵਧੇਗੀ। ਸੋ, ਮੈਂ ਕੈਪਟਨ ਸਾਹਿਬ ਵੱਲੋਂ ਇਸ ਲਿਆਂਦੇ ਹੋਏ ਬਿਲ ਦਾ ਸਮਰਥਨ ਕਰਦਾ ਹਾਂ ਅਤੇ ਜਿਥੇ ਕੈਪਟਨ ਸਾਹਿਬ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ, ਉਥੇ ਹੀ ਸਾਡੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ, ਜਿਨ੍ਹਾਂ ਨੂੰ ਚੈਂਪੀਅਨਜ਼ ਆਫ ਦਿ ਵੂਮੈਨ ਰਾਈਟ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਵੀ ਇਹ ਸੱਚੀ ਤੇ ਸੁੱਚੀ ਸ਼ਰਧਾਂਜਲੀ ਹੋਵੇਗੀ। ਧੰਨਵਾਦ। (ਥੰਪਿੰਗ)

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਜਿਥੇ ਅਸੀਂ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਵੂਮੈਨ ਰਿਜ਼ਰਵੇਸ਼ਨ ਦੇ ਇਸ ਲਿਆਂਦੇ ਬਿਲ ਦੀ ਬੜੀ ਪ੍ਰੋੜ੍ਹਤਾ ਕਰਦੇ ਹਾਂ, ਆਮ ਆਦਮੀ ਪਾਰਟੀ ਵੱਲੋਂ ਸਮਰਥਨ ਕਰਦੇ ਹਾਂ, ਉਥੇ ਹੀ ਅਸੀਂ ਇਹ ਵੀ ਕਹਿਣਾ ਚਾਹੁੰਦੇ ਹਾਂ ਕਿ ਆਮ ਆਦਮੀ ਪਾਰਟੀ ਪਹਿਲਾਂ ਹੀ ਇਸ ਚੀਜ਼ ਦੀ ਬੜੀ ਸਪੋਰਟ ਕਰਦੀ ਹੈ । ਸਪੀਕਰ ਸਾਹਿਬ, ਜੇ ਅੱਜ ਇਸੇ ਹਾਊਸ ਦੀ ਗੱਲ ਕਰ ਲਈਏ ਤਾਂ 117 ਮੈਂਬਰਾਂ ਵਿੱਚੋਂ 6 ਵੂਮੈਨ ਮੈਂਬਰ ਹਨ ਅਤੇ 20 ਦੇ ਵਿੱਚੋਂ 3 ਸਾਡੀਆਂ ਆਮ ਆਦਮੀ ਪਾਰਟੀ ਦੀਆਂ ਲੇਡੀਜ਼ ਮੈਂਬਰ ਹਨ। ਸੋ, ਅਸੀਂ ਇਸ ਗੱਲ ਦੀ ਸ਼ੁਰੂ ਤੋਂ ਸਪੋਰਟ ਕਰਦੇ ਆਏ ਹਾਂ ਪਰ ਫਿਰ all sudden done ਅਸੀਂ ਇਸ ਬਿਲ ਦੀ ਸਪੋਰਟ ਕਰਦੇ ਹਾਂ ਪਰ ਨਾਲ ਹੀ ਜਿਵੇਂ ਮੇਰੀ ਛੋਟੀ ਭੈਣ ਰੂਬੀ ਜੀ ਨੇ ਕਿਹਾ ਕਿ ਫਾਜ਼ਿਲਕਾ ਦੇ ਵਿੱਚ ਸਾਡੇ ਇੱਕ ਮਾਨਯੋਗ ਮੈਂਬਰ

ਸਾਹਿਬ ਨੇ ਲੇਡੀ ਐਸ.ਐਚ.ਓ. ਨਾਲ ਜਿਸ ਤਰੀਕੇ ਨਾਲ ਗੱਲ ਕੀਤੀ, ਉਸ ਤੋਂ ਪਹਿਲਾਂ ਜਲੰਧਰ ਦੇ ਵਿੱਚ ਸਾਡੇ ਹੀ ਇੱਕ ਮਾਨਯੋਗ ਸਾਥੀ ਨੇ, ਇੱਕ ਅਸਿਸਟੈਂਟ ਮਿਊਂਸਿਪਲ ਕਾਰਪੋਰੇਸ਼ਨ ਕਮਿਸ਼ਨਰ ਦੇ ਨਾਲ, ਆਈ.ਏ.ਐਸ. ਅਫਸਰ ਦੇ ਨਾਲ ਜਿਸ ਤਰੀਕੇ ਨਾਲ ਗੱਲ ਕੀਤੀ, ਜਿਸ ਤਰੀਕੇ ਨਾਲ ਪਿਛਲੇ ਦਿਨਾਂ ਦੇ ਵਿੱਚ ਸਤਿਕਾਰਯੋਗ ਮੰਤਰੀ ਸਾਹਿਬ ਦਾ ਇੱਕ ਐਸ.ਐਮ.ਐਸ. ਬੜੀ ਚਰਚਾ ਦਾ ਵਿਸ਼ਾ ਰਿਹਾ। ਮੇਰੀ ਤੁਹਾਡੇ ਰਾਹੀਂ ਸਰਕਾਰ ਨੂੰ ਸਿਰਫ ਤੇ ਸਿਰਫ ਇੰਨੀ ਬੇਨਤੀ ਹੈ ਕਿ ਇਹ ਜਿਹੜੀ ਆਪਾਂ ਐਕਸਰਸਾਈਜ਼ ਕਰ ਰਹੇ ਹਾਂ, ਇਹ ਬੇਸੀਕਲੀ ਵੂਮੈਨ ਇੰਪਾਵਰਮੈਂਟ ਵਾਸਤੇ ਕਰ ਰਹੇ ਹਾਂ, ਅਸੀਂ ਇਹ ਵੂਮੈਨ ਨੂੰ ਮੋਢੇ ਨਾਲ ਮੋਢਾ ਜੋੜਨ ਵਾਸਤੇ ਕਰ ਰਹੇ ਹਾਂ। ਸੋ, ਇਸ ਕਰਕੇ ਵੂਮੈਨ ਦਾ ਸਤਿਕਾਰ ਕਿਸ ਤਰੀਕੇ ਬਰਕਰਾਰ ਰਹਿਣਾ ਚਾਹੀਦਾ ਹੈ, ਇਹ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਉਸ ਦੇ ਬਾਰੇ ਵੀ ਇੱਕ ਕੰਡਕਟ, ਇੱਕ ਪ੍ਰੋਸੀਜ਼ਰ ਸੈੱਟ ਹੋਣਾ ਚਾਹੀਦਾ ਹੈ ਤਾਂ ਕਿ ਇਸ ਤਰ੍ਹਾਂ ਦੀ ਜਿਹੜੀ ਗਲਤ ਕਾਰਵਾਈ ਹੋਈ ਹੈ, ਉਹ ਦੁਬਾਰਾ ਨਾ ਹੋਵੇ। ਫਿਰ ਵੀ all sudden done ਅਸੀਂ ਇਸ ਬਿਲ ਦਾ ਪੁਰਜ਼ੋਰ ਸਮਰਥਨ ਕਰਦੇ ਹਾਂ। Thank you very much.

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਪੀਕਰ ਸਾਹਿਬ .....

**ਮਾਨਯੋਗ ਸਪੀਕਰ :** ਨਹੀਂ, ਕਾਫੀ ਹੋ ਗਿਆ। ਕਾਫੀ ਹੋ ਗਿਆ, ਹੁਣ ਨਹੀਂ। ਹਾਂ ਜੀ, ਸਰਦਾਰ ਤਰਸੇਮ ਸਿੰਘ ਡੀ.ਸੀ. ਸਾਹਿਬ।

**ਸਰਦਾਰ ਤਰਸੇਮ ਸਿੰਘ ਡੀ.ਸੀ. (ਅਟਾਰੀ, ਐਸ.ਸੀ.) :** ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ, ਪੰਜਾਬ ਵੱਲੋਂ ਲਿਆਂਦਾ ਹੋਇਆ ਇਹ ਮਤਾ ਬਹੁਤ ਹੀ ਇਤਿਹਾਸਕ ਹੈ ਅਤੇ ਇਸ ਦਾ ਜੋ ਇਫੈਕਟ ਹੈ, It is not only in India, but in the coming years, it will have its effect on the whole world, ਵਰਲਡ ਦੇ ਵਿੱਚ ਜਿੰਨੀਆਂ ਵੀ women organisations ਹਨ, ਉਥੇ ਇਸ ਨੂੰ follow ਕੀਤਾ ਜਾਵੇਗਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀਮਤੀ ਸਤਕਾਰ ਕੌਰ ਬੋਲਣ ਲਈ ਆਪਣੀ ਸੀਟ ਤੇ ਖੜ੍ਹੇ ਸਨ।)

**ਮਾਨਯੋਗ ਸਪੀਕਰ:** ਸਤਕਾਰ ਕੌਰ ਜੀ, ਬੈਠੋ, ਮੈਂ ਤੁਹਾਨੂੰ ਇਨ੍ਹਾਂ ਤੋਂ ਬਾਅਦ ਬੁਲਾਉਂਦਾ ਹਾਂ ।

**ਸਰਦਾਰ ਤਰਸੇਮ ਸਿੰਘ ਡੀ.ਸੀ.:** ਸਰ, ਅੱਜ ਸਾਇੰਸ ਨੇ ਇਹ prove ਕਰ ਦਿੱਤਾ ਹੈ ਕਿ ਜਿੰਨੀਆਂ ਪਾਜ਼ੇਟਿਵ ਕੁਆਲਿਟੀਜ਼ ਹਨ, ਜਿਵੇਂ ਕਿ ਰਹਿਮ ਦੀ, ਪਿਆਰ ਦੀ,

[ ਸਰਦਾਰ ਤਰਸੇਮ ਸਿੰਘ ਡੀ.ਸੀ.]

ਸਹਿਣਸ਼ੀਲਤਾ ਦੀ, ਹਠ ਦੀ, ਉਹ ਵੂਮੈਨ ਦੇ ਵਿੱਚ ਜ਼ਿਆਦਾ ਹੁੰਦੀਆਂ ਹਨ, ਜਦ ਕਿ ਆਦਮੀ ਦੇ ਵਿੱਚ ਜ਼ਿਆਦਾ ਨੈਗੇਟਿਵ ਜਿਵੇਂ ਕਿ ਕ੍ਰੋਧ, ਗੁੱਸਾ, ਲੜਾਈ-ਝਗੜਾ ਆਦਿ ਹੁੰਦੀਆਂ ਹਨ। ਜੇ ਅੱਜ ਤੱਕ ਦੀ 5000 ਸਾਲ ਪੁਰਾਣੀ ਸੱਭਿਅਤਾ ਵਿੱਚ ਔਰਤ ਨੂੰ ਹਾਸ਼ੀਏ ਤੇ ਨਾ ਰੱਖਿਆ ਹੁੰਦਾ ਤਾਂ ਦੁਨੀਆਂ ਦੇ ਇਤਿਹਾਸ ਵਿੱਚ ਜਿਹੜੀਆਂ 17-18 ਹਜ਼ਾਰ ਦੇ ਕਰੀਬ ਲੜਾਈਆਂ ਲੜੀਆਂ ਗਈਆਂ ਹਨ, ਉਹ ਨਹੀਂ ਸੀ ਹੋਣੀਆਂ। ਮੈਂ ਇਸ ਤੋਂ ਅੱਗੇ ਜਾਂਦਾ ਹਾਂ ਕਿ ਅੱਜ 33 ਪ੍ਰਤੀਸ਼ਤ ਔਰਤਾਂ ਦੀ ਰਿਜ਼ਰਵੇਸ਼ਨ ਦਾ ਜਿਹੜਾ ਬਿਲ ਮੁੱਖ ਮੰਤਰੀ ਜੀ ਦੁਆਰਾ ਪੇਸ਼ ਕੀਤਾ ਗਿਆ ਹੈ, ਮੈਂ ਉਸ ਦਾ ਸਮਰਥਨ ਕਰਨ ਦੇ ਨਾਲ ਹੀ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ। ਲੇਕਿਨ ਇੱਕ ਗੱਲ ਬਹੁਤ ਜ਼ਰੂਰੀ ਹੈ ਕਿ ਔਰਤ 25 ਸਾਲ ਤੋਂ ਉੱਪਰ ਪਹੁੰਚੇਗੀ ਤਾਂ ਹੀ ਇਸ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈ ਸਕੇਗੀ ਲੇਕਿਨ ਜੋ ਵੀ ਕਾਨੂੰਨ ਹੁਣ ਤੱਕ ਬਣੇ ਹਨ ਭਾਵੇਂ ਉਹ ਭਰੂਣ ਹੱਤਿਆ ਰੋਕਣ ਲਈ ਹੋਣ ਜਾਂ ਫਿਰ ਨਾਬਾਲਗ ਬੱਚੀਆਂ ਨਾਲ ਹੁੰਦੇ ਬਲਾਤਕਾਰ ਰੋਕਣ ਲਈ ਹੋਣ, ਉਨ੍ਹਾਂ ਦਾ ਗਰਾਉਂਡ ਲੈਵਲ ਤੇ ਇਫੈਕਟ ਬਹੁਤ ਹੀ ਘੱਟ ਹੋ ਰਿਹਾ ਹੈ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਇੱਕ suggestion ਦੇਣੀ ਚਾਹੁੰਦਾ ਹਾਂ ਕਿ ਇਸ ਬਿਲ ਦੇ ਨਾਲ ਹੀ ਇੱਕ ਹੋਰ legislation ਰਾਹੀਂ ਜਿਸ ਤਰ੍ਹਾਂ private practitioners ਉੱਪਰ ਭਰੂਣ ਹੱਤਿਆ ਰੋਕਣ ਲਈ ਟੈਸਟ ਕਰਨ ਤੇ ਪਾਬੰਦੀ ਹੈ ਉਸੇ ਤਰ੍ਹਾਂ ਬਲਾਤਕਾਰ ਦੇ ਕੇਸ ਲੜਨ ਤੇ ਪ੍ਰਾਈਵੇਟ ਵਕੀਲਾਂ ਉਤੇ ਰੋਕ ਲਾਈ ਜਾਵੇ। ਰੋਜ਼ਾਨਾ ਵੇਖਣ ਨੂੰ ਮਿਲਦਾ ਹੈ ਕਿ 12-12, 6-6 ਸਾਲ ਦੀਆਂ ਲੜਕੀਆਂ ਦੇ ਨਾਲ ਬਲਾਤਕਾਰ ਹੁੰਦੇ ਹਨ ਔਰ ਜੋ ਵਕੀਲ ਹਨ, ਉਹ under the guise of professional ethics ਉਨ੍ਹਾਂ ਦੇ ਕੇਸ ਲੈ ਕੇ ਕੋਰਟਾਂ ਵਿੱਚ ਬੜੀ ਬੇਸ਼ਰਮੀ ਨਾਲ ਕੇਸ ਲੜਦੇ ਹਨ। ਬਲਾਤਕਾਰੀ ਪੈਸੇ ਵਾਲੇ ਹੁੰਦੇ ਹਨ ਅਤੇ ਲੜਕੀਆਂ ਗਰੀਬ ਹੁੰਦੀਆਂ ਹਨ। ਪੈਸੇ ਵਾਲਿਆਂ ਨੂੰ ਛੁਡਾਉਣ ਲਈ ਉਨ੍ਹਾਂ ਤੋਂ ਮੋਟੀਆਂ ਰਕਮਾਂ ਲਈਆਂ ਜਾਂਦੀਆਂ ਹਨ ਅਤੇ ਸਿੱਟੇ ਵਜੋਂ ਐਸੇ ਕੇਸ ਲਮਕਾਏ ਜਾਂਦੇ ਹਨ ਤੇ ਫਿਰ ਉਨ੍ਹਾਂ ਰਕਮਾਂ ਵਿੱਚੋਂ ਗਰੀਬਾਂ ਨੂੰ ਪੈਸੇ ਦੇ ਕੇ ਰਾਜ਼ੀਨਾਮੇ ਕਰਵਾਏ ਜਾਂਦੇ ਹਨ, ਜਿਸ ਨਾਲ ਇਹ ਕੇਸ ਰਫਾ-ਦਫਾ ਕਰਵਾਏ ਜਾਂਦੇ ਹਨ। ਜੇ ਅਸੀਂ ਚਾਹੁੰਦੇ ਹਾਂ ਕਿ 25 ਸਾਲ ਤੋਂ ਬਾਅਦ ਔਰਤ ਰਾਜਨੀਤੀ ਵਿੱਚ ਆਵੇ ਅਤੇ ਰਾਜਨੀਤੀ ਵਿੱਚ ਆਪਣਾ ਯੋਗਦਾਨ ਪਾਵੇ ਤਾਂ ਇਹ ਬੜਾ ਜ਼ਰੂਰੀ ਹੋ ਜਾਂਦਾ ਹੈ ਕਿ ਇੱਕ ਐਸਾ ਕਾਨੂੰਨ ਬਣਾਇਆ ਜਾਵੇ ਜਿਸ ਨਾਲ ਪ੍ਰਾਈਵੇਟ ਵਕੀਲਾਂ ਨੂੰ ਇਹੋ-ਜਿਹੇ ਕੇਸ ਲੜਨ ਤੋਂ ਰੋਕਿਆ ਜਾ ਸਕੇ ਪਰ ਨਾਲ ਹੀ ਕਾਨੂੰਨੀ ਇਕੁਇਟੀ ਦੇ ਮੱਦੇਨਜ਼ਰ ਸਰਕਾਰ ਬਲਾਤਕਾਰੀਆਂ ਤੇ ਹੱਤਿਆਰਿਆਂ ਨੂੰ ਸਰਕਾਰੀ ਵਕੀਲ ਮੁਹੱਈਆ ਕਰਵਾਏ। ਇਹ ਹੱਕ ਪ੍ਰਾਈਵੇਟ ਵਕੀਲਾਂ ਕੋਲੋਂ ਖੋਹ ਲਿਆ ਜਾਵੇ ਕਿਉਂਕਿ ਇਸ ਦਾ ਬੜਾ ਹੀ ਦੁਰ-ਉਪਯੋਗ ਹੁੰਦਾ ਹੈ। ਮੈਂ ਇਸ ਬਾਰੇ ਸੀ.ਐਮ. ਸਾਹਿਬ ਦਾ ਇੱਕ ਫਿਰ ਧੰਨਵਾਦ ਕਰਦਾ ਹਾਂ। ਧੰਨਵਾਦ।

**ਸ਼੍ਰੀਮਤੀ ਸਤਕਾਰ ਕੌਰ (ਫਿਰੋਜ਼ਪੁਰ ਦਿਹਾਤੀ, ਐਸ.ਸੀ. ) :** ਸਪੀਕਰ ਸਾਹਿਬ,

ਤੁਹਾਡਾ ਧੰਨਵਾਦ । ਅੱਜ ਔਰਤਾਂ ਲਈ 33% ਰਿਜ਼ਰਵੇਸ਼ਨ ਲਈ ਜੋ ਬਿਲ ਜੋ ਮਤਾ ਪੇਸ਼ ਹੋਇਆ ਹੈ, ਮੈਂ ਉਸ ਦੀ ਪੁਰਜ਼ੋਰ ਸਿਫਾਰਸ਼ ਕਰਦੀ ਹਾਂ । ਮੈਂ ਹਮੇਸ਼ਾ ਹੀ ਇਹ ਵੇਖਿਆ ਹੈ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਹੀ ਔਰਤਾਂ ਦੀ ਰੱਖਿਆ ਦੀ ਗੱਲ ਕੀਤੀ ਹੈ, ਹਮੇਸ਼ਾ ਹੀ ਔਰਤਾਂ ਦਾ ਸਾਥ ਦਿੱਤਾ ਹੈ, ਕਾਂਗਰਸ ਪਾਰਟੀ ਹਮੇਸ਼ਾ ਹੀ ਔਰਤਾਂ ਦੀ ਇੱਜ਼ਤ ਕਰਦੀ ਹੈ। ਪਿੱਛੇ ਜ਼ਿਲ੍ਹਾ ਪ੍ਰੀਸ਼ਦ ਦੇ ਇਲੈਕਸ਼ਨ ਹੋਏ ਹਨ ਉਸ ਵਿੱਚ ਵੀ ਔਰਤਾਂ ਨੇ ਬਹੁਤ ਗਿਣਤੀ ਵਿੱਚ ਇਲੈਕਸ਼ਨ ਲੜੇ। ਅਸੀਂ ਔਰਤਾਂ ਨੂੰ ਇਲੈਕਸ਼ਨਾਂ ਧੱਕੇ ਨਾਲ ਨਹੀਂ ਸਗੋਂ ਉਨ੍ਹਾਂ ਨੂੰ ਇਲੈਕਸ਼ਨ ਲੜਾ ਕੇ ਜਿਤਾ ਕੇ ਲਿਆਏ ਹਾਂ। ਅੱਗੇ ਜਿਹੜੀਆਂ ਪੰਚਾਇਤੀ ਇਲੈਕਸ਼ਨਾਂ ਹੋ ਰਹੀਆਂ ਹਨ ਉਨ੍ਹਾਂ ਵਿੱਚ ਵੀ 50% ਔਰਤਾਂ ਲਈ ਰਿਜਰਵੇਸ਼ਨ ਹੋ ਰਿਹਾ ਹੈ। ਮੈਂ ਇਹ ਗੱਲ ਕਹਿਣਾ ਚਾਹਾਂਗੀ ਕਿ ਹਰ ਵਰਗ ਵਿੱਚ ਔਰਤਾਂ ਅੱਗੇ ਹਨ ਪਰ ਪਾਲੇਟਿਕਸ ਵਿੱਚ ਔਰਤਾਂ ਬਹੁਤ ਘੱਟ ਆਉਂਦੀਆਂ ਹਨ। ਇਸ ਕਰਕੇ ਮੈਂ ਕਾਂਗਰਸ ਪਾਰਟੀ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ, ਸੀ.ਐਮ.ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਇਹ ਰਿਜ਼ਰਵੇਸ਼ਨ ਵਾਲਾ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ, ਉਸ ਵਾਸਤੇ ਮੈਂ ਤੁਹਾਡਾ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ।

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀ ਕੁਸਲਦੀਪ ਸਿੰਘ ਢਿੱਲੋਂ। ਹਾਜਰ ਨਹੀਂ?

**ਮਾਨਯੋਗ ਸਪੀਕਰ:** ਪ੍ਰਸ਼ਨ ਹੈ ਕਿ–

> "ਜਿਵੇਂ ਕਿ ਪੰਜਾਬ ਸਰਕਾਰ ਵੱਲੋਂ ਸਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਮਹਿਲਾਵਾਂ ਲਈ 50% ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ, ਇਹ ਸਦਨ ਕੇਂਦਰ ਸਰਕਾਰ ਤੋਂ ਇਹ ਪੁਰਜ਼ੋਰ ਮੰਗ ਕਰਦਾ ਹੈ ਕਿ ਉਹ ਮਹਿਲਾਵਾਂ ਵਾਸਤੇ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਇੱਕ ਤਿਹਾਈ ਸੀਟਾਂ ਰਾਖਵੀਆਂ ਕਰਨ ਲਈ ਵੁਮੈਨਜ਼ ਰਿਜ਼ਰਵੇਸ਼ਨ ਬਿਲ ਨੂੰ ਛੇਤੀ ਤੋਂ ਛੇਤੀ ਪਾਸ ਕਰਵਾਉਣ।"

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇਸ ਮਤੇ ਨੂੰ ਯੂਨਾਨੀਮਸਲੀ ਪਾਸ ਕਰ ਦਿਉ ਜੀ।

**ਮਾਨਯੋਗ ਸਪੀਕਰ:** ਨਹੀਂ ਜੀ, ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਡਿਫਰ ਕੀਤਾ ਹੈ। ਸ਼੍ਰੀ ਸੋਮ ਪ੍ਰਕਾਸ਼ ਜੀ, ਤੁਸੀਂ ਦੱਸੋ ਕਿ ਇਸ ਨੂੰ ਯੂਨਾਨੀਮਸਲੀ ਪਾਸ ਕਰੀਏ ਜਾਂ ਤੁਹਾਡਾ ਡਾਈਸੈਂਟ ਲਿਖੀਏ?

**ਸ਼੍ਰੀ ਸੋਮ ਪ੍ਰਕਾਸ਼ :** ਯੂਨਾਨੀਮਸਲੀ ਪਾਸ ਕਰ ਦਿਉ ।

***ਮਤਾ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

**(ii) RESOLUTION REGARDING APPRECIATION OF EFFORTS MADE BY GOVTS. OF PUNJAB AND CENTRE TO OPEN KARTARPUR CORRIDOR, AND RECOMMENDING TO CENTRAL GOVT. FOR EARLY COMPLETION OF THIS LONG PENDING DEMAND WHILE ENSURING HARD EARNED PEACE IN THE STATE AND ALSO RECOMMENDING TO PUNJAB GOVT. TO APPROACH CENTRAL GOVT. TO SEEK KARTARPUR GURU GHAR LAND SWAP WITH PAKISTAN**

**ਮਾਨਯੋਗ ਸਪੀਕਰ :** ਮਾਨਯੋਗ ਮੁੱਖ ਮੰਤਰੀ ਜੀ, ਦੂਜਾ ਸਰਕਾਰੀ ਮਤਾ ਪੇਸ਼ ਕਰਨ ।

**Chief Minister (Captain Amarinder Singh) :** Sir, I beg to move that-

> "This House records its appreciation for the efforts made by the Government of Punjab and Government of India to open Kartarpur Sahib Corridor and urges upon the Government of India to hasten completion of works to operationalize the corridor well before the 550th Birth Anniversary Celebrations of Sri Guru Nanak Dev Ji in November, 2019 in keeping with the long pending demand of Punjabis, while ensuring that the hard earned peace of Punjab is not disturbed in any manner."

ਸਪੀਕਰ ਸਾਹਿਬ, ਕੁਝ ਦਿਨ ਪਹਿਲਾਂ ਸਾਨੂੰ ਸਾਰਿਆਂ ਨੂੰ ਬੜੀ ਖੁਸ਼ੀ ਹੋਈ ਜਦੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਡੇਰਾ ਬਾਬਾ ਨਾਨਕ ਤੋਂ ਉਦਘਾਟਨ ਹੋਇਆ । ਉਥੇ ਸਾਡੇ ਵਾਈਸ ਪ੍ਰੈਜ਼ੀਡੈਂਟ ਸਾਹਿਬ ਆਏ ਸਨ। ਸਾਡੇ ਦੋਨਾਂ ਮੁਲਕਾਂ ਦਾ, ਸਾਡੇ ਮੁਲਕ ਦਾ ਅਤੇ ਪਾਕਿਸਤਾਨ ਦਾ ਇਸ ਲਾਂਘੇ ਉਤੇ ਸਮਝੌਤਾ ਹੋਇਆ ਹੈ। ਇਸ ਨਾਲ ਇਕ ਵਾਰ ਫਿਰ ਸ਼ਰਧਾਲੂਆਂ ਨੂੰ ਇੱਕ ਮੌਕਾ ਮਿਲੇਗਾ ਕਿ ਜਿਥੇ ਸਾਡੀ ਪਹਿਲੀ ਪਾਤਸ਼ਾਹੀ ਨੇ ਅਖੀਰਲੇ 18 ਸਾਲ ਬਤੀਤ ਕੀਤੇ ਸਨ ਉਹ ਉਥੇ ਜਾ ਕੇ ਮੱਥਾ ਟੇਕ ਸਕਣ। ਇਹ ਜਿਹੜਾ ਲਾਂਘਾ ਹੈ, ਇਸ ਦੀ ਬੜੀ ਦੇਰ ਤੋਂ ਮੰਗ ਸੀ ਔਰ ਇਸ ਵਾਸਤੇ ਜਿਹੜਾ ਕੁਝ ਹੋਇਆ ਹੈ ਉਸ ਦੀ ਅਸੀਂ ਸ਼ਲਾਘਾ ਕਰਦੇ ਹਾਂ।

ਸਪੀਕਰ ਸਾਹਿਬ, ਇਹ ਮਤਾ ਮੈਂ ਸਦਨ ਵਿੱਚ ਰੱਖਿਆ ਹੈ। ਉਸ ਤੋਂ ਬਾਅਦ ਅਖਬਾਰਾਂ ਵਿੱਚ ਕਾਫੀ ਕੁਝ ਆਉਂਦਾ ਰਿਹਾ ਹੈ ਕਿ ਅਮਰਿੰਦਰ ਸਿੰਘ ਨੇ ਇਸ ਨੂੰ ਆਪੋਜ਼ ਕੀਤਾ ਹੈ। ਮੈਨੂੰ ਕਦੇ-ਕਦੇ ਹੈਰਾਨੀ ਹੁੰਦੀ ਹੈ ਕਿ ਜਿਹੜੇ ਲੋਕ ਉਥੇ ਬੈਠੇ ਸਨ

ਅਤੇ ਉਥੇ ਸੁਣ ਰਹੇ ਸਨ, ਪਤਾ ਨਹੀਂ ਇਹ ਸਿਆਸਤ ਵਿੱਚ ਆ ਕੇ ਭੁੱਲ ਜਾਂਦੇ ਹਨ, ਉਸ ਦਿਨ ਜਦੋਂ ਮੈਂ ਬੋਲ ਰਿਹਾ ਸੀ, ਸਰਦਾਰ ਸੁਖਬੀਰ ਸਿੰਘ ਬਾਦਲ, ਅੱਜ ਇਥੋਂ ਭੱਜ ਗਏ ਹਨ, ਪਤਾ ਨਹੀਂ, ਕਿੱਥੇ ਚਲੇ ਗਏ ਹਨ, ਇਹ ਸੁਣਨਾ ਨਹੀਂ ਚਾਹੁੰਦੇ, ਇਹ ਉਸ ਦਿਨ ਸਟੇਜ ਦੇ ਉੱਪਰ ਮੇਰੇ ਤੋਂ ਕੁਝ ਚਾਰ ਕੁ ਸੀਟਾਂ ਇੱਧਰ ਬੈਠੇ ਸਨ ਅਤੇ ਉਨ੍ਹਾਂ ਦੀ ਵਾਈਫ ਹਰਸਿਮਰਤ ਕੌਰ ਉਧਰਲੇ ਪਾਸੇ ਦੋ ਕੁ ਸੀਟਾਂ ਤੇ ਬੈਠੀ ਸੀ। ਸਾਰਿਆਂ ਨੇ ਮੇਰੀ ਤਕਰੀਰ ਸੁਣੀ ਹੈ, ਜਿਸ ਵਿੱਚ ਮੈਂ ਕਿਹਾ ਸੀ ਕਿ ਅੱਜ ਮੈਨੂੰ ਖੁਸ਼ੀ ਹੁੰਦੀ ਹੈ ਕਿ ਕਰਤਾਰਪੁਰ ਸਾਹਿਬ ਦੀ ਸੇਵਾ ਮੇਰੇ ਦਾਦਾ ਜੀ ਮਹਾਰਾਜਾ ਭੁਪਿੰਦਰ ਸਿੰਘ ਨੇ 1920 ਤੋਂ ਲੈ ਕੇ 1929 ਤੱਕ ਕੀਤੀ ਸੀ। ਉਦੋਂ ਕੀ ਹੋਇਆ ਸੀ ਕਿ ਰਾਵੀ ਵਿੱਚ ਹੜ੍ਹ ਆਇਆ ਸੀ, ਜਿਸ ਕਾਰਨ ਗੁਰਦੁਆਰਾ ਸਾਹਿਬ ਢਹਿ ਗਿਆ, ਜ਼ਮੀਨਾਂ ਤਬਾਹ ਹੋ ਗਈਆਂ। ਉਸ ਵੇਲੇ ਉਨ੍ਹਾਂ ਨੇ ਦਰਿਆ ਦਾ ਰੁਖ ਬਦਲਵਾਇਆ ਅਤੇ ਫੇਰ ਗੁਰਦੁਆਰਾ ਸਾਹਿਬ ਦੀ ਸੇਵਾ ਕਰਕੇ ਨਵੀਂ ਬਿਲਡਿੰਗ ਬਣਵਾਈ। ਇਹ ਮੇਰੀ ਖੁਸ਼ਕਿਸਮਤੀ ਹੈ। ਫੇਰ ਮੇਰੇ ਪਿਤਾ ਜੀ ਨੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਸਰੋਵਰ ਦੀ 1932 ਵਿੱਚ ਸੇਵਾ ਕਰਵਾਈ। ਜਦੋਂ ਮੈਂ ਪਿਛਲੀ ਵਾਰ ਮੁੱਖ ਮੰਤਰੀ ਸੀ ਤਾਂ ਮੈਨੂੰ ਫੇਰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਜਾਣ ਦਾ ਮੌਕਾ ਮਿਲਿਆ। ਉਦੋਂ ਉਥੋਂ ਦੇ ਪੰਜਾਬ ਦੇ ਜਿਹੜੇ ਮੁੱਖ ਮੰਤਰੀ, ਚੌਧਰੀ ਪਰਵੇਜ਼ ਇਲਾਹੀ ਸਨ, ਉਨ੍ਹਾਂ ਨਾਲ ਅਸੀਂ ਇਕ ਨਵੇਂ ਰਸਤੇ ਦਾ ਉਦਘਾਟਨ ਕਰਕੇ ਆਏ ਜਿਹੜਾ ਨਨਕਾਣਾ ਸਾਹਿਬ ਤੋਂ ਸਿੱਧਾ ਸ਼ੇਖੂਪੁਰਾ ਹੋ ਕੇ ਵਾਹਘਾ ਪਹੁੰਚੇ ਤਾਂ ਕਿ ਲੋਕ ਉਥੇ ਜਾ ਸਕਣ। ਇਹ ਅਸੀਂ ਉਦੋਂ ਉਥੇ ਕੀਤਾ ਸੀ। ਮੇਰੀ ਖੁਸ਼ਕਿਸਮਤੀ ਹੈ ਕਿ ਇਕ ਵਾਰ ਫੇਰ ਮੈਨੂੰ ਮੌਕਾ ਮਿਲ ਰਿਹਾ ਹੈ ਅਤੇ ਚੌਥੀ ਵਾਰ ਸਾਡੇ ਪਰਿਵਾਰ ਵਿੱਚ ਹੋ ਰਿਹਾ ਹੈ ਕਿ ਮੈਂ ਇਸ ਧਰਤੀ ਦੀ ਸੇਵਾ ਕਰ ਸਕਾਂ। (ਥੰਪਿੰਗ) ਇਸ ਤੋਂ ਜ਼ਿਆਦਾ ਖੁਸ਼ੀ ਕੀ ਹੋ ਸਕਦੀ ਹੈ?

ਇਹ ਕਹਿੰਦੇ ਹਨ ਕਿ ਅਮਰਿੰਦਰ ਸਿੰਘ ਇਸ ਨੂੰ ਅੱਪੋਜ਼ ਕਰ ਰਿਹਾ ਹੈ। ਮੈਂ ਉਦੋਂ ਇਹ ਕਿਹਾ ਸੀ ਕਿ ਮੈਨੂੰ ਪੂਰੀ ਖੁਸ਼ੀ ਹੈ, ਅਸੀਂ ਇਸ ਤੇ ਪੂਰੇ ਕਦਮ ਚੁੱਕਾਂਗੇ। ਇਹ ਗੌਰਮਿੰਟ-ਟੂ-ਗੌਰਮਿੰਟ ਹੈ, ਸੈਂਟਰ ਗੌਰਮਿੰਟ ਦੀ ਮਨਿਸਟਰੀ ਆਫ ਸਰਫੇਸ ਟ੍ਰਾਂਸਪੋਰਟ ਇਸ ਨੂੰ ਬਣਾਏਗੀ, ਜੋ ਉਹ ਚਾਹੁੰਦੇ ਹਨ, ਅਸੀਂ ਕਰਾਂਗੇ। ਅਸੀਂ ਡੇਰਾ ਬਾਬਾ ਨਾਨਕ ਦੀ ਡਿਵੈਲਪਮੈਂਟ ਅਥਾਰਿਟੀ ਬਣਾ ਦਿੱਤੀ ਹੈ। ਉਨ੍ਹਾਂ ਦੇ ਸੈਕਟਰੀ ਸਾਹਿਬ ਜਿਹੜੇ ਆਏ ਸਨ, ਉਨ੍ਹਾਂ ਨਾਲ ਗੱਲਬਾਤ ਹੋ ਗਈ ਹੈ। ਜਦੋਂ ਉਹ ਦੱਸਣਗੇ ਕਿ ਇਸ ਵਾਸਤੇ ਕਿੰਨੀ ਜ਼ਮੀਨ ਚਾਹੀਦੀ ਹੈ, ਕਿੱਥੇ ਚਾਹੀਦੀ ਹੈ, ਅਸੀਂ ਐਕੁਜੀਸ਼ਨ

ਪ੍ਰੋਸੀਡਿੰਗਜ਼ ਕਰਾਂਗੇ ਲੇਕਿਨ ਗਲਤ ਗੱਲਾਂ ਨਹੀਂ ਕਹਿਣੀਆਂ ਚਾਹੀਦੀਆਂ। ਹੁਣ ਇਹ ਬੈਠੇ ਨਹੀਂ ਹਨ, ਗਲਤ ਗੱਲਾਂ ਕਰਕੇ ਚਲੇ ਗਏ, ਇਹ ਕਹਿੰਦੇ ਹਨ ਕਿ ** ਨੂੰ ਕੱਢੋ, sorry ਮੈਂ digress ਕਰ ਰਿਹਾ ਹਾਂ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ attitude ਕੀ ਹੈ ? ਸਿਆਸਤ ਇਕ ਜਗ੍ਹਾ ਰੱਖੋ ਪਰ ਇਸ ਸਦਨ ਵਿੱਚ ਤਾਂ ਸੱਚਾਈ ਆਵੇ। (ਫੋਟੋ ਦਿਖਾਉਂਦੇ ਹੋਏ) ਇਹ ਦੇਖੋ ਸਰਦਾਰ ਪਰਕਾਸ਼ ਸਿੰਘ ਬਾਦਲ ਬੈਠੇ ਹਨ ਅਤੇ ** ਜੀ ਨੂੰ ਫੁੱਲ ਦੇ ਰਹੇ ਹਨ। ਆਪ ਬੈਠੇ ਹਨ ਤਾਂ ਹੀ ਇਥੋਂ ਭੱਜ ਗਏ। ਇੱਥੇ ਸਰਦਾਰ ਪਰਮਿੰਦਰ ਸਿੰਘ ਢੀਂਡਸਾ, ** ਨੂੰ, when he was Minister for Surface Transport, ਉਨ੍ਹਾਂ ਨੂੰ ਆਪਣੇ ਕੰਮ ਕਰਵਾਉਣ ਵਾਸਤੇ ਮਿਲ ਰਹੇ ਹਨ। ਇੱਥੇ ਆ ਕੇ ਜਾਂ ਇਥੋਂ ਬਾਹਰ ਜਾ ਕੇ ਰੌਲਾ ਪਾ ਦਿਓ ਕਿ ਉਨ੍ਹਾਂ ਨੂੰ ਕਿਉਂ ਮੁੱਖ ਮੰਤਰੀ ਬਣਾ ਦਿੱਤਾ, ਫੇਰ ਤੁਸੀਂ ਆਪਣੇ ਕੰਮ ਕਰਵਾਉਣ ਵਾਸਤੇ ਉਨ੍ਹਾਂ ਨੂੰ ਮਿਲਣ ਕਿਉਂ ਗਏ? ਕਿਸ ਨੇ ਇਨ੍ਹਾਂ ਨੂੰ ਜਾਣ ਨੂੰ ਕਿਹਾ ਸੀ? ਇਨ੍ਹਾਂ ਦੀ ਲਿਸਟ ਬਣਾਉਣ ਵਾਸਤੇ ਮੈਂ ਕਿਹਾ ਹੈ ਕਿ ਮੈਨੂੰ ਦੱਸੋ, ਇਨ੍ਹਾਂ ਦੇ ਉਦੋਂ ਕਿੰਨੇ ਕੰਮ ਸੈਂਟਰ ਵਿਚੋਂ ਹੋਏ ਹਨ?

Anyways, I got excited, sorry ਮੈਂ digress ਕਰ ਗਿਆ ਲੇਕਿਨ ਮੈਂ ਉਥੇ ਇਹ ਵੀ ਕਿਹਾ ਸੀ ਕਿ ਜਿੱਥੇ ਮੈਨੂੰ ਖੁਸ਼ੀ ਹੈ, ਇਹ ਸਾਰੀ ਸੇਵਾ ਅਸੀਂ ਕਰਾਂਗੇ, ਜਦੋਂ ਇਹ ਲਾਂਘਾ ਬਣੇਗਾ ਅਤੇ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਸ਼ਾਂਤੀ ਵਾਪਸ ਆਵੇਗੀ ਤਾਂ ਮੈਂ ਪਹਿਲੇ ਜਥੇ ਨਾਲ ਉਥੇ ਜਾ ਕੇ ਮੱਥਾ ਟੇਕ ਕੇ ਆਵਾਂਗਾ। ਇਹ ਮੇਰੇ ਦਿਲ ਦੀ ਖਾਹਿਸ਼ ਹੈ। (ਥੰਪਿੰਗ) ਲੇਕਿਨ ਜਦੋਂ ਤੱਕ ਪਾਕਿਸਤਾਨ ਦਾ ਜਿਹੜਾ ਰਵੱਈਆ ਕਸ਼ਮੀਰ ਵਿੱਚ ਹੈ, ਪਹਿਲਾਂ ਫੌਜੀਆਂ ਨੂੰ ਮਾਰ ਦਿਓ, ਉਹ ਰੋਜ਼ ਸਾਡੇ ਕੋਈ ਨਾ ਕੋਈ ਫੌਜੀ ਜਾਂ ਪੈਰਾ ਮਿਲਟਰੀ ਦੇ ਬੰਦੇ ਨੂੰ ਮਾਰਦੇ ਹਨ, ਕਸ਼ਮੀਰ ਵਿੱਚ ਟੈਰੋਰਿਸਟ ਆਊਟਫਿਟਸ ਜਾਂ ਗਰੁੱਪਸ ਨੂੰ weaponize ਕਰਦੇ ਹਨ, ਉਨ੍ਹਾਂ ਨੂੰ ਟ੍ਰੇਨਿੰਗ ਦਿੰਦੇ ਹਨ ਅਤੇ ਹਰ ਕਿਸਮ ਦੀ ਮਦਦ ਕਰਦੇ ਹਨ। ਜਦੋਂ ਤੱਕ ਇਹ ਬੰਦ ਨਹੀਂ ਹੁੰਦਾ ਜਾਂ ਮੇਰੇ ਪੰਜਾਬ ਵਿੱਚ ਆਈ.ਐਸ.ਆਈ. ਦੇ ਜਿਹੜੇ ਕਦਮ ਉੱਠਣ ਲੱਗੇ ਹਨ, ਉਹ ਬੰਦ ਨਹੀਂ ਕਰਨਗੇ, ਮੈਂ ਪਾਕਿਸਤਾਨ ਨਹੀਂ ਜਾਵਾਂਗਾ, ਮੈਂ ਇਹ ਗੱਲ ਕਹੀ ਸੀ ਅਤੇ ਮੈਂ ਅੱਜ ਵੀ ਇਸ ਗੱਲ ਤੇ ਖੜ੍ਹਾ ਹਾਂ। ਇਕ ਪਾਸੇ ਮੈਂ ਸਿੱਖ ਹਾਂ ਅਤੇ ਦੂਜੇ ਪਾਸੇ ਮੁੱਖ ਮੰਤਰੀ ਹਾਂ। ਮੇਰੀ ਸਟੇਟ ਦੀ ਹਿਫਾਜ਼ਤ ਕਰਨਾ ਮੇਰੀ ਡਿਊਟੀ ਹੈ and I will not allow any wrong to happen, I want that to be very clear. ਮੈਂ ਇਹ ਗੱਲ ਇਸ ਲਈ ਕਹੀ ਸੀ ਕਿਉਂਕਿ ਜਦੋਂ ਤੋਂ ਅਸੀਂ ਆਏ ਹਾਂ, ਸਾਨੂੰ 22 ਮਹੀਨੇ ਹੋ ਗਏ ਹਨ, ਅਸੀਂ ਪਾਕਿਸਤਾਨ ਦੇ ਭੇਜੇ ਹੋਏ modules ਵੀ neutralize ਕੀਤੇ ਹਨ। ਅਸੀਂ ਉਨ੍ਹਾਂ ਦੇ ਭੇਜੇ ਹੋਏ 95 ਅੱਤਵਾਦੀ ਪਕੜੇ ਹਨ, ਇਨਕਲੂਡਿੰਗ ਏ.ਕੇ. 47 ਅਤੇ 20 ਰਾਈਫਲਜ਼ ਉਨ੍ਹਾਂ ਦੀਆਂ ਪਕੜੀਆਂ ਹਨ। ਉਨ੍ਹਾਂ ਤੋਂ ਅਸੀਂ 61 ਰਿਵਾਲਵਰ ਅਤੇ ਪਿਸਟਲਜ਼ ਬਰਾਮਦ

---

** Expunged as ordered by the Chair.

ਕੀਤੀਆਂ ਹਨ। 12 ਹੈਂਡ ਗਰੇਨੇਡਜ਼, ਉਹੀ ਹੈਂਡ ਗਰੇਨੇਡਜ ਜੋ ਅੰਮ੍ਰਿਤਸਰ ਦੇ ਇੱਕ ਪਿੰਡ ਵਿੱਚ ਇੱਕ ਮਾਸੂਮ ਟੋਲੀ ਜੋ ਕਿ ਆਪਣੀਆਂ ਧਾਰਮਿਕ ਗੱਲਾਂ ਕਰ ਰਹੀ ਸੀ, ਉਨ੍ਹਾਂ ਤੇ ਸੁੱਟਿਆ ਗਿਆ ਜਿਸ ਨੇ ਸਾਡੇ 22 ਬੰਦੇ ਜ਼ਖਮੀ ਕਰ ਦਿੱਤੇ ਅਤੇ ਕੁਝ ਮਰ ਗਏ। ਕੀ ਇਹ ਕੰਮ ਕਰਨ ਦਾ ਕੋਈ ਤਰੀਕਾ ਹੈ? ਸਾਢੇ ਤਿੰਨ ਕਿੱਲੋ ਆਰ.ਡੀ.ਐਕਸ ਵੀ ਫੜ੍ਹੀ ਗਈ। ਮੈਂ ਹੁਣ ਇਸ ਗੱਲ ਤੇ ਸਹਿਮਤ ਹਾਂ and I will always maintain this ਕਿ ਜਿਥੋਂ ਤੱਕ ਮੇਰਾ ਧਰਮ ਹੈ, ਮੇਰੇ ਗੁਰਦੁਆਰੇ ਸਾਹਿਬ ਹਨ, ਮੇਰੀ ਪੂਰੀ ਸ਼ਰਧਾ ਅਤੇ ਪੂਰੀ ਸੇਵਾ ਉਧਰ ਹੈ ਔਰ ਦੂਜੇ ਪਾਸੇ ਮੇਰਾ ਪੰਜਾਬ ਹੈ, ਉਸ ਵਾਸਤੇ ਜੋ ਵੀ ਕਦਮ ਮੈਨੂੰ ਚੁੱਕਣਾ ਪਵੇਗਾ, ਮੈਂ ਉਹ ਚੁੱਕਾਂਗਾ। ਜਿੰਨੀ ਸਖਤੀ ਦੀ ਲੋੜ ਹੋਵੇਗੀ, ਮੈਂ ਉਹ ਕਰਾਂਗਾ। (ਥੰਪਿੰਗ) ਪਹਿਲਾਂ 20 ਸਾਲ ਵਿੱਚ ਇੱਥੇ 33,000 ਪੰਜਾਬੀਆਂ ਦਾ ਖੂਨ ਡੁੱਲ੍ਹਿਆ ਹੈ। ਮੈਂ ਹੁਣ ਇੱਥੇ ਹੋਰ ਖੂਨ ਡੁੱਲ੍ਹਣ ਨਹੀਂ ਦੇਵਾਂਗਾ । ਇਸ ਲਈ ਮੈਂ ਆਸ ਕਰਦਾ ਹਾਂ ਕਿ ਇਹ ਬੰਦੇ ਸਮਝ ਲੈਣ, that this is not a joke, ਇਹ ਕੋਈ ਮਖੌਲ ਨਹੀਂ ਕਿ ਤੁਸੀਂ ਜਿੱਥੇ ਮਰਜ਼ੀ ਜਾ ਕੇ ਕੁਝ ਬੋਲ ਪਵੋ ਅਤੇ ਬਾਹਰ ਜਾ ਕੇ ਤੁਸੀਂ ਕੁਝ ਹੋਰ ਕਹਿ ਦੇਵੋ। ਕੀ ਇਹ ਸਿਰਫ ਸਿਆਸੀ ਗੱਲਾਂ ਕਰਨ ਨੂੰ ਹੀ ਹਨ? ਕੀ ਸੁਖਬੀਰ ਸਿੰਘ ਬਾਦਲ ਨੂੰ ਪਤਾ ਨਹੀਂ ਸੀ? ਉਹ ਉਥੇ ਮੇਰੇ ਤੋਂ ਇੰਨੀ ਦੂਰ ਬੈਠੇ ਸੀ ਜਿੰਨੀ ਦੂਰ ਹੁਣ ਇਹ ਸਰਦਾਰ ਨਵਜੋਤ ਸਿੰਘ ਜੀ ਬੈਠੇ ਹਨ। ਕੀ ਇਨ੍ਹਾਂ ਨੇ ਸੁਣਿਆ ਨਹੀਂ? ਇਧਰਲੇ ਪਾਸੇ ਉਹ ਹਰਸਿਮਰਤ ਬਾਦਲ ਬੈਠੇ ਸੀ, ਕੀ ਇਨ੍ਹਾਂ ਨੇ ਨਹੀਂ ਸੁਣਿਆ ਸੀ? ਕੱਲ੍ਹ ਬਾਦਲ ਸਾਹਿਬ ਕਹਿੰਦੇ ਕਿ ਅਮਰਿੰਦਰ ਸਿੰਘ ਆਪਣੀ ਗੱਲ ਸਪੱਸ਼ਟ ਕਰਨ। ਓ ਭਾਈ, ਤੁਹਾਡੇ ਸਾਹਮਣੇ ਹੀ ਤਾਂ ਮੈਂ ਸਪੱਸ਼ਟ ਗੱਲ ਕੀਤੀ ਸੀ, ਲੇਕਿਨ ਇਨ੍ਹਾਂ ਨੇ ਉਹ ਗੱਲ ਨਹੀਂ ਸੁਣਨੀ। ਇਨ੍ਹਾਂ ਨੇ ਸਿਰਫ ਉਹ ਗੱਲ ਸੁਣਨੀ ਹੈ ਜਿਸ ਤੋਂ ਲੋਕਾਂ ਨੂੰ ਭੜਕਾਉਣ ਵਾਸਤੇ ਸਿਆਸਤ ਬਣਾਉਣੀ ਹੈ। ਕੀ 20 ਸਾਲਾਂ ਦੇ ਵਿੱਚ ਪਹਿਲਾਂ ਪੰਜਾਬ ਦੇ ਵਿੱਚ ਘੱਟ ਨੁਕਸਾਨ ਹੋਇਆ ਹੈ? ਹਿੰਦੁਸਤਾਨ ਦੇ ਵਿੱਚ ਯੂਨੀਅਨ ਟੈਰੇਟਰੀਜ਼ ਨੂੰ ਮਿਲਾ ਕੇ ਕੁੱਲ 32 ਸਟੇਟਸ ਹਨ, ਉਨ੍ਹਾਂ ਵਿਚੋਂ ਅਸੀਂ 21ਵੇਂ ਸਥਾਨ ਤੇ ਆ ਗਏ ਹਾਂ ਜਦੋਂ ਕਿ ਪਹਿਲਾਂ ਅਸੀਂ ਇੱਕ ਨੰਬਰ ਤੇ ਹੁੰਦੇ ਸੀ। ਇਹ ਕਿਨ੍ਹਾਂ ਦੀ ਬਦੌਲਤ ਹੋਇਆ? ਇਨ੍ਹਾਂ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਦੀ ਮਿਹਰਬਾਨੀ ਕਰਕੇ ਹੋਇਆ। ਪੰਜਾਬ ਦੀ ਆਮ ਆਬੋ-ਹਵਾ ਖਰਾਬ ਕਰ ਦਿਉ, ਕੈਪੀਟਲ ਇਨਕਮ ਪੰਜਾਬ ਤੋਂ ਭੱਜ ਜਾਵੇ, ਕੀ ਕੋਈ ਇੱਥੇ ਆਵੇਗਾ? ਫਿਰ ਸਾਡੀ ਆਉਣ ਵਾਲੀ ਪੀੜ੍ਹੀ ਦਾ ਕੀ ਹੋਵੇਗਾ? ਤੁਸੀਂ ਰੋਜ਼ ਨੌਕਰੀਆਂ ਮੰਗਦੇ ਹੋ, ਅਗਰ ਹਾਲਾਤ ਨਹੀਂ ਸੁਧਰਨਗੇ ਤਾਂ ਮੈਂ ਨੌਕਰੀਆਂ ਕਿੱਥੋਂ ਲਿਆਵਾਂਗਾ? ਅਗਰ ਤੁਸੀਂ ਇਸ ਕਿਸਮ ਦੀ ਗੈਰ-ਜ਼ਿੰਮੇਵਾਰੀ

[ ਮੁੱਖ ਮੰਤਰੀ ]

ਵਾਲੀ ਗੱਲ ਕਰੋਗੇ, ਅਗਰ ਅਸੀਂ ਪੰਜਾਬ ਨੂੰ ਆਰਥਿਕ ਤੌਰ ਤੇ ਮਜ਼ਬੂਤੀ ਨਹੀਂ ਦੇਵਾਂਗੇ? ਸਾਨੂੰ ਰੈਵੇਨਿਊ ਦੀ ਲੋੜ ਹੈ। ਸਾਨੂੰ ਨੌਕਰੀਆਂ ਦੀ ਲੋੜ ਹੈ। ਅਸੀਂ ਆਪਣੇ ਸੂਬੇ ਨੂੰ ਹਰ ਪੱਖੋਂ ਅੱਗੇ ਲੈ ਕੇ ਜਾਣਾ ਚਾਹੁੰਦੇ ਹਾਂ। ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਕੀ ਦੇ ਕੇ ਜਾਵਾਂਗੇ? ਸਾਡੀ ਆਉਣ ਵਾਲੀ ਪੀੜ੍ਹੀ ਇੱਥੇ ਹੋਵੇਗੀ, ਮੈਂ ਇੱਥੇ ਨਹੀਂ ਹੋਵਾਂਗਾ, ਸਾਡੇ ਵਿੱਚੋਂ ਕਈ ਇੱਥੇ ਨਹੀਂ ਹੋਣਗੇ। ਲੇਕਿਨ ਸਾਡੇ ਬੱਚੇ ਇੱਥੇ ਹੋਣਗੇ, ਸਾਡੇ ਪੋਤੇ ਇੱਥੇ ਹੋਣਗੇ, ਅਗਲੀ ਪੀੜ੍ਹੀ ਵਾਲੇ ਤਾਂ ਇਥੇ ਹੀ ਹੋਣਗੇ। ਸਾਰੇ ਪੰਜਾਬੀ ਮੇਰੇ ਹਨ, ਉਨ੍ਹਾਂ ਦੇ ਬੱਚੇ ਮੇਰੇ ਬੱਚੇ ਹਨ, ਮੇਰੀ ਜ਼ਿੰਮੇਵਾਰੀ ਉਨ੍ਹਾਂ ਵੱਲ ਹੈ। ਇਹ ਗੱਲਾਂ ਇਨ੍ਹਾਂ ਨੂੰ ਸਮਝਣੀਆਂ ਚਾਹੀਦੀਆਂ ਹਨ ਔਰ ਸਿਆਸਤ ਨੂੰ ਆਪਣੀ ਜਗ੍ਹਾ ਰੱਖੋ ਔਰ ਝੂਠ ਨਾ ਬੋਲੋ। ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਇੱਥੇ ਬੈਠੇ ਹਨ, ਇਹ ਵੀ ਉਥੇ ਖੜ੍ਹੇ ਹੋ ਕੇ ਰੌਲ਼ਾ ਪਾ ਰਹੇ ਸੀ। Is this you not sitting with ** ? (ਫੋਟੋ ਦਿਖਾਉਂਦੇ ਹੋਏ) and is this not Sardar Sukhbir Singh Badal sitting with ** ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ। ** ** ਨੂੰ ਕਾਂਗਰਸ ਸਰਕਾਰ ਨੇ ਮੁੱਖ ਮੰਤਰੀ ਬਣਾਇਆ ਹੈ। (ਵਿਘਨ)(ਸ਼ੋਰ) ਮੇਰੀ ਗੱਲ ਤਾਂ ਸੁਣ ਲਵੋ। ਜਦੋਂ ਸਾਡੀ ਸਰਕਾਰ ਸੀ, ਅਸੀਂ ਪੰਜਾਬ ਦੇ ਪ੍ਰਤੀ ਚੁਣੇ ਗਏ ਸੀ। ਕੀ ਅਸੀਂ ਪੰਜਾਬ ਦੇ ਮੁੱਦੇ ਉਠਾਉਣੇ ਨਹੀਂ ਸੀ? ਅਸੀਂ ਆਪਣੇ ਕਿਸੇ ਨਿੱਜੀ ਕੰਮ ਲਈ ਨਹੀਂ ਗਏ ਸੀ? ਪੰਜਾਬ ਦੇ ਮਸਲਿਆਂ ਨੂੰ ਲੈ ਕੇ ਗਏ ਸੀ ਅਤੇ ਪੰਜਾਬ ਦੇ ਜੋ ਪ੍ਰੋਜੈਕਟਸ ਸੀ, ਉਨ੍ਹਾਂ ਨੂੰ ਲੈਣ ਵਾਸਤੇ ਮਨਿਸਟਰਜ਼ ਨੂੰ ਮਿਲਦੇ ਸੀ।

(**ਕੁਝ ਅਵਾਜ਼ਾਂ:** ਇਹ ਡਬਲ ਸਟੈਂਡਰਡ ਹੈ।)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਮੇਰੀ ਗੱਲ ਸੁਣੋ। (ਵਿਘਨ) ਕੀ ਅੱਜ ਬੀ.ਜੇ.ਪੀ. ਦੇ ਲੀਡਰਾਂ ਨੂੰ ਕਾਂਗਰਸ ਦੇ ਮੰਤਰੀ ਜਾ ਕੇ ਨਹੀਂ ਮਿਲਦੇ? ਕੀ ਤੁਸੀਂ ਉਥੇ ਜਾ ਕੇ ਨਹੀਂ ਮਿਲਦੇ? ਸਾਰੇ ਹੀ ਮਿਲਣ ਲਈ ਜਾਂਦੇ ਹਨ। ਪੰਜਾਬ ਦੇ ਸਰਕਾਰੀ ਕੰਮਾਂ ਲਈ ਜਾਣਾ ਵੀ ਹੁੰਦਾ ਹੈ....(ਵਿਘਨ)

**ਮੁੱਖ ਮੰਤਰੀ :** ਸਪੀਕਰ ਸਾਹਿਬ, ਜਿਹੜੇ ਗੁਲਦਸਤੇ ਵੀ ਇਹ ਲੈ ਕੇ ਗਏ ਸੀ, ਉਹ ਵੀ ਸਾਹਮਣੇ ਪਏ ਹਨ। (ਫੋਟੋ ਦਿਖਾਉਂਦੇ ਹੋਏ) ਆਹ ਦੇਖ ਲਵੋ, ਤੁਹਾਡੇ ਗੁਲਦਸਤੇ ਸਾਹਮਣੇ ਪਏ ਹਨ । (ਇਕ ਹੋਰ ਫੋਟੋ ਦਿਖਾਉਂਦੇ ਹੋਏ) ਦੇਖੋ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਇੱਕ ਗੁਲਦਸਤਾ ਦੇ ਰਹੇ ਹਨ। (ਵਿਘਨ) ਮੈਂ ਕਹਿਣਾ ਨਹੀਂ ਚਾਹੁੰਦਾ ਸੀ, ਮੈਂ ਇਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ, ਹੁਣ ਵੀ ਕੇਂਦਰ ਵਿੱਚ ਬੀ.ਜੇ.ਪੀ. ਦੀ ਗੌਰਮਿੰਟ ਚੱਲ ਰਹੀ ਹੈ। ਮੈਨੂੰ ਜਦੋਂ ਵੀ ਕੋਈ ਕੰਮ ਪੈਂਦਾ ਹੈ, ਮੈਂ ਉਥੇ ਮਿਲਣ ਲਈ

** Expunged as ordered by the Chair.

ਜਾਂਦਾ ਹਾਂ, ਇਹ ਮੇਰੀ ਡਿਊਟੀ ਬਣਦੀ ਹੈ। ਇਨ੍ਹਾਂ ਦੀ ਵੀ ਡਿਊਟੀ ਹੈ। ਲੇਕਿਨ ਅਸੀਂ ਫਿਰ ਝੂਠ ਤਾਂ ਨਹੀਂ ਬੋਲਦੇ ? ਮੈਂ ਤਾਂ ਕਹਿੰਦਾ ਹਾਂ ਕਿ ਮੈਂ ਮੋਦੀ ਸਾਹਿਬ ਨੂੰ ਮਿਲ ਕੇ ਆਇਆ ਹਾਂ। ਮੈਂ ਤਾਂ ਕਹਿੰਦਾ ਹਾਂ ਕਿ ਮੈਂ ਫਾਈਨਾਂਸ ਮਨਿਸਟਰ, ਮਿਸਟਰ ਜੇਤਲੀ ਨੂੰ ਮਿਲ ਕੇ ਆਇਆ ਹਾਂ। ਤੁਸੀਂ ਕਿਉਂ ਲੁਕਾਉਂਦੇ ਹੋ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਅਸੀਂ ਤਾਂ ਕਦੇ ਅਜਿਹਾ ਕਿਹਾ ਹੀ ਨਹੀਂ। ਇਹ ਤਾਂ ਅਖਬਾਰਾਂ ਵਿੱਚ ਲੱਗੀਆਂ ਹੋਈਆਂ ਫੋਟੋਆਂ ਹਨ। ਜਿਹੜੀਆਂ ਇਹ ਫੋਟੋਆਂ ਦਿਖਾ ਰਹੇ ਹਨ.... (ਵਿਘਨ)(ਸ਼ੋਰ)

(ਇਸ ਸਮੇਂ ਸਦਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲੱਗ ਪਏ।)

**ਮੁੱਖ ਮੰਤਰੀ :** ਸਪੀਕਰ ਸਾਹਿਬ, ਹੁਣ ਮੈਂ ਉਸ ਗੱਲ ਤੇ ਆ ਰਿਹਾ ਹਾਂ। ਮੈਂ ਹਾਊਸ ਦੇ ਸਾਹਮਣੇ ਇਹ ਮਤਾ ਰੱਖਿਆ ਹੈ। ਇਹ ਜਿਹੜਾ ਕਦਮ ਸਾਡੇ ਦੇਸ਼ ਦੀ ਸਰਕਾਰ ਅਤੇ ਪਾਕਿਸਤਾਨ ਸਰਕਾਰ ਨੇ ਚੁੱਕਿਆ ਹੈ। ਮੈਂ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਜੀ ਨੂੰ ਵੀ ਵਧਾਈ ਦਿੰਦਾ ਹਾਂ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ, ਸ਼੍ਰੀ ਇਮਰਾਨ ਖਾਨ ਜੀ ਨੂੰ ਵੀ ਵਧਾਈ ਦਿੰਦਾ ਹਾਂ ਪਰ ਮੇਰੀ ਉਨ੍ਹਾਂ ਨੂੰ ਇਕੋ ਬੇਨਤੀ ਹੈ ਕਿ ਤੁਸੀਂ ਨਵੇਂ ਪ੍ਰਧਾਨ ਮੰਤਰੀ ਬਣੇ ਹੋ, ਤੁਹਾਡੇ ਲੋਕਾਂ ਨੂੰ ਪਾਕਿਸਤਾਨ ਵਿਚ ਬਹੁਤ ਆਸ਼ਾਵਾਂ ਹਨ ਪਰ ਤੁਸੀਂ ਆਪਣੀ ਫੌਜ ਨੂੰ ਕਾਬੂ ਕਰੋ। ਜੇਕਰ ਫੌਜ ਕਾਬੂ ਵਿਚ ਨਹੀਂ ਰਹੇਗੀ ਤਾਂ ਫਿਰ ਹਿੰਦੁਸਤਾਨ ਨੇ ਜਿਹੜਾ ਦੋਸਤੀ ਦਾ ਹੱਥ ਵਧਾਇਆ ਹੈ ਤਾਂ ਇਹ ਗੱਲ ਸਿਰੇ ਨਹੀਂ ਚੜ੍ਹਨੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਪੰਜਾਬ ਵੀ ਕਦੇ ਸਾਡਾ ਹੀ ਹਿੱਸਾ ਸੀ। ਕੇਵਲ ਤਾਰ ਦਾ ਫਰਕ ਹੈ। ਉਧਰ ਵੀ ਉਹੀ ਪੰਜਾਬੀ ਹਨ ਅਤੇ ਇਧਰ ਵੀ ਉਹੀ ਪੰਜਾਬੀ ਹਨ। ਮੈਂ ਬੜੀ ਕੋਸ਼ਿਸ਼ ਕੀਤੀ ਸੀ ਕਿ ਦੋਹਾਂ ਪੰਜਾਬਾਂ ਨੂੰ ਇਕੱਠਾ ਕੀਤਾ ਜਾਵੇ। ਅਸੀਂ ਪਿਛਲੀ ਸਰਕਾਰ ਵਿਚ ਦੋਹਾਂ ਪੰਜਾਬ ਦੀਆਂ ਸਾਂਝੀਆਂ ਖੇਡਾਂ ਕਰਵਾਈਆਂ, ਐਕਸਚੇਂਜ ਵੀ ਕੀਤੀ। ਪੰਜਾਬ ਯੂਨੀਵਰਸਿਟੀ ਤੇ ਲਾਹੌਰ ਯੂਨੀਵਰਸਿਟੀ ਦੇ ਕਈ ਸਮਝੌਤੇ ਕਰਵਾਏ। ਅਸੀਂ ਵਿਦਵਾਨਾਂ ਅਤੇ ਡਾਕਟਰਾਂ ਦੀ ਵੀ ਐਕਸਚੇਂਜ ਕੀਤੀ। ਸਾਡੀ ਕੋਸ਼ਿਸ਼ ਹੈ ਕਿ ਸਾਡੀ ਦੋਸਤੀ ਹੋਰ ਵਧੇ ਅਤੇ ਅਸੀਂ ਸ਼ਾਂਤੀ ਕਾਇਮ ਕਰੀਏ। ਇਹ ਸਾਡਾ ਵੀ ਇਕ ਸ਼ਾਂਤੀ ਵਧਾਉਣ ਦਾ ਹੀ ਕਦਮ ਸੀ। ਮੈਂ ਇਸ ਵਾਸਤੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਕੌਰੀਡੋਰ ਹੈ ਇਹ ਆਉਣ ਵਾਲੇ ਸਮੇਂ ਵਿਚ ਬ੍ਰਿਜ ਆਫ ਪੀਸ ਬਣੇਗਾ ਅਤੇ ਸਾਨੂੰ ਸਾਰਿਆਂ ਨੂੰ ਆਪਣੀ ਪਹਿਲੀ ਪਾਤਸ਼ਾਹੀ ਦੇ ਪਵਿੱਤਰ ਸਥਾਨ ਉਤੇ ਜਿਥੇ ਉਨ੍ਹਾਂ ਨੇ ਆਪਣੇ ਜੀਵਨ ਦੇ ਅਖੀਰਲੇ 18 ਸਾਲ ਬਿਤਾਏ

ਸਨ, ਸਾਨੂੰ ਉਥੇ ਜਾਣ ਦਾ ਮੌਕਾ ਮਿਲੇਗਾ। ਪਰ ਇਹ ਹੋਵੇਗਾ ਤਾਂ ਜੇਕਰ ਦੋਹਾਂ ਮੁਲਕਾਂ ਵਿਚ ਸ਼ਾਂਤੀ ਆਵੇਗੀ। ਧੰਨਵਾਦ ਸਪੀਕਰ ਸਾਹਿਬ।(ਥੰਪਿੰਗ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।) (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਮੈਨੂੰ ਪ੍ਰਸਤਾਵ ਪੇਸ਼ ਕਰ ਲੈਣ ਦਿਓ, ਫਿਰ ਬੋਲ ਲੈਣਾ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਮੁਆਫੀ ਚਾਹੁੰਦਾ ਹਾਂ। ਮੈਂ ਕੁਝ ਹੋਰ ਕੋਟ ਕਰਨਾ ਚਾਹੁੰਦਾ ਹਾਂ ਜੋ ਕਿ ਇਸ ਡਿਬੇਟ ਨਾਲ ਰੈਲੇਵੈਂਟ ਹੈ ਅਤੇ ਜੋ ਅੱਜ ਪੁਲੀਟੀਕਲ ਸੋਚ ਬਣ ਰਹੀ ਹੈ, ਉਸ ਨਾਲ ਸਬੰਧਿਤ ਹੈ। ਇਹ ਸਾਡਾ ਹਿੰਦੁਸਤਾਨ ਦਾ ਇਕ ਬਹੁਤ ਮਿਆਰੀ ਪੱਤਰਕਾਰ ਹੈ, ਸ਼੍ਰੀ ਬ੍ਰਹਮ ਚਿਲਾਨੀ ਜੀ। ਤੁਸੀਂ ਨਾਮ ਸੁਣਿਆ ਹੋਣਾ ਹੈ। ਅੱਜ ਦੇ ਟਾਈਮਜ਼ ਆਫ ਇੰਡੀਆ ਵਿਚ ਉਨ੍ਹਾਂ ਨੇ ਲਿਖਿਆ ਹੈ: he says "Against this background, Modi must pay heed to Punjab Chief Minister Amarinder Singh's warning that the Pakistan Army and Inter-Services Intelligence, with the aim of reviving Sikh militancy, planned the Kartarpur corridor even before Imran Khan took office. This is an army project not an Imran Khan project. Pakistan's army chief has taken a keen interest in the corridor plan, which explains his presence at the Kartarpur corridor. That is one. ਫੇਰ ਉਨ੍ਹਾਂ ਨੇ ਕਿਹਾ over seven decades, India has bent over backwards to make peace with Pakistan, only to be repeatedly kicked in the face. Consider, for example, India's globally unparalleled water generosity in the form of the 1960 Indus Waters Treaty. Or its big-heartedness at Tashkent and Simla. Or India's initiation of composite dialogue in the 1990s, Atal Bihari Vajpayee's bus journey to Lahore, his Agra summit with General Pervez Musharraf, his second Pakistan visit in the twilight of his rule and, just months after 26/11, Manmohan Singh's Chamberlainian appeasement at Sharmel-Sheikh. Indeed, India's peace initiatives and magnanimity have had the opposite effect of emboldening Pakistan's scofflaw actions. Modi's Lahore visit, for example, led to the Pakistan military's scripting of terrorist attacks on a raft of Uri. Yet, on the 26/11 anniversary eve, Modi oddly voiced hope that the Kartarpur corridor would have the same momentous impact in

uniting two societies that the Berlin Wall's fall had. The 10th anniversary of 26/11 should have been a sombre occasion to remember the victims of one of modern history's worst terrorist carnages and to spotlight Pakistan's continued protection of the masterminds. India ought to have reminded Pakistan that its day of reckoning will come before long. Unfortunately, amid the corridor related fervour, India did not remember even the martyrs, such as the cop Tukaram Omble, who, by ensuring Ajmal Kasab's capture alive, provided the clinching evidence of Pakistan's involvement in 26/11. Sikh militancy cost India dearly, triggering the disastrous Operation Bluestar and a PM's killing. Its potential resurgence at a time when illicit drugs from Pakistan have become a scourge in Punjab could potentially tear India apart. India, with its ostrich-like approach and perennial preoccupation with electoral politics, would do well to remember the old adage, a stitch in time saves nine, lest history-to quote Karl Marx- repeat itself, "first as tragedy, then as farce".

He is one of India's writer, one of Geo-Strategists. ਇਨ੍ਹਾਂ ਨੇ ਇਹ ਗੱਲ ਰੱਖੀ ਸੀ। So, I hope, ਅੱਜ ਜਦੋਂ ਆਪਾਂ ਡਿਬੇਟ ਕਰਾਂਗੇ, ਇਹ ਵੀ ਯਾਦ ਰੱਖਾਂਗੇ ਕਿ ਇੱਕ ਪਾਸੇ ਧਰਮ ਹੈ, ਇੱਕ ਪਾਸੇ ਉਨ੍ਹਾਂ ਦੀ ਫੌਜ ਦਾ ਇਸ ਵਾਸਤੇ ਕੀ ਮਤਲਬ ਹੈ। ਸਾਡੇ ਨਾਲ ਤਾਂ ਉਨ੍ਹਾਂ ਦਾ ਕੋਈ ਪਿਆਰ ਨਹੀਂ ਹੈ। ਅਸੀਂ ਉਨ੍ਹਾਂ ਨੂੰ ਬਾਰਡਰ ਤੇ ਠੋਕ ਰਹੇ ਹਾਂ, ਉਹ ਸਾਨੂੰ ਠੋਕ ਰਹੇ ਹਨ। ਸਿੱਖ ਰੈਜੀਮੈਂਟ ਹੈ, ਸਿੱਖ ਲਾਈਟ ਇਨਫੈਂਟਰੀ ਹੈ, ਡੋਗਰਾ ਰੈਜੀਮੈਂਟ ਹੈ, ਪੰਜਾਬ ਰੈਜੀਮੈਂਟ ਹੈ, ਸਾਰੇ ਹੀ ਪੰਜਾਬੀ ਹਨ। ਸਾਡੇ ਨਾਲ ਪਾਕਿਸਤਾਨ ਦੀ ਫੌਜ ਦਾ ਕੀ ਪਿਆਰ ਹੋ ਸਕਦਾ ਹੈ? ਜਿਹੜੀ ਉਨ੍ਹਾਂ ਦੀ ਸੋਚ ਹੈ, ਉਹ ਬੜੀ ਤਿਰਛੀ ਸੋਚ ਹੈ। ਉਸ ਲਈ ਆਪਾਂ ਨੂੰ ਧਿਆਨ ਦੇਣਾ ਪਵੇਗਾ। ਅਸੀਂ ਪਿਛਲੇ 18 ਮਹੀਨਿਆਂ ਵਿੱਚ ਦੇਖ ਲਿਆ ਹੈ, ਮੈਂ ਤੁਹਾਨੂੰ ਅੰਕੜੇ ਦੱਸੇ ਹਨ ਕਿ ਕੀ ਕੁਝ ਅਸੀਂ ਇੱਥੇ ਕਰਦੇ ਰਹੇ ਹਾਂ। ਅੱਜ ਪੰਜਾਬ ਵਿੱਚ ਸ਼ਾਂਤੀ ਰੱਖਣ ਵਾਸਤੇ, ਆਪੋਜ਼ੀਸ਼ਨ ਨੂੰ ਅਤੇ ਸਾਨੂੰ ਇਕੱਠੇ ਚੱਲ ਕੇ ਮੋਢੇ ਨਾਲ ਮੋਢਾ ਜੋੜ ਕੇ ਆਪਣੇ ਪੰਜਾਬ ਦੀ ਰੱਖਿਆ ਕਰਨੀ ਪਵੇਗੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)।

**ਮਾਨਯੋਗ ਸਪੀਕਰ :** ਮੈਨੂੰ ਪ੍ਰਸਤਾਵ ਪੇਸ਼ ਕਰ ਲੈਣ ਦਿਉ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਟਾਈਮ ਦਿਉਗੇ ਸਰ।

**ਮਾਨਯੋਗ ਸਪੀਕਰ :** ਬਿਲਕੁਲ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ ਕਿ –

> "ਇਹ ਸਦਨ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਾ ਹੈ ਅਤੇ ਕੇਂਦਰ ਸਰਕਾਰ ਤੋਂ ਇਹ ਪੁਰਜ਼ੋਰ ਮੰਗ ਕਰਦਾ ਹੈ ਕਿ ਇਸ ਲਾਂਘੇ ਨੂੰ ਖੋਲ੍ਹਣ ਸਬੰਧੀ ਕੀਤੇ ਜਾਣ ਵਾਲੇ ਕੰਮਾਂ ਨੂੰ ਪੰਜਾਬੀਆਂ ਦੀ ਚਿਰੋਕਣੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਵੰਬਰ, 2019 ਵਿੱਚ ਮਨਾਏ ਜਾ ਰਹੇ 550ਵੇਂ ਜਨਮ ਵਰ੍ਹੇਗੰਢ ਸਮਾਗਮਾਂ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਦੇ ਹੋਏ ਪੂਰਾ ਕੀਤਾ ਜਾਵੇ ਕਿ ਇਸ ਨਾਲ ਪੰਜਾਬ ਵਿਚ ਬੜੀਆਂ ਮੁਸ਼ਕਲਾਂ ਉਪਰੰਤ ਸਥਾਪਿਤ ਸ਼ਾਂਤੀ (hard earned peace) ਕਿਸੇ ਤਰੀਕੇ ਨਾਲ ਭੰਗ ਨਾ ਕੀਤੀ ਜਾ ਸਕੇ।"

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ) :** ਸਪੀਕਰ ਸਾਹਿਬ, ਕਰਤਾਰਪੁਰ ਸਾਹਿਬ ਦੇ ਕਾਰੀਡੋਰ ਦਾ ਜਿਹੜਾ ਪ੍ਰਸਤਾਵ ਸਰਕਾਰ ਵੱਲੋਂ ਲਿਆਂਦਾ ਗਿਆ ਹੈ, ਅਸੀਂ ਵੀ ਉਸ ਦੀ ਹਮਾਇਤ ਕਰਦੇ ਹਾਂ। ਸਪੀਕਰ ਸਾਹਿਬ, ਇਸ ਦੀ ਬਹੁਤ ਲੰਮੀ ਹਿਸਟਰੀ ਹੈ। ਤੁਸੀਂ ਵੀ ਹਿਸਟਰੀ ਦੇ ਬੜੇ ਉਪਾਸਕ ਹੋ। 1947 ਵਿੱਚ ਜਦੋਂ ਦੇਸ਼ ਦੀ ਵੰਡ ਹੋਈ ਅਤੇ ਪੰਜਾਬ ਨੂੰ ਚੀਰਿਆ ਗਿਆ। ਉਦੋਂ regarding Gurdwara Kartarpur Sahib ਬਹੁਤ ਵੱਡਾ ਹਿਸਟਾਰਿਕ ਬਲੰਡਰ ਹੋਇਆ, 1947 ਵਿੱਚ ਇਹ ਜਿਹੜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧਰਤੀ ਹੈ, ਇਹ ਇੰਡੀਆ ਵਾਲੇ ਪਾਸੇ ਆਉਣੀ ਚਾਹੀਦੀ ਸੀ, ਨਾ ਕਿ ਪਾਕਿਸਤਾਨ ਵਿੱਚ ਰਹਿਣੀ ਚਾਹੀਦੀ ਸੀ। Who did this historic blunder? Radcliff ਨੇ ਵੀ ਮੰਨਿਆ ਕਿ during partition ਮੇਰੇ ਤੋਂ ਕਈ ਗਲਤੀਆਂ ਹੋ ਗਈਆਂ ਸਨ। ਪੰਜਾਬੀਆਂ ਦਾ ਬਹੁਤ ਵੱਡਾ ਘਾਣ ਹੋਇਆ ਹੈ। ਇੱਥੋਂ ਤੱਕ ਕਿ ਲਾਹੌਰ ਵੀ ਪਹਿਲਾਂ ਆਪਣੇ ਪੰਜਾਬ ਵਿੱਚ ਸੀ, ਆਪਾਂ ਸਾਰੇ ਜਾਣਦੇ ਹਾਂ ਕਿ ਮੁੜ ਕੇ ਲਾਹੌਰ ਉੱਧਰ ਪਾਕਿਸਤਾਨ ਵਿੱਚ ਭੇਜਿਆ ਗਿਆ। ਇਸ ਗੁਰਦੁਆਰੇ ਦੇ ਦਰਸ਼ਨ ਆਪਾਂ ਧੁੱਸੀ ਬੰਨ੍ਹ ਤੋਂ ਖੜ੍ਹੇ ਹੋ ਕੇ ਕਰ ਸਕਦੇ ਹਾਂ। ਇੱਥੇ ਰੰਧਾਵਾ ਸਾਹਿਬ ਬੈਠੇ ਹਨ, ਇਨ੍ਹਾਂ ਦਾ ਹਲਕਾ ਹੈ। ਆਪਾਂ ਸਾਰੇ ਹੀ ਦਰਸ਼ਨ ਕਰਨ ਜਾਂਦੇ ਹਾਂ, ਇਹ ਬੜੀ ਪਵਿੱਤਰ ਧਰਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੋਨੋਂ ਪਾਸੇ, ਇੱਧਰ ਵੀ ਅਤੇ ਉੱਧਰ ਵੀ ਬੜੀ ਕਿਰਪਾ ਹੈ।

ਸਪੀਕਰ ਸਾਹਿਬ, 1952 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਉਦੋਂ ਹੁਕਮਨਾਮਾ ਜਾਰੀ ਕੀਤਾ ਸੀ ਕਿ ਜਿੰਨੇ ਵੀ ਗੁਰਧਾਮ ਹਨ, ਜਿਹੜੇ ਪਾਕਿਸਤਾਨ ਵਿੱਚ ਰਹਿ ਗਏ ਹਨ, ਜਿਹੜੇ ਹਿਸਟਾਰੀਕਲ ਗੁਰਦੁਆਰੇ ਹਨ, ਉਨ੍ਹਾਂ ਸਾਰਿਆਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਅਤੇ ਸੇਵਾ ਸੰਭਾਲ ਪੰਥ ਨੂੰ ਬਖਸ਼ੀ ਜਾਵੇ। ਉਨ੍ਹਾਂ ਸਾਰੇ ਗੁਰੂ ਘਰਾਂ ਵਾਸਤੇ ਉਦੋਂ ਤੋਂ ਲੈ ਕੇ ਕਰੋੜਾਂ ਹੀ, ਅਰਬਾਂ ਹੀ ਅਰਦਾਸਾਂ ਹੋਈਆਂ ਹਨ, ਸਪੈਸ਼ਲੀ ਇਕੱਲੇ ਕਰਤਾਰਪੁਰ ਸਾਹਿਬ ਵਾਸਤੇ ਨਹੀਂ ਹੋਈਆਂ। ਅਸੀਂ ਕਰਤਾਰਪੁਰ ਸਾਹਿਬ ਅਤੇ ਨਨਕਾਣਾ ਸਾਹਿਬ ਦਾ ਜ਼ਿਕਰ ਕਰਦੇ ਹਾਂ। ਚਲੋ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਪਣੇ ਸਾਰੇ ਸਿੱਖ ਪੰਥ ਤੇ, ਸਿੱਖ ਜਗਤ ਤੇ, ਗੁਰੂ ਨਾਨਕ ਨਾਮ ਲੇਵਾ ਸੰਗਤ ਤੇ ਕਿਰਪਾ ਹੋ ਗਈ ਕਿ ਉਨ੍ਹਾਂ ਅਰਦਾਸਾਂ ਦਾ ਸਦਕਾ ਇੰਡੀਅਨ ਗੌਰਮਿੰਟ ਅਤੇ ਪਾਕਿਸਤਾਨ ਗੌਰਮਿੰਟ ਨੇ ਇਹ ਕਾਰੀਡੋਰ ਖੋਲ੍ਹਣ ਦਾ ਪ੍ਰਸਤਾਵ ਮੰਨ ਲਿਆ ਅਤੇ ਐਲਾਨ ਕਰ ਦਿੱਤਾ। ਪਹਿਲਾਂ ਤਾਂ ਮੈਂ ਹਿਸਟਾਰਿਕ ਬਲੰਡਰ ਦੀ ਗੱਲ ਦੱਸ ਦਿੱਤੀ ਹੈ।

ਅਗਲੀ ਗੱਲ, ਦੇਖੋ ਹੁਣ ਸੀ.ਐਮ. ਸਾਹਿਬ ਨੇ ਬਹੁਤ ਸਾਰੇ ਕਈ ਤਰ੍ਹਾਂ ਦੇ ਖਦਸ਼ੇ ਪ੍ਰਗਟ ਕੀਤੇ ਹਨ। ਆਪਾਂ ਇਸ ਦੇ ਕ੍ਰੈਡਿਟ ਵਿੱਚ ਨਾ ਜਾਈਏ। ਕ੍ਰੈਡਿਟ ਹਰ ਇੱਕ ਨੂੰ ਮਿਲਣਾ ਚਾਹੀਦਾ ਹੈ, ਜਿਨ੍ਹਾਂ-ਜਿਨ੍ਹਾਂ ਨੇ ਵੀ ਇਸ ਵਿੱਚ ਯੋਗਦਾਨ ਪਾਇਆ ਹੈ right from A to Z. ਬੜੀਆਂ ਧਾਰਮਿਕ ਜਥੇਬੰਦੀਆਂ, ਆਪਣੇ ਬੜੇ ਪੰਥਪ੍ਰਸਤ ਲੋਕ ਹਨ, ਜਿਨ੍ਹਾਂ ਨੇ ਪਾਕਿਸਤਾਨ ਜਾ ਕੇ ਪਾਕਿਸਤਾਨ ਗੌਰਮਿੰਟ ਨਾਲ, ਇੰਡੀਅਨ ਗੌਰਮਿੰਟ ਨਾਲ ਸਮੇਂ-ਸਮੇਂ ਸਿਰ ਲਗਾਤਾਰ ਇਸ ਦੇ ਯਤਨ ਕੀਤੇ। ਕੈਪਟਨ ਅਮਰਿੰਦਰ ਸਿੰਘ ਜੀ ਦੇ ਬਜ਼ੁਰਗ ਮਹਾਰਾਜਾ ਭੁਪਿੰਦਰ ਸਿੰਘ ਜੀ ਨੇ ਬਹੁਤ ਵੱਡਾ ਯੋਗਦਾਨ ਪਾਇਆ, that is also a historical fact. ਆਪਣੇ ਮਹਾਰਾਜਾ ਸਾਹਿਬ ਦੇ ਪਰਿਵਾਰ ਬਾਰੇ ਉੱਥੇ plaque ਵੀ ਲੱਗਾ ਹੈ। ਚੱਲੋ ਹੋਰ ਵੀ ਕਈ, ਮੇਰੇ ਪਿਤਾ ਜੀ ਨੇ ਵੀ ਬਹੁਤ ਲੰਬੀਆਂ ਅਰਦਾਸਾਂ ਕੀਤੀਆਂ, right from 2001 he had started religious organisation ਗੁਰਦੁਆਰਾ ਕਰਤਾਰਪੁਰ ਸਾਹਿਬ ਦਰਸ਼ਨ ਅਭਿਲਾਸ਼ੀ ਸੰਸਥਾ right from 2001 ਵਿਸਾਖੀ ਤੋਂ ਲੈ ਕੇ right till the last moment ਉਹ ਹਰ ਮੱਸਿਆ ਦੇ ਦਿਨ ਤੇ ਅਰਦਾਸ ਕਰਨ ਜਾਂਦੇ ਸਨ। ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਹਾਲਾਤ ਪਹਿਲਾਂ ਬੜੇ ਮਾੜੇ ਸੀ, ਬਿਲਡਿੰਗ ਬਹੁਤ ਖਸਤਾ ਸੀ। ਜਦੋਂ ਪਾਕਿਸਤਾਨ ਵੀਜ਼ਾ ਦਿੰਦਾ ਸੀ, ਜਿਹੜੇ ਯਾਤਰੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਜਾਂਦੇ ਹਨ, ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਉਸ ਲਿਸਟ ਵਿੱਚ ਨਾਂ ਨਹੀਂ ਸੀ। ਇਹ ਸਾਰੇ ਐਫਰਟਸ ਹੋਏ ਤਾਂ ਉਸ ਤੋਂ ਬਾਅਦ ਪਾਕਿਸਤਾਨ ਨੇ ਗੁਰਦੁਆਰਾ ਕਰਤਾਰਪੁਰ

ਸਾਹਿਬ ਵੀ ਉਸ ਲਿਸਟ ਵਿੱਚ ਲੈ ਕੇ ਆਂਦਾ ਤੇ ਆਪਾਂ ਕਹਾਂਗੇ ਕਿ ਸ਼੍ਰੀ ਇਮਰਾਨ ਖਾਨ ਜੀ ਆਏ, ਉਨ੍ਹਾਂ ਨੇ ਵੀ ਹਾਂ ਪੱਖੀ ਰਵੱਈਆ ਅਖਤਿਆਰ ਕੀਤਾ। ਪਰ ਮੈਂ ਸੀ.ਐਮ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਾਕਿਸਤਾਨ ਦੀਆਂ ਪਹਿਲਾਂ ਵੀ ਜਿਹੜੀਆਂ ਗੌਰਮਿੰਟ ਸੀ, ਚਾਹੇ ਸ਼੍ਰੀ ਨਵਾਜ਼ ਸ਼ਰੀਫ ਵੇਲੇ ਵੀ ਜਾਂ ਸ਼੍ਰੀ ਪਰਵੇਜ਼ ਮੁਸ਼ੱਰਫ ਵੇਲੇ ਵੀ ਉਨ੍ਹਾਂ ਦੀ ਵੀ ਇਨਕਲੇਨੇਸ਼ਨ ਸੀ ਕਿ ਇਹ ਲਾਂਘਾ ਖੁੱਲ੍ਹਣਾ ਚਾਹੀਦਾ ਹੈ because it is very practical ਇਸ ਵਿੱਚ ਕੋਈ ਮੁਸ਼ਕਲ ਨਹੀਂ ਹੈ। ਜਿਹੜੀ ਗੱਲ ਆਪਾਂ ਕਰਦੇ ਹਾਂ, ਸੀ.ਐਮ. ਸਾਹਿਬ ਨੇ ਇੱਕ ਮਾਨਯੋਗ ਰਿਪੋਰਟਰ ਦਾ ਜ਼ਿਕਰ ਕੀਤਾ ਹੈ ਕਿ ਕਈ skeptics ਹਨ, ਕਈ ਲੋਕ ਕ੍ਰਿਟੀਸਾਈਜ਼ ਕਰਦੇ ਹਨ ਪਰ why should we criticise? ਜੇ ਆਪਣੇ ਐਸ.ਜੀ.ਪੀ.ਸੀ. ਦੇ ਜਥੇ ਜਾਂ ਸੀ.ਐਮ. ਸਾਹਿਬ ਸ਼੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ, ਸ੍ਰੀ ਡੇਹਰਾ ਸਾਹਿਬ ਜਾਂਦੇ ਹਨ, ਵਾਪਸ ਆਉਂਦੇ ਹਨ ਤਾਂ ਜੇ ਪੰਜਾਬ ਦੇ ਬਾਰਡਰ ਤੇ ਆਪਾਂ ਦੇਖੀਏ ਤਾਂ ਨਾ ਤਾਂ ਇੱਥੇ ਕੋਈ ਮਿਲੀਟੈਂਸੀ ਦੀ ਗਰਾਊਂਡ ਹੈ, ਨਾ ਕੋਈ ਇਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਰਹੇ ਹਨ ਕਿ ਆਪਾਂ ਕ੍ਰਿਟੀਸਾਈਜ਼ ਕਰੀਏ ਜਾਂ ਆਪਾਂ ਉਸ ਗੱਲ ਦੇ skeptic ਹੋਈਏ ਕਿ ਆਈ.ਐਸ.ਆਈ ਜਾਂ ਪਾਕਿਸਤਾਨ ਆਰਮੀ ਜਾਂ ਪਾਕਿਸਤਾਨ ਵਿੱਚ ਜਿਹੜੇ ਐਂਟੀ ਇੰਡੀਆ ਐਲੀਮੈਂਟ ਹਨ ਇਸ ਨੂੰ ਪਲੇਅ ਕਰ ਸਕਣ। ਇਸ ਵਾਸਤੇ ਕੋਈ ਜਗ੍ਹਾ ਹੀ ਨਹੀਂ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਥੇ ਇੰਨੇ ਸਮੇਂ ਤੋਂ ਜਾਂਦੇ ਹਨ, ਵਾਪਸ ਆਉਂਦੇ ਹਨ, ਠੀਕ ਹੈ ਕਿ ਜਿਨ੍ਹਾਂ ਲੋਕਾਂ ਨੇ ਆਪਣਾ ਕੰਮ ਕਰਨਾ ਹੈ, ਉਹ ਕਰਦੇ ਹਨ ਲੇਕਿਨ ਅਗਰ ਇੰਡੀਆ ਪਾਕਿਸਤਾਨ ਦਾ ਇਸ਼ੂ ਹੈ ਤਾਂ that is on Kashmir. ਕਸ਼ਮੀਰ ਵਿੱਚ ਇਸ਼ੂ ਹੈ, ਆਪਾਂ ਮੰਨਦੇ ਹਾਂ ਕਿ ਉੱਥੇ ਆਪਣੇ ਫੌਜੀ ਸ਼ਹੀਦ ਹੁੰਦੇ ਹਨ, ਉਹ ਬੜੀ ਦਰਦਨਾਕ ਗੱਲ ਹੈ, ਆਪਾਂ ਨੂੰ ਵੀ ਇਸ ਗੱਲ ਦਾ ਮਹਿਸੂਸ ਹੁੰਦਾ ਹੈ ਕਿ ਪਾਕਿਸਤਾਨ ਨਾਲ ਇਹ ਨਹੀਂ ਹੋਣਾ ਚਾਹੀਦਾ ਪੀਸ ਹੋਣਾ ਚਾਹੀਦਾ ਹੈ। ਲੇਕਿਨ ਇਸ ਕਾਰੀਡੋਰ ਨੂੰ ਲੈ ਕੇ ਜੇ ਆਪਾਂ ਨੁਕਤਾਚੀਨੀ ਕਰੀਏ ਤਾਂ ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਸਿੱਖ ਭਾਵਨਾ ਦੇ ਅਗੇਂਸਟ ਗੱਲ ਜਾਵੇਗੀ, ਇਹ ਨਹੀਂ ਹੋਣਾ ਚਾਹੀਦਾ। ਇਸ ਕਾਰੀਡੋਰ ਦਾ ਨਾ ਤਾਂ ਕੋਈ ਮਿਲੀਟੈਂਸੀ ਨਾਲ ਰਿਲੇਸ਼ਨ ਹੈ, ਨਾ ਕੋਈ ਹੋਰ ਮੂਵਮੈਂਟ ਹੈ, ਠੀਕ ਹੈ that is a different issue. ਲੇਕਿਨ ਜੇਕਰ ਇਹ ਏਰੀਆ ਖੁੱਲ੍ਹ ਗਿਆ ਤਾਂ ਇਸ ਦਾ ਇੱਕ ਬਹੁਤ ਵੱਡਾ historic moment ਮਿਲ ਰਿਹਾ ਹੈ। ਰੰਧਾਵਾ ਸਾਹਿਬ ਬੈਠੇ ਹਨ। ਜਦੋਂ ਪਹਿਲਾਂ ਅਰਦਾਸ ਕਰਨ ਜਾਂਦੇ ਸੀ ਤਾਂ ਉੱਥੇ ਦੋ ਲੱਖ ਰੁਪਏ ਏਕੜ ਜ਼ਮੀਨ ਸੀ ਪਰ ਜਦੋਂ ਅਰਦਾਸਾਂ ਸ਼ੁਰੂ ਹੋ ਗਈਆਂ ਤਾਂ ਇਹ 25 ਲੱਖ ਰੁਪਏ ਏਕੜ ਹੋ ਗਿਆ ਹੈ। ਤੁਸੀਂ ਦੇਖ ਲਓ ਕਿ ਉਨ੍ਹਾਂ ਲੋਕਾਂ ਦੀ ਕਿੰਨੀ ਵੈਲਥ ਵੱਧ ਗਈ ਹੈ । ਜਦੋਂ ਇਹ ਸਾਰਾ ਸਿਸਟਮ ਚਾਲੂ ਹੋ ਜਾਵੇਗਾ, ਕਾਰੀਡੋਰ ਬਣ ਜਾਵੇਗਾ ਤਾਂ ਮੇਰਾ ਖਿਆਲ

ਹੈ ਕਿ ਉਹ ਏਰੀਆ, ਜਿਹੜਾ ਬਾਰਡਰ ਦਾ ਏਰੀਆ ਮੰਨਿਆ ਗਿਆ ਸੀ, ਬੈਕਵਰਡ ਏਰੀਆ ਮੰਨਿਆ ਗਿਆ ਸੀ ਉਸ ਵਿੱਚ ਬਹੁਤ ਜ਼ਿਆਦਾ ਪ੍ਰੋਗਰੈਸ ਹੋ ਜਾਣੀ ਹੈ। ਜਿਵੇਂ ਆਪਣਾ ਵਾਹਘਾ ਬਾਰਡਰ ਹੈ, ਹੁਸੈਨੀਵਾਲਾ ਬਾਰਡਰ ਹੈ ਉਸ ਤਰ੍ਹਾਂ ਦੀ ਕਰਾਸਿੰਗ ਬਣਨ ਜਾ ਰਹੀ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਪਾਜ਼ੀਟਿਵਲੀ ਲੈਣਾ ਚਾਹੀਦਾ ਹੈ। ਇਸ ਵਿੱਚ ਜਿਨ੍ਹਾਂ-ਜਿਨ੍ਹਾਂ ਨੇ ਵੀ ਆਪਣਾ ਆਪਣਾ ਯੋਗਦਾਨ ਪਾਇਆ ਹੈ, ਉਨ੍ਹਾਂ ਸਾਰਿਆਂ ਦਾ ਯੋਗਦਾਨ ਕਬੂਲਿਆ ਜਾਣਾ ਚਾਹੀਦਾ ਹੈ। ਬਾਦਲ ਸਾਹਿਬ ਦੀ ਕੱਲ੍ਹ ਸਟੇਟਮੈਂਟ ਆਈ ਹੈ ਉਨ੍ਹਾਂ ਨੇ ਵੀ ਸਾਰਿਆਂ ਬਾਰੇ ਕਿਹਾ ਹੈ। ਇਹ ਸਿੱਧੂ ਸਾਹਿਬ ਵੀ ਬੈਠੇ ਹਨ, ਸਾਨੂੰ ਕੋਈ ਗੁਰੇਜ਼ ਨਹੀਂ ਹੈ। ਸਾਨੂੰ ਇਸ ਮਸਲੇ ਨੂੰ right from 1947 till 2018 ਪਾਲੀਟਿਕਸ ਤੋਂ ਉੱਪਰ ਲੈ ਕੇ ਚਲਣਾ ਚਾਹੀਦਾ ਹੈ ਕਿਉਂਕਿ ਇਹ ਸਾਰੀ ਸੰਗਤ ਨਾਲ ਜੁੜਿਆ ਹੋਇਆ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਧਰਤੀ ਨਾਲ ਜੁੜਿਆ ਹੈ ਜਿੱਥੇ ਉਨ੍ਹਾਂ ਨੇ ਸਿੱਖੀ ਦਾ ਸਭ ਤੋਂ ਮਹਾਨ ਸੰਦੇਸ਼ ਦਿੱਤਾ ਕਿ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ। ਉਨ੍ਹਾਂ ਨੇ ਆਪਣੇ ਹੱਥੀਂ ਕਿਰਤ ਕੀਤੀ, ਉੱਥੇ ਜਾ ਕੇ ਜ਼ਮੀਨ ਖਰੀਦੀ, ਗੁਰਦੁਆਰਾ ਸਾਹਿਬ ਸਥਾਪਤ ਕੀਤਾ ਕਿ ਦੁਨੀਆਂ ਦੇ ਲੋਕ ਆ ਕੇ ਦੇਖਣਗੇ। ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੂੰ ਪਤਾ ਹੈ ਕਿ ਸ਼੍ਰੀ ਇਮਰਾਨ ਖਾਨ ਇਹ ਕਿਉਂ ਕਰ ਰਿਹਾ ਹੈ ਕਿਉਂਕਿ ਉਹ ਇਨਵੈਸਟਮੈਂਟ ਚਾਹੁੰਦੇ ਹਨ, ਉਹ ਚਾਹੁੰਦੇ ਹਨ ਕਿ ਸਾਰੀ ਦੁਨੀਆਂ ਤੋਂ ਸਿੱਖ ਉੱਥੇ ਆਉਣ, ਉੱਥੇ ਰਹਿਣ, ਉੱਥੇ ਹੋਟਲਜ਼ ਬਣਨ, ਉੱਥੇ ਹੋਰ ਇਸ ਤਰ੍ਹਾਂ ਦਾ ਆਪਣਾ ਸਿਸਟਮ ਬਣੇ ਤਾਂ ਕਿ ਪਾਕਿਸਤਾਨ ਦੀ ਇਕਾਨਮੀ ਬੂਸਟ ਹੋਵੇ। ਆਪਾਂ ਨੂੰ ਵੀ ਫਾਇਦਾ ਹੁੰਦਾ ਹੈ। ਸਪੀਕਰ ਸਾਹਿਬ, ਜਦੋਂ ਐਲਾਨ ਹੋਇਆ ਆਪਾਂ ਜਾਣਦੇ ਹਾਂ ਕਿ ਪਾਕਿਸਤਾਨ ਤੋਂ ਸਾਨੂੰ ਸਾਰਿਆਂ ਨੂੰ ਇੰਨੇ ਸੁਨੇਹੇ ਆਏ ਅਤੇ ਲੋਕ ਇੰਨੇ ਖੁਸ਼ ਹੋਏ ਕਿ ਇੱਕ ਐਲਾਨ ਨਾਲ ਪਾਕਿਸਤਾਨ ਅਤੇ ਇੰਡੀਆ ਵਿਚਕਾਰ ਜਿਹੜੀ enmity ਹੈ, ਉਹ ਖਤਮ ਹੋ ਗਈ ਹੈ। ਇੰਨਾ ਵਧੀਆ ਮਾਹੌਲ ਬਣਿਆ ਹੈ then why are we criticising it? Why are we thinking that it will have serious consequences? ਨਹੀਂ ਜੀ, ਇਹ ਗੱਲ ਨਹੀਂ ਹੈ। ਬਿਲਕੁਲ ਇਸ ਦਾ ਬਹੁਤ ਵਧੀਆ ਰਿਜ਼ਲਟ ਆਵੇਗਾ। ਇਸ ਨੂੰ ਆਪਾਂ ਜਲਦੀ ਹੀ ਬਣਾਈਏ। ਪੰਜਾਬ ਸਰਕਾਰ, ਇੰਡੀਅਨ ਗੌਰਮਿੰਟ ਆਪਾਂ ਸਾਰਿਆਂ ਦਾ ਯੋਗਦਾਨ ਪਾਈਏ।

**ਮਾਨਯੋਗ ਸਪੀਕਰ :** ਧੰਨਵਾਦ, ਧੰਨਵਾਦ ਵਡਾਲਾ ਸਾਹਿਬ, ਧੰਨਵਾਦ ਤੁਹਾਡਾ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬੋਲਦੇ ਹੋਏ ਉਹੀ ਗੱਲ ਕਹਿ ਦਿੱਤੀ ਜਿਹੜੀ ਮੈਂ ਕਹਿਣੀ ਚਾਹੁੰਦਾ ਸੀ ਕਿ ਜਿਹੜੀ

ਪਾਕਿਸਤਾਨ ਫੌਜ ਹੈ, ਉਸ ਦਾ ਇੰਟਰੈਸਟ ਕੀ ਹੈ? ਉਸ ਦਾ ਇੰਟਰੈਸਟ ਹੈ ਕਿ ਆਪਣੀ activities ਵਿੱਚ ਪੰਜਾਬ ਦੇ ਵਿੱਚ ਵਾਧਾ ਲਿਆਵੇ, ਉਸ ਦੇ ਵਾਸਤੇ ਉਨ੍ਹਾਂ ਨੂੰ ਰਿਕਰੂਟਸ ਦੀ ਲੋੜ ਹੈ। ਜਿਹੜਾ ਇਹ ਇੱਕ ਪਾਸੇ ਲਾਂਘਾ ਹੋ ਗਿਆ ਹੈ, ਉਸ ਦੇ ਨਾਲ ਪੰਜਾਬ ਦੇ ਵਿੱਚ ਇੱਕ ਹਵਾ ਬਣੀ ਹੈ। ਹਰ ਸਿੱਖ ਇਸ ਨਾਲ ਖੁਸ਼ ਹੋਇਆ ਲੇਕਿਨ ਪਾਕਿਸਤਾਨ ਵਾਸਤੇ ਵੀ sympathy ਬਣੀ ਹੈ ਕਿ ਪਾਕਿਸਤਾਨ ਵਾਲਿਆਂ ਨੇ ਫਰਾਖ-ਦਿਲੀ ਦਿਖਾਈ ਹੈ ਅਤੇ ਇਹ ਚੰਗੇ ਬੰਦੇ ਹਨ। ਉਸ ਦੇ ਨਾਲ ਉਨ੍ਹਾਂ ਦੀ ਰਿਕਰੂਟਮੈਂਟ ਇਨ੍ਹਾਂ ਕੰਮਾਂ ਦੇ ਵਿੱਚ ਵਧੇਗੀ। ਮੈਂ ਇਹੀ ਕਹਿ ਰਿਹਾ ਹਾਂ ਕਿ ਇੱਕ ਪਾਸੇ ਤੁਸੀਂ ਧਰਮ ਰੱਖੋ, ਅਸੀਂ ਬਿਲਕੁਲ ਤੁਹਾਡੇ ਨਾਲ ਹਾਂ। ਹਰ ਕੰਮ ਵਿੱਚ ਤੁਹਾਡੇ ਨਾਲ ਹਾਂ ਜਿਸ ਵਿੱਚ ਕਿ ਸਿੱਖ ਧਰਮ ਨੂੰ ਵਧਾਉਣਾ ਹੈ। ਜੇਕਰ ਸ੍ਰੀ ਨਨਕਾਣਾ ਸਾਹਿਬ ਹੋ ਸਕੇ, ਪਰ ਉਹ ਬਹੁਤ ਦੂਰ ਹੈ, ਸ੍ਰੀ ਪੰਜਾ ਸਾਹਿਬ ਵੀ ਹਿੰਦੁਸਤਾਨ ਤੋਂ ਦੂਰ ਹੈ। ਸ੍ਰੀ ਕਰਤਾਰਪੁਰ ਸਾਹਿਬ ਤਾਂ ਇੱਕ ਮੀਲ ਤੇ ਹੈ। ਇਨ੍ਹਾਂ ਨੇ ਲਾਂਘੇ ਬਾਰੇ ਮੰਨ ਲਿਆ ਲੇਕਿਨ ਪਾਕਿਸਤਾਨ ਦੇ ਚੀਫ ਆਫ ਆਰਮੀ ਸਟਾਫ ਦਾ ਉੱਥੇ ਹਾਜ਼ਰ ਹੋਣਾ ਕੀ ਸੀ? How did he know even when Imran Khan was not sworn in ? ਉਸ ਨੂੰ ਕਿਵੇਂ ਪਤਾ ਸੀ? ਉਨ੍ਹਾਂ ਨੂੰ ਤਾਂ ਇਮਰਾਨ ਖਾਨ ਜੀ ਨੂੰ ਫੜਾ ਦਿੱਤਾ ਕਿ ਇਹ ਸਾਡੀ ਪਾਲਿਸੀ ਹੈ, ਤੁਸੀਂ ਅਨਾਊਂਸ ਕਰ ਦਿਉ। Imran Khan means well. ਉਹ ਤਾਂ ਹਿੰਦੁਸਤਾਨ ਦੇ ਨਾਲ ਸ਼ਾਂਤੀ ਦੀ ਗੱਲ ਕਰਨਾ ਚਾਹੁੰਦੇ ਹਨ ਪਰ ਇੱਕ ਪਾਸੇ ਸ਼ਾਂਤੀ ਅਤੇ ਦੂਜੇ ਪਾਸੇ ਕਸ਼ਮੀਰ ਵਾਸਤੇ ਉਨ੍ਹਾਂ ਬਿਆਨ ਨਹੀਂ ਦਿੱਤਾ ਕਿ I support by the people of Kashmir. Now what is that? Is that not an anti Indian stance? ਇਹ ਗੱਲਾਂ let us take it very seriously and, therefore, keep our religion on one side. I hope ਲਾਂਘਾ ਖੋਲ੍ਹੋ, ਮੈਂ ਜਾਵਾਂਗਾ। I hope ਮੇਰੇ ਸਾਥੀ ਵੀ ਨਾਲ ਜਾਣਗੇ, I hope ਤੁਸੀਂ ਵੀ ਸਾਰੇ ਨਾਲ ਚੱਲੋਗੇ ਔਰ ਆਪਾਂ ਜਾ ਕੇ ਮੱਥਾ ਟੇਕ ਕੇ ਆਵਾਂਗੇ। ਪਰ ਇਹ ਵੀ ਯਾਦ ਰੱਖੋ ਕਿ ਉਨ੍ਹਾਂ ਦਾ strategic attitude ਕੀ ਹੈ ਅਤੇ ਪਾਕਿਸਤਾਨ ਆਰਮੀ ਇੱਥੇ ਕੀ ਕਰਨਾ ਚਾਹੁੰਦੀ ਹੈ? ਅਸੀਂ ਬਹੁਤ ਨੁਕਸਾਨ ਸਹਿ ਚੁੱਕੇ ਹਾਂ, ਤੁਹਾਡੇ ਵਿੱਚੋਂ ਮੈਨੂੰ ਲੱਗਦਾ ਹੈ ਕਿ ਉਦੋਂ ਬਹੁਤ ਘੱਟ ਲੋਕ ਸਨ। ਮੈਂ ਤਾਂ ਪਹਿਲੇ ਦਿਨ ਤੋਂ ਵੇਖਦਾ ਆਇਆ ਹਾਂ ਜਦ 1978 ਵਿਚ ਅੰਮ੍ਰਿਤਸਰ ਤੋਂ ਇਹ ਸ਼ੁਰੂ ਹੋਇਆ ਸੀ, ਉਦੋਂ ਕਿੰਨੇ ਬੰਦੇ ਮਰੇ, ਕੀ ਆਬੋ-ਹਵਾ ਬਣੀ, ਕਿੱਥੋਂ ਉਹ ਭੱਜੇ। ਮੈਂ ਨਹੀਂ ਚਾਹੁੰਦਾ ਕਿ ਉਹ ਪੰਜਾਬ ਵਿੱਚ ਦੁਬਾਰਾ ਹੋਵੇ ਅਤੇ ਨਾ ਹੀ ਤੁਸੀਂ ਚਾਹੋਗੇ। ਇਸ ਲਈ ਸ਼ਾਂਤੀ ਰੱਖਣ ਵਾਸਤੇ ਪਾਕਿਸਤਾਨ ਦੀ sinister attitude ਨੂੰ meet ਕਰਨ ਵਾਸਤੇ ਤੁਸੀਂ ਤੇ ਅਸੀਂ ਰਲ ਕੇ ਆਪਣੇ ਪੰਜਾਬ ਦੀ ਸੁਰੱਖਿਆ ਕਰੀਏ।

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸਪੀਕਰ

ਸਾਹਿਬ, ਸੀ.ਐਮ. ਸਾਹਿਬ ਨੇ ਜਿਹੜਾ ਮਤਾ ਲਿਆਂਦਾ ਹੈ ਮੈਂ ਉਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ ਕਿਉਂਕਿ ਮੈਂ ਡੇਰਾ ਬਾਬਾ ਨਾਨਕ ਤੋਂ ਐਮ.ਐਲ.ਏ. ਬਣਿਆ ਹਾਂ। ਕਰਤਾਰਪੁਰ ਸਾਹਿਬ ਦਾ ਜਿਹੜਾ ਲਾਂਘਾ ਹੈ, ਇਸ ਬਾਰੇ ਜਿਵੇਂ ਵਡਾਲਾ ਸਾਹਿਬ ਨੇ ਕਿਹਾ ਹੈ, ਇਹ ਬਹੁਤ ਦੇਰ ਤੋਂ ਮੰਗ ਸੀ । ਮੈਨੂੰ ਯਾਦ ਹੈ ਕਿ ਵੱਡੇ ਵਡਾਲਾ ਸਾਹਿਬ ਨੇ ਜਦੋਂ 2001 ਵਿੱਚ ਪਹਿਲੀ ਅਰਦਾਸ ਕੀਤੀ ਸੀ ਤਾਂ ਅਸੀਂ ਇਕੱਠੇ ਉੱਥੇ ਅਰਦਾਸ ਕਰਨ ਜਾਂਦੇ ਸੀ। ਉਸ ਵੇਲੇ ਉੱਥੇ ਕੋਈ ਰਸਤਾ ਨਹੀਂ ਸੀ ਅਤੇ ਉਦੋਂ ਖੇਤਾਂ ਦੇ ਵਿਚੋਂ ਜਾਣਾ ਪੈਂਦਾ ਸੀ, ਜਦੋਂ ਉਥੇ ਗਏ ਤਾਂ ਵਡਾਲਾ ਸਾਹਿਬ ਨੇ ਪੁੱਛਿਆ ਤੇ ਕਹਿੰਦੇ ਕਿ ਇੱਧਰ ਨੂੰ ਕੋਈ ਰਸਤਾ ਨਹੀਂ ਸੀ। ਜਦੋਂ ਕੈਪਟਨ ਸਾਹਿਬ ਮੁੱਖ ਮੰਤਰੀ ਬਣੇ ਤਾਂ ਮੈਂ ਤੇ ਵਡਾਲਾ ਸਾਹਿਬ ਇਕੱਠੇ ਹੀ ਸੀ.ਐਮ. ਸਾਹਿਬ ਨੂੰ ਮਿਲਣ ਆਏ ਸੀ, ਉਦੋਂ ਅਸੀਂ ਇਨ੍ਹਾਂ ਨੂੰ ਕਿਹਾ ਕਿ ਜਿੱਥੋਂ ਤੱਕ ਸਾਡਾ ਬਾਰਡਰ ਹੈ, ਉਥੋਂ ਤੱਕ ਰਸਤਾ ਬਣਾਇਆ ਜਾਵੇ ਜਿੱਥੇ ਤੱਕ ਸਾਡਾ ਧੁੱਸੀ ਬੰਨ੍ਹ ਹੈ। (ਥੰਪਿੰਗ)। ਕੈਪਟਨ ਸਾਹਿਬ ਨੇ 2003 ਦੇ ਵਿਚ ਉਸ ਸੜਕ ਨੂੰ ਮੁਕੰਮਲ ਕਰ ਦਿੱਤਾ ਸੀ ਜਿਹੜੀ ਅੱਜ ਉਥੋਂ ਤੱਕ ਪਹੁੰਚੀ ਹੈ। ਮੈਂ ਇੱਕ ਗੱਲ ਜ਼ਰੂਰ ਕਹਾਂਗਾ ਕਿ ਜਿਹੜੀਆਂ ਵਡਾਲਾ ਸਾਹਿਬ ਦੀਆਂ ਅਰਦਾਸਾਂ ਹਨ, ਉਹ ਜ਼ਰੂਰ ਕੰਮ ਆਈਆਂ ਹਨ। ਤਕਰੀਬਨ 18 ਸਾਲ ਸ੍ਰੀ ਗੁਰੂ ਨਾਨਕ ਸਾਹਿਬ ਉਸ ਧਰਤੀ ਤੇ ਰਹੇ ਅਤੇ ਤਕਰੀਬਨ 18 ਸਾਲ ਹੀ ਵਡਾਲਾ ਸਾਹਿਬ ਉੱਥੇ ਜਾ ਕੇ ਅਰਦਾਸ ਕਰਦੇ ਰਹੇ, ਉਸ ਦਾ ਫਲ ਅੱਜ ਮਿਲਿਆ ਹੈ। (ਥੰਪਿੰਗ)। ਉਸ ਤੋਂ ਬਾਅਦ ਅਸੀਂ ਸਾਰੇ ਇਕੱਠੇ ਹੀ, ਮੇਰਾ ਖਿਆਲ ਹੈ, ਉਨ੍ਹਾਂ ਪੁਰਾਣੀਆਂ ਫੋਟੋਆਂ ਦਾ ਤੁਹਾਨੂੰ ਪਤਾ ਹੈ। ਕੈਪਟਨ ਸਾਹਿਬ ਤੇ ਅਸੀਂ ਉਸ ਵੇਲੇ ਦੇ ਪ੍ਰਧਾਨ ਮੰਤਰੀ, ਡਾਕਟਰ ਮਨਮੋਹਨ ਸਿੰਘ ਜੀ ਨੂੰ ਮਿਲੇ। ਕਈ ਵਾਰ ਜਿਹੜੀਆਂ External Affairs Committee ਜਾਂ Cabinet ਦੀਆਂ talks ਆਈਆਂ ਹਨ, ਉਸ ਵਿਚ ਇਹ ਚੀਜ਼ਾਂ ਆਉਂਦੀਆਂ ਰਹੀਆਂ। ਜਿਉਂ ਜਿਉਂ ਗੱਲ ਚੱਲੀ ਤਾਂ ਉਸ ਤੋਂ ਬਾਅਦ ਇਹ ਮਿਲਿਆ। ਮੈਂ ਮੁੱਖ ਮੰਤਰੀ ਸਾਹਿਬ ਦਾ ਇਹ ਵੀ ਧੰਨਵਾਦ ਕਰਦਾ ਹਾਂ ਕਿ ਜਿਹੜੀ ਡੇਰਾ ਬਾਬਾ ਨਾਨਕ ਡਿਵੈਲਪਮੈਂਟ ਅਥਾਰਿਟੀ, ਖਾਸ ਕਰਕੇ ਡੇਰਾ ਬਾਬਾ ਨਾਨਕ ਦੇ ਹਲਕੇ ਤੇ ਪੂਰੇ ਗੁਰਦਾਸਪੁਰ ਵੱਲੋਂ ਬਣਾਈ ਹੈ ਕਿ ਇਹ ਇੱਕ ਇਹੋ-ਜਿਹੀ ਸ਼ੁਰੂਆਤ ਹੋਈ ਹੈ। ਠੀਕ ਹੈ, ਜਿਹੜੀਆਂ ਸੀ.ਐਮ. ਸਾਹਿਬ ਨੇ ਐਪਰੀਹੈਨਸ਼ਨਜ਼ ਦਿੱਤੀਆਂ ਹਨ। ਮੇਰਾ ਪਿੰਡ ਵੀ ਬਿਲਕੁਲ 5 ਕਿਲੋਮੀਟਰ ਤੇ ਹੈ। ਅਸੀਂ ਸਾਰੀਆਂ ਚੀਜ਼ਾਂ ਜਿਵੇਂ 1965, 1971 ਦੀ ਲੜਾਈ ਜਾਂ ਟੈਰਾਰਿਜ਼ਮ ਵੇਖਿਆ ਹੈ, ਸਾਡੇ ਉਥੇ ਹਰ ਰੋਜ਼ ਰੈਡ ਅਲਰਟ ਰਹਿੰਦਾ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪਰ ਜਿਹੜੀ ਇਹ ਗੱਲ ਕੈਪਟਨ

ਸਾਹਿਬ ਤੁਹਾਡੇ, ਤੁਹਾਡੇ ਬਜ਼ੁਰਗਾਂ ਦੇ ਟਾਈਮ ਤੋਂ ਚੱਲੀ, ਮੈਂ, ਬਾਜਵਾ ਸਾਹਿਬ ਅਤੇ ਸੁੱਖ ਸਰਕਾਰੀਆ ਸਾਹਿਬ ਅਸੀਂ ਸਾਰੇ ਹੀ ਗਏ ਸੀ। ਉਦੋਂ ਫੋਟੋ ਵੀ ਲੈ ਕੇ ਆਏ। 1947 ਤੋਂ ਬਾਅਦ ਕਰਤਾਰਪੁਰ ਸਾਹਿਬ ਦਾ ਗੁਰਦੁਆਰਾ ਬਿਲਕੁਲ ਬੰਦ ਸੀ। ਜਿਸ ਵੇਲੇ ਉਥੋਂ ਦੇ ਸ਼੍ਰੀ ਪਰਵੇਜ਼ ਇਲਾਹੀ ਮੁੱਖ ਮੰਤਰੀ ਬਣੇ। ਮੈਨੂੰ ਹੁਣ ਨਾਂ ਯਾਦ ਨਹੀਂ ਹੈ, ਉਦੋਂ ਕੋਈ ਅਮਰੀਕਾ ਤੋਂ ਸਨ, ਜਿਨ੍ਹਾਂ ਨੇ ਉਸ ਗੁਰਦੁਆਰਾ ਸਾਹਿਬ ਦੀ ਸੇਵਾ ਕਰਵਾਈ ਅਤੇ 61 ਸਾਲ ਬਾਅਦ ਕਰਤਾਰਪੁਰ ਸਾਹਿਬ ਦਾ ਗੁਰਦੁਆਰਾ ਸਾਹਿਬ ਦੁਬਾਰਾ ਖੁੱਲ੍ਹਿਆ। ਉਸ ਵਿੱਚ ਉੱਥੇ ਮੈਨੂੰ ਤੇ ਵਡਾਲਾ ਸਾਹਿਬ ਨੂੰ ਖਾਸ ਤੌਰ ਤੇ ਬੁਲਾਇਆ । ਅਸੀਂ ਅਜ਼ਾਦੀ ਤੋਂ ਬਾਅਦ ਪਹਿਲੀ ਅਰਦਾਸ ਵਿੱਚ ਉੱਥੇ ਗੁਰਦੁਆਰਾ ਸਾਹਿਬ ਵਿੱਚ ਜਾ ਕੇ ਸ਼ਾਮਿਲ ਹੋਏ। ਬੜੇ ਵਧੀਆ ਇਲਾਕੇ ਵਿੱਚ ਹੀ ਨਹੀਂ, ਪੰਜਾਬ ਵਿਚ ਨਹੀਂ, ਪੂਰੀ ਦੁਨੀਆਂ ਦੇ ਸਿੱਖਾਂ ਨੂੰ ਬੜੀ ਖੁਸ਼ੀ ਹੈ ਕਿ ਇਹ ਰਸਤਾ ਖੁੱਲ੍ਹਿਆ। ਜਿਹੜੀ ਕਾਰੀਡੋਰ ਦੀ ਗੱਲ ਹੈ, ਵਾਕਿਆ ਹੀ ਇਹ ਇੰਡੀਅਨ ਗੌਰਮਿੰਟ ਦੀ ਹੋਰ ਜ਼ਿਆਦਾ ਜ਼ਿੰਮੇਵਾਰੀ ਬਣ ਜਾਣੀ ਹੈ ਅਤੇ ਉਥੇ ਸਾਨੂੰ ਬਹੁਤ ਧਿਆਨ ਰੱਖਣਾ ਪੈਣਾ ਹੈ ਕਿ ਉਹ ਬੈਡ ਐਲੀਮੈਂਟ ਇੱਧਰ ਆਉਣ ਦੀ ਕੋਸ਼ਿਸ਼ ਨਾ ਕਰਨ। ਪਿੱਛੇ ਜਿਹੇ ਤਿੰਨ-ਚਾਰ ਦਿਨ ਪਹਿਲਾਂ ਸਾਡੀ ਕਮੇਟੀ, ਹੋਮ ਸੈਕਟਰੀ ਸਾਹਿਬ ਵੀ ਗਏ, ਉਥੇ ਗੌਰਮਿੰਟ ਆਫ ਇੰਡੀਆ ਦੇ ਸਾਰੇ ਆਫੀਸਰ ਵੀ ਆਏ ਤੇ ਮੈਂ ਵੀ ਉਥੇ ਗਿਆ। ਸਾਰਾ ਕੁਝ ਉਨ੍ਹਾਂ ਨੇ ਤਿਆਰੀ ਕਰ ਲਈ ਹੈ ਕਿ ਕਿੱਥੇ-ਕਿੱਥੇ ਜ਼ਮੀਨਾਂ ਐਕੁਆਇਰ ਕਰਨੀਆਂ ਹਨ, ਕਿਵੇਂ-ਕਿਵੇਂ ਕਾਰੀਡੋਰ ਬਣਨਾ ਹੈ ਜਾਂ ਜੋ-ਜੋ ਰਸਤੇ ਹਨ, ਉਹ ਸਾਰਾ ਕੁਝ War ਲੈਵਲ ਤੇ ਚੱਲ ਰਿਹਾ ਹੈ। ਵਾਹਿਗੁਰੂ ਦੀ ਮਿਹਰ ਸਦਕਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਜਾ ਰਿਹਾ ਹੈ। ਜਿੱਥੇ ਗੁਰੂ ਸਾਹਿਬ ਨੇ ਅਖੀਰਲੇ ਟਾਈਮ ਵਿੱਚ ਰਹਿ ਕੇ ਜਿਹੜੀ ਉਨ੍ਹਾਂ ਨੇ ਉਥੇ ਖੇਤੀ ਕੀਤੀ, ਜਿਸ ਨਾਲ ਉਥੋਂ ਦੇ ਲੋਕਾਂ ਦਾ ਪਿਆਰ ਜੁੜਿਆ, ਇਸ ਸਭ ਲਈ ਮੈਂ ਪੰਜਾਬ ਸਰਕਾਰ ਦਾ, ਪਾਕਿਸਤਾਨ ਦੀ ਸਰਕਾਰ, ਹਿੰਦੁਸਤਾਨ ਦੀ ਸਰਕਾਰ ਦਾ ਧੰਨਵਾਦ ਵੀ ਕਰਦਾ ਹਾਂ ਕਿ ਉਨ੍ਹਾਂ ਨੇ ਬਹੁਤ ਵਧੀਆ ਕੰਮ ਕੀਤਾ ਹੈ।

**ਡਾਕਟਰ ਰਾਜ ਕੁਮਾਰ ਵੇਰਕਾ (ਅੰਮ੍ਰਿਤਸਰ ਪੱਛਮੀ, ਐਸ.ਸੀ.) :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ। ਅੱਜ ਇੱਕ ਬਹੁਤ ਮਹੱਤਵਪੂਰਨ ਮਤਾ ਜੋ ਕਿ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦੁਆਰਾ ਸਦਨ ਵਿੱਚ ਪੇਸ਼ ਕੀਤਾ ਗਿਆ ਹੈ, ਮੈਂ ਜਿੱਥੇ ਇਸ ਪ੍ਰਸਤਾਵ ਦਾ ਧੰਨਵਾਦ ਕਰਦਾ ਹਾਂ, ਉੱਥੇ ਭਾਰਤ ਸਰਕਾਰ ਦਾ ਅਤੇ ਪਾਕਿਸਤਾਨ ਦੀ ਸਰਕਾਰ ਦਾ ਧੰਨਵਾਦ ਵੀ ਕਰਦਾ ਹਾਂ ਕਿ ਜਿਹੜਾ ਸਾਡਾ ਬੜੇ ਲੰਮੇ ਸਮੇਂ ਤੋਂ ਇਹ ਮਸਲਾ ਸੀ, ਇਸ ਨੂੰ ਪ੍ਰਵਾਨਗੀ ਮਿਲੀ ਹੈ। ਉੱਥੇ ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਹ ਸਾਡੇ ਮੁੱਖ ਮੰਤਰੀ ਜੀ ਦੀ ਚਿੰਤਾ ਹੈ, ਉਹ ਖਾਲੀ ਮੁੱਖ

ਮੰਤਰੀ ਜੀ ਦੀ ਚਿੰਤਾ ਨਹੀਂ ਹੈ। ਇਹ ਪੂਰੇ ਦੇਸ਼ ਦੇ ਲੋਕਾਂ ਦੀ ਚਿੰਤਾ ਹੈ ਕਿਉਂਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ-ਜਦੋਂ ਭਰੋਸਾ ਕੀਤਾ, ਉਦੋਂ-ਉਦੋਂ ਧੋਖਾ ਮਿਲਿਆ। ਭਰੋਸਾ ਕੀਤਾ ਤਾਂ ਪਾਰਲੀਮੈਂਟ ਉੱਤੇ ਅਟੈਕ ਹੋਇਆ, ਭਰੋਸਾ ਕੀਤਾ ਮੁੰਬਈ ਦੇ ਅੰਦਰ ਅਟੈਕ ਹੋ ਗਿਆ, ਫਿਰ ਭਰੋਸਾ ਕੀਤਾ ਪਠਾਨਕੋਟ ਦੇ ਅੰਦਰ ਅਟੈਕ ਹੋ ਗਿਆ। ਜਦੋਂ-ਜਦੋਂ ਅਸੀਂ ਇਹ ਭਰੋਸਾ ਕੀਤਾ, ਇਸ ਦਾ ਸਾਨੂੰ ਸਿਲ੍ਹਾ ਮਿਲਿਆ ਹੈ। ਲੇਕਿਨ ਜਦੋਂ 2002 ਵਿੱਚ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦੁਬਾਰਾ ਬਣੇ ਔਰ ਉਸ ਤੋਂ ਬਾਅਦ ਡਾਕਟਰ ਮਨਮੋਹਨ ਸਿੰਘ ਜੀ ਪ੍ਰਧਾਨ ਮੰਤਰੀ ਬਣੇ, ਫਿਰ ਉਸ ਤੋਂ ਬਾਅਦ ਇਹ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋਇਆ। ਕੈਪਟਨ ਅਮਰਿੰਦਰ ਸਿੰਘ ਹੋਰਾਂ ਨੂੰ ਵੀ ਉਥੋਂ ਦੇ ਪੰਜਾਬ ਦੇ ਲੋਕਾਂ ਨੇ, ਲਾਹੌਰ ਦੇ ਲੋਕਾਂ ਨੇ ਇਹ ਕਿਹਾ ਕਿ ਉਥੋਂ ਦੀ ਸਰਕਾਰ ਹੁਣ ਬਦਲ ਗਈ ਹੈ। ਸ਼ਾਇਦ ਇਸ ਗੱਲ ਵਾਸਤੇ ਹੁਣ ਨਵੇਂ ਅਵਾਮ, ਨਵੇਂ ਤਰੀਕੇ ਆਯਾਤ ਕੀਤੇ ਜਾਣ। ਉਥੇ ਅਸੀਂ ਲੋਕਾਂ ਨੇ ਵੀ ਕਿਹਾ ਕਿ-

**हर चीज नहीं है मरकज में कुछ रोज इधर कुछ रोज उधर**

**दुशमन को ना देखो नफरत से शायद मुहब्त कर बैठे ।**

ਉਸ ਮੁਹੱਬਤ ਦਾ ਪੈਗਾਮ, ਉਸ ਮੁਹੱਬਤ ਦੀ ਆਸ ਲੈ ਕੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਅਸੀਂ ਸਾਰੇ ਪਾਕਿਸਤਾਨ ਵਿੱਚ ਗਏ। ਅਸੀਂ ਉਥੇ ਅਮਨ ਅਤੇ ਭਾਈਚਾਰੇ ਦਾ ਪੈਗਾਮ ਲੈ ਕੇ ਗਏ। ਉਥੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੇ ਜਿੱਥੇ ਪ੍ਰਧਾਨ ਮੰਤਰੀ, ਡਾਕਟਰ ਮਨਮੋਹਨ ਸਿੰਘ ਜੀ ਦਾ ਸੁਨੇਹਾ ਦਿੱਤਾ, ਉਥੇ ਇਸ ਗੱਲ ਤੇ ਭਾਰਤ ਸਰਕਾਰ ਦਾ ਇਹ ਵੀ ਸੁਨੇਹਾ ਦਿੱਤਾ ਕਿ ਅਸੀਂ ਅਮਨ ਤੇ ਦੋਸਤੀ ਚਾਹੁੰਦੇ ਹਾਂ। ਅਸੀਂ ਭਾਈਚਾਰਾ ਚਾਹੁੰਦੇ ਹਾਂ, ਅਸੀਂ ਧੋਖਾ ਨਹੀਂ ਚਾਹੁੰਦੇ। ਉਨ੍ਹਾਂ ਨੇ ਵੀ ਇਸ ਗੱਲ ਦਾ ਭਰੋਸਾ ਦਿੱਤਾ ਲੇਕਿਨ ਉਸ ਭਰੋਸੇ ਤੋਂ ਬਾਅਦ ਫਿਰ ਧੋਖੇ ਤੇ ਧੋਖਾ, ਫਿਰ ਧੋਖੇ ਤੇ ਧੋਖਾ ਹੋਇਆ। ਲੇਕਿਨ ਸੱਚ ਇਹ ਹੈ ਕਿ ਸਾਨੂੰ ਆਪਣੇ ਜ਼ਾਂਬਾਜ਼ ਜਿਹੜੇ ਸਾਡੇ ਦੇਸ਼ ਦੇ ਸੈਨਿਕ ਹਨ, ਉਹ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਹਨ। ਅਸੀਂ ਉਨ੍ਹਾਂ ਦੀ ਕਦਰ ਕਰਦੇ ਹਾਂ। ਸਾਡੇ ਲੋਕ ਸਦੀਆਂ ਤੋਂ ਇਹ ਸੈਂਕੜੇ ਸਾਲਾਂ ਤੋਂ ਅਰਦਾਸ ਕਰਦੇ ਆ ਰਹੇ ਹਨ, ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਗੱਲ ਕੀਤੀ। ਅੱਜ ਖੁੱਲ੍ਹੇ ਦਰਸ਼ਨ ਦੀਦਾਰ ਦਾ ਇਕ ਮੌਕਾ ਆਇਆ ਹੈ। ਇੱਕ ਸਮਾਂ ਆਇਆ ਹੈ ਕਿ ਅੱਜ ਉਹ ਖੁੱਲ੍ਹੇ ਦਰਸ਼ਨ ਦੀਦਾਰ ਦੀ ਗੱਲ ਹੋਈ ਹੈ। ਮੈਂ ਇੱਥੇ ਇੱਕ ਗੱਲ ਫਿਰ ਕਹਾਂਗਾ ਕਿ ਵਿਛੜੇ ਗੁਰਧਾਮ ਫਿਰ ਤੋਂ ਮਿਲ ਗਏ। ਇਹ ਬਾਬਾ ਨਾਨਕ ਜੀ ਦਾ ਅਹਿਸਾਨ ਉਹੋ ਜਿਹੇ ਇਨਸਾਨ ਸੱਜਣੋਂ ਪਿਆਰ ਜਿਹਦਾ ਈਮਾਨ, ਰੱਬ ਆਖੋ

[ ਡਾਕਟਰ ਰਾਜ ਕੁਮਾਰ ਵੇਰਕਾ ]

ਜਾਂ ਮੌਲਾ, ਕਿਹੜੀ ਗੱਲ ਦਾ ਰੌਲਾ।

ਭਾਈ, ਜੇ ਮੁਸਲਮਾਨ ਬਾਬਾ ਨਾਨਕ ਜੀ ਨੂੰ ਆਪਣਾ ਪੀਰ ਮੰਨਦੇ ਹਨ ਅਸੀਂ ਸਾਰੇ ਬਾਬਾ ਨਾਨਕ ਜੀ ਨੂੰ ਆਪਣਾ ਗੁਰੂ ਮੰਨਦੇ ਹਾਂ, ਇਸੀ ਗੱਲ ਦਾ ਕਾਰਨ ਹੈ ਕਿ ਅੱਜ ਅਸੀਂ ਫਿਰ ਭਰੋਸਾ ਕੀਤਾ ਹੈ। ਅਸੀਂ ਫਿਰ ਅਰਦਾਸ ਕੀਤੀ ਹੈ। ਅੱਜ ਅਸੀਂ ਫਿਰ ਇਸ ਕਦਮ ਨੂੰ ਲੈ ਕੇ ਚੱਲੇ ਹਾਂ ਕਿ: ਨਫਰਤ ਕਰਕੇ ਕੁਝ ਨਹੀਂ ਖੱਟਿਆ, ਚਲੋ ਪਿਆਰ ਹੀ ਰੱਜ ਕੇ ਕਰੀਏ,

ਸਭ ਧਰਮਾਂ ਦੀ ਇੱਜ਼ਤ ਕਰਕੇ ਇਸ਼ਕ ਦੀ ਪੌੜੀ ਚੜ੍ਹੀਏ,
ਇਹੋ ਹੀ ਗੱਲ ਸਮਝਾਉਂਦੇ ਸਾਨੂੰ, ਵੇਦ ਗ੍ਰੰਥ, ਕੁਰਾਨ ਸਿਖਾਉਂਦੇ ਹਨ,
ਉਹ ਜਿਹੇ ਇਨਸਾਨ ਸੱਜਣੋ ਪਿਆਰ ਜਿਹਦਾ ਈਮਾਨ।

ਇਹ ਪਿਆਰ ਮੁਹੱਬਤ ਦਾ ਪੈਗਾਮ ਸਾਡੀ ਸਰਕਾਰਾਂ ਨੇ ਹਮੇਸ਼ਾ ਦਿੱਤਾ ਹੈ। ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਦਾ ਪੈਗਾਮ ਹਮੇਸ਼ਾ ਆਪਸੀ ਅਮਨ ਸ਼ਾਂਤੀ ਲਈ ਹੋਇਆ ਹੈ। ਲੇਕਿਨ ਉਨ੍ਹਾਂ ਦਾ ਖ਼ੂਨ ਹਿੰਦੁਸਤਾਨੀਆਂ ਵਾਸਤੇ ਹੈ। ਹਿੰਦੁਸਤਾਨ ਦੀ ਅਣਖ ਅਤੇ ਗੈਰਤ ਵਾਸਤੇ ਹੈ। ਹਿੰਦੁਸਤਾਨ ਦੀ ਅਣਖ ਅਤੇ ਗੈਰਤ ਦੇ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾ ਸਕਦਾ। ਧਰਮ ਬਾਅਦ ਵਿੱਚ ਹੈ, ਦੇਸ਼ ਪਹਿਲਾਂ ਹੈ। ਦੇਸ਼ ਦੀ ਅਣਖ ਅਤੇ ਗੈਰਤ ਦੇ ਨਾਲ ਸਮਝੌਤਾ ਕਦੇ ਨਹੀਂ ਹੋਣਾ ਚਾਹੀਦਾ। ਦੂਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਸ ਪ੍ਰਸਤਾਵ ਦਾ ਜਿੱਥੇ ਮੈਂ ਧੰਨਵਾਦ ਕਰਨ ਵਾਸਤੇ ਖੜ੍ਹਾ ਹੋਇਆ ਹਾਂ ਔਰ ਉੱਥੇ ਇਸ ਗੱਲ ਵਾਸਤੇ ਕੋਈ ਸ਼ੱਕ ਨਹੀਂ ਕਿ ਮੈਂ ਇਸ ਗੱਲ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਨਵਜੋਤ ਸਿੰਘ ਸਿੱਧੂ ਜਿਸ ਵਕਤ ਪਾਕਿਸਤਾਨ ਦੇ ਵਿੱਚ ਇਸ ਕਾਰੀਡੋਰ ਦੇ ਸਮਾਰੋਹ ਵਾਸਤੇ ਗਏ ਤਾਂ ਉਹ ਇੱਕ ਚੰਗਾ ਪੈਗਾਮ ਲੈ ਕੇ ਆਏ। ਉਹ ਵੱਖਰੀ ਗੱਲ ਹੈ ਕਿ ਉਨ੍ਹਾਂ ਦੇ ਪੈਗਾਮ ਤੇ controversy ਹੋਈ, ਤੂੰ-ਤੂੰ ਮੈਂ-ਮੈਂ ਵੀ ਹੋਈ, ਕਈ ਤਰ੍ਹਾਂ ਦੀਆਂ ਚਰਚਾਵਾਂ ਵੀ ਹੋਈਆਂ ਲੇਕਿਨ ਜਿਹੜੇ ਲੋਕਾਂ ਨੇ controversy ਵੀ ਕੀਤੀ ਉਹ ਲੋਕ ਉੱਥੇ ਜਾਂ ਕੇ ਨੀਹਾਂ ਵਿੱਚ ਪਾਣੀ ਪਾਉਂਦੇ ਵੀ ਨਜ਼ਰ ਆਏ। ਉਸ ਜਗ੍ਹਾ ਦੇ ਉੱਤੇ ਵੀ ਮੈਂ ਉਨ੍ਹਾਂ ਨੂੰ ਦੇਖਿਆ ਹੈ। ਲੇਕਿਨ ਮੈਂ ਇਸ ਸਿਆਸਤ ਵਾਲੇ ਪਾਸੇ ਨਹੀਂ ਜਾਣਾ ਚਾਹੁੰਦਾ। ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਹ ਸਾਡੇ sentiments ਦਾ ਮਾਮਲਾ ਹੈ, ਸਾਡੇ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਦਾ ਇਹ ਮਾਮਲਾ ਹੈ। ਮੈਂ ਇਹ ਚਾਹੁੰਦਾ ਹਾਂ ਕਿ ਇਹ ਜਿਹੜਾ ਮਤਾ ਹੈ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਣਾ ਚਾਹੀਦਾ ਹੈ। ਇਹ ਮਤਾ ਸਾਡੇ ਸਾਰਿਆਂ ਦੇ sentiments ਦਾ ਮਤਾ ਹੈ ਔਰ ਇਸ ਦੇ ਨਾਲ ਨਾਲ ਭਾਰਤ ਸਰਕਾਰ ਨੂੰ ਵੀ ਇਹ ਬੇਨਤੀ ਕਰਾਂਗੇ ਕਿਉਂਕਿ ਅਸੀਂ ਬਾਰਡਰ ਤੇ ਬੈਠੇ ਹੋਏ ਹਾਂ, ਅਸੀਂ ਬਾਰੂਦ ਤੇ ਬੈਠੇ ਹੋਏ ਹਾਂ ਅਤੇ ਫਿਰ ਬਾਰੂਦ ਦੇ ਢੇਰ ਨੂੰ ਕਿਤੇ ਅੱਗ ਨਾ ਲਗਾ

ਦੇਣਾ, ਕਿਤੇ ਫਿਰ ਸਾਨੂੰ ਉਸ ਭੱਠੀ ਦੇ ਵਿੱਚ ਨਾ ਝੌਂਕ ਦੇਣਾ। ਮੈਂ ਧੰਨਵਾਦ ਕਰਦਾ ਹਾਂ ਅਤੇ ਕਹਿਣਾ ਚਾਹੁੰਦਾ ਹਾਂ ਕਿ ਇਹ ਇਹਤਿਆਤ ਵੀ ਵਰਤੋ ਅਤੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਸਾਨੂੰ ਆਗਿਆ ਵੀ ਦਿਓ। ਧੰਨਵਾਦ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ) :** ਮਾਨਯੋਗ ਸਪੀਕਰ ਸਾਹਿਬ, ਇਸ ਮਤੇ ਬਾਰੇ ਤਾਂ ਮੇਰਾ ਖਿਆਲ ਹੈ ਕਿ ਇਹ ਸਰਬਸੰਮਤੀ ਦੇ ਨਾਲ ਹੀ ਪਾਸ ਹੋਵੇਗਾ। ਮੈਂ ਮੁੱਖ ਮੰਤਰੀ ਸਾਹਿਬ ਬਾਰੇ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਕੋਈ ਸ਼ੱਕ ਨਹੀਂ, ਇਹ ਸਾਨੂੰ ਪਤਾ ਹੈ ਕਿ ਇਹ ਗੁਰੂ ਸਾਹਿਬ ਦਾ ਸਤਿਕਾਰ ਕਰਦੇ ਹਨ। ਇਹ ਸਿੱਖ ਪਰਿਵਾਰ ਦੇ ਵਿੱਚ ਪੈਦਾ ਹੋਏ ਹਨ। ਲੇਕਿਨ ਸੀ.ਐਮ. ਸਾਹਿਬ, ਜਿਸ ਦਿਨ ਨੀਂਹ ਪੱਥਰ ਰੱਖਿਆ ਸੀ ਅਤੇ ਜਦੋਂ ਇਸ ਦਾ ਰਿਐਕਸ਼ਨ ਆਇਆ ਤਾਂ ਅਸੀਂ ਕਈ ਵਾਰ ਸੁਣਿਆ। ਅਸੀਂ ਕਿਹਾ ਕਿ ਇਹ ਸੀ.ਐਮ. ਸਾਹਿਬ ਵੱਲੋਂ ਨਹੀਂ ਹੋ ਸਕਦਾ। ਤੁਸੀਂ ਇੱਥੇ ਅੱਜ ਇਹ ਗੱਲ ਕਲੀਅਰ ਕਰ ਦਿੱਤੀ ਹੈ, ਇਹ ਬਹੁਤ ਚੰਗੀ ਗੱਲ ਹੈ। ਮੈਂ ਸਭ ਤੋਂ ਪਹਿਲਾਂ ਸਤਿਗੁਰੂ ਨਾਨਕ ਜੀ ਦਾ ਸੱਚੇ ਪਾਤਸ਼ਾਹ ਦਾ ਸ਼ੁਕਰਗੁਜ਼ਾਰ ਹਾਂ। ਸਤਿਗੁਰੂ ਜੀ ਫੁਰਮਾਉਂਦੇ ਹਨ:

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ।।

ਉਸ ਸੱਚੇ ਪਾਤਸ਼ਾਹ ਦੀ ਆਪਣੇ ਤੇ ਮਿਹਰ ਹੋਈ ਹੈ ਕਿਉਂਕਿ ਜਿੰਨੀ ਦੇਰ ਤੱਕ ਦੋਹਾਂ ਦੇਸ਼ਾਂ ਵਿੱਚ ਨਫਰਤ ਰਹੇਗੀ ਓਨੀ ਦੇਰ ਤੱਕ ਵੇਰਕਾ ਜੀ ਪੰਜਾਬ ਵਿੱਚ ਸ਼ਾਂਤੀ ਨਹੀਂ ਹੋ ਸਕਦੀ, ਭਾਵੇਂ ਤੁਸੀਂ ਉੱਥੇ ਕੰਧਾਂ ਖੜ੍ਹੀਆਂ ਕਰ ਲਵੋ। ਆਪਾਂ ਨੂੰ ਕਿਤੇ ਨਾ ਕਿਤੇ ਮੁਹੱਬਤ ਦੀ ਸ਼ੁਰੂਆਤ ਕਰਨੀ ਪੈਣੀ ਹੈ। ਇਹ ਸਾਡਾ ਵੀਰ ਸਰਦਾਰ ਨਵਜੋਤ ਸਿੰਘ ਸਿੱਧੂ ਉੱਥੇ ਗਿਆ ਅਤੇ ਮੁਹੱਬਤ ਦਾ ਸੁਨੇਹਾ ਲੈ ਕੇ ਆਇਆ। (ਥੰਪਿੰਗ) ਇਹ ਬਹੁਤ ਚੰਗੀ ਗੱਲ ਹੈ। ਸੀ.ਐਮ. ਸਾਹਿਬ ਤੁਹਾਡੇ ਖਦਸ਼ੇ ਬਿਲਕੁਲ ਠੀਕ ਹਨ ਪਰ ਮੈਂ ਇਹ ਚਾਹੁੰਦਾ ਹਾਂ ਕਿ ਮੇਰੇ ਪ੍ਰਦੇਸ਼ ਦਾ ਸੀ.ਐਮ. ਸਿਰਫ ਪਿਆਰ ਦਾ ਸੁਨੇਹਾ ਦੇਵੇ। ਸੀ.ਐਮ. ਸਾਹਿਬ ਸਾਡੀਆਂ ਸੈਨਾਵਾਂ ਹਨ, ਸਾਡੀ ਡਿਫੈਂਸ ਵੀ ਹੈ।ਪਾਕਿਸਤਾਨ ਵਿੱਚ ਦੋ ਤਰ੍ਹਾਂ ਦੇ ਐਲੀਮੈਂਟ ਹਨ। ਪਾਕਿਸਤਾਨ ਦਾ ਅਵਾਮ ਭਾਰਤ ਦੇ ਨਾਲ ਜੰਗ ਨਹੀਂ ਚਾਹੁੰਦਾ, ਉਹ ਤਾਂ ਪਿਆਰ ਚਾਹੁੰਦੇ ਹਨ। ਪਾਕਿਸਤਾਨ ਦੀ political dispensation ਦੇ ਵਿੱਚ ਅੱਧ ਤੋਂ ਜ਼ਿਆਦਾ ਲੋਕ ਹੋਣਗੇ ਜਿਹੜੇ ਪਿਆਰ ਚਾਹੁੰਦੇ ਹਨ, ਆਪਾਂ ਉਨ੍ਹਾਂ ਨੂੰ ਤਾਂ on board ਲਈਏ। ਆਪਾਂ ਸਾਰਿਆਂ ਨੂੰ ਹੀ ਆਰਮੀ ਦੇ ਨਾਲ ਜੋੜ ਦਿੱਤਾ। ਠੀਕ ਹੈ ਆਰਮੀ ਦਾ ਕਬਜ਼ਾ ਹੋ ਸਕਦਾ ਹੈ, ਆਰਮੀ ਦੇ ਵਿਚ ਗਲਤ ਬੰਦੇ ਹਨ ਜਿਹੜੇ ਸਾਡੇ

ਭਰਾਵਾਂ ਨੂੰ ਮਾਰ ਰਹੇ ਹਨ, ਸਾਡੇ ਬੱਚਿਆਂ ਨੂੰ ਮਾਰ ਰਹੇ ਹਨ, ਇਸ ਨਾਲ ਬਹੁਤ ਦਰਦ ਹੁੰਦਾ ਹੈ, ਇਸ ਵਿੱਚ ਸਭ ਤੋਂ ਜ਼ਿਆਦਾ ਪੰਜਾਬੀ ਹੀ ਮਰ ਰਹੇ ਹਨ। ਤੁਹਾਡਾ ਦਰਦ ਬਿਲਕੁਲ ਠੀਕ ਹੈ ਪਰ ਸੀ.ਐਮ. ਸਾਹਿਬ, ਆਪਾਂ ਉਨ੍ਹਾਂ ਨੂੰ ਨਾਲ ਲੈਣਾ ਹੈ। ਤੁਹਾਡੇ ਵੱਲੋਂ ਅਤੇ ਸਾਡੇ ਵੱਲੋਂ, ਪੰਜਾਬ ਵੱਲੋਂ ਉਨ੍ਹਾਂ ਨੂੰ ਪ੍ਰੇਮ ਦਾ ਪੈਗਾਮ ਹੀ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਵੀ ਪਤਾ ਹੈ ਕਿ ਭਾਰਤ ਨਾਲ ਪੰਗਾ ਲੈ ਕੇ ਆਰਾਮ ਅਤੇ ਸ਼ਾਂਤੀ ਨਾਲ ਉਹ ਵੀ ਨਹੀਂ ਰਹਿ ਸਕਦੇ, ਇਸ ਵਿਚ ਉਨ੍ਹਾਂ ਦਾ ਵੀ ਬਹੁਤ ਨੁਕਸਾਨ ਹੋਣਾ ਹੈ। ਉਹ ਸਾਰੀ ਦੁਨੀਆ ਦੇ ਵਿਚ ਨੰਗ ਹੋ ਗਏ ਹਨ, ਸਾਰੀ ਦੁਨੀਆ ਦੇ ਵਿਚ ਕਟੋਰਾ ਲੈ ਕੇ ਫਿਰ ਰਹੇ ਹਨ, ਉਹ ਇਸੇ ਚੀਜ਼ ਦਾ ਖਮਿਆਜ਼ਾ ਭੁਗਤ ਰਹੇ ਹਨ। ਸ਼ਾਇਦ ਉਨ੍ਹਾਂ ਨੂੰ ਵੀ ਇਸ ਗੱਲ ਦੀ ਸਮਝ ਲੱਗ ਗਈ ਹੈ। ਸਿੱਖ ਤਾਂ ਕਦੇ ਗੱਦਾਰ ਹੋ ਹੀ ਨਹੀਂ ਸਕਦਾ।

ਆਪਾਂ ਨੂੰ ਇਹ ਖਦਸ਼ਾ ਹੈ ਕਿ ਇੱਥੋਂ ਰਿਕਰੂਟਮੈਂਟ ਹੋਏਗੀ, ਨਹੀਂ, ਗੱਦਾਰੀ ਦਾ ਵੀ ਇੱਕ ਕਾਰਨ ਹੁੰਦਾ ਹੈ। ਸਾਡੇ ਦੇਸ਼ ਨੂੰ, ਸਾਡੀ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਨੂੰ ਪਿਆਰ ਨਾਲ ਰੱਖੇ। ਸਾਡੇ ਵਿਚ ਗੱਦਾਰੀ ਦਾ ਤਾਂ ਐਲੀਮੈਂਟ ਹੈ ਹੀ ਨਹੀਂ। ਅਸੀਂ ਤਾਂ ਮਰਦੇ ਹੋਏ ਵੀ ਅੱਕ ਨਹੀਂ ਚੱਬਾਂਗੇ। ਸਾਡੀ ਵਫਾਦਾਰੀ ਦੀਆਂ ਤਾਂ ਬ੍ਰਿਟੇਨ ਤੱਕ ਕਹਾਣੀਆਂ ਹਨ ਕਿ ਸਭ ਤੋਂ ਜ਼ਿਆਦਾ ਜੇਕਰ ਵਫਾਦਾਰ ਅਤੇ ਭਰੋਸੇਯੋਗ ਕੌਮ ਹੈ ਤਾਂ ਉਹ ਸਿੱਖ ਕੌਮ ਹੈ। ਤੁਸੀਂ ਕਦੇ ਇਹ ਖਦਸ਼ਾ ਨਾ ਰੱਖੋ। ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਮੈਂ ਇੱਕ ਗੱਲ ਹੋਰ ਕਰਨੀ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਅਰਦਾਸਾਂ ਕੀਤੀਆਂ ਉਨ੍ਹਾਂ ਦਾ ਨਾਂ ਵੀ ਇਸ ਮਤੇ ਦੇ ਵਿਚ ਪਾਇਆ ਜਾਵੇ। ਜਿਵੇਂ ਸਰਦਾਰ ਨਵਜੋਤ ਸਿੰਘ ਸਿੱਧੂ ਵਰਗੇ ਪਿਆਰ ਦਾ ਪੈਗਾਮ ਲੈ ਕੇ ਆਏ ਹਨ, ਉਨ੍ਹਾਂ ਦਾ ਨਾਂ ਇਸ ਮਤੇ ਵਿਚ ਪੈਣਾ ਚਾਹੀਦਾ ਹੈ, ਵਡਾਲਾ ਸਾਹਿਬ ਦਾ ਨਾਂ ਵੀ ਪੈਣਾ ਚਾਹੀਦਾ ਹੈ। ਮੇਰਾ ਖਿਆਲ ਵਡਾਲਾ ਸਾਹਿਬ ਇੱਕ ਗੱਲ ਭੁੱਲ ਗਏ ਜਦੋਂ ਸੈਂਟਰ ਸਰਕਾਰ ਦੇ ਐਕਸਟਰਨਲ ਡਿਫੈਂਸ ਮਨਿਸਟਰ, ਸ਼੍ਰੀ ਪ੍ਰਣਬ ਮੁਖਰਜੀ ਜੀ ਇੱਥੇ ਆਏ ਸੀ ਤਾਂ ਉਦੋਂ ਕਿਸੇ ਸਾਡੇ ਸਤਿਕਾਰਯੋਗ ਸ਼ਖਸ ਨੇ ਵਡਾਲਾ ਸਾਹਿਬ ਨੂੰ ਉਨ੍ਹਾਂ ਨਾਲ ਮਿਲਣ ਹੀ ਨਹੀਂ ਦਿੱਤਾ ਸੀ ਕਿ ਇਹ ਕਰਤਾਰਪੁਰ ਲਾਂਘੇ ਦੀ ਗੱਲ ਨਾ ਕਰ ਲੈਣ। ਉਨ੍ਹਾਂ ਦਾ ਵੀ ਇਸ ਵਿਚ ਜ਼ਿਕਰ ਹੋਣਾ ਚਾਹੀਦਾ ਹੈ ਪਰ ਉਹ ਲੋਕ ਸਿਰਫ ਰਾਜਨੀਤੀ ਕਰਦੇ ਰਹੇ। ਜਿਨ੍ਹਾਂ ਲੋਕਾਂ ਨੇ ਧਰਮ ਦੇ ਨਾਂਅ ਤੇ ਰਾਜਨੀਤੀ ਕੀਤੀ, ਉਹ ਮਾੜਾ ਹੋਇਆ। ਜਿਹੜਾ ਸੀ.ਐਮ. ਸਾਹਿਬ ਕਹਿੰਦੇ ਹਨ ਕਿ ਦੇਸ਼ ਪਹਿਲਾਂ, ਧਰਮ ਬਾਅਦ ਵਿਚ । ਸਰ, ਸਾਡਾ ਧਰਮ ਦੇਸ਼ ਭਗਤੀ ਸਿਖਾਉਂਦਾ ਹੈ...

**ਮਾਨਯੋਗ ਸਪੀਕਰ :** ਸਰਦਾਰ ਕੁਲਤਾਰ ਸਿੰਘ ਜੀ ਬੈਠੋ। ਹਾਂ ਜੀ, ਚੰਦੂਮਾਜਰਾ ਸਾਹਿਬ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਇੱਕ ਗੱਲ ਕਰ ਲੈਣ ਦਿਓ। ਮੇਰਾ ਬੇਟਾ ਹਰਰੂਪ ਗਿਆਰਾਂ ਸਾਲਾਂ ਦਾ ਹੈ। ਉਸ ਨੇ ਮੈਨੂੰ ਇੱਕ ਗੱਲ ਕਹੀ ਕਿ ਪਾਪਾ ਬ੍ਰਿਟਿਸ਼ ਨੇ ਸਾਨੂੰ ਵੰਡ ਦਿੱਤਾ, ਆਪਾਂ ਯੂਨਾਈਟ ਨਹੀਂ ਹੋ ਸਕਦੇ? ਉਸ ਵੇਲੇ ਮੇਰੀਆਂ ਅੱਖਾਂ ਭਰ ਆਈਆਂ, ਮੈਂ ਉਸ ਨੂੰ ਉਸ ਵਕਤ ਕੁਝ ਨਹੀਂ ਕਹਿ ਸਕਦਾ ਸੀ I was just crying. ਮੈਂ ਇੱਕੋ ਬੇਨਤੀ ਕਰਦਾ ਹਾਂ ਕਿ ਜਦੋਂ ਇਸ ਸਦਨ ਵੱਲੋਂ ਕੋਈ ਸੁਨੇਹਾ ਜਾਵੇ, ਉਹ ਪਿਆਰ ਦਾ ਸੁਨੇਹਾ ਹੀ ਜਾਵੇ। ਦੂਜੀਆਂ ਗੱਲਾਂ ਕਰਨ ਲਈ ਤਾਂ ਸਾਡੀਆਂ ਡਿਫੈਂਸ ਫੋਰਸਿਜ਼ ਹਨ। ਸਰ, ਤੁਹਾਡਾ ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਸਨੌਰ) :** ਧੰਨਵਾਦ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਬੜੇ ਖੁਸ਼ ਅਤੇ ਅਜ਼ੀਮ ਪਲ ਹਨ। ਜਦੋਂ ਲੰਮੇ ਸਮੇਂ ਦੀਆਂ ਅਰਦਾਸਾਂ ਨੂੰ ਬੂਰ ਪਿਆ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ। ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ 18 ਸਾਲ ਬਿਤਾਏ ਅਤੇ ਕਿਰਤ ਦਾ ਸਿਧਾਂਤ ਲੋਕਾਈ ਨੂੰ ਦਿੱਤਾ। ਇਸ ਦੇ ਨਾਲ-ਨਾਲ ਮੈਂ ਸਮਝਦਾ ਹਾਂ ਕਿ ਇਹ ਲੰਮੇ ਸਮੇਂ ਦੀਆਂ ਇੱਛਾਵਾਂ ਪੂਰੀਆਂ ਹੋਈਆਂ ਹਨ। ਹਰ ਨਾਨਕ ਨਾਮ ਲੇਵਾ ਦੇ ਮਨਾਂ ਵਿੱਚ ਖੁਸ਼ੀ ਅਤੇ ਚਾਅ ਦਾ ਮਾਹੌਲ ਹੈ।

ਉੱਥੇ ਹੀ ਜਿਹੜੇ ਸ਼ੰਕੇ ਮਾਨਯੋਗ ਸੀ.ਐਮ. ਸਾਹਿਬ ਨੇ ਪ੍ਰਗਟ ਕੀਤੇ ਹਨ, ਭਾਵੇਂ ਆਪਣੇ ਫੌਜੀ ਨਜ਼ਰੀਏ ਨਾਲ ਪ੍ਰਗਟ ਕੀਤੇ ਹਨ ਪਰ ਮਾਨਯੋਗ ਮੁੱਖ ਮੰਤਰੀ ਸਾਹਿਬ ਮੈਂ ਤੁਹਾਡੇ ਜ਼ਰੀਏ ਇਸ ਪੂਰੇ ਸਦਨ ਦੇ ਸਾਹਮਣੇ ਇੱਕ ਗੱਲ ਰੱਖਣਾ ਚਾਹੁੰਦਾ ਹਾਂ ਕਿ ਇਹ ਕੇਸ ਬਾਕੀ ਕੇਸਾਂ ਨਾਲੋਂ ਵੱਖਰਾ ਹੈ ਕਿਉਂਕਿ ਪਹਿਲੀ ਗੱਲ ਵੇਰਕਾ ਸਾਹਿਬ ਨੇ ਠੀਕ ਕਿਹਾ ਹੈ ਕਿ ਗੁਰੂ ਨਾਨਕ ਦੇਵ ਸਾਹਿਬ ਨੂੰ ਜਿਵੇਂ ਆਪਾਂ ਗੁਰੂ ਮੰਨਦੇ ਹਾਂ ਉਸੇ ਤਰ੍ਹਾਂ ਮੁਸਲਮਾਨ ਭਾਈਚਾਰਾ ਵੀ ਉਨ੍ਹਾਂ ਨੂੰ ਆਪਣਾ ਪੀਰ ਮੰਨਦਾ ਹੈ। ਜਦੋਂ ਕਦੇ ਕਰਤਾਰਪੁਰ ਸਾਹਿਬ ਜਾਓ ਤਾਂ ਦੇਖਦੇ ਹਾਂ ਕਿ ਉੱਥੋਂ ਦੇ ਲੋਕ ਕਿੰਨੇ ਨਿਸ਼ਚੇ ਨਾਲ, ਕਿੰਨੇ ਚਾਅ ਨਾਲ ਉੱਥੇ ਸੇਵਾ ਕਰਦੇ ਹਨ, ਬੜੀ ਸ਼ਰਧਾ ਨਾਲ ਸੇਵਾ ਕਰਦੇ ਹਨ। ਦੂਜੀ ਗੱਲ, ਮੈਂ ਸਮਝਦਾ ਹਾਂ ਕਿ ਜਿਵੇਂ ਸੀ.ਐਮ ਸਾਹਿਬ ਨੇ ਕਿਹਾ ਹੈ ਕਿ ਉਹ ਆਪਾਂ ਨੂੰ ਠੋਕਦੇ ਹਨ, ਆਪਾਂ ਉਨ੍ਹਾਂ ਤੇ ਠੋਕਦੇ ਹਾਂ। ਸਰ, ਇਹੋ ਚੀਜ਼ ਬੰਦ ਕਰਨ ਦੀ ਜ਼ਰੂਰਤ ਹੈ, ਦੋਵਾਂ ਪੰਜਾਬਾਂ ਨੂੰ ਇਸ ਚੀਜ਼ ਦੀ ਜ਼ਰੂਰਤ ਹੈ। ਮੈਂ ਸਮਝਦਾ ਹਾਂ ਕਿ ਇਹ ਕਾਰੀਡੋਰ ਦੋਨਾਂ ਦੇਸ਼ਾਂ ਨੂੰ ਜੋੜੇਗਾ, ਸਾਡਾ ਦਿਲ ਜੋੜੇਗਾ, ਸਾਡੀਆਂ ਤੰਦਾਂ ਜੋੜੇਗਾ। ਇਹ ਦੋਨਾਂ ਮੁਲਕਾਂ ਦੇ

ਵਿਚ ਅਮਨ ਦਾ ਪੈਗਾਮ ਲੈ ਕੇ ਜਾਵੇਗਾ। ਵੇਰਕਾ ਸਾਹਿਬ ਨੇ ਬੜੇ ਸ਼ੇਅਰ ਪੜ੍ਹੇ, ਪਰ ਮੇਰੇ ਤਾਂ ਜ਼ਿਆਦਾਤਰ ਉਤੋਂ ਦੀ ਲੰਘ ਗਏ। ਲੇਕਿਨ ਇੱਕ ਸਿਧਾਂਤ ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ ਉਹ ਹੈ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ। ਸਰਬੱਤ ਦਾ ਭਲਾ ਲੋਚਣ ਵਾਲੇ ਇਹ ਕਾਰੀਡੋਰ ਉਸ ਸਿਧਾਂਤ ਦੀ ਆਪਣੇ ਆਪ ਵਿਚ ਇੱਕ ਤਸਵੀਰ ਬਣੇਗਾ।

ਸਪੀਕਰ ਸਾਹਿਬ, ਦੂਸਰੀ ਗੱਲ, ਮੈਂ ਸਮਝਦਾ ਹਾਂ ਕਿ ਇਹ ਸਾਡੀ ਤ੍ਰਾਸਦੀ ਹੈ ਕਿ ਜਦੋਂ ਸਾਡੇ ਮੁਲਕ ਦੀ ਵੰਡ ਹੋਈ ਤਾਂ ਕਰਤਾਰਪੁਰ ਸਾਹਿਬ ਵਰਗੀ ਧਰਤੀ ਦਾ ਉੱਧਰ ਰਹਿਣਾ ਇਹ ਅਣਗਹਿਲੀ ਨਹੀਂ ਸੀ ਬਲਕਿ ਇੱਕ ਨਲਾਇਕੀ ਸੀ। ਇਸ ਨਲਾਇਕੀ ਦਾ ਵੀ ਕੁਦਰਤੀ ਰੂਪ ਵਿਚ ਰੋਸ ਜਤਾਉਂਦਿਆਂ ਹੋਇਆਂ ਅਸੀਂ ਇਸ ਮਤੇ ਦਾ ਧੰਨਵਾਦ ਕਰਦੇ ਹਾਂ । ਉੱਥੇ ਹੀ ਜਿਹੜੀ ਗੱਲ ਫੌਜ ਦੀ ਕੀਤੀ ਹੈ, ਪਾਕਿਸਤਾਨੀ ਆਰਮੀ ਦੀ ਗੱਲ ਕੀਤੀ ਗਈ ਹੈ ਕਿ ਉੱਥੋਂ ਦੀ ਆਰਮੀ ਕੀ ਸੋਚਦੀ ਹੈ, ਕੀ ਨਹੀਂ ਸੋਚਦੀ। ਉੱਥੋਂ ਦੇ ਜਰਨਲ ਕੀ ਸੋਚਦੇ ਹਨ, ਇਹ ਸਾਰੇ ਹਿੰਦੁਸਤਾਨ ਵਿਚ ਸਿਰਫ ਇੱਕ ਬੰਦੇ ਨੂੰ ਪਤਾ ਹੈ ਕਿ ਕੀ ਸੋਚਦੇ ਹਨ, ਜਿਸ ਨਾਲ ਜ਼ਿਆਦਾ ਨਜ਼ਦੀਕੀਆਂ ਹੋਈਆਂ ਹੋਣ, ਕੰਨਾਂ ਵਾਟੀ ਘੁਰਰ ਹੋਈ ਹੋਵੇ। ਸੀ.ਐਮ. ਸਾਹਿਬ ਇਹ ਕੁਲੈਕਟਿਵ ਰਿਸਪਾਂਸੇਬਿਲਟੀ ਹੁੰਦੀ ਹੈ, ਇੱਕ ਕੈਬਨਿਟ ਦੀ ਕੁਲੈਕਟਿਵ ਰਿਸਪਾਂਸੇਬਿਲਟੀ ਹੁੰਦੀ ਹੈ। From the CM to the Ministers ਹਰ ਕੈਬਨਿਟ ਦੀ ਇੱਕ ਅਵਾਜ਼ ਤੇ ਕੁਲੈਕਟਿਵ ਰਿਸਪਾਂਸੇਬਿਲਟੀ ਹੁੰਦੀ ਹੈ।

**Mr. Speaker:** Thank you.

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸੋ, ਮਾਨਯੋਗ ਮੰਤਰੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਦੇ ਵਿਚਾਰ ਇੱਕ ਹੋਣੇ ਚਾਹੀਦੇ ਹਨ। ਸਪੀਕਰ ਸਾਹਿਬ, ਮੇਰੀ ਲਾਸਟ ਬੇਨਤੀ ਹੈ ਕਿ ਹਰ ਲਫਜ਼, ਹਰ ਅੱਖਰ ਇਸ ਤਰ੍ਹਾਂ ਦਾ ਬੋਲਿਆ ਜਾਵੇ ਜਿਹੜਾ ਘੱਟੋ-ਘੱਟ ਇਸ ਮਸਲੇ ਦੇ ਵਿੱਚ ਰੁਕਾਵਟ ਨਾ ਬਣ ਸਕੇ ਅਤੇ ਸਿਰੇ ਚੜ੍ਹ ਸਕੇ।

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਹਰਮਿੰਦਰ ਸਿੰਘ ਗਿੱਲ ....(ਵਿਘਨ).... ਬੈਠੋ ਬੈਠੋ, ਹੋ ਗਿਆ ....(ਵਿਘਨ)....

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ...(ਵਿਘਨ)...

**ਮਾਨਯੋਗ ਸਪੀਕਰ :** ਚੰਦੂਮਾਜਰਾ ਸਾਹਿਬ ਹੋ ਗਿਆ, ਹੁਣ ਹੋ ਗਿਆ। ਸਾਰੀਆਂ ਪਾਰਟੀਆਂ ਦਾ ਵਿਊ ਆ ਗਿਆ। ਤੁਸੀਂ ਬੈਠੋ। ਸਰਦਾਰ ਸੁਖਬੀਰ ਸਿੰਘ ਜੀ, ਤੁਸੀਂ ਬੋਲਣਾ ਹੈ। ਹਾਂ ਜੀ, ਸਰਦਾਰ ਸੁਖਬੀਰ ਸਿੰਘ ਹੁਰਾਂ ਨੂੰ ਅਕਾਲੀ ਦਲ ਵੱਲੋਂ ਬੋਲ ਲੈਣ ਦਿਓ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਠੀਕ ਹੈ, ਸਰ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼ ਬੋਲਣ ਲਈ ਖੜ੍ਹੇ ਸਨ।)

**ਸਰਦਾਰ ਸੁਖਬੀਰ ਸਿੰਘ ਬਾਦਲ :** ਮੈਂ ਬੋਲਾਂ? ਪਹਿਲਾਂ ਬੀ.ਜੇ.ਪੀ. ਵਾਲਿਆਂ ਨੂੰ ਬੋਲ ਲੈਣ ਦਿਓ।

**ਮਾਨਯੋਗ ਸਪੀਕਰ :** ਸਰਦਾਰ ਸੁਖਬੀਰ ਸਿੰਘ, ਤੁਸੀਂ ਬੋਲੋ। (ਵਿਘਨ) ਜ਼ਰਾ, ਇਨ੍ਹਾਂ ਨੂੰ ਬੋਲ ਲੈਣ ਦਿਓ। (ਵਿਘਨ) ਤੁਸੀਂ ਬੈਠੋ ਜੀ। ਬਹਿ ਜਾਓ, ਬਹਿ ਜਾਓ। ਬੈਠੋ ਜ਼ਰਾ, ਬਾਦਲ ਸਾਹਿਬ ਨੂੰ ਬੋਲਣ ਦਿਓ।

**ਸਰਦਾਰ ਸੁਖਬੀਰ ਸਿੰਘ ਬਾਦਲ (ਜਲਾਲਾਬਾਦ) :** ਸਪੀਕਰ ਸਾਹਿਬ, ਜਿਹੜਾ ਮਤਾ ਲਿਆਂਦਾ ਗਿਆ ਹੈ, ਇਹ ਬੜਾ ਹਿਸਟੌਰਿਕ ਮਤਾ ਹੈ। ਅਸੀਂ ਸਾਰੇ ਯੂਨਾਨੀਮਸਲੀ ਇਸ ਦੀ ਸਪੋਰਟ ਕਰਦੇ ਹਾਂ। ਮੈਂ ਕਹਿੰਦਾ ਹਾਂ ਕਿ ਸਾਰਿਆਂ ਦੀਆਂ ਅਰਦਾਸਾਂ ਪੂਰੀਆਂ ਹੋਈਆਂ ਹਨ। ਸ਼ੁਰੂ ਤੋਂ ਲੈ ਕੇ ਅੱਜ ਤੱਕ ਹਰ ਗੁਰੂ ਘਰ ਵਿੱਚ ਇਹੀ ਅਰਦਾਸ ਹੁੰਦੀ ਸੀ, ਹਰ ਅਰਦਾਸ ਵਿੱਚ ਇਹੀ ਨਾਮ ਲਿਆ ਜਾਂਦਾ ਸੀ ਕਿ ਲਾਂਘਾ ਖੋਲ੍ਹਿਆ ਜਾਵੇ। ਸਪੀਕਰ ਸਾਹਿਬ, ਮੈਂ ਕਰੈਡਿਟ ਵਾਰ ਵਿੱਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਹਰ ਬੰਦਾ ਆਪਣਾ ਨਾਮ ਲੈ ਲੈਂਦਾ ਹੈ ਕਿਉਂਕਿ ਇਹ ਖੁਸ਼ੀ ਦਾ ਮੌਕਾ ਹੈ, ਇਹ ਸਾਰੀ ਕੌਮ ਵਾਸਤੇ ਹੈ। ਮੈਂ ਮੁੱਖ ਮੰਤਰੀ ਜੀ ਨੂੰ ਇੱਕ ਗੱਲ ਜ਼ਰੂਰ ਕਹਿਣਾ ਚਾਹਾਂਗਾ ਕਿ ਇਹ ਚੰਗਾ ਕਾਰਜ ਸ਼ੁਰੂ ਹੋਇਆ ਹੈ, ਆਪਾਂ ਇਸ ਵਿੱਚ ਕੋਈ ਨੈਗੇਟੀਵਿਟੀ ਨਾ ਕਰੀਏਟ ਕਰੀਏ ਕਿਉਂਕਿ ਰੀਜ਼ਨ ਇਹ ਹੈ ਕਿ ਜਿਸ ਨੇ ਟੈਰੋਰਿਜ਼ਮ ਕਰਨਾ ਹੈ, ਉਸ ਨੂੰ ਨਾ ਆਪਾਂ ਰੋਕ ਸਕਦੇ ਹਾਂ, ਨਾ ਕੋਈ ਹੋਰ ਰੋਕ ਸਕਦਾ ਹੈ। ਪਹਿਲੀ ਗੱਲ ਟੈਰੋਰਿਸਟ ਦਾ ਕੋਈ ਧਰਮ ਨਹੀਂ ਹੈ। ਉਸ ਨੂੰ ਗੁਰੂ ਘਰ ਦੀ, ਮਸਜਿਦ ਦੀ, ਗੁਰਦੁਆਰਾ ਸਾਹਿਬ ਦੀ ਕੋਈ ਪਰਵਾਹ ਨਹੀਂ, ਉਸ ਦੇ ਵਾਸਤੇ ਮਿਸ਼ਨ ਹੀ ਹੋਰ ਹੈ। ਟੈਰੋਰਿਜ਼ਮ ਕਿੰਨੀ ਦੇਰ ਦਾ ਚੱਲ ਰਿਹਾ ਹੈ, ਜੰਮੂ ਕਸ਼ਮੀਰ ਵਿੱਚ ਵੀ ਚੱਲ ਰਿਹਾ ਹੈ। ਪਾਕਿਸਤਾਨ ਸ਼ਰ੍ਹੇਆਮ ਕਰਵਾ ਰਿਹਾ ਹੈ। ਇਹ ਸਾਜਿਸ਼ ਤਾਂ ਚੱਲਦੀ ਰਹਿਣੀ ਹੈ ਪਰ ਇਹ ਹਿਸਟੌਰਿਕ ਲਾਂਘਾ ਬਣਿਆ ਹੈ, ਡਿਸਟਰੱਸਟ ਦਾ ਇੰਪਰੈਸ਼ਨ ਨਾ ਜਾਵੇ, ਜਿਸ ਕਰਕੇ ਲਾਂਘਾ ਬਣਨ ਤੇ ਹੀ ਕੋਈ ਰੁਕਾਵਟਾਂ ਆਉਣ ਲੱਗ ਜਾਣ। ਮੇਰੀ ਬੇਨਤੀ ਹੈ ਕਿ ਅੱਜ ਵੀ ਵਾਹਘਾ ਬਾਰਡਰ ਖੁੱਲ੍ਹਾ ਹੈ, ਹਜ਼ਾਰਾਂ ਵਿੱਚ ਸੰਗਤਾਂ ਜਾਂਦੀਆਂ ਹਨ ਅਤੇ ਹਜ਼ਾਰਾਂ ਵਿੱਚ ਵਾਪਸ ਆਉਂਦੀਆਂ ਹਨ, ਟਰੱਕ ਜਾਂਦੇ ਹਨ, ਗੱਡੀਆਂ ਜਾਂਦੀਆਂ ਹਨ, ਨਾਲ ਹੀ ਹੈ,ਉਹ ਆਪਾਂ ਕੰਟਰੋਲ

[ ਸਰਦਾਰ ਸੁਖਬੀਰ ਸਿੰਘ ਬਾਦਲ ]

ਕਰੀ ਜਾਂਦੇ ਹਾਂ। ਇਹ ਤਾਂ ਇੱਕ ਛੋਟਾ ਜਿਹਾ ਲਾਂਘਾ ਹੈ, ਜਿਹੜਾ ਪੂਰਾ secure ਹੋਣਾ ਹੈ। ਵੀਜ਼ੇ ਤੋਂ ਬਗੈਰ, ਸਪੈਸ਼ਲ ਪਰਮਿਸ਼ਨ ਤੋਂ ਬਗੈਰ ਨਾ ਕੋਈ ਜਾ ਸਕੇ ਅਤੇ ਨਾ ਆ ਸਕੇ ਅਤੇ 90%, may be 99%, may be 100% ਲੋਕ ਪੰਜਾਬ ਤੋਂ ਹੀ ਜਾਣਗੇ ਅਤੇ ਦਰਸ਼ਨ ਕਰਕੇ ਉਹੀ ਵਾਪਸ ਆਉਣਗੇ। ਉਨ੍ਹਾਂ ਦਾ ਬੰਦਾ ਕੋਈ ਆਉਣਾ ਨਹੀਂ। ਜੇ ਗਿਆ ਤਾਂ ਉਥੇ ਸਕਰੂਟਨੀ ਹੋ ਜਾਣੀ ਹੈ। ਮੈਨੂੰ ਲੱਗਦਾ ਹੈ ਸਿਸਟਮ ਪੂਰਾ ਫੂਲ ਪਰੂਫ ਹੋਵੇਗਾ। Government of India will ensure ਭਾਵੇਂ ਪਾਕਿਸਤਾਨ ਗੌਰਮਿੰਟ ਨਾ ਐਨਸ਼ੋਅਰ ਕਰੇ ਪਰ Govt. of India will ensure ਕਿ ਇਹ ਫੂਲ ਪਰੂਫ ਹੋਵੇ ਕਿਉਂਕਿ ਸਾਰਿਆਂ ਵਾਸਤੇ ਵੀ Indian security is utmost important for Govt. of India and for the people for us. ਪੰਜਾਬ ਸਰਕਾਰ ਅਤੇ ਗੌਰਮਿੰਟ ਆਫ ਇੰਡੀਆ ਇਕੱਠੇ ਬੈਠ ਕੇ ਸਕਿਉਰਿਟੀ ਸਿਸਟਮ ਬਣਾ ਦੇਣ ਪਰ ਆਪਾਂ ਜੋ ਅੱਜ ਮਤਾ ਪਾਸ ਕਰ ਰਹੇ ਹਾਂ, ਮੈਂ ਉਸ ਦੇ ਵਿੱਚ ਦੋ ਚਾਰ ਚੀਜ਼ਾਂ ਹੋਰ ਐਡ ਕਰਵਾਉਣਾ ਚਾਹੁੰਦਾ ਹਾਂ। ਮੈਂ ਸੈਂਟਰ ਦੀ ਸਰਕਾਰ, ਮੋਦੀ ਸਾਹਿਬ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿਉਂਕਿ ਉਨ੍ਹਾਂ ਨੇ 550 ਸਾਲਾ ਪ੍ਰਕਾਸ਼ ਉਤਸਵ ਤੇ ਕਈ ਵੱਡੇ ਫੈਸਲੇ ਲਏ ਹਨ, ਇਹੋ ਜਿਹੇ ਡਿਸੀਜ਼ਨ ਲਏ ਹਨ, which have very big impact. ਜਿਵੇਂ ਸੈਂਟਰ ਸਰਕਾਰ ਨੇ ਫੈਸਲਾ ਕਰ ਲਿਆ, ਗੁਰੂ ਨਾਨਕ ਪਾਤਸ਼ਾਹ ਦੀ ਜਿਹੜੀ ਬਾਣੀ ਹੈ, ਉਸ ਨੂੰ ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਕੇਂਦਰ ਸਰਕਾਰ ਟਰਾਂਸਲੇਟ ਕਰਵਾ ਕੇ ਦੇਵੇਗੀ। (ਥੰਪਿੰਗ) ਤੁਸੀਂ ਦੇਖ ਲਵੋ ਕਿ ਉਸ ਦਾ ਕਿੰਨਾ ਵੱਡਾ ਇੰਪੈਕਟ ਹੋਵੇਗਾ। ਭਾਵੇਂ ਚਾਈਨੀਜ਼ ਹੈ, ਭਾਵੇਂ ਰਸ਼ੀਅਨ ਹੈ, ਭਾਵੇਂ ਇਟਾਲੀਅਨ ਹੈ। ਉਹ ਸਾਰੀਆਂ ਬੋਲੀਆਂ ਵਿੱਚ ਹੋਵੇਗੀ। ਹਰ ਹਿੰਦੁਸਤਾਨ ਦੀ ਲੈਂਗੂਏਜ਼ ਵਿੱਚ ਗੁਰਬਾਣੀ ਨੂੰ ਟਰਾਂਸਲੇਟ ਕੀਤਾ ਜਾਵੇਗਾ। ਸੋ, ਦੇਖੋ ਇੱਕ ਬਹੁਤ ਵੱਡਾ ਫੈਸਲਾ ਹੈ। ਇੱਕ ਜਿਹੜੀ ਵੱਡੀ ਗੱਲ ਹੈ, ਸਾਰੀ ਦੁਨੀਆਂ ਵਿੱਚ ਜਿਥੇ ਵੀ ਇੰਡੀਅਨ ਅਬੈਂਸੀਜ਼ ਹਨ, ਉਥੇ ਆਫੀਸ਼ੀਅਲ ਤਰੀਕੇ ਨਾਲ ਦਿਨ ਮਨਾਇਆ ਜਾਵੇਗਾ, ਬੜੀ ਧੂਮ-ਧਾਮ ਨਾਲ ਮਨਾਇਆ ਜਾਵੇਗਾ। ਇਸ ਦਾ ਮਤਲਬ ਜਦੋਂ ਅਬੈਂਸੀਜ਼ ਵਿੱਚ ਮਨਾਇਆ ਜਾਵੇਗਾ ਤਾਂ ਉਨ੍ਹਾਂ ਦੇ Ministers, Presidents will participate in these functions. ਦੇਖੋ ਦੁਨੀਆਂ ਵਿੱਚ ਸੈਲੀਬਰੇਸ਼ਨਜ਼ ਕੀਤੀ ਜਾਵੇਗੀ। ਹਿੰਦੁਸਤਾਨ ਵਿੱਚ ਵੀ ਸਾਰੀਆਂ ਸਟੇਟਾਂ ਵਿੱਚ, ਸਾਰੀਆਂ ਗੌਰਮਿੰਟਸ ਨੂੰ ਰਿਕੁਐਸਟ ਕੀਤੀ ਗਈ ਹੈ ਕਿ ਇਹ ਸਾਰਾ ਕੀਤਾ ਜਾਵੇ। ਜਿਵੇਂ ਸੁਲਤਾਨਪੁਰ ਲੋਧੀ ਵਾਸਤੇ ਹੈਰੀਟੇਜ ਸਿਟੀ ਦਾ ਐਲਾਨ ਕੀਤਾ ਹੈ and I have spoken to the Prime Minister, he has said that the funds are not the constraint. ਜੋ ਉਹ ਫੰਡਜ਼ ਕਹਿਣਗੇ ਤਾਂ ਸਿੱਧੂ ਸਾਹਿਬ ਜਦੋਂ ਵੀ ਸਾਡੀ ਲੋੜ ਪਵੇ ਤਾਂ ਅਸੀਂ ਤੁਹਾਡੇ ਨਾਲ ਜਾਣ ਨੂੰ ਤਿਆਰ ਹਾਂ ਕਿਉਂਕਿ ਇਹ ਗੁਰੂ ਦੀ ਸੇਵਾ ਦਾ ਕੰਮ ਹੈ। ਇਸ ਵਾਸਤੇ there should not be any politics. ਆਪਾਂ ਹੈਰੀਟੇਜ ਸਿਟੀ ਨੂੰ ਵਧੀਆ ਡਿਵੈਲਪ ਕਰੀਏ।

ਜਿਸ ਤਰ੍ਹਾਂ ਸਮਾਰਟ ਸਿਟੀ ਦੀ ਗੱਲ ਆਈ ਸੀ, ਜੋ ਉਦੋਂ ਪ੍ਰਾਈਮ ਮਨਿਸਟਰ ਨਾਲ ਮੀਟਿੰਗ ਹੋਈ ਸੀ ਉਸ ਵਿੱਚ ਮੈਂ ਵੀ ਹਾਜ਼ਰ ਸੀ this city will be developed on the lines of smart city. ਜੋ ਫੈਸਿਲਟੀਜ਼ ਉਥੇ ਹਨ ਉਹ ਸਾਰੀਆਂ ਹੀ ਦੇਣੀਆਂ ਹਨ ਲੇਕਿਨ ਕਿਉਂਕਿ ਇਸ ਬਾਰੇ ਪਰਪੋਜ਼ਲਜ਼ ਪੰਜਾਬ ਗੌਰਮਿੰਟ ਵੱਲੋਂ ਜਾਣੇ ਹਨ, Punjab Government and Govt of India will play a very equal role because ਪਰਪੋਜਲਜ਼ ਇਥੋਂ ਜਾਣੀਆਂ ਹਨ, ਜਿਉਂ ਜਿਉਂ ਇਥੋਂ ਪਰਪੋਜਲਜ਼ ਜਾਣ I think we will all participate in fulfilling that ਇੱਕ ਜਿਹੜਾ ਪਿੰਡ ਬਾਬੇ ਨਾਨਕ ਦਾ ਬਣਾਇਆ ਹੈ, ਉਹ ਐਟਰੈਕਸ਼ਨ ਇਹੋ ਜਿਹੀ ਬਣ ਜਾਣੀ ਹੈ I think that will be a very big attraction around the world. ਮੈਂ ਕਹਿੰਦਾ ਹਾਂ ਕਿ ਇਹੋ ਜਿਹਾ ਪਰਪੋਜਲ ਬਣਾਉ, ਇਹੋ ਜਿਹਾ ਬੈਸਟ ਕੰਸੈਪਟ ਡਿਜ਼ਾਈਨਰ ਜਿਵੇਂ ਮੈਨੂੰ ਲੱਗਦਾ ਹੈ ਕਿ Punjab Government should also take active part in it, Government of India will also take active part in it, whichever party is concerned should be part in it, ਕਿਉਂਕਿ ਇਹ ਇਕ ਹਿਸਟਾਰਿਕ ਆਪਰਚੂਨਿਟੀ ਹੈ and I personally feel that we all in politics should do, ਜਿਥੇ ਸਾਡੀ ਲੋੜ ਪਵੇ, ਸਾਨੂੰ ਜਾਣਾ ਪਵੇ, ਸਾਡੀ ਪਾਰਟੀ ਦੀ ਲੋੜ ਪਵੇ, ਆਮ ਆਦਮੀ ਪਾਰਟੀ ਦੀ ਲੋੜ ਪਵੇ, ਕਿਤੇ ਵੀ ਜਾਣਾ ਹੈ we should all unanimously work together on this onerous project and celebrate it and ਜਿਹੜੀਆਂ ਚੀਜ਼ਾਂ ਪ੍ਰਾਈਮ ਮਨਿਸਟਰ, ਗੌਰਮਿੰਟ ਆਫ ਇੰਡੀਆ ਨੇ ਕੀਤੀਆਂ ਹਨ, ਇਹ ਵੀ ਐਡ ਕਰਕੇ ਇਸ ਧੰਨਵਾਦ ਮਤੇ ਵਿਚ ਪਾਏ ਜਾਣ। ਧੰਨਵਾਦ।

**ਸ਼੍ਰੀ ਕੰਵਰ ਸੰਧੂ (ਖਰੜ) :** ਸਪੀਕਰ ਸਾਹਿਬ, ਅੱਜ ਬਹੁਤ ਅਹਿਮ ਮਤਾ ਹਾਊਸ ਵਿਚ ਆਇਆ ਹੈ ਔਰ ਮੇਰਾ ਖਿਆਲ ਹੈ ਕਿ ਸਾਰਾ ਹਾਊਸ ਇਸ ਦਾ ਸਮਰਥਨ ਕਰਦਾ ਹੈ ਪਰ ਮੈਨੂੰ ਥੋੜ੍ਹਾ ਜਿਹਾ ਅਫਸੋਸ ਹੈ ਕਿ ਜਦੋਂ ਤੋਂ ਇਹ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣਾ ਸ਼ੁਰੂ ਹੋਇਆ ਹੈ ਉਦੋਂ ਤੋਂ ਹੀ ਇਸ ਉਪਰ ਕਿੰਤੂ-ਪਰੰਤੂ ਹੋ ਰਹੀ ਸੀ। ਅੱਜ ਇਹ ਮਤਾ ਪੇਸ਼ ਕਰਨ ਲੱਗਿਆਂ ਵੀ ਸੀ.ਐਮ.ਸਾਹਿਬ ਨੇ ਅੱਜ ਫਿਰ ਕੁਝ ਕਿੰਤੂ-ਪਰੰਤੂ ਕੀਤੀ। ਜੇ ਤੁਸੀਂ ਇਸ ਮਤੇ ਦੇ ਵਿੱਚ ਵੀ ਦੋ ਲਾਸਟ ਲਾਈਨਾਂ ਪੜ੍ਹ ਲਈਏ "while ensuring that hard earned peace of Punjab is not disturbed in any manner". ਮਤਲਬ ਜਦੋਂ ਕਿਸੇ ਹਾਊਸ ਵਿਚ ਮਤਾ ਪਾਸ ਜਾਂ ਪੇਸ਼ ਹੁੰਦਾ ਹੈ ਤਾਂ

[ ਸ਼੍ਰੀ ਕੰਵਰ ਸੰਧੂ ]
ਉਦੋਂ ਇਹੋ ਜਿਹੀਆਂ ਜਿਹੜੀਆਂ ਰਿਸਟ੍ਰਕਸਨਜ਼ ਜਾਂ ਚੀਜ਼ਾਂ ਹਨ ਉਹ ਉਸ ਵਿਚ ਨਹੀਂ ਆਉਣੀਆਂ ਚਾਹੀਦੀਆਂ। ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਕਿਹਾ ਕਿ ਜੋ ਉਨ੍ਹਾਂ ਦੀ ਸਟੇਟਮੈਂਟ ਸੀ, ਉਸ ਉੱਤੇ ਕਿੰਤੂ-ਪਰੰਤੂ ਹੋਇਆ, ਸੀ.ਐਮ. ਸਾਹਿਬ ਕਿੰਤੂ-ਪਰੰਤੂ ਇਸ ਕਰਕੇ ਹੋ ਗਿਆ ਕਿਉਂਕਿ ਤੁਸੀਂ ਸਿਲੈਕਟਿਵ ਮੈਮੋਰੀ ਦਾ ਇਸਤੇਮਾਲ ਕਰ ਰਹੇ ਹੋ । ਤੁਸੀਂ ਕਸ਼ਮੀਰ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਅੱਜ ਪਾਕਿਸਤਾਨ ਦੇ ਪ੍ਰਧਾਨ ਮੰਤਰੀ, ਸ਼੍ਰੀ ਇਮਰਾਨ ਖਾਨ ਨੇ ਕਹਿ ਦਿੱਤਾ ਹੈ ਕਿ ਕਸ਼ਮੀਰ ਸਾਡਾ ਹੈ। ਕੀ ਇਹ ਕੋਈ ਨਵੀਂ ਗੱਲ ਹੈ? ਕੀ ਅੱਜ ਤੱਕ ਦੇ ਲਗਾਤਾਰ ਜਿਹੜੇ ਉਥੋਂ ਦੇ ਪ੍ਰਧਾਨ ਮੰਤਰੀ ਹਨ ਕੀ ਉਹ ਇਹ ਚੀਜ਼ ਨਹੀਂ ਕਹਿੰਦੇ ਰਹੇ ? ਅੱਜ ਆਪਣੇ ਐਲ.ਓ.ਸੀ. ਦੀ ਫਾਇਰਿੰਗ ਦੀ ਗੱਲ ਆ ਗਈ, ਆਈ.ਬੀ.ਦੀ ਗੱਲ ਆ ਗਈ, ਕੀ ਇਹ ਫਾਇਰਿੰਗ ਜਿਹੜੀ ਹੈ ਇਹ 1970, 1980, 1990 ਦੇ ਦਹਾਕੇ ਤੋਂ ਨਹੀਂ ਚੱਲ ਰਹੀ ? ਕੀ ਜਿਸ ਵੇਲੇ ਆਪਾਂ ਸ਼੍ਰੀ ਪਰਵੇਜ਼ ਇਲਾਹੀ ਸਾਹਿਬ ਨਾਲ ਗੱਲਬਾਤ ਕੀਤੀ, ਜਦੋਂ ਦੋਵਾਂ ਪਾਕਿਸਤਾਨ ਦੀਆਂ ਗੇਮਜ਼ ਹੋਈਆਂ, ਉਦੋਂ ਬਾਰਡਰ ਉੱਤੇ ਫਾਇਰਿੰਗ ਨਹੀਂ ਸੀ ਹੋ ਰਹੀ? ਉਦੋਂ ਆਪਾਂ ਫਿਰ ਗੇਮਜ਼ ਕਿਉਂ ਕੀਤੀਆਂ? ਮੈਨੂੰ ਯਾਦ ਹੈ ਕਿ ਇੰਡੋ-ਪਾਕਿਸਤਾਨ ਹਾਲਾਤ ਜੋ ਹਨ, ਇਹ 1990 ਦੇ ਕਰੀਬ ਬਹੁਤ ਜ਼ਿਆਦਾ ਖਰਾਬ ਹੋਏ ਹਨ ਜਦੋਂ ਆਪਣੇ ਘੱਟੋ ਘੱਟ ਕਈ ਹਜ਼ਾਰ ਲੋਕੀਂ ਐਲ.ਓ.ਸੀ. ਟੱਪ ਕੇ ਦੂਜੇ ਪਾਸੇ ਚਲੇ ਗਏ । ਇਸ ਵੇਲੇ ਆਪਾਂ ਗੱਲ ਕਰਦੇ ਹਾਂ ਕਿ ਇੰਨੀ ਆਰ.ਡੀ.ਐਕਸ ਫੜ੍ਹ ਲਈ, ਏਨੇ ਅਸੀਂ ਉਨ੍ਹਾਂ ਦੇ ਮੋਡਿਊਲਜ਼ ਨਿਊਟਰਾਲਾਈਜ਼ ਕਰ ਦਿੱਤੇ ਇਹ ਅਸਲੀ ਮੋਡਿਊਲਜ਼ ਜਿਹੜੇ ਨਿਊਟਰਾਲਾਈਜ਼ ਹੋਏ ਹਨ ਇਹ 1980 ਤੇ 1990 ਦੇ ਦਹਾਕੇ ਵਿਚ ਨਿਊਟਰਾਲਾਈਜ਼ ਹੋਏ ਹਨ । ਹੁਣ ਇਸ ਵੇਲੇ ਕਿੰਨੀ-ਕੁ ਆਰ.ਡੀ.ਐਕਸ ਆ ਰਹੀ ਹੈ ਜਿਸ ਦਾ ਆਪਾਂ ਜ਼ਿਕਰ ਕਰ ਰਹੇ ਹਾਂ । ਸਿਰਫ ਇਹੋ ਹੀ ਨਹੀਂ, ਜਦੋਂ ਦੋਵਾਂ ਮੁਲਕਾਂ ਦੇ ਵਿੱਚ ਬੱਸ ਚਲੀ ਸੀ ਤਾਂ ਉਸ ਵਿੱਚ ਕਿੰਨੇ-ਕੁ ਟੈਰੋਰਿਸਟ ਇੱਕ ਦੂਜੇ ਪਾਸੇ ਆ ਗਏ ਹਨ । ਜਿਹੜੀ ਇੱਕ ਟਰੇਨ ਸਮਝੌਤਾ ਐਕਸਪਰੈਸ ਚਲੀ ਸੀ ਜਿਸ ਵਿਚ ਪਾਕਿਸਤਾਨੀ ਲੋਕ ਬਹੁਤ ਜ਼ਿਆਦਾ ਟਰੈਵਲ ਕਰਦੇ ਹਨ ਉਸ ਵਿੱਚ ਬਹੁਤ ਸਾਲ ਪਹਿਲਾਂ ਇੱਕ ਬਲਾਸਟ ਹੋਇਆ ਸੀ । ਠੀਕ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪੰਜਾਬ ਜਿਹੜਾ ਹੈ ਇਸ ਨੂੰ ਡਿਸਟਰਬ ਕੀਤਾ ਗਿਆ ਹੈ ਇਸ ਵਿੱਚ ਪਾਕਿਸਤਾਨ ਦਾ ਬਹੁਤ ਵੱਡਾ ਹੱਥ ਸੀ, ਹੁਣ ਵੀ ਜੋ ਇੱਥੇ ਡਿਸਟਰਬੈਂਸ ਹੁੰਦੀ ਹੈ ਉਸ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਹੱਥ ਹੈ। ਪਰ ਜਿਵੇਂ ਇੱਕ ਸਾਡੇ ਸਾਥੀ ਨੇ ਕਿਹਾ ਹੈ ਕਿ ਟੈਰੋਰਿਜ਼ਮ ਦਾ ਕੋਈ ਧਰਮ ਨਹੀਂ ਹੁੰਦਾ । ਸਮਝੌਤਾ ਐਕਸਪਰੈਸ ਵਿੱਚ blast ਕਿਸੇ ਨੇ ਪਾਕਿਸਤਾਨ ਤੋਂ ਆ ਕੇ ਕੀਤਾ ਸੀ? ਉਹ ਤਾਂ ਆਪਣੇ ਲੋਕਾਂ ਨੇ ਕੀਤਾ ਸੀ। ਹਿੰਦੂ ਮਿਲੀਟੈਂਟਸ ਨੇ ਕੀਤਾ ਸੀ। ਅੱਜ ਵੀ ਉਹ ਕੇਸ ਚਲ ਰਿਹਾ ਹੈ। ਸੋ, ਐਵੇਂ ਆਪਾਂ ਇਸ ਉਤੇ ਜੋ ਕਿੰਤੂ-ਪਰੰਤੂ ਕਰਦੇ ਹਾਂ, ਇਹ

ਸਹੀ ਨਹੀਂ ਹੈ। ਆਪਾਂ ਨੂੰ ਤਾਂ ਇਸ ਦਾ ਸਵਾਗਤ ਕਰਨਾ ਚਾਹੀਦਾ ਹੈ ਕਿਉਂਕਿ ਇਹ ਇੱਕ ਬੜੀ ਚੰਗੀ ਸ਼ੁਰੂਆਤ ਹੋਈ ਹੈ, ਜੇ ਆਪਾਂ ਅੱਗੇ ਵਧਾਂਗੇ ਤਾਂ ਇਹ ਵੀ ਮੌਕਾ, ਦਿਨ ਆ ਸਕਦਾ ਹੈ ਕਿ ਹੁਣ ਤਾਂ ਇੱਕ ਲਾਂਘਾ ਬਣਿਆ ਹੈ, ਲੇਕਿਨ ਉਦੋਂ ਲੈਂਡ ਸਵੈਪ ਵੀ ਹੋ ਸਕਦੀ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਇੱਧਰ ਆ ਜਾਵੇ ਅਤੇ ਅਸੀਂ ਉਨ੍ਹਾਂ ਨੂੰ ਹੋਰ ਜਗ੍ਹਾ ਉੱਤੇ ਕਿਤੇ ਨਾ ਕਿਤੇ ਲੈਂਡ ਦੇ ਦੇਈਏ। ਸਪੀਕਰ ਸਾਹਿਬ, ਮੈਂ ਇਸ ਵਿੱਚ ਇਹ ਵੀ ਕਹਾਂਗਾ ਕਿ ਇਸ ਵਿੱਚ ਥੋੜ੍ਹਾ ਜਿਹਾ ਵੱਡਾ ਦਿਲ ਰੱਖੀਏ, ਇਸ ਵਿੱਚ ਵੱਡਾ ਦਿਲ ਰੱਖ ਕੇ ਥੋੜ੍ਹਾ ਜਿਹਾ ਵਿਸਥਾਰ ਵਿੱਚ ਮਤਾ ਪੇਸ਼ ਕੀਤਾ ਜਾਵੇ ਔਰ ਉਸ ਵਿੱਚ ਸਰਦਾਰ ਕੁਲਦੀਪ ਸਿੰਘ ਵਡਾਲਾ, ਉੱਧਰ ਸ੍ਰੀ ਇਮਰਾਨ ਖਾਨ ਜਿਨ੍ਹਾਂ ਨੇ ਪਹਿਲਕਦਮੀ ਕੀਤੀ ਹੈ, ਇੱਕ ਬੜੀ ਨਵੀਂ ਸ਼ੁਰੂਆਤ ਕੀਤੀ ਹੈ, ਸਰਦਾਰ ਨਵਜੋਤ ਸਿੰਘ ਸਿੱਧੂ ਔਰ ਹੋਰ ਵੀ ਜਿਨ੍ਹਾਂ ਨੇ ਇਸ ਵਿਚ ਆਪਣਾ ਯੋਗਦਾਨ ਪਾਇਆ ਹੈ ਉਨ੍ਹਾਂ ਸਾਰਿਆਂ ਦਾ ਇਸ ਵਿੱਚ ਨਾਂ ਐਡ ਕੀਤਾ ਜਾਵੇ। ਧੰਨਵਾਦ।

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.) :** ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਜਿਹੜਾ ਮਤਾ ਲੈ ਕੇ ਆਏ ਹਨ, ਅਸੀਂ ਸਾਰੇ ਇਸ ਦੀ ਸੁਪੋਰਟ ਕਰਦੇ ਹਾਂ ਕਿਉਂਕਿ ਭਾਰਤ ਸਰਕਾਰ ਦਾ ਇਨੀਸ਼ੀਏਟਿਵ, ਪਾਕਿਸਤਾਨ ਸਰਕਾਰ ਦਾ ਇਨੀਸ਼ੀਏਟਿਵ ਸ਼ਲਾਘਾਯੋਗ ਹੈ, 70 ਸਾਲਾਂ ਦੀ ਸਿੱਖ ਮੱਤ ਦੀ ਅਰਦਾਸ, ਜਿਹੜੀ ਨਾਨਕ ਨਾਮ ਲੇਵਾ ਲੋਕ ਕਰਦੇ ਰਹੇ ਹਨ ਇਸ ਨਾਲ ਉਸ ਦੀ ਪੂਰਤੀ ਹੋਈ ਹੈ। ਇਸ ਤੋਂ ਅਸੀਂ ਸਾਰੇ ਖੁਸ਼ ਹਾਂ। ਮੈਂ ਪਹਿਲਾਂ ਵੀ ਕਿਹਾ ਸੀ ਕਿ ਜਿਹੜਾ ਇਹ ਗੁਰਦੁਆਰਾ ਸਾਹਿਬ ਹੈ ਇਹ 1947 ਤੋਂ ਬਾਅਦ ਬੰਦ ਹੀ ਰਿਹਾ ਹੈ, 2000 ਵਿੱਚ ਪਹਿਲੀ ਵਾਰ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੈ ਅਤੇ 100-150 ਬੰਦਾ ਇੱਥੇ ਇਕੱਠਾ ਹੋਇਆ। ਉਸ ਤੋਂ ਬਾਅਦ ਹੁਣ ਸਾਰੀ ਦੁਨੀਆਂ ਤੋਂ ਲੋਕ ਉੱਥੇ ਜਾਣੇ ਸ਼ੁਰੂ ਹੋਏ ਹਨ। ਇਹ ਗੁਰਦੁਆਰਾ ਸਾਹਿਬ ਦੇ ਲਾਂਘੇ ਦੇ ਬਣਨ ਨਾਲ ਸਾਰੇ ਸਿੱਖ ਪੰਥ ਨੂੰ ਖੁਸ਼ੀ ਹੈ ਪਰੰਤੂ ਜਿਹੜੇ ਮੁੱਖ ਮੰਤਰੀ ਸਾਹਿਬ ਨੇ ਇਕ-ਦੋ ਖਦਸ਼ੇ ਜ਼ਾਹਰ ਕੀਤੇ ਹਨ, ਇਸ ਵਿੱਚ ਕੋਈ ਕ੍ਰੈਡਿਟ ਲੈਣ ਵਾਲੀ ਗੱਲ ਨਹੀਂ ਹੈ ਕਿ ਮੈਂ ਕਰਵਾ ਦਿੱਤਾ। ਇਹ ਕੋਈ ਬਹੁਤ ਵੱਡੀ ਗੱਲ ਨਹੀਂ ਹੈ। ਇਸ ਵਾਸਤੇ ਅਸੀਂ ਸਾਰੇ ਖੁਸ਼ ਹਾਂ ਲੇਕਿਨ ਇਹ ਵੀ ਸੱਚ ਹੈ ਕਿ ਜਦੋਂ ਸਾਡੇ ਬੰਦੇ ਉਥੇ ਨੀਂਹ ਪੱਥਰ ਰੱਖਣ ਗਏ, ਉਨ੍ਹਾਂ ਨਾਲ ਅੱਤਵਾਦੀਆਂ ਦੀਆਂ ਫੋਟੋਆਂ ਵੀ ਦੇਖੀਆਂ ਗਈਆਂ। ਚਾਵਲਾ ਦੀਆਂ ਫੋਟੋਆਂ ਦੇਖੀਆਂ ਗਈਆਂ, even ਜਿਹੜੇ ਐਸ.ਜੀ.ਪੀ.ਸੀ. ਦੇ ਪ੍ਰਧਾਨ ਰਹੇ ਹਨ, ਉਨ੍ਹਾਂ ਨਾਲ ਵੀ ਫੋਟੋਆਂ ਖਿੱਚੀਆਂ ਗਈਆਂ ਹਨ। ਜਿਹੜੇ ਪਾਕਿਸਤਾਨ ਦੇ ਮੰਤਰੀ ਜੀ ਸਨ, ਉਨ੍ਹਾਂ ਨਾਲ ਵੀ ਫੋਟੋ ਆਈ

[ ਸ਼੍ਰੀ ਸੋਮ ਪ੍ਰਕਾਸ਼ ]

ਹੈ। ਇਹ ਵੀ ਸੱਚ ਹੈ ਕਿ ਉੱਥੇ ਖਾਲਿਸਤਾਨ ਦਾ ਦਫਤਰ ਵੀ ਖੁੱਲ੍ਹਿਆ ਹੈ। ਮੁੱਖ ਮੰਤਰੀ ਜੀ ਦੇ ਖਦਸ਼ੇ ਨੂੰ ਅਸੀਂ write off ਨਹੀਂ ਕਰ ਸਕਦੇ। ਸਾਨੂੰ ਖੁਸ਼ੀ ਹੈ ਅਤੇ ਇਹ ਬਹੁਤ ਵਧੀਆ ਗੱਲ ਹੈ ਕਿ ਇਹ ਲਾਂਘਾ ਖੁੱਲ੍ਹ ਰਿਹਾ ਹੈ, ਉਥੋਂ ਦੇ ਸਾਰਿਆਂ ਨੂੰ ਦਰਸ਼ਨ ਦੀਦਾਰੇ ਹੋਣਗੇ। ਸਰਦਾਰ ਕੁਲਦੀਪ ਸਿੰਘ ਵਡਾਲਾ ਸਾਹਿਬ ਇਸ ਬਾਰੇ ਬੜੇ ਸਾਲ ਕੋਸ਼ਿਸ਼ ਕਰਦੇ ਰਹੇ, ਅਰਦਾਸਾਂ ਕਰਦੇ ਰਹੇ ਅਤੇ ਉਨ੍ਹਾਂ ਅਰਦਾਸਾਂ ਨੂੰ ਬੂਰ ਪਿਆ ਹੈ ਪਰ ਇਸ ਵਾਸਤੇ ਜੇਕਰ ਇੱਕ ਬੰਦਾ ਕਹਿੰਦਾ ਰਹੇ ਕਿ ਮੈਂ ਕਰਵਾ ਦਿੱਤਾ ਤਾਂ ਅਜਿਹੀ ਗੱਲ ਨਹੀਂ ਹੈ।

ਪਾਕਿਸਤਾਨ ਕਦੇ ਵੀ sincere ਨਹੀਂ ਹੋਇਆ, ਚਾਹੇ ਵਾਜਪਾਈ ਸਾਹਿਬ ਬੱਸ ਵਿੱਚ ਗਏ ਹੋਣ, ਚਾਹੇ ਕਾਰਗਿਲ ਦੀ war ਹੋਈ ਹੋਵੇ, ਮੋਦੀ ਸਾਹਿਬ ਪਾਕਿਸਤਾਨ ਗਏ ਹੋਣ, immediately ਉਸ ਤੋਂ ਬਾਅਦ ਕੁਝ ਨਾ ਕੁਝ ਜ਼ਰੂਰ ਹੁੰਦਾ ਹੈ। ਸਾਨੂੰ ਇਸ ਬਾਰੇ ਸਤਰਕ ਰਹਿਣਾ ਚਾਹੀਦਾ ਹੈ। ਦੇਸ਼ ਸਭ ਤੋਂ ਅੱਗੇ ਹੈ, ਦੇਸ਼ ਦੀ ਸ਼ਾਨ ਸਭ ਤੋਂ ਅੱਗੇ ਹੈ। ਜਦੋਂ ਸਾਡੇ ਜਵਾਨ ਰੋਜ਼ ਸਰਹੱਦ ਤੇ ਮਰਦੇ ਹਨ ਤਾਂ ਅਸੀਂ ਕਿਸ ਤਰ੍ਹਾਂ ਕਹਿ ਸਕਦੇ ਹਾਂ ਕਿ ਪਾਕਿਸਤਾਨ ਸਾਡੇ ਲਈ sincere ਹੋਵੇਗਾ ਪਰ ਇਹ ਜਿਹੜਾ ਲਾਂਘਾ ਖੁੱਲ੍ਹਿਆ ਹੈ, ਇਸ ਦੀ ਸਾਨੂੰ ਸਾਰਿਆਂ ਨੂੰ ਖੁਸ਼ੀ ਹੈ।

ਮੈਂ ਇੱਕ ਬੇਨਤੀ ਹੋਰ ਕਰਾਂਗਾ, ਅਸੀਂ ਭਾਰਤ ਸਰਕਾਰ ਦੀ ਪ੍ਰਸੰਸਾ ਵੀ ਕਰ ਰਹੇ ਹਾਂ ਕਿਉਂਕਿ ਬਹੁਤ ਵਧੀਆ ਕੰਮ ਕੀਤਾ ਹੈ ਅਤੇ ਪਾਕਿਸਤਾਨ ਨੇ ਵੀ ਵਧੀਆ ਕੰਮ ਕੀਤਾ ਹੈ। ਅਸੀਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ 550ਵਾਂ ਸਾਲ ਦਿਵਸ ਮਨਾ ਰਹੇ ਹਾਂ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਵਿੱਚ ਦੋ ਮੁੱਖ ਗੱਲਾਂ ਆਈਆਂ ਹਨ, ਇਕ ਇਸਤਰੀ ਜਾਤੀ ਬਾਰੇ ਉਨ੍ਹਾਂ ਨੇ ਕਿਹਾ ਹੈ –

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਉਸ ਬਾਰੇ ਅੱਜ ਮੁੱਖ ਮੰਤਰੀ ਸਾਹਿਬ ਮਤਾ ਲੈ ਕੇ ਆਏ ਹਨ ਕਿ ਅਸੀਂ ਪਾਰਲੀਮੈਂਟ ਵਿੱਚ ਵੀ ਰਿਜ਼ਰਵੇਸ਼ਨ ਦੇਈਏ ਅਤੇ ਲੈਜਿਸਲੇਚਰ ਵਿੱਚ ਵੀ ਰਿਜ਼ਰਵੇਸ਼ਨ ਦੇਈਏ, ਇਹ ਮਤਾ ਵੀ ਅੱਜ ਪਾਸ ਹੋਇਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਖਿਆਲ ਮੁਤਾਬਿਕ ਇਹ ਇਕ ਵਧੀਆ ਗੱਲ ਹੋਈ ਹੈ। ਦੂਸਰਾ, ਜਿਹੜੀ ਉਨ੍ਹਾਂ ਨੇ ਸਮਾਜਿਕ ਕੁਰੀਤੀਆਂ ਤੇ ਚੋਟ ਕੀਤੀ ਸੀ, ਮੁੱਖ ਮੰਤਰੀ ਸਾਹਿਬ, ਉਨ੍ਹਾਂ ਨੇ ਕਿਹਾ ਸੀ –

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਾਤ ਪਾਤ ਦੇ ਖਾਤਮੇ ਲਈ ਸਭ ਤੋਂ ਪਹਿਲਾਂ ਗੱਲ ਕੀਤੀ। ਅਸੀਂ ਪਿਛਲੀ ਵਿਧਾਨ ਸਭਾ ਵਿੱਚ ਇਕ ਮਤਾ ਲਿਆਂਦਾ ਸੀ, ਜਿਸ ਨੂੰ ਸਾਰਿਆਂ ਨੇ ਯੂਨਾਨੀਮਸਲੀ ਪਾਸ ਕੀਤਾ ਸੀ। ਮਾਨਯੋਗ ਵਿੱਤ ਮੰਤਰੀ ਜੀ, ਇਹ

ਤੁਹਾਡੇ ਧਿਆਨ ਦੀ ਗੱਲ ਹੈ, ਅਸੀਂ ਇਕ ਮਤਾ ਲਿਆਂਦਾ ਸੀ ਜਿਸ ਵਿੱਚ ਇਹ ਕਿਹਾ ਸੀ ਕਿ ਜਿਹੜੇ ਪਿੰਡ ਐਸ.ਸੀਜ਼. ਲੋਕਾਂ ਦਾ ਵੱਖਰਾ ਸ਼ਮਸ਼ਾਨਘਾਟ ਅਤੇ ਦੂਜਿਆਂ ਦਾ ਵੱਖਰਾ ਸ਼ਮਸ਼ਾਨਘਾਟ ਹੈ, ਉਨ੍ਹਾਂ ਦੋਹਾਂ ਦਾ ਇਕੱਠਾ ਕਰਨਗੇ...

**ਮਾਨਯੋਗ ਸਪੀਕਰ :** ਤੁਸੀਂ ਲਾਂਘੇ ਤੇ ਆਓ।

**ਸ਼੍ਰੀ ਸੋਮ ਪ੍ਰਕਾਸ਼ :** ਮੈਂ ਉਸੇ ਤੇ ਆ ਰਿਹਾ ਹਾਂ ਜੀ।

**ਮਾਨਯੋਗ ਸਪੀਕਰ :** ਨਹੀਂ ਜੀ। Distract ਨਾ ਕਰੋ।

**ਸ਼੍ਰੀ ਸੋਮ ਪ੍ਰਕਾਸ਼ :** ਉਸ ਵਿੱਚ ਕਿਹਾ ਸੀ ਕਿ ਜਿਹੜਾ ਪਿੰਡ ਸ਼ਮਸ਼ਾਨਘਾਟ ਇਕੱਠਾ ਕਰੇਗਾ ਉਸ ਨੂੰ 5 ਲੱਖ ਦੀ ਗ੍ਰਾਂਟ ਦੇਵਾਂਗੇ। ਜੇਕਰ ਅਸੀਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਗੱਲ ਕਰ ਰਹੇ ਹਾਂ ਤਾਂ ਉਨ੍ਹਾਂ ਦੀ ਸਿੱਖਿਆ ਦੀ ਗੱਲ ਵੀ ਕਰਨੀ ਚਾਹੀਦੀ ਹੈ। ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਦੇ ਹਾਂ...

**Mr. Speaker :** Thank you.

**ਸ਼੍ਰੀ ਸੋਮ ਪ੍ਰਕਾਸ਼ :** ਸਰ, ਗੱਲ ਕਰ ਲੈਣ ਦਿਓ ਜੀ। ਇਕ ਦਿਨ ਦਾ ਸੈਸ਼ਨ ਹੈ, ਤੁਸੀਂ ਬੋਲ ਲੈਣ ਦਿਆ ਕਰੋ। ਤੁਸੀਂ ਸਾਨੂੰ ਬੁਲੇਟ ਟ੍ਰੇਨ ਵਾਂਗ ਨਾ ਭਜਾਇਆ ਕਰੋ। (ਹਾਸਾ) ਤਿੰਨ ਦਿਨ ਦੇ ਸੈਸ਼ਨ ਤੋਂ ਇਕ ਦਿਨ ਦਾ ਕਰ ਦਿੱਤਾ।

**ਮਾਨਯੋਗ ਸਪੀਕਰ :** ਤੁਸੀਂ ਕਾਫੀ ਬੋਲ ਲਏ ਹੋ।

**ਸ਼੍ਰੀ ਸੋਮ ਪ੍ਰਕਾਸ਼ :** ਪਲੀਜ਼, ਬੋਲ ਲੈਣ ਦਿਓ। ਮੇਰੀ ਇਹ ਬੇਨਤੀ ਹੈ ਕਿ ਯੂਨਾਨੀਮਸਲੀ ਰੈਜੋਲਿਊਸ਼ਨ ਪਾਸ ਹੋਇਆ ਸੀ, ਤੁਸੀਂ ਵੀ ਵਿਚ ਸੀ। ਇਹ ਅਗਲੇ ਬਜਟ ਵਿੱਚ ਲਿਆਇਆ ਜਾਵੇ ਜੋ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਯਾਦ ਵਿੱਚ ਇਕ ਬਹੁਤ ਵੱਡੀ ਗੱਲ ਹੋਵੇਗੀ ਕਿ ਸ਼ਮਸ਼ਾਨਘਾਟ ਇਕੱਠੇ ਕਰਨ ਲਈ ਅਸੀਂ ਜਿਹੜਾ ਰੈਜ਼ੋਲਿਊਸ਼ਨ ਪਾਇਆ ਹੋਇਆ ਹੈ, ਉਹ ਸਾਰਿਆਂ ਨੇ ਰਲ਼ ਕੇ ਥੰਪਿੰਗ ਕਰਕੇ ਸਰਬਸੰਮਤੀ ਨਾਲ ਕੀਤਾ ਸੀ, ਉਸਨੂੰ ਅਸੀਂ ਪੂਰਾ ਕਰੀਏ। ਦੂਜਾ, ਜੋ ਮੁੱਖ ਮੰਤਰੀ ਜੀ ਦਾ ਖਦਸ਼ਾ ਹੈ, ਉਸ ਨੂੰ ਵੀ ਧਿਆਨ ਵਿੱਚ ਰੱਖੀਏ। ਉਹ ਜਿਵੇਂ ਕਹਿੰਦੇ ਹਨ, ਉਹ ਠੀਕ ਹੈ। ਸਾਨੂੰ ਕੋਈ ਕਰੈਡਿਟ ਲੈਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਅਸੀਂ ਰੈਜ਼ੋਲਿਊਸ਼ਨ ਲਿਆਉਣ ਤੇ ਸਪੋਰਟ ਕਰਦੇ ਹਾਂ। ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਇੱਕ ਸੁਜ਼ੈਸ਼ਨ ਹੈ। ਬਹੁਤ ਹੀ ਇੰਪਾਰਟੈਂਟ ਹੈ।

**ਮਾਨਯੋਗ ਸਪੀਕਰ :** ਤੁਸੀਂ ਬਾਅਦ ਵਿੱਚ ਦੇ ਦੇਣਾ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ (ਰੂਪਨਗਰ):** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਜਿਹੜਾ ਪ੍ਰਸਤਾਵ ਲੈ ਕੇ ਆਏ ਹਨ, ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਅੱਜ ਗੁਰੂਆਂ ਦੀ ਧਰਤੀ ਦੀ ਗੱਲ ਹੋ ਰਹੀ ਹੈ, ਸਾਰੇ ਪੰਜਾਬ ਦੇ ਨੁਮਾਇੰਦੇ ਇੱਥੇ ਬੈਠੇ ਹਨ। ਸਾਡਾ ਸ੍ਰੀ ਅਨੰਦਪੁਰ ਸਾਹਿਬ ਵੀ ਸ੍ਰੀ ਤਖਤ ਸਾਹਿਬ ਹੈ। ਇਹ ਦਸਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਧਰਤੀ ਹੈ। ਸੀ.ਐਮ. ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉੱਥੇ ਨੂੰ ਜਾਣ ਵਾਸਤੇ ਸਾਰਾ ਮਾਝਾ, ਸਾਰਾ ਦੁਆਬਾ ਅਤੇ ਮਾਲਵਾ ਤੱਤਪਰ ਰਹਿੰਦਾ ਹੈ। ਸਾਰੇ ਲੋਕ ਉੱਥੋਂ ਲੰਘਦੇ ਹਨ, ਉੱਥੇ ਸੜਕਾਂ ਤੇ ਬਹੁਤ ਵੱਡੇ ਵੱਡੇ ਖੱਡੇ ਹਨ ਜਿਸ ਕਾਰਨ ਕੋਈ ਵੀ ਸਹੀ ਤਰ੍ਹਾਂ ਉਥੇ ਪਹੁੰਚ ਨਹੀਂ ਸਕਦਾ। ਉੱਥੇ ਰੋਜ਼ ਬਹੁਤ ਸਾਰੇ ਐਕਸੀਡੈਂਟਸ ਹੁੰਦੇ ਹਨ। ਉਨ੍ਹਾਂ ਬਾਰੇ ਕੋਈ ਵੀ ਵਿਚਾਰ ਨਹੀਂ ਕਰਦਾ, ਸਾਡੀ ਗੱਲ ਨਹੀਂ ਸੁਣਦੇ। ਅਸੀਂ ਇੱਥੇ ਉਸ ਬਾਰੇ ਮਤਾ ਲਿਆਉਣਾ ਸੀ ਪ੍ਰੰਤੂ ਸੈਸ਼ਨ ਇੱਕ ਦਿਨ ਦਾ ਹੀ ਰੱਖਿਆ ਹੈ। ਅੱਗੇ ਹੋਲਾ ਮਹੱਲਾ ਆ ਰਿਹਾ ਹੈ, ਇਸ ਕਰਕੇ ਉਥੇ ਸੜਕਾਂ ਦੇ ਖੱਡੇ ਪੂਰ ਕੀਤੇ ਜਾਣ, ਚਾਹੇ ਪੈਚ-ਵਰਕ ਕਰਵਾਉ, ਭਾਵੇਂ ਜੋ ਮਰਜ਼ੀ ਕਰੋ, ਇਹ ਪੂਰੀ ਸੜਕ ਜ਼ਰੂਰ ਦੁਬਾਰਾ ਬਣਾ ਦਿਉ ਕਿਉਂਕਿ ਇਹ ਪੂਰੇ ਪੰਜਾਬ ਦਾ ਮਸਲਾ ਹੈ। ਜੋ ਵੀ ਕਰਨਾ ਬਣਦਾ ਹੈ, ਉਹ ਜ਼ਰੂਰ ਕੀਤਾ ਜਾਵੇ ਅਤੇ ਸਾਨੂੰ ਇੱਧਰ ਜ਼ਰੂਰ ਦੱਸ ਕੇ ਜਾਇਓ । ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਤਾਂ ਗੱਲ ਹੋ ਗਈ ਹੈ ਅਤੇ ਸਾਡੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਬਾਰੇ ਵੀ ਜ਼ਰੂਰ ਗੱਲ ਕਰਕੇ ਜਾਇਓ। ਧੰਨਵਾਦ ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਸਰਦਾਰ ਹਰਮਿੰਦਰ ਸਿੰਘ ਗਿੱਲ।

**ਸਰਦਾਰ ਹਰਮਿੰਦਰ ਸਿੰਘ ਗਿੱਲ (ਪੱਟੀ):** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਇਹ ਮਹੱਤਵਪੂਰਨ ਮਤਾ ਜੋ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ, ਉਸ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਇਸ ਗੱਲ ਦੀ ਭਰਪੂਰ ਪ੍ਰਸੰਸਾ ਕਰਦਾ ਹਾਂ ਕਿ ਇਹ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੀ ਜਿਹੜੀ ਕਾਰਵਾਈ ਹੋਈ ਹੈ, ਇਸ ਦੀ ਕੋਈ ਅਜਿਹੀ ਮਿਸਾਲ ਨਹੀਂ । ਦੇਖੋ, ਸਭ ਤੋਂ ਪਹਿਲਾਂ ਸ੍ਰੀ ਵਾਜਪਾਈ ਸਾਹਿਬ ਸਾਲ 1999 ਵਿੱਚ ਬੱਸ ਚਲਾਉਣ ਵਾਸਤੇ ਉੱਥੇ ਗਏ ਸੀ, ਉਨ੍ਹਾਂ ਨੇ ਉਥੇ ਆਈਡੀਆ ਦਿੱਤਾ ਕਿ ਇਹ ਲਾਂਘਾ ਖੁੱਲ੍ਹਣਾ ਚਾਹੀਦਾ ਹੈ। ਸਾਲ 2000 ਵਿੱਚ ਮੁਸ਼ੱਰਫ ਸਾਹਿਬ ਨੇ ਵੀ ਇਸ ਗੱਲ ਦੀ ਤਾਈਦ ਕੀਤੀ ਸੀ। ਉਸ ਤੋਂ ਬਾਅਦ ਗੱਲ ਚਲਦੀ ਰਹੀ। ਖਾਸ ਕਰਕੇ ਸਰਦਾਰ ਕੁਲਦੀਪ ਸਿੰਘ ਵਡਾਲਾ ਸਾਹਿਬ ਨੇ ਇਹ ਲਾਂਘਾ ਖੁੱਲ੍ਹਣ ਲਈ ਬਹੁਤ ਸਾਰੀਆਂ ਅਰਦਾਸਾਂ ਕੀਤੀਆਂ ਔਰ ਉਹ ਬੜੇ ਲੰਬੇ ਸਮੇਂ ਤੱਕ ਆਪਣੇ ਆਖਰੀ ਸਾਹਾਂ ਤੱਕ ਅਰਦਾਸਾਂ ਕਰਦੇ ਰਹੇ। ਉਸ ਤੋਂ ਬਾਅਦ ਮੈਂ ਦੱਸਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀ ਪਾਰਲੀਮੈਂਟ ਦੀ ਇੱਕ ਕਮੇਟੀ ਸੀ,

ਉਸ ਕਮੇਟੀ ਨੇ ਸਾਲ 2017 ਦੇ ਵਿੱਚ ਆਪਣਾ ਫੈਸਲਾ ਦੇ ਦਿੱਤਾ ਕਿ ਇਹ ਲਾਂਘਾ ਨਹੀਂ ਖੁੱਲ੍ਹ ਸਕਦਾ। ਉਨ੍ਹਾਂ ਨੇ ਕਿਹਾ ਕਿ ਜਿੱਥੇ ਇੱਥੇ ਇੱਕ ਦੂਰਬੀਨ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਲੱਗੀ ਹੋਈ ਹੈ, ਉਥੇ ਚਾਰ ਦੂਰਬੀਨਾਂ ਲਗਵਾ ਦਿਆਂਗੇ, ਤੁਸੀਂ ਦੇਖਦੇ ਰਹਿਓ ਪਰ ਇਹ ਲਾਂਘਾ ਨਹੀਂ ਖੁੱਲ੍ਹ ਸਕਦਾ। ਪ੍ਰੰਤੂ ਮੈਂ ਧੰਨਵਾਦੀ ਹਾਂ ਕਿ ਜਦੋਂ ਸਰਦਾਰ ਨਵਜੋਤ ਸਿੰਘ ਸਿੱਧੂ ਉਥੇ ਪਾਕਿਸਤਾਨ ਗਏ, ਦੁਨੀਆਂ ਵਿੱਚ ਵਸਦੇ ਸਾਰੇ ਸਿੱਖਾਂ ਦੀ ਜਿਹੜੀ ਮੰਗ ਸੀ, ਇਨ੍ਹਾਂ ਦੀ ਉਥੇ ਫੇਰੀ ਦੇ ਨਾਲ ਇੱਕ ਵਾਰੀ ਫਿਰ ਦੁਬਾਰਾ ਉਸ ਮੰਗ ਨੂੰ ਬੂਰ ਪੈਣ ਲੱਗਿਆ। ਅਵਾਜ਼ ਦੁਨੀਆਂ ਤੱਕ ਪਹੁੰਚੀ ਔਰ ਗੱਲ ਚੱਲੀ। ਉਸ ਤੋਂ ਬਾਅਦ ਪਾਕਿਸਤਾਨ ਦੀ ਸਰਕਾਰ ਨੇ ਆਫਰ ਕੀਤਾ ਕਿ ਅਸੀਂ ਲਾਂਘਾ ਖੋਲ੍ਹਣ ਨੂੰ ਤਿਆਰ ਹਾਂ। ਅਸੀਂ ਮੋਦੀ ਸਾਹਿਬ ਦੇ ਬੜੇ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ 22 ਨਵੰਬਰ ਵਾਲੇ ਦਿਨ ਆਪਣੀ ਕੈਬਨਿਟ ਦੇ ਵਿੱਚ ਮਤਾ ਪਾਸ ਕਰ ਦਿੱਤਾ ਕਿ ਹਿੰਦੁਸਤਾਨ ਦੀ ਸਰਕਾਰ ਇਹ ਲਾਂਘਾ ਖੋਲ੍ਹਣ ਵਾਸਤੇ ਤਿਆਰ ਹੈ। ਇਸ ਵਾਸਤੇ ਇਨ੍ਹਾਂ ਨੇ 26 ਨਵੰਬਰ ਦਾ ਟਾਈਮ ਮੁਕੱਰਰ ਕਰ ਦਿੱਤਾ ਅਤੇ 28 ਨਵੰਬਰ ਦਾ ਸਮਾਂ ਉਨ੍ਹਾਂ (ਪਾਕਿਸਤਾਨ) ਨੇ ਕਰ ਦਿੱਤਾ। ਇਹ ਬੜੀ ਵੱਡੀ ਇਤਿਹਾਸਕ ਘਟਨਾ ਹੈ ਔਰ ਮੈਂ ਸੀ.ਐਮ. ਸਾਹਿਬ ਦਾ ਬੜਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਇਹ ਮਤਾ ਪੇਸ਼ ਕੀਤਾ ਹੈ। ਇਸ ਪੰਜਾਬ ਦੀ ਧਰਤੀ ਤੇ ਕਈ ਤਰ੍ਹਾਂ ਦੇ ਕਿੰਤੂ-ਪ੍ਰੰਤੂ ਕਈ ਪਾਸਿਆਂ ਤੋਂ ਸੁਣਨ ਨੂੰ ਮਿਲਦੇ ਹਨ ਪਰ ਸਾਨੂੰ ਇਸ ਗੱਲ ਦਾ ਮਾਣ ਹੈ ਕਿ ਸਾਡਾ ਮੁੱਖ ਮੰਤਰੀ ਉਹ ਹੈ ਜਿਨ੍ਹਾਂ ਦੇ ਦਾਦਾ ਮਹਾਰਾਜਾ ਭੁਪਿੰਦਰ ਸਿੰਘ ਜੀ ਨੇ ਸ੍ਰੀ ਕਰਤਾਰਪੁਰ ਗੁਰਦੁਆਰਾ ਸਾਹਿਬ ਦੀ ਸਾਲ 1920 ਤੋਂ ਲੈ ਕੇ 1929 ਤੱਕ ਇੱਕ ਲੱਖ ਪੈਂਤੀ ਹਜ਼ਾਰ ਛੇ ਸੌ ਰੁਪਿਆ ਲਗਾ ਕੇ ਕਾਰ ਸੇਵਾ ਕਰਵਾਈ। ਰਾਵੀ ਦਰਿਆ ਵਿੱਚ ਉਦੋਂ ਹੜ੍ਹ ਆ ਗਿਆ ਸੀ, ਉਦੋਂ ਬਹੁਤ ਸਾਰੀਆਂ ਬਿਲਡਿੰਗਾਂ ਤਬਾਹ ਹੋ ਗਈਆਂ ਸਨ ਅਤੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਵੀ ਤਬਾਹ ਹੋ ਗਈ ਸੀ। ਉਸ ਪੈਸੇ ਨਾਲ ਉਸ ਬਿਲਡਿੰਗ ਨੂੰ ਮੁਕੰਮਲ ਕੀਤਾ ਗਿਆ ਸੀ। ਇੱਥੇ ਹੀ ਬੱਸ ਨਹੀਂ, ਜਿਵੇਂ ਇਨ੍ਹਾਂ ਨੇ ਦੱਸਿਆ ਹੈ ਕਿ ਪੰਜਾ ਸਾਹਿਬ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਾਹਿਬ ਦਾ ਬੜਾ ਵੱਡਾ ਇਤਿਹਾਸਕ ਗੁਰਦੁਆਰਾ ਹੈ। ਉਸ ਦੀ ਸੇਵਾ ਵੀ ਇਨ੍ਹਾਂ ਦੇ ਪਿਤਾ ਮਹਾਰਾਜਾ ਯਾਦਵਿੰਦਰਾ ਸਿੰਘ ਸਾਹਿਬ ਨੇ ਕਰਵਾਈ ਸੀ। ਹੁਣ ਅਸੀਂ ਸੁਲਤਾਨਪੁਰ ਲੋਧੀ ਸਾਹਿਬ ਦੀ ਗੱਲ ਕਰਨੀ ਚਾਹੁੰਦੇ ਹਾਂ। ਸਾਡੀ ਸੈਂਟਰ ਗੌਰਮਿੰਟ ਅਤੇ ਪੰਜਾਬ ਗੌਰਮਿੰਟ ਨੇ ਗੁਰੂ ਸਾਹਿਬ ਦਾ 550 ਸਾਲਾ ਮਨਾਉਣ ਦੇ ਉਪਰਾਲੇ ਕੀਤੇ ਹਨ। ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਮੌਜੂਦਾ ਬਿਲਡਿੰਗ ਹੈ, ਉਹ ਮਹਾਰਾਜਾ ਕਪੂਰਥਲਾ ਨੇ ਬਣਵਾਈ ਸੀ ਔਰ ਉਸ ਦਾ ਉਦਘਾਟਨ ਮਹਾਰਾਜਾ ਯਾਦਵਿੰਦਰਾ

ਸਿੰਘ ਜੀ ਨੇ ਕੀਤਾ ਸੀ, ਇਸ ਗੱਲ ਨੂੰ ਇਗਨੋਰ ਨਹੀਂ ਕੀਤਾ ਜਾ ਸਕਦਾ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਦਿਨੀਂ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ ਇੱਕ ਦਿਨ ਜਲੰਧਰ ਵਿੱਚ ਪ੍ਰੈਸ ਕਾਨਫਰੰਸ ਕਰ ਰਹੇ ਸੀ। ਉਸ ਪ੍ਰੈਸ ਕਾਨਫਰੰਸ ਕਰਨ ਦੌਰਾਨ ਜਿਹੜੀ ਇੱਕ ਦਰਸ਼ਨ ਅਭਿਲਾਸ਼ੀ ਸੰਸਥਾ ਬਣੀ ਹੈ, ਉਨ੍ਹਾਂ ਨੇ ਇਹ ਗੱਲ ਕੀਤੀ ਕਿ ਸਾਲ 2008 ਵਿੱਚ ਸ਼੍ਰੀ ਪ੍ਰਣਬ ਮੁਖਰਜੀ ਜੀ ਆਏ ਸੀ, ਉਨ੍ਹਾਂ ਨੂੰ ਵਡਾਲਾ ਸਾਹਿਬ ਮਿਲਣਾ ਚਾਹੁੰਦੇ ਸਨ ਪ੍ਰੰਤੂ ਉਨ੍ਹਾਂ ਨੂੰ ਇੱਕ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ। ਉਦੋਂ ਬਾਦਲ ਸਾਹਿਬ ਦੀ ਸਰਕਾਰ ਸੀ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੂੰ ਬੰਦ ਕਿਉਂ ਕੀਤਾ ਗਿਆ? ਉਨ੍ਹਾਂ ਦੀ ਤਾਂ ਇਹੋ ਹੀ ਮੰਗ ਹੋਣੀ ਹੈ ਕਿ ਲਾਂਘਾ ਖੋਲ੍ਹਿਆ ਜਾਵੇ। ਸੋ, ਇਹ ਸਾਰੀਆਂ ਗੱਲਾਂ, ਜਿਹੜੀਆਂ ਘਟਨਾਵਾਂ ਹਨ, ਮੈਂ ਹਿਸਟਰੀ ਪੜ੍ਹ ਰਿਹਾ ਸੀ, ਮੈਨੂੰ ਪਤਾ ਲੱਗਿਆ ਕਿ ਜਦੋਂ ਨਨਕਾਣਾ ਸਾਹਿਬ ਵਿਚ 1921 ਵਿਚ ਗੁਰਦੁਆਰਿਆਂ ਨੂੰ ਅਜ਼ਾਦ ਕਰਵਾਉਣ ਵਾਸਤੇ ਮੋਰਚਾ ਲੱਗਿਆ। ਜਦੋਂ ਰੰਧਾਵਾ ਸਾਹਿਬ ਦੇ ਪਿੰਡ ਵਾਲੇ ਸਰਦਾਰ ਲਛਮਣ ਸਿੰਘ ਜਥਾ ਲੈ ਕੇ ਗਏ ਤਾਂ 20 ਫਰਵਰੀ ਵਾਲੇ ਦਿਨ ਉਹ ਗੁਰਦੁਆਰਾ ਸਾਹਿਬ ਵਿਚ ਐਂਟਰ ਹੋਏ। ਉਥੇ ਮਹੰਤ ਨਰੈਣੂ ਦਾਸ ਨੂੰ ਕੱਢਣ ਲਈ ਇਹ ਮੋਰਚਾ ਲੱਗਿਆ ਸੀ। ਮੈਂ ਹਿਸਟਰੀ ਨੂੰ ਕੋ-ਰਿਲੇਟ ਕਰ ਰਿਹਾ ਹਾਂ। ਉਹ ਸਵੇਰੇ 6.00 ਵਜੇ ਗੁਰਦੁਆਰਾ ਸਾਹਿਬ ਵਿਚ ਐਂਟਰ ਕੀਤੇ, ਭਾਈ ਲਛਮਣ ਸਿੰਘ ਜੀ ਗੁਰੂ ਸਾਹਿਬ ਦੀ ਤਾਬਿਆ ਤੇ ਬੈਠ ਗਏ ਤੇ ਬਾਕੀ ਸਿੰਘ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਰਹੇ, ਉਥੇ ਉਨ੍ਹਾਂ ਤੇ ਗੋਲੀਆਂ ਦਾ ਮੀਂਹ ਵਰ੍ਹਾਇਆ ਗਿਆ, ਜਿਸ ਵਿਚ ਸਾਰੇ ਲੋਕ ਮਾਰ ਦਿੱਤੇ ਗਏ, ਜਿਹੜੇ ਮਾੜੇ ਮੋਟੇ ਤੜਫਦੇ ਸੀ, ਉਨ੍ਹਾਂ ਨੂੰ ਨਰੈਣੂ ਮਹੰਤ ਦੇ ਬੰਦਿਆਂ ਨੇ ਵੱਢ ਦਿੱਤਾ, ਕੁਝ ਨੂੰ ਜ਼ਿੰਦਾ ਜਲਾਇਆ ਗਿਆ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਉਹੀ ਹਿਸਟਰੀ ਸਾਡੇ ਪੰਜਾਬ ਵਿਚ ਦੁਬਾਰਾ ਵਾਪਰੀ। ਉਥੇ 6.00 ਵਜੇ ਬੰਦੇ ਮਾਰੇ ਗਏ ਸੀ ਅਤੇ ਕੋਟਕਪੂਰੇ ਚੌਂਕ ਵਿਚ 6 ਵਜ ਕੇ 50 ਮਿੰਟ ਤੇ ਗੋਲੀ ਚਲਾਈ ਗਈ, ਡਾਂਗਾਂ ਚਲਾਈਆਂ ਗਈਆਂ। ਸਾਡੇ ਲੋਕਾਂ ਨੂੰ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਮਾਰਿਆ ਗਿਆ। ਮੈਂ ਹਿਸਟਰੀ ਦੀ ਉਦਾਹਰਣ ਦੇਣੀ ਚਾਹੁੰਦਾ ਹਾਂ..(ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਅੱਜ ਆਪਾਂ ਸਿਰਫ ਲਾਂਘੇ ਦੀ ਗੱਲ ਕਰੀਏ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਨਰੈਣ ਦਾਸ ਮਹੰਤ ਨੂੰ ਪਤਾ ਲੱਗਿਆ ਕਿ ਲਛਮਣ ਸਿੰਘ ਦਾ ਜਥਾ ਆ ਰਿਹਾ ਹੈ ਤਾਂ ਉਸ ਨੇ ਦੋ ਬੰਦਿਆਂ ਨੂੰ ਅਪਰੋਚ ਕੀਤਾ ਕਿ ਮੇਰੀ ਮਦਦ ਕੀਤੀ ਜਾਵੇ। ਇਕ ਤਾਂ ਮਹਾਰਾਜਾ ਭੁਪਿੰਦਰ ਸਿੰਘ, ਉਸ ਵੇਲੇ ਦੇ ਪਟਿਆਲੇ ਦੇ ਮਹਾਰਾਜਾ ਸਨ। ਦੂਸਰਾ ਮੈਨੂੰ ਨਹੀਂ ਪਤਾ ਕੌਣ ਹੈ, ਸਰ ** ** ਉਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ

** Expunged as ordered by the Chair.

ਪ੍ਰਧਾਨ। ਇਤਿਹਾਸ ਕਹਿੰਦਾ ਹੈ, ਤੁਸੀਂ ਗੂਗਲ ਤੇ ਚੈੱਕ ਕਰ ਸਕਦੇ ਹੋ। ਇਤਿਹਾਸ ਵਿਚ ਲਿਖਿਆ ਹੈ ਕਿ ਮਹਾਰਾਜਾ ਭੁਪਿੰਦਰ ਸਿੰਘ ਨੇ ਨਰੈਣੂ ਮਹੰਤ ਦੀ ਕਿਸੇ ਵੀ ਤਰ੍ਹਾਂ ਦੀ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਪਰ ** ** ਨੇ ਡਬਲ ਰੋਲ ਅਦਾ ਕੀਤਾ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਸੋ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਇਤਿਹਾਸ ਹੈ।(ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਇਹ ਬੜਾ ਪਵਿੱਤਰ ਮਤਾ ਹੈ, ਤੁਸੀਂ ਇਸ ਉੱਤੇ ਕੋਈ ਕੰਟਰੋਵਰਸੀ ਵਾਲੀ ਗੱਲ ਨਾ ਕਰੋ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਇਤਿਹਾਸ ਨੂੰ ਝੁਠਲਾਇਆ ਨਹੀਂ ਜਾ ਸਕਦਾ। ਸੋ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਤਿਹਾਸ ਇਤਿਹਾਸ ਰਹਿੰਦਾ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਮੈਨੂੰ ਆਪਣੀ ਗੱਲ ਪੂਰੀ ਕਰਨ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਇਕ ਮਿੰਟ ਬੋਲ ਲੈਣ ਦਿਓ। ਤੁਸੀਂ ਬਾਅਦ ਵਿਚ ਜਵਾਬ ਦੇ ਦੇਣਾ।

**Sardar Bikram Singh Majithia :** Somebody who is not present here, ਉਸਦਾ ਨਾਮ ਨਹੀਂ ਲੈਣਾ ਚਾਹੀਦਾ।(ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਨਹੀਂ ਨਹੀਂ। ਉਨ੍ਹਾਂ ਦਾ ਨਾਮ ਨਹੀਂ ਆਏਗਾ। ਇਹ ** ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਮੈਂ ਜਨਰਲ ਅਡਵਾਇਰ ਦੀ ਗੱਲ ਵੀ ਨਹੀਂ ਕਰਨੀ ਕਿ ਉਸਨੇ ਕਿਸ ਦੇ ਘਰ ਰੋਟੀ ਖਾਧੀ ਸੀ? ਮੈਂ ਅਜਿਹੀ ਕੋਈ ਗੱਲ ਨਹੀਂ ਕਰਨਾ ਚਾਹੁੰਦਾ। ਮੈਂ ਇਹ ਵੀ ਨਹੀਂ ਕਹਿਣਾ ਚਾਹੁੰਦਾ ਕਿ ਜਨਰਲ ਅਡਵਾਇਰ ਨੇ ਜਦੋਂ ਗੋਲੀ ਚਲਾਈ ਤਾਂ ਉਸ ਨੂੰ ਰੋਟੀ ਕਿਸ ਨੇ ਖਿਲਾਈ ਸੀ? ਮੈਂ ਤੁਹਾਨੂੰ ਸਿਰਫ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਘਟਨਾਵਾਂ ਵਾਪਰੀਆਂ ਹਨ, ਇਹ ਤਾਂ ਇਤਿਹਾਸ ਹੈ ਤੇ ਇਤਿਹਾਸ ਇਤਿਹਾਸ ਹੀ ਰਹਿੰਦਾ ਹੈ।

---

** Expunged as ordered by the Chair.

ਜਿਹੜੀਆਂ ਪੰਜਾਬ ਵਿਚ ਘਟਨਾਵਾਂ ਵਾਪਰੀਆਂ ਹਨ, ਉਸ ਨਾਲ ਸਿੱਖ ਸੰਗਤਾਂ ਬਹੁਤ ਪੀੜਤ ਹਨ। ਮੈਂ ਇੱਥੇ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ, ਉਥੇ ਇਸ ਦੇ ਨਾਲ ਹੀ ਮੁੱਖ ਮੰਤਰੀ ਜੀ ਦਾ ਧੰਨਵਾਦ ਵੀ ਕਰਦਾ ਹਾਂ ਕਿ ਇਨ੍ਹਾਂ ਨੇ ਜਿਹੜੇ ਬਰਗਾੜੀ ਵਿਚ ਲੋਕ ਬੈਠੇ ਸਨ, ਉਨ੍ਹਾਂ ਦਾ ਮਸਲਾ ਹੱਲ ਕੀਤਾ ਹੈ। ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਸੀ, ਉਸ ਵਿਚੋਂ 24 ਦੋਸ਼ੀ ਫੜ ਕੇ ਸੰਗਤਾਂ ਦੇ ਹਿਰਦੇ ਸ਼ਾਂਤ ਕੀਤੇ ਹਨ। ਮੈਨੂੰ ਪਤਾ ਨਹੀਂ ਕਿ ਇਨ੍ਹਾਂ ਤੋਂ ਕਿਹੜੀਆਂ ਭੁੱਲਾਂ ਹੋਈਆਂ ਸੀ? (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਲੋਕ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦੇ ਹਨ ਕਿ ਜੋੜੇ ਕਿਹੜੀਆਂ ਭੁੱਲਾਂ ਕਰਕੇ ਸਾਫ ਕੀਤੇ? ਮੈਂ ਅਖੀਰ ਵਿਚ ਮੁੱਖ ਮੰਤਰੀ ਜੀ ਵੱਲੋਂ ਇਹ ਮਤਾ ਪੇਸ਼ ਕਰਨ ਤੇ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਧੰਨਵਾਦ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਸਾਰੇ ਬੈਠੋ ਜੀ, ਬੈਠੋ। ਤੁਸੀਂ ਕੋਈ ਕੰਟਰੋਵਰਸੀ ਖੜ੍ਹੀ ਨਾ ਕਰੋ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਸਾਡੀ ਪਾਰਟੀ ਵੱਲੋਂ ਬਲਜਿੰਦਰ ਕੌਰ ਜੀ ਨੇ ਬੋਲਣਾ ਹੈ।

**ਮਾਨਯੋਗ ਸਪੀਕਰ :** ਨਹੀਂ ਜੀ, ਬੈਠੋ। ਤੁਹਾਡੇ ਬਹੁਤ ਬੰਦੇ ਬੋਲ ਲਏ ਹਨ। ਹੁਣ ਨਹੀਂ, ਹਾਂ ਜੀ ਸਰਦਾਰ ਸੁਖਬੀਰ ਸਿੰਘ ਬਾਦਲ ਜੀ।

**ਪ੍ਰੋਫੈਸਰ ਬਲਜਿੰਦਰ ਕੌਰ:** ਸਪੀਕਰ ਸਾਹਿਬ, ਮੈਂ ਇਸੇ ਮਤੇ ਤੇ ਬੋਲਣਾ ਹੈ।

**ਮਾਨਯੋਗ ਸਪੀਕਰ :** ਨਹੀਂ ਜੀ, ਤੁਸੀਂ ਬੈਠੋ। ਪਹਿਲਾਂ ਸੁਖਬੀਰ ਸਿੰਘ ਬਾਦਲ ਜੀ ਨੂੰ ਬੋਲ ਲੈਣ ਦਿਓ, ਤੁਸੀਂ ਬਾਅਦ ਵਿਚ ਬੋਲ ਲੈਣਾ।ਹਾਂ ਜੀ, ਸੁਖਬੀਰ ਸਿੰਘ ਬਾਦਲ ਜੀ।

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਜਿਵੇਂ ਅਸੀਂ ਅੱਜ ਲਾਂਘੇ ਦੀ ਗੱਲ ਕਰ ਰਹੇ ਹਾਂ। ਇਸ ਬਾਰੇ 20-25 ਸਾਲ ਪਹਿਲਾਂ ਵੀ ਮਤੇ ਪਾਸ ਹੋਏ ਸੀ। ਮੇਰੀ ਬੇਨਤੀ ਹੈ ਕਿ ਅੱਜ ਆਪਾਂ ਇਸ ਸਦਨ ਵਿਚ ਇਹ ਵੀ ਮਤਾ ਪਾਸ ਕਰੀਏ ਕਿ ਆਪਾਂ ਭਾਰਤ ਸਰਕਾਰ ਨੂੰ ਇਹ ਬੇਨਤੀ ਕਰੀਏ ਕਿ ਜਿੰਨੀ ਜ਼ਮੀਨ ਕਰਤਾਰਪੁਰ ਸਾਹਿਬ ਗੁਰੂ ਘਰ ਦੀ ਹੈ, ਉਹ ਅਸੀਂ ਲੈ ਲਈਏ। ਲਾਂਘੇ ਦੀ ਜਗ੍ਹਾ ਸਾਨੂੰ ਉਹ ਜ਼ਮੀਨ ਮਿਲ ਜਾਵੇ। ਸ਼ਾਇਦ ਆਪਣੀ ਇਹ ਅਰਦਾਸ ਭਵਿੱਖ ਵਿਚ ਮੰਨ ਲਈ ਜਾਵੇ। ਕਰਤਾਰਪੁਰ ਸਾਹਿਬ ਗੁਰੂ ਘਰ ਦੀ ਸਾਰੀ ਜ਼ਮੀਨ ਆਪਣੇ ਹਿੱਸੇ ਆ ਜਾਵੇ ਤੇ ਆਪਾਂ ਉਨੀ ਜ਼ਮੀਨ ਪੰਜਾਬ ਵਿਚੋਂ ਉਨ੍ਹਾਂ ਨੂੰ ਦੇ ਸਕੀਏ। ਇਸ ਮੰਗ ਨੂੰ ਮਤੇ ਵਿਚ ਐਡ ਕਰ ਲਿਆ ਜਾਵੇ

ਜੀ। ਸ਼ਾਇਦ ਪ੍ਰਮਾਤਮਾ ਆਪਣੀ ਅਰਦਾਸ ਸੁਣ ਲਵੇ।

**ਸ਼੍ਰੀ ਕੰਵਰ ਸੰਧੂ (ਬੈਠੇ-ਬੈਠੇ) :** ਸਪੀਕਰ ਸਾਹਿਬ, ਇਸ ਨੂੰ ਮਤੇ ਵਿਚ ਸ਼ਾਮਲ ਕਰ ਲਿਆ ਜਾਵੇ।

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸਪੀਕਰ ਸਾਹਿਬ, ਇਨ੍ਹਾਂ ਦਾ ਸੁਝਾਅ ਬਹੁਤ ਵਧੀਆ ਹੈ। ਮੈਂ, ਕੈਪਟਨ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 1969 ਵਿਚ ਇਹੋ ਸੁਝਾਅ ਮੇਰੇ ਪਿਤਾ ਜੀ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਜੀ ਨੂੰ ਦਿੱਤਾ ਸੀ ਕਿ 11 ਹਜ਼ਾਰ ਏਕੜ ਧਣੀਏ ਕੇ ਬੇਟ, ਕੱਸੋਵਾਲ ਪਿੰਡ ਹੈ ਜਾਂ ਹੋਰ ਸਾਰੇ ਪਿੰਡ ਹਨ, ਉਨ੍ਹਾਂ ਨੂੰ ਕਿਹਾ ਸੀ ਕਿ ਉਹ ਪਿੰਡ ਉਨ੍ਹਾਂ ਨੂੰ ਦੇ ਦਿੱਤੇ ਜਾਣ, ਜਿਹੜੀ ਇਸ ਸਾਈਡ ਦੀ ਜ਼ਮੀਨ ਹੈ, ਉਹ ਉਨ੍ਹਾਂ ਨੂੰ ਦੇ ਦਿੱਤੀ ਜਾਵੇ। ਬਾਅਦ ਵਿੱਚ 1971 ਦੀ ਜੰਗ ਆ ਗਈ ਅਤੇ ਉਹ ਕੰਮ ਉੱਥੇ ਦਾ ਉੱਥੇ ਹੀ ਰਹਿ ਗਿਆ। ਜੇਕਰ ਵਾਕਿਆ ਹੀ ਹਾਊਸ ਇਸ ਨੂੰ ਕਰਦਾ ਹੈ ਤਾਂ ਇਹ ਪੂਰੇ ਪੰਜਾਬ ਲਈ ਨਹੀਂ ਸਗੋਂ ਹਿੰਦੁਸਤਾਨ ਲਈ ਬੜੀ ਵਧੀਆ ਗੱਲ ਹੋਵੇਗੀ। ਇਹ ਵੀ ਆਪਾਂ ਗੱਲ ਕਰਦੇ ਹਾਂ ਕਿ ਸਕਿਉਰਿਟੀ ਦੀ ਗੱਲ ਆ ਜਾਂਦੀ ਹੈ, ਇਸ ਨਾਲ ਇੱਕ ਦਰਿਆ ਹੀ ਵਿੱਚ ਰਹਿ ਜਾਵੇਗਾ। ਫਿਰ ਸਿਰਫ ਅੱਧੇ ਕੁ ਕਿਲੋਮੀਟਰ ਦਾ ਕਾਰੀਡੋਰ ਫਿਰ ਵੀ ਬਣਾਉਣਾ ਪਵੇਗਾ। ਬਿਲਕੁਲ ਉਸ ਦੇ ਨੇੜੇ ਪਹੁੰਚ ਜਾਵਾਂਗੇ।

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਇਹ ਜਿਹੜਾ ਸੁਜੈਸ਼ਨ ਹੈ, ਇਸ ਨੂੰ ਮਤੇ ਵਿੱਚ ਐਡ ਕਰ ਲਿਆ ਜਾਵੇ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ) :** ਸਪੀਕਰ ਸਾਹਿਬ, ਧੰਨਵਾਦ। ਇੱਕ ਹੋਰ ਮਤਾ, ਜਿਹੜਾ ਕਿ ਇਸੇ ਨਾਲ ਰਿਲੇਟਿਡ ਹੈ, ਉਸ ਤੇ ਸਿਰਫ ਇੱਕ ਮਿੰਟ ਦਾ ਟਾਈਮ ਚਾਹੀਦਾ ਹੈ। ਜਿਵੇਂ ਕਿ ਸਾਨੂੰ ਪਤਾ ਹੀ ਹੈ ਕਿ 2019 ਸਾਲ ਸਾਕਾ ਜਲ੍ਹਿਆਂ ਵਾਲੇ ਬਾਗ ਦੀ ਸ਼ਤਾਬਦੀ ਦਾ ਵਰ੍ਹਾ ਹੈ।

**ਮਾਨਯੋਗ ਸਪੀਕਰ :** ਤੁਸੀਂ ਇਸ ਮਤੇ ਦੇ ਬਾਰੇ ਗੱਲ ਕਰੋ।

**ਪ੍ਰੋਫੈਸਰ ਬਲਜਿੰਦਰ ਕੌਰ :** ਸਰ, ਇਸੇ ਨਾਲ ਰਿਲੇਟਿਡ ਹੈ। ਸਰ, ਇਹ ਮੈਂ ਇਸ ਕਰਕੇ ਪੜ੍ਹਨਾ ਚਾਹੁੰਦੀ ਹਾਂ ਕਿਉਂਕਿ ਇਸ ਤੇ ਹੋਰ wait ਨਹੀਂ ਕੀਤੀ ਜਾ ਸਕਦੀ। ਮੈਂ ਸੀ.ਐਮ. ਸਾਹਿਬ ਨੂੰ ਵੀ ਰਿਕੁਐਸਟ ਕਰਾਂਗੀ.....

ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ 13 ਅਪ੍ਰੈਲ, 1919 ਨੂੰ ਵਿਸਾਖੀ ਦੇ ਦਿਹਾੜੇ ਮੌਕੇ ਅੰਗਰੇਜ਼ ਹਕੂਮਤ ਵੱਲੋਂ ਜੰਗ-ਏ-ਆਜ਼ਾਦੀ ਦੇ ਸ਼ਾਂਤ ਚਿੱਤ ਅਤੇ 1000 ਤੋਂ ਵੱਧ

ਨਿਹੱਥੇ ਪਰਵਾਨਿਆਂ ਨੂੰ ਭੁੰਨਿਆ ਗਿਆ। ਅਜ਼ਾਦੀ ਦੇ ਸੰਘਰਸ਼ ਵਿੱਚ ਜਲ੍ਹਿਆਂ ਵਾਲੇ ਬਾਗ ਵਿੱਚ ਡੁੱਲ੍ਹੇ ਸ਼ਹੀਦਾਂ ਦੇ ਖ਼ੂਨ ਦਾ ਅਹਿਮ ਯੋਗਦਾਨ ਰਿਹਾ ਅਤੇ ਅੰਗਰੇਜ਼ੀ ਹਕੂਮਤ ਨੂੰ ਦੇਸ਼ ਛੱਡਣਾ ਪਿਆ। ਅੱਜ ਇੰਗਲੈਂਡ ਦੁਨੀਆਂ ਭਰ ਦੇ ਲੋਕਤੰਤਰ ਦਾ ਵੱਡਾ ਝੰਡਾਬਰਦਾਰ ਬਣਿਆ ਹੋਇਆ ਹੈ ਪਰੰਤੂ 100 ਸਾਲ ਬਾਅਦ ਵੀ ਬਰਤਾਨੀਆ ਦੀ ਹਕੂਮਤ ਨੇ ਜਲ੍ਹਿਆਂ ਵਾਲੇ ਬਾਗ ਵਿੱਚ ਕੀਤੇ ਨਰਸੰਹਾਰ ਉੱਤੇ ਮਾਫੀ ਨਹੀਂ ਮੰਗੀ ਅਤੇ ਪਸ਼ਚਾਤਾਪ ਨਹੀਂ ਕੀਤਾ। ਇਹ ਨਹੀਂ ਕਿ ਅੱਜ ਤੋਂ ਪਹਿਲਾਂ ਇਹ ਮੰਗ ਨਹੀਂ ਉੱਠੀ। ਕੈਨੇਡਾ ਆਧਾਰਿਤ ਪ੍ਰੋਫੈਸਰ ਮੋਹਣ ਸਿੰਘ ਮੈਮੋਰੀਅਲ ਫਾਊਂਡੇਸ਼ਨ ਨੇ ਇਹ ਮੁੱਦਾ ਇੰਗਲੈਂਡ ਦੇ ਸੰਸਦ ਮੈਂਬਰਾਂ ਅਤੇ ਜਨ-ਪ੍ਰਤੀਨਿਧਾਂ ਕੋਲ ਉਠਾਇਆ। ਇੱਥੋਂ ਤੱਕ ਕਿ ਉੱਥੋਂ ਦੇ ਵਿਰੋਧੀ ਧਿਰ ਦੇ ਆਗੂ Jeremy Corbyn ਨੇ ਹਾਂ ਪੱਖੀ ਹੁੰਗਾਰਾ ਵੀ ਭਰਿਆ। ਇਸ ਸੰਸਥਾ ਨੇ ਪੰਜਾਬ ਅਤੇ ਭਾਰਤ ਦੀਆਂ ਵੱਖ ਵੱਖ ਰਵਾਇਤੀ ਪਾਰਟੀਆਂ ਤੱਕ ਵੀ ਪਹੁੰਚ ਕੀਤੀ। ਇਸ ਸੰਸਥਾਵਾਂ ਦੀਆਂ ਕੋਸ਼ਿਸ਼ਾਂ ਸਦਕਾ ਕੈਨੇਡਾ ਦੀ ਪਾਰਲੀਮੈਂਟ ਨੇ ਕਾਮਾ ਗਾਟਾ ਮਾਰੂ ਉੱਪਰ ਮਾਫੀ ਮੰਗੀ ਅਤੇ ਇਸ ਉੱਤੇ ਪਸ਼ਚਾਤਾਪ ਕਰ ਚੁੱਕੀ ਹੈ। ਸਪੀਕਰ ਸਾਹਿਬ, ਜੇਕਰ ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ, ਮੋਨੀਟੋਵਾ ਫੈਡਰਲ ਅਸੈਂਬਲੀ ਕਾਮਾ ਗਾਟਾ ਮਾਰੂ ਤੇ ਮੁਕੰਮਲ ਮਾਫੀ ਮੰਗ ਸਕਦੀ ਹੈ.....

**ਮਾਨਯੋਗ ਸਪੀਕਰ :** ਬਲਜਿੰਦਰ ਕੌਰ ਜੀ, ਲਾਂਘੇ ਦਾ ਬੜਾ ਇੰਪਾਰਟੈਂਟ ਇਸ਼ੂ ਹੈ, ਤੁਸੀਂ ਉਸ ਨਾਲ ਨਹੀਂ ਕਲੱਬ ਕਰ ਸਕਦੇ।

**ਪ੍ਰੋਫੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ, ਇਹ ਸਮੁੱਚੀ ਮਾਨਵਤਾ ਨਾਲ ਜੁੜਿਆ ਹੋਇਆ ਹੈ। ਸਰ, ਇੱਕ ਅੱਧਾ ਮਿੰਟ ਦੇ ਦਿਉ ਜੀ। ਇਹ ਬਹੁਤ ਇੰਪਾਰਟੈਂਟ ਹੈ।

**ਮਾਨਯੋਗ ਸਪੀਕਰ :** ਬੇਸ਼ੱਕ ਹੋਵੇ। ਮੈਂ ਇਸ ਨੂੰ ਲਾਂਘੇ ਵਾਲੇ ਮਤੇ ਨਾਲ ਜੋੜਨ ਦੀ ਇਜਾਜ਼ਤ ਨਹੀਂ ਦੇਵਾਂਗਾ।

**ਪ੍ਰੋਫੈਸਰ ਬਲਜਿੰਦਰ ਕੌਰ :** ਸਰ, ਇਹ ਬਹੁਤ ਇੰਪਾਰਟੈਂਟ ਹੈ। ਇਸ ਨੂੰ ਅਸੀਂ ਵੇਟ ਨਹੀਂ ਕਰ ਸਕਦੇ।

**ਮਾਨਯੋਗ ਸਪੀਕਰ :** ਬੇਸ਼ੱਕ ਹੋਵੇ। ਤੁਸੀਂ ਵੱਖਰਾ ਕਰ ਸਕਦੇ ਹੋ। ਲੇਕਿਨ ਲਾਂਘੇ ਦੀ ਪਵਿੱਤਰਤਾ ਨਾਲ ਇਸ ਨੂੰ ਨਹੀਂ ਜੋੜ ਸਕਦੇ।

**ਪ੍ਰੋਫੈਸਰ ਬਲਜਿੰਦਰ ਕੌਰ :** ਸਰ, ਦੋ ਲਾਈਨਾਂ ਰਹਿ ਗਈਆਂ ਹਨ......

**ਮਾਨਯੋਗ ਸਪੀਕਰ :** ਨਹੀਂ, ਲਾਂਘੇ ਵਾਲੇ ਮਤੇ ਨਾਲ ਨਹੀਂ ਜੁੜ ਸਕਦਾ, ਤੁਸੀਂ ਬੈਠੋ ਜੀ। ਸੀ.ਐਮ. ਸਾਹਿਬ ਤੁਸੀਂ ਕੁਝ ਹੋਰ ਕਹਿਣਾ ਹੈ? ਮਜੀਠੀਆ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ) :** ਸਪੀਕਰ ਸਾਹਿਬ, ਅੱਜ ਇੱਕ ਬਹੁਤ ਹੀ ਇਤਿਹਾਸਕ ਦਿਨ ਹੈ । ਇੱਕ ਜਿਹੜੀ ਇਤਿਹਾਸਕ ਬਲੰਡਰ 1947 ਵਿੱਚ ਹੋਈ ਸੀ, ਉਸ ਦੀ ਮੈਂ ਸਮਝਦਾ ਹਾਂ ਕਿ ਆਪਾਂ ਸਾਰੇ ਕੋਰਸ ਕੁਰੈਕਸ਼ਨ ਕਰਨ ਲੱਗੇ ਹਾਂ। ਮੈਂ ਸਮਝਦਾ ਹਾਂ ਕਿ ਜਿੰਨੇ ਵੀ ਮੈਂਬਰ ਸਾਹਿਬਾਨ ਇਸ ਵਿਧਾਨ ਸਭਾ ਵਿੱਚ ਆਏ ਹਨ, ਜੋ ਧੰਨਵਾਦੀ ਮਤਾ ਲੈ ਕੇ ਆਏ ਹਾਂ, ਕੀ ਵਾਕਿਆ ਹੀ ਇਹ ਜਿਹੜਾ ਲਾਂਘਾ ਹੈ, ਇਹ ਅਸਲੀਅਤ ਵਿੱਚ ਪ੍ਰਵਾਨ ਹੋਵੇ। ਜਦੋਂ ਇਤਿਹਾਸ ਲਿਖਿਆ ਜਾਵੇਗਾ, ਭਾਵੇਂ ਕੋਈ ਅਜ਼ਾਦ ਮੈਂਬਰ ਸੀ, ਭਾਵੇਂ ਕੋਈ ਆਪ ਪਾਰਟੀ ਦਾ ਮੈਂਬਰ ਸੀ, ਭਾਵੇਂ ਕੋਈ ਕਾਂਗਰਸ ਦਾ ਸੀ, ਭਾਵੇਂ ਕੋਈ ਸ਼੍ਰੋਮਣੀ ਅਕਾਲੀ ਦਲ ਦਾ ਸੀ, ਭਾਵੇਂ ਭਾਰਤੀ ਜਨਤਾ ਪਾਰਟੀ ਦਾ ਸੀ, It will always be remembered ਕਿ ਸਾਲ 2018 ਵਿੱਚ ਸਮੁੱਚੇ ਹਾਊਸ ਦੇ ਮੈਂਬਰ ਸਾਹਿਬਾਨ ਨੇ ਰਲ-ਮਿਲ ਕੇ ਇਹ ਲਾਂਘੇ ਵਾਲਾ ਮਤਾ ਪਾਸ ਕੀਤਾ। ਜੋ ਹਰ ਗੁਰੂ ਨਾਨਕ ਨਾਮ ਲੇਵਾ ਦੀ ਅਰਦਾਸ ਹੈ, ਦੇਖੋ, ਪੰਜਾਬ ਦੀ ਅਬਾਦੀ 3 ਕਰੋੜ ਤੋਂ ਘੱਟ ਹੈ, ਦੁਨੀਆਂ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਦੀ ਅੱਠ ਪਹਿਰਾਂ ਦੀ ਇੱਕੋ ਅਰਦਾਸ ਰਹੀ ਹੈ ਕਿ ਜਿੰਨੇ ਵੀ ਗੁਰਧਾਮ ਹਨ, ਉਨ੍ਹਾਂ ਨੂੰ ਖੁੱਲ੍ਹੇ ਦਰਸ਼ਨ ਦੀਦਾਰੇ ਹੋਣ। ਅੱਜ ਇਹ ਇੱਕ ਅਸਲੀਅਤ ਵਿੱਚ ਤਬਦੀਲ ਹੋਣ ਲੱਗਾ ਹੈ। ਸੋ, ਕੀ ਉਹ ਹਿਸਟਾਰਿਕ ਬਲੰਡਰ ਸੀ? ਅੱਜ ਉਸ ਕੋਰਸ ਕੁਰੈਕਸ਼ਨ ਵਿੱਚ ਹਿਸਟਾਰਿਕ ਫੈਸਲਾ ਹੋ ਰਿਹਾ ਹੈ, ਮੈਂ ਉਨ੍ਹਾਂ ਇਸ਼ੂਜ਼ ਨੂੰ ਟ੍ਰਿਵਿਲਾਈਜ਼ ਨਹੀਂ ਕਰਨਾ ਚਾਹੁੰਦਾ। ਗੱਲਾਂ ਬਹੁਤ ਹਨ। ਕੁਝ ਮੈਂਬਰ ਸਾਹਿਬਾਨ ਨੇ ਗੱਲ ਨੂੰ ਛੋਟਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਦੀ ਮਾਨਸਿਕਤਾ ਉਨੀ ਕੁ ਹੀ ਹੈ, ਉਨ੍ਹਾਂ ਨੇ ਪਹਿਲਾਂ ਵੀ ਜਦੋਂ 1984 ਦਾ ਸਮਾਂ ਸੀ, ਉਦੋਂ ਗੁਣ-ਗਾਣ ਦੂਜੇ ਪਾਸੇ ਦਾ ਕਰ ਦਿੱਤਾ ਸੀ ਤੇ ਹੁਣ ਯੂ ਟਰਨ ਮਾਰੀ ਜਾਂਦੇ ਹਨ।

**ਮਾਨਯੋਗ ਸਪੀਕਰ:** ਹੁਣ ਤੁਸੀਂ ਨਾ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਮੈਂ ਜਿਹੜੀ ਗੱਲ ਤੇ ਆ ਰਿਹਾ ਹਾਂ, ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ** ** ਕਿ ਮਜੀਠੀਏ ਦੀ ਗੱਲ ਨਾ ਸੁਣੋ। ਸਰ, ਮੈਂ ਸਮਝਦਾ ਹਾਂ, ਮੈਂ ਕਿਹੜਾ ਅਨਜਾਣ ਹਾਂ। ਮੈਂ ਇਸ ਲਈ ਮੁੱਕਦੀ ਗੱਲ ਤੇ ਆ ਰਿਹਾ ਹਾਂ। ਮੈਂ ਇਸੇ ਗੱਲ ਤੇ ਆ ਰਿਹਾ ਹਾਂ ਕਿ ਉਨ੍ਹਾਂ ਨੇ ਜਿਨ੍ਹਾਂ ਨੇ ਟੌਂਟਿੰਗ ਕਰਨੀ ਹੈ, ਉਨ੍ਹਾਂ ਨੇ ਤਾਂ ਉਦੋਂ ਵੀ ਕਰ ਲਈ ਸੀ। ਉਨ੍ਹਾਂ ਨੇ ਅੱਜ ਨਵੀਂ ਕਿਸਮ ਦੀ ਕਰ ਲਈ ਹੈ। ਉਹ ਛੱਡ ਦਿਓ। ਮੈਂ ਇਸ ਗੱਲ ਤੇ ਨਹੀਂ ਆਉਂਦਾ। ਮਗਰ ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ....

** Expunged as ordered by the Hon'ble Speaker.

**ਮਾਨਯੋਗ ਸਪੀਕਰ:** ਤੁਸੀਂ ਸਿਰਫ ਲਾਂਘੇ ਦੀ ਗੱਲ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ spring ਨਾ ਲਾਉਣ, ਗੱਲ ਸੁਣ ਲੈਣ। Speaker Sahib, I don't want to trivialize the issue.

**ਮਾਨਯੋਗ ਸਪੀਕਰ:** ਤੁਸੀਂ ਸਬਜੈਕਟ ਦੀ ਪਵਿੱਤਰਤਾ ਬਣੀ ਰਹਿਣ ਦਿਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਬਿਨਾਂ ਇਜਾਜ਼ਤ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਬਿਲਕੁਲ ਸਪੀਕਰ ਸਾਹਿਬ, ਮੈਂ ਉਸੇ ਹੀ ਗੱਲ ਤੇ ਆ ਰਿਹਾ ਹਾਂ। ਮੇਰੀ ਇੱਕ ਬੇਨਤੀ ਹੈ ਕਿ ਜਿਵੇਂ ਪਹਿਲਾਂ ਮੈਂਬਰ ਸਾਹਿਬਾਨ ਬੋਲ ਕੇ ਗਏ ਹਨ, ਗੁਰੂ ਨਾਨਕ ਨਾਮ ਲੇਵਾ ਦੀ ਉਨ੍ਹਾਂ ਨੇ ਗੱਲ ਕੀਤੀ ਹੈ ਕਿ ਹਰ ਇੱਕ ਦੀ ਅਰਦਾਸ ਸੁਣੀ ਗਈ ਹੈ। ਉਸ ਗੁਰੂ ਨਾਨਕ ਨਾਮ ਲੇਵਾ ਦੀ ਅਰਦਾਸ ਲਈ ਧੰਨਵਾਦ। ਜਿਨ੍ਹਾਂ-ਜਿਨ੍ਹਾਂ ਨੇ ਵੀ ਜਿੱਥੇ ਜਿੱਥੇ ਵੀ ਅਰਦਾਸ ਕੀਤੀ ਹੈ, ਉਨ੍ਹਾਂ ਦਾ ਧੰਨਵਾਦ ਹੋਣਾ ਚਾਹੀਦਾ ਹੈ। ਜਿੰਨੇ ਵੀ ਪਹਿਲਾਂ ਮੁੱਖ ਮੰਤਰੀ ਸਾਹਿਬਾਨ ਰਹੇ ਹਨ ਕਿਉਂਕਿ ਇੱਕ ਨੇ ਨਹੀਂ, ਰੰਧਾਵਾ ਸਾਹਿਬ ਵੀ ਬੋਲ ਰਹੇ ਹਨ ਕਿ 1969 ਵਿੱਚ ਵੀ ਵਿਚਾਰ ਚਰਚਾ ਚਲੀ ਸੀ, ਉਨ੍ਹਾਂ ਦਾ ਵੀ ਧੰਨਵਾਦ ਹੋਵੇ। ਮੈਂ ਤਾਂ ਇਸ ਗੱਲ ਤੱਕ ਵੀ ਜਾਂਦਾ ਹਾਂ ਕਿਉਂਕਿ ਡਾ. ਮਨਮੋਹਨ ਸਿੰਘ ਜੀ ਹੋ ਗਏ, ਵਾਜਪਾਈ ਸਾਹਿਬ ਹੋ ਗਏ ਜਾਂ ਕੋਈ ਨਾਮ ਮੇਰੇ ਧਿਆਨ ਵਿੱਚੋਂ ਵਿਸਰ ਗਿਆ ਹੋਵੇ, ਜਿੰਨੇ ਵੀ ਪ੍ਰਧਾਨ ਮੰਤਰੀ ਸਾਹਿਬਾਨ ਨੇ ਜਿਨ੍ਹਾਂ ਨੇ ਇਸ ਵਿੱਚ ਪਾਜ਼ੇਟਿਵ, ਹਾਂ-ਪੱਖੀ ਹੁੰਗਾਰਾ ਭਰਿਆ, ਉਨ੍ਹਾਂ ਦਾ ਵੀ ਧੰਨਵਾਦ ਇਸ ਮਤੇ ਵਿੱਚ ਜ਼ਰੂਰ ਹੋਵੇ ਕਿਉਂਕਿ ਇਹ ਮਤਾ ਬਹੁਤ ਵੱਡਾ ਹੈ। ਮੇਰੀ ਬੇਨਤੀ ਸੁਣ ਲਓ।

**ਮਾਨਯੋਗ ਸਪੀਕਰ:** ਬੈਠੋ, ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਮੈਂ ਅਖੀਰਲੀ ਗੱਲ ਤੇ ਹੀ ਆ ਰਿਹਾ ਹਾਂ। ਮੇਰੀ ਜਿਹੜੀ ਬੇਨਤੀ ਹੈ ਕਿ ਦੇਖੋ ਇਸ ਇਸ਼ੂ ਨੂੰ ਕੁਝ ਬੜੇ ਚੰਗੇ ਸੁਜੈਸ਼ਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਦਿੱਤੇ ਹਨ ਕਿ ਇਸ ਜ਼ਮੀਨ ਦਾ ਜੇ ਤਬਾਦਲਾ ਹੋ ਜਾਵੇ ਤਾਂ ਇਹ ਬਿਲਕੁਲ ਬਹੁਤ ਚੰਗੀ ਗੱਲ ਹੈ ਕਿਉਂਕਿ ਜਿੰਨੇ ਕਨਸਰਨਜ਼ ਕੈਪਟਨ ਅਮਰਿੰਦਰ ਸਿੰਘ ਜੀ ਨੇ ਉਠਾਏ ਹਨ ਉਹ ਵੀ ਇੱਕ ਤਜਰਬੇ ਦੇ ਤੌਰ ਤੇ ਉਠਾਏ ਹਨ, ਅਜ਼ਾਦੀ ਨੂੰ 70 ਸਾਲ ਹੋ ਗਏ ਹਨ। ਆਪਾਂ ਇੱਥੇ ਰੋਜ਼ ਸੁਣਦੇ ਹਾਂ ਕਿ ਹਾਲਾਤ ਚੰਗੇ ਹੋ ਜਾਣਗੇ ਮਗਰ ਅਸਲੀਅਤ ਕੀ ਹੈ? ਜੋ ਕੁਝ ਕੈਪਟਨ ਸਾਹਿਬ ਜੀ ਨੇ ਖਦਸ਼ੇ ਜ਼ਾਹਿਰ ਕੀਤੇ

ਹਨ, ਉਹ ਵੀ ਅਸਲੀਅਤ ਹੈ। ਇਸ ਲਈ ਸਾਰੀਆਂ ਗੱਲਾਂ ਨੂੰ ਵਿਚਾਰਦੇ ਹੋਏ ਮੈਂ ਤਾਂ ਅੱਜ ਕੈਪਟਨ ਸਾਹਿਬ ਦਾ ਵੀ ਧੰਨਵਾਦ ਕਰਾਂਗਾ। ਅਸੀਂ ਤਾਂ ਤੁਹਾਨੂੰ ਅੱਜ ਵੀ ਕੈਪਟਨ ਮੰਨਿਆ ਹੈ, ਤੁਸੀਂ ਅੱਗੇ ਵੀ ਕੈਪਟਨ ਹੋ, ਕੋਈ ਤੁਹਾਨੂੰ ਮੰਨਣ ਜਾਂ ਨਾ ਮੰਨਣ, ਮਗਰ ਪੰਜਾਬ ਵਿੱਚ ਬੋਰਡ ਲਵਾਉਣ ਦੀ ਲੋੜ ਨਹੀਂ ਹੁੰਦੀ। ਇਸ ਲਈ ਕੈਪਟਨ ਸਾਹਿਬ ਦਾ ਵੀ ਧੰਨਵਾਦ, ਜਿੰਨੇ ਮੁੱਖ ਮੰਤਰੀ ਪਹਿਲਾਂ ਹੋਏ ਹਨ, ਉਨ੍ਹਾਂ ਦਾ ਵੀ ਧੰਨਵਾਦ।

**ਮਾਨਯੋਗ ਸਪੀਕਰ:** ਬੈਠੋ, ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਬਾਦਲ ਸਾਹਿਬ ਜਿਹੜਾ 2010 ਵਿੱਚ ਰੈਜ਼ੋਲਿਊਸ਼ਨ ਲਿਆਏ ਸੀ, ਵਡਾਲਾ ਸਾਹਿਬ, ਸੁੱਖੀ ਰੰਧਾਵਾ ਜੀ ਅਰਦਾਸ ਵਿੱਚ ਗਏ ਸੀ, ਭਲੇ ਦੀ ਅਰਦਾਸ ਲਈ ਗਏ ਸੀ। ਇਹ ਭਾਵੇਂ ਉੱਥੋਂ ਤਿੱਤਰ ਲੈ ਕੇ ਆਏ ਹਨ, ਕਿਸੇ ਨੇ ਸਵੀਕਾਰ ਕੀਤਾ ਹੈ, ਭਾਵੇਂ ਨਹੀਂ ਕੀਤਾ ਹੈ, ਇਨ੍ਹਾਂ ਦਾ ਵੀ, ਹਰੇਕ ਦਾ ਯੋਗਦਾਨ ਹੈ, ਹਰੇਕ ਦਾ ਧੰਨਵਾਦ ਇਸ ਮਤੇ ਵਿੱਚ ਪਾ ਦਿਓ।

**ਮਾਨਯੋਗ ਸਪੀਕਰ:** ਬੈਠੋ, ਬੈਠੋ, ਬੈਠੋ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ ਕਿ–

> " ਇਹ ਸਦਨ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਾ ਹੈ ਅਤੇ ਕੇਂਦਰ ਸਰਕਾਰ ਤੋਂ ਇਹ ਪੁਰਜ਼ੋਰ ਮੰਗ ਕਰਦਾ ਹੈ ਕਿ ਇਸ ਲਾਂਘੇ ਨੂੰ ਖੋਲਣ ਸਬੰਧੀ ਕੀਤੇ ਜਾਣ ਵਾਲੇ ਕੰਮਾਂ ਨੂੰ ਪੰਜਾਬੀਆਂ ਦੀ ਚਿਰੋਕਣੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ, ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਵੰਬਰ, 2019 ਵਿੱਚ ਮਨਾਏ ਜਾ ਰਹੇ 550ਵੇਂ ਜਨਮ ਵਰ੍ਹੇਗੰਢ ਸਮਾਗਮਾਂ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਦੇ ਹੋਏ ਪੂਰਾ ਕੀਤਾ ਜਾਵੇ ਕਿ ਇਸ ਨਾਲ ਪੰਜਾਬ ਵਿੱਚ ਬੜੀਆਂ ਮੁਸ਼ਕਲਾਂ ਉਪਰੰਤ ਸਥਾਪਿਤ ਸ਼ਾਂਤੀ (hard earned peace) ਕਿਸੇ ਤਰੀਕੇ ਨਾਲ ਭੰਗ ਨਾ ਕੀਤੀ ਜਾ ਸਕੇ।"

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਆਗਿਆ ਮੰਗ ਰਹੇ ਸਨ।)

**ਸਰਦਾਰ ਸੁਖਬੀਰ ਸਿੰਘ ਬਾਦਲ :** ਸਰ, ਜ਼ਮੀਨ ਦਾ ਤਬਾਦਲਾ ਵਿੱਚ ਪਾ ਲਓ। ਅੱਜ ਹਿਸਟਾਰਿਕ ਦਿਨ ਹੈ। ਦਸ, ਵੀਹ ਸਾਲ, ਤੀਹ ਸਾਲ ਬਾਅਦ ਜਦੋਂ ਵੀ ਹੋਇਆ, ਇਹ ਵੀ ਹੋ ਜਾਵੇਗਾ।

**ਮਾਨਯੋਗ ਸਪੀਕਰ:** ਕਿਉਂਕਿ ਇਹ ਸਰਕਾਰੀ ਮਤਾ ਹੈ, ਜੋ ਸੀ.ਐਮ. ਸਾਹਿਬ ਕਹਿਣਗੇ, ਉਸ ਤਰ੍ਹਾਂ ਕਰ ਲਵਾਂਗੇ। ਸਦਨ ਦੀ ਸਹਿਮਤੀ ਨਾਲ ਸ਼ਾਮਿਲ ਕੀਤਾ ਜਾ ਸਕਦਾ ਹੈ ਕਿ ਜ਼ਮੀਨ ਦੇ ਤਬਾਦਲੇ ਲਈ ਵੀ ਮਤਾ ਕੇਂਦਰ ਸਰਕਾਰ ਨੂੰ ਘੱਲਿਆ ਜਾਵੇ?

(ਇੱਕ ਅਵਾਜ਼: ਇਹ ਸੁਝਾਅ ਪਹਿਲਾਂ ਤਾਂ ਸ਼੍ਰੀ ਕੰਵਰ ਸੰਧੂ ਜੀ ਨੇ ਦਿੱਤਾ ਸੀ।)

**ਖੇਡਾਂ ਅਤੇ ਯੁਵਕ ਮਾਮਲੇ ਮੰਤਰੀ :** ਸਪੀਕਰ ਸਾਹਿਬ, ਸਾਰੇ ਹਾਊਸ ਦਾ ਹੀ ਯੂਨਾਨੀਮਸਲੀ ਪਾ ਲਓ, ਇਸ ਵਿੱਚ ਕਿਹੜੀ ਗੱਲ ਹੈ।

**ਮੁੱਖ ਮੰਤਰੀ :** ਸਪੀਕਰ ਸਾਹਿਬ, I don't mind ਅਗਰ ਇਹ ਰੈਜ਼ੋਲਿਊਸ਼ਨ ਆਪਾਂ ਨੇ ਪਾਉਣਾ ਹੈ ਤਾਂ ਆਪਾਂ ਪਾ ਸਕਦੇ ਹਾਂ। ਇਸ ਗੱਲ ਨੂੰ ਸਾਰੇ ਹੀ ਚਾਹੁੰਦੇ ਹਨ।

**ਮਾਨਯੋਗ ਸਪੀਕਰ:** ਠੀਕ ਹੈ ਜੀ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ–

> " ਇਹ ਸਦਨ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਾ ਹੈ ਅਤੇ ਕੇਂਦਰ ਸਰਕਾਰ ਤੋਂ ਇਹ ਪੁਰਜ਼ੋਰ ਮੰਗ ਕਰਦਾ ਹੈ ਕਿ ਇਸ ਲਾਂਘੇ ਨੂੰ ਖੋਲ੍ਹਣ ਸਬੰਧੀ ਕੀਤੇ ਜਾਣ ਵਾਲੇ ਕੰਮਾਂ ਨੂੰ ਪੰਜਾਬੀਆਂ ਦੀ ਚਿਰੋਕਣੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਵੰਬਰ, 2019 ਵਿੱਚ ਮਨਾਏ ਜਾ ਰਹੇ 550ਵੇਂ ਜਨਮ ਵਰ੍ਹੇਗੰਢ ਸਮਾਗਮਾਂ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਦੇ ਹੋਏ ਪੂਰਾ ਕੀਤਾ ਜਾਵੇ ਕਿ ਇਸ ਨਾਲ ਪੰਜਾਬ ਵਿਚ ਬੜੀਆਂ ਮੁਸ਼ਕਲਾਂ ਉਪਰੰਤ ਸਥਾਪਿਤ ਸ਼ਾਂਤੀ (hard earned peace) ਕਿਸੇ ਤਰੀਕੇ ਨਾਲ ਭੰਗ ਨਾ ਕੀਤੀ ਜਾ ਸਕੇ। ਇਸ ਦੇ ਨਾਲ ਹੀ ਇਹ ਸਦਨ ਪੰਜਾਬ ਸਰਕਾਰ ਨੂੰ ਇਹ ਵੀ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਤੱਕ ਪਹੁੰਚ ਕਰੇ ਕਿ ਕਰਤਾਰਪੁਰ ਗੁਰੂ ਘਰ ਦੀ ਸਾਰੀ ਜ਼ਮੀਨ ਦੇ ਬਦਲੇ ਪਾਕਿਸਤਾਨ ਨੂੰ ਭਾਰਤ ਵਿੱਚੋਂ ਉਨੀ ਜ਼ਮੀਨ ਦੇ ਕੇ ਜ਼ਮੀਨ ਦਾ ਤਬਾਦਲਾ ਕਰ ਲਿਆ ਜਾਵੇ।"

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ ਕਿ –

> " ਇਹ ਸਦਨ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਾ ਹੈ ਅਤੇ ਕੇਂਦਰ ਸਰਕਾਰ ਤੋਂ ਇਹ ਪੁਰਜ਼ੋਰ ਮੰਗ ਕਰਦਾ ਹੈ ਕਿ ਇਸ ਲਾਂਘੇ ਨੂੰ ਖੋਲ੍ਹਣ ਸਬੰਧੀ ਕੀਤੇ ਜਾਣ ਵਾਲੇ ਕੰਮਾਂ ਨੂੰ ਪੰਜਾਬੀਆਂ ਦੀ ਚਿਰੋਕਣੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ, ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਵੰਬਰ, 2019 ਵਿੱਚ ਮਨਾਏ ਜਾ

ਰਹੇ 550ਵੇਂ ਜਨਮ ਵਰ੍ਹੇਗੰਢ ਸਮਾਗਮਾਂ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਦੇ ਹੋਏ ਪੂਰਾ ਕੀਤਾ ਜਾਵੇ ਕਿ ਇਸ ਨਾਲ ਪੰਜਾਬ ਵਿਚ ਬੜੀਆਂ ਮੁਸ਼ਕਲਾਂ ਉਪਰੰਤ ਸਥਾਪਿਤ ਸ਼ਾਂਤੀ (hard earned peace) ਕਿਸੇ ਤਰੀਕੇ ਨਾਲ ਭੰਗ ਨਾ ਕੀਤੀ ਜਾ ਸਕੇ। ਇਸ ਦੇ ਨਾਲ ਹੀ ਇਹ ਸਦਨ ਪੰਜਾਬ ਸਰਕਾਰ ਨੂੰ ਇਹ ਵੀ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਤੱਕ ਪਹੁੰਚ ਕਰੇ ਕਿ ਕਰਤਾਰਪੁਰ ਗੁਰੂ ਘਰ ਦੀ ਸਾਰੀ ਜ਼ਮੀਨ ਦੇ ਬਦਲੇ ਪਾਕਿਸਤਾਨ ਨੂੰ ਭਾਰਤ ਵਿੱਚੋਂ ਉਨੀ ਜ਼ਮੀਨ ਦੇ ਕੇ ਜ਼ਮੀਨ ਦਾ ਤਬਾਦਲਾ ਕਰ ਲਿਆ ਜਾਵੇ।"

**ਮਾਨਯੋਗ ਸਪੀਕਰ:** ਪ੍ਰਸ਼ਨ ਹੈ ਕਿ–

" ਇਹ ਸਦਨ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਾ ਹੈ ਅਤੇ ਕੇਂਦਰ ਸਰਕਾਰ ਤੋਂ ਇਹ ਪੁਰਜ਼ੋਰ ਮੰਗ ਕਰਦਾ ਹੈ ਕਿ ਇਸ ਲਾਂਘੇ ਨੂੰ ਖੋਲ੍ਹਣ ਸਬੰਧੀ ਕੀਤੇ ਜਾਣ ਵਾਲੇ ਕੰਮਾਂ ਨੂੰ ਪੰਜਾਬੀਆਂ ਦੀ ਚਿਰੋਕਣੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ, ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਵੰਬਰ, 2019 ਵਿੱਚ ਮਨਾਏ ਜਾ ਰਹੇ 550ਵੇਂ ਜਨਮ ਵਰ੍ਹੇਗੰਢ ਸਮਾਗਮਾਂ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਦੇ ਹੋਏ ਪੂਰਾ ਕੀਤਾ ਜਾਵੇ ਕਿ ਇਸ ਨਾਲ ਪੰਜਾਬ ਵਿਚ ਬੜੀਆਂ ਮੁਸ਼ਕਲਾਂ ਉਪਰੰਤ ਸਥਾਪਿਤ ਸ਼ਾਂਤੀ (hard earned peace) ਕਿਸੇ ਤਰੀਕੇ ਨਾਲ ਭੰਗ ਨਾ ਕੀਤੀ ਜਾ ਸਕੇ। ਇਸ ਦੇ ਨਾਲ ਹੀ ਇਹ ਸਦਨ ਪੰਜਾਬ ਸਰਕਾਰ ਨੂੰ ਇਹ ਵੀ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਤੱਕ ਪਹੁੰਚ ਕਰੇ ਕਿ ਕਰਤਾਰਪੁਰ ਗੁਰੂ ਘਰ ਦੀ ਸਾਰੀ ਜ਼ਮੀਨ ਦੇ ਬਦਲੇ ਪਾਕਿਸਤਾਨ ਨੂੰ ਭਾਰਤ ਵਿੱਚੋਂ ਉਨੀ ਜ਼ਮੀਨ ਦੇ ਕੇ ਜ਼ਮੀਨ ਦਾ ਤਬਾਦਲਾ ਕਰ ਲਿਆ ਜਾਵੇ।"

***ਪ੍ਰਸਤਾਵ ਸੋਧੇ ਅਨੁਸਾਰ ਪ੍ਰਵਾਨ ਹੋਇਆ।***

----

## MOTION UNDER RULE 16

**ਮਾਨਯੋਗ ਸਪੀਕਰ:** ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ ਨਿਯਮ 16 ਅਧੀਨ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

> ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## PRESENTATION OF REPORTS OF THE COMMITTEE

**ਮਾਨਯੋਗ ਸਪੀਕਰ:** ਸਰਦਾਰ ਪਰਗਟ ਸਿੰਘ, ਮੈਂਬਰ ਵਿਸ਼ੇਸ਼ ਅਧਿਕਾਰ ਕਮੇਟੀ, ਕਮੇਟੀ ਦੀ ਪਹਿਲੀ, ਦੂਸਰੀ, ਤੀਸਰੀ ਅੰਤਰਿਮ ਰਿਪੋਰਟਾਂ ਪੇਸ਼ ਕਰਨ।

**ਮੈਂਬਰ, ਵਿਸ਼ੇਸ਼ ਅਧਿਕਾਰ ਕਮੇਟੀ (ਸਰਦਾਰ ਪਰਗਟ ਸਿੰਘ):** ਸ਼੍ਰੀਮਾਨ ਜੀ, ਮੈਂ

I) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ ਵੱਲੋਂ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੁੱਧ;

II) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ ਵੱਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

III) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ ਵੱਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

IV) ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ. ਵੱਲੋਂ ਸਰਦਾਰ ਸਿਮਰਜੀਤ

ਸਿੰਘ ਬੈਂਸ, ਐਮ.ਐਲ.ਏ. ਦੇ ਵਿਰੁੱਧ;

V) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ ਵੱਲੋਂ ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਦੇ ਵਿਰੁੱਧ; ਅਤੇ

VI) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ ਵੱਲੋਂ ਸਰਦਾਰ ਸੁਖਬੀਰ ਸਿੰਘ ਬਾਦਲ, ਐਮ.ਐਲ.ਏ. ਦੇ ਵਿਰੁੱਧ; ਸਦਨ ਵਿੱਚ ਉਠਾਏ ਗਏ ਵਿਸ਼ੇਸ਼ ਅਧਿਕਾਰ ਦੀ ਉਲੰਘਣਾ ਸਬੰਧੀ ਮਾਮਲਿਆਂ ਤੇ ਪਹਿਲੀ/ਦੂਜੀ/ਤੀਜੀ ਅੰਤ੍ਰਿਮ ਰਿਪੋਰਟਾਂ ਪੇਸ਼ ਕਰਦਾ ਹਾਂ।

**ਸ਼੍ਰੀ ਪਵਨ ਕੁਮਾਰ ਟੀਨੂ :** ਸਰ, ਵਿਸ਼ੇਸ਼ ਅਧਿਕਾਰ ਕਮੇਟੀ ਦੀ ਮੀਟਿੰਗ ਵਿਚ ਅੱਜ ਤੱਕ ਇਹ ਡਿਸਕਸ ਨਹੀਂ ਹੋਇਆ, ਫਿਰ ਰਿਪੋਰਟ ਕਾਹਦੀ ਹੈ? ਦੇਖੋ ਕਿੰਨੀ ਹਾਸੋਹੀਣੀ ਗੱਲ ਹੈ।

**ਮਾਨਯੋਗ ਸਪੀਕਰ:** ਇਸ ਰਿਪੋਰਟ ਵਿੱਚ ਟਾਈਮ ਐਕਸਟੈਂਡ ਕੀਤਾ ਹੈ, ਹੋਰ ਕੁਝ ਨਹੀਂ ਕੀਤਾ। ਟਾਈਮ ਵਧਾਇਆ ਹੈ, ਟਾਈਮ ਵਧਾਇਆ ਹੈ। ਹੋਰ ਕੀਤਾ ਕੁਝ ਨਹੀਂ।

-----

## PAPERS RE-LAID/LAID ON THE TABLE OF THE HOUSE

**ਮਾਨਯੋਗ ਸਪੀਕਰ :** ਮੇਜ਼ ਤੇ ਮੁੜ ਰੱਖੇ ਜਾਣ ਵਾਲੇ ਕਾਗਜ਼-ਪੱਤਰ, ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿਚ ਮੱਦ ਨੰ: VII ਅਧੀਨ ਲੜੀ ਨੰ: 1 ਤੋਂ 15 ਤੱਕ ਹੇਠ ਲਿਖੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਵੱਖ ਵੱਖ ਨਿਯਮਾਂ ਅਧੀਨ ਲੋੜੀਂਦਾ ਹੈ:-

1.

i) ਪੰਜਾਬ ਪੰਚਾਇਤੀ ਰਾਜ (ਸੋਧਨਾ) ਆਰਡੀਨੈਂਸ 2018 (2018 ਦਾ ਪੰਜਾਬ ਆਰਡੀਨੈਂਸ ਨੰ: 3); ਅਤੇ

ii) ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ (ਸੋਧਨਾ) ਆਰਡੀਨੈਂਸ 2018 (2018 ਦਾ ਪੰਜਾਬ ਆਰਡੀਨੈਂਸ ਨੰ: 2) ;

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ।

2.

i) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਨ) (ਤੀਜੀ ਸੋਧਨਾ) ਵਿਨਿਯਮਨ, 2013;

ii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਚੌਥੀ ਸੋਧਨਾ) ਵਿਨਿਯਮਨ, 2013 ;

iii) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ)/ਲਾਇਸੰਸੀ ਨੂੰ ਅਧਿਕਾਰੀ ਨਿਯੁਕਤ ਕਰਨ ਸਬੰਧੀ ਤਾਂ ਜੋ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 37.2 (ਈ)(i) ਦੁਆਰਾ ਦਿੱਤੇ ਗਏ ਕੰਮਾਂ ਨੂੰ ਨੇਪਰੇ ਚਾੜਨ ਲਈ ਇੱਕ ਅਥਾਰਿਟੀ ਦੇ ਤੌਰ ਤੇ ਕੰਮ ਕਰ ਸਕੇ;

iv) ਅਧਿਸੂਚਨਾ ਨੰ. ਪੀ.ਐਸ.ਈ.ਆਰ.ਸੀ./ਸਕੱਤਰ/ ਵਿਨਿਯਮਨ 82 ਮਿਤੀ 21.6.2013 ਅਗਲੇਰੇ ਹੁਕਮਾਂ ਤੱਕ ਦੇ ਕ੍ਰਮ ਨੰ:3 ਵਿੱਚ ਆਉਦੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) ਵਿਨਿਯਮਨ, 2013 ਦੇ ਵਿਨਿਯਮਨ 21.2 ਦੀ ਉਪ ਕਲਾਜ਼ (ਏ) ਨੂੰ ਸੋਧਨ ਦੀ ਪ੍ਰਕ੍ਰਿਆ ਨੂੰ ਰੋਕਣ ਸਬੰਧੀ;

v) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਤੀਜੀ ਸੋਧਨਾ) ਵਿਨਿਯਮਨ, 2013;

vi) ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨੂੰ ਨਜਿੱਠਣ ਸਬੰਧੀ ਪ੍ਰਕ੍ਰਿਆ (ਸੀ.ਸੀ.ਐਚ.ਪੀ.);

vii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) (ਪੰਜਵੀਂ ਸੋਧਨਾ) ਵਿਨਿਯਮਨ, 2013;

viii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (ਪੰਜਵੀਂ ਸੋਧਨਾ) ਵਿਨਿਯਮਨ, 2013;

ix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 4.1 ਦੇ ਉਪਬੰਧਾਂ ਦੀਆਂ ਸ਼ਰਤਾਂ ਅਧੀਨ ਸਪਲਾਈ ਕੋਡ ਰਿਵਿਊ ਪੈਨਲ ਦੀ ਸਥਾਪਨਾ ਸਬੰਧੀ;

x) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ) (ਚੌਥੀ ਸੋਧਨਾ) ਵਿਨਿਯਮਨ, 2014;

xi) ਬਿਜਲੀ ਦੇ ਲੋਕਪਾਲ, ਪੰਜਾਬ ਦੀ ਨਿਯੁਕਤੀ ਸਬੰਧੀ;

xii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜੈਨਰੇਸ਼ਨ, ਟਰਾਂਸਮਿਸ਼ਨ, ਵੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਨ ਲਈ ਸ਼ਰਤਾਂ) ਵਿਨਿਯਮਨ, 2014;

xiii) ਰਾਜ ਸਲਾਹਕਾਰੀ ਕਮੇਟੀ ਦੇ ਗਠਨ ਸਬੰਧੀ;

xiv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਚੌਥੀ ਸੋਧਨਾ) ਵਿਨਿਯਮਨ, 2014;

xv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2014;

xvi) ਸਪਲਾਈ ਕੋਡ ਰਿਵਿਊ ਪੈਨਲ ਦੀ ਸਥਾਪਨਾ ਸਬੰਧੀ;

xvii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਰਾਜ ਸਲਾਹਕਾਰ ਕਮੇਟੀ) (ਪਹਿਲੀ ਸੋਧਨਾ) ਵਿਨਿਯਮਨ, 2015;

xviii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਨਵਿਆਉਣਯੋਗ ਖਰੀਦ ਜ਼ਿੰਮੇਵਾਰੀ ਅਤੇ ਉਸ ਦੀ ਪਾਲਣਾ) (ਪਹਿਲੀ ਸੋਧਨਾ) ਵਿਨਿਯਮਨ, 2015;

xix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਨੈਟ ਮੀਟਰਿੰਗ ਤੇ ਆਧਾਰਿਤ ਗਰਿਡ ਇੰਟਰੈਕਟਿਵ ਰੂਫ ਟੌਪ ਸੋਲਰ ਫੋਟੋ ਵਾਲਟਿਕ ਸਿਸਟਮਜ਼) ਵਿਨਿਯਮਨ, 2015;

xx) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜੈਨਰੇਸ਼ਨ, ਟਰਾਂਸਮਿਸ਼ਨ, ਵੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਨ ਲਈ ਸ਼ਰਤਾਂ) ਵਿਨਿਯਮਨ, 2014 ਪਹਿਲੇ ਨਿਯੰਤਰਨ ਪੀਰੀਅਡ ਦੇ ਲਾਗੂ ਹੋਣ ਦੀ ਮਿਤੀ ਸਬੰਧੀ ;

xxi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਪੰਜਵੀਂ ਸੋਧਨਾ) ਵਿਨਿਯਮਨ, 2015;

xxii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) (ਤੀਜੀ ਸੋਧਨਾ) ਵਿਨਿਯਮਨ, 2015;

xxiii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) (ਚੌਥੀ ਸੋਧਨਾ) ਵਿਨਿਯਮਨ, 2015;

xxiv) ਰਾਜ ਸਲਾਹਕਾਰ ਕਮੇਟੀ ਸਬੰਧੀ;

xxv) ਉਪਭੋਗਤਾਵਾਂ ਦੀਆਂ ਸਿਕਾਇਤਾਂ ਅਤੇ ਉਨ੍ਹਾਂ ਨੂੰ ਨਜਿੱਠਣ ਸਬੰਧੀ ਪ੍ਰਕ੍ਰਿਆ (ਸੀ.ਸੀ.ਐਚ.ਪੀ) (ਪਹਿਲੀ ਸੋਧਨਾ) ਵਿਨਿਯਮਨ, 2015;

xxvi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) (ਪੰਜਵੀਂ ਸੋਧਨਾ) ਵਿਨਿਯਮਨ, 2015;

xxvii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਰਮਚਾਰੀਆਂ ਦੀ ਨਿਯੁਕਤੀ ਅਤੇ ਸੇਵਾ ਸ਼ਰਤਾਂ) ਵਿਨਿਯਮਨ, 2015;

xxviii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਛੇਵੀਂ ਸੋਧਨਾ) ਵਿਨਿਯਮਨ, 2016;

xxix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜੈਨਰੇਸ਼ਨ, ਟਰਾਂਸਮਿਸ਼ਨ, ਵੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਨ ਲਈ ਸ਼ਰਤਾਂ) (ਪਹਿਲੀ ਸੋਧਨਾ) ਵਿਨਿਯਮਨ, 2016;

xxx) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (7ਵੀਂ ਸੋਧਨਾ) ਵਿਨਿਯਮਨ, 2016;

xxxi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਸਪਲਾਈ ਕੋਡ ਸਮੀਖਿਆ ਪੈਨਲ ਦਾ ਗਠਨ;

xxxii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (ਪਹਿਲੀ ਸੋਧਨਾ) ਵਿਨਿਯਮਨ, 2016;

xxxiii) ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨੂੰ ਨਜਿੱਠਣ ਸਬੰਧੀ ਪ੍ਰਕਿਆ (ਸੀ.ਸੀ.ਐਚ.ਪੀ.) (ਦੂਜੀ ਸੋਧਨਾ) ਵਿਨਿਯਮਨ, 2016;

xxxiv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (ਦੂਜੀ ਸੋਧਨਾ) ਵਿਨਿਯਮਨ, 2016;

xxxv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) ਵਿਨਿਯਮਨ, 2016;

xxxvi) ਰਾਜ ਸਲਾਹਕਾਰ ਕਮੇਟੀ ਦਾ ਗਠਨ;

xxxvii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (ਤੀਜੀ ਸੋਧਨਾ) ਵਿਨਿਯਮਨ, 2017;

xxxviii) ਇੰਜ: ਸੰਤੋਖ ਸਿੰਘ ਸਰਨਾ, ਮੈਂਬਰ, ਪੀ.ਐਸ.ਈ.ਆਰ.ਸੀ, ਦੀ ਨਿਰਣਾਇਕ ਅਫਸਰ ਦੇ ਤੌਰ ਤੇ ਨਿਯੁਕਤੀ;

xxxix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨੂੰ ਨਜਿੱਠਣ ਸਬੰਧੀ ਪ੍ਰਕਿਆ (ਸੀ.ਸੀ.ਐਚ.ਪੀ.)) (ਤੀਜੀ ਸੋਧਨਾ) ਵਿਨਿਯਮਨ, 2017;

xl) ਲੋਕ ਪਾਲ ਦੀ ਨਿਯੁਕਤੀ;

xli) ਸਲਾਹਕਾਰ ਕਮੇਟੀ ਦਾ ਗਠਨ; ਅਤੇ

xlii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੁਆਰਾ ਗਠਿਤ ਕੀਤੀ ਗਈ ਸਲਾਹਕਾਰ ਕਮੇਟੀ ਵਿਚ ਸੋਧਨਾ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

2–ੳ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਨਿਯਮਾਵਲੀ, 2017 ਜਿਵੇਂ ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 166 ਅਧੀਨ ਲੋੜੀਂਦਾ ਹੈ।

[ ਸੰਸਦੀ ਮਾਮਲੇ ਮੰਤਰੀ ]

3.

i) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (ਚੌਥੀ ਸੋਧਨਾ) ਵਿਨਿਯਮਨ, 2018;

ii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) ਵਿੱਚ ਸੋਧਨਾ (ਚੌਥੀ ਸੋਧਨਾ) ਵਿਨਿਯਮਨ, 2018;

iii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਲੇਖਾ ਪਾਲਿਸੀ ਅਤੇ ਵਿਧੀਆਂ (ਪਹਿਲੀ ਸੋਧਨਾ) ਵਿਨਿਯਮਨ, 2018;

iv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਬਿਜਲੀ ਸਪਲਾਈ ਕੋਡ ਅਤੇ ਵਿਨਿਯਮਨ ਦੇ ਨਾਲ ਸਬੰਧਿਤ ਮਾਮਲੇ, 2014 ਦੇ ਉਪਬੰਧਾਂ ਦੇ ਅਨੁਸਾਰ ਗਠਿਤ ਕੀਤੇ ਗਏ ਸਪਲਾਈ ਕੋਡ ਸਮੀਖਿਆ ਪੈਨਲ ਵਿੱਚ ਵਾਧਾ।

ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

4.

i) ਪੰਜਾਬ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ (ਸ਼ਿਕਾਇਤਾਂ ਅਤੇ ਸਬੰਧਿਤ ਮਾਮਲਿਆਂ ਨੂੰ ਨਜਿੱਠਣ ਲਈ ਵਿਧੀ) ਵਿਨਿਯਮ 2017;

ii) ਪੰਜਾਬ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ (ਆਮ) ਵਿਨਿਯਮ 2017; ਅਤੇ

iii) ਪੰਜਾਬ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ (ਕਰਮਚਾਰੀਆਂ ਦੀ ਭਰਤੀ ਅਤੇ ਸੇਵਾ ਸ਼ਰਤਾਂ) ਵਿਨਿਯਮ 2017,

ਜਿਵੇਂ ਕਿ ਰੀਅਲ ਅਸਟੇਟ (ਵਿਨਿਯਮ ਅਤੇ ਵਿਕਾਸ) ਐਕਟ, 2016 ਦੀ ਧਾਰਾ 86 (2) ਅਧੀਨ ਲੋੜੀਂਦਾ ਹੈ।

5. ਸਾਲ 2016-17 ਲਈ ਪੰਜਾਬ ਰਾਜ ਟਰਾਂਸਮਿਸ਼ਨ ਲਿਮਟਿਡ ਦੀ ਸੱਤਵੀਂ ਸਾਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

6. ਸਾਲ 2013-14 ਅਤੇ 2014-15 ਲਈ ਪੰਜਾਬ ਉਸਾਰੀ ਮਜ਼ਦੂਰ ਭਲਾਈ ਬੋਰਡ, ਚੰਡੀਗੜ੍ਹ ਦੇ ਲੇਖਿਆਂ ਤੇ ਪੰਜਾਬ ਉਸਾਰੀ ਮਜ਼ਦੂਰ ਭਲਾਈ ਬੋਰਡ ਅਤੇ ਵੱਖਰੀ ਆਡਿਟ ਰਿਪੋਰਟ ਦੀਆਂ ਗਤੀਵਿਧੀਆਂ ਤੇ ਸਾਲਾਨਾ ਰਿਪੋਰਟ, ਜਿਵੇਂ ਕਿ ਇਮਾਰਤ ਅਤੇ ਦੂਜੀ ਉਸਾਰੀ ਮਜ਼ਦੂਰ (ਰੋਜ਼ਗਾਰ ਦੇ ਵਿਨਿਯਮ ਤੇ ਸੇਵਾ ਦੀਆਂ ਸ਼ਰਤਾਂ) ਐਕਟ 1996 ਦੀ ਧਾਰਾ 27 (5) ਅਧੀਨ ਲੋੜੀਂਦਾ ਹੈ।

7. ਸਾਲ 2016-17 ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਲਾਨਾ ਰਿਪੋਰਟ ਜਿਵੇਂ ਕਿ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, 1970 ਦੀ ਧਾਰਾ 39 (3) ਅਧੀਨ ਲੋੜੀਂਦਾ ਹੈ।

8. ਸਾਲ 2016-17 ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਲਾਨਾ ਰਿਪੋਰਟ ਜਿਵੇਂ ਕਿ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, 1970 ਦੀ ਧਾਰਾ 34 (5) ਅਧੀਨ ਲੋੜੀਂਦਾ ਹੈ।

9. ਸਾਲ 2014-15 ਲਈ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਵਿੱਤ ਕਾਰਪੋਰੇਸ਼ਨ ਦੀ ਬੈਲੰਸਸ਼ੀਟ ਅਤੇ ਲਾਭ ਅਤੇ ਹਾਨੀਆਂ ਦੇ ਲੇਖੇ ਅਤੇ ਸਾਲ 2016-17 ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਵਿੱਤ ਕਾਰਪੋਰੇਸ਼ਨ ਦੀ ਸਲਾਨਾ ਪ੍ਰਬੰਧਕੀ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

10. ਸਾਲ 2015-16 ਲਈ ਪੰਜਾਬ ਸਟੇਟ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 50ਵੀਂ ਸਾਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 (ੳ) ਅਧੀਨ ਲੋੜੀਂਦਾ ਹੈ।

11. ਸਾਲ 2015-16 ਲਈ ਪੰਜਾਬ ਸੂਚਨਾ ਅਤੇ ਕਮਿਊਨੀਕੇਸ਼ਨ ਟੈਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀ 40ਵੀਂ ਸਾਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 (ੳ) ਅਧੀਨ ਲੋੜੀਂਦਾ ਹੈ।

12. ਸਾਲ 2016-17 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਲੇਖਿਆਂ ਦਾ ਸਾਲਾਨਾ ਵਿਵਰਣ ਅਤੇ ਆਡਿਟ ਰਿਪੋਰਟ ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 104 (4) ਅਧੀਨ ਲੋੜੀਂਦਾ ਹੈ।

13. ਸਾਲ 2016-17 ਲਈ ਪੰਜਾਬ ਐਗਰੋ ਫੂਡ ਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ ਦੀ 15ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 (ੳ) ਅਧੀਨ ਲੋੜੀਂਦਾ ਹੈ।

14. ਸਾਲ 2016-17 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਸਾਲਾਨਾ ਰਿਪੋਰਟ ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 105 (2) ਅਧੀਨ ਲੋੜੀਂਦਾ ਹੈ।

15. ਸਾਲ 2015-16 ਲਈ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੀ ਸਾਲਾਨਾ ਰਿਪੋਰਟ ਅਤੇ ਲੇਖੇ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 (ੳ) ਅਧੀਨ ਲੋੜੀਂਦਾ ਹੈ।

-----

## LEGISLATIVE BUSINESS

**ਮਾਨਯੋਗ ਸਪੀਕਰ:** ਅਗਲੀ ਆਈਟਮ, ਵਿਧਾਨਕ ਕੰਮ-ਕਾਰ। ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2018, ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਜੀ ਬਿਲ ਪੇਸ਼ ਕਰਨ।

## 1. THE PUNJAB PANCHAYATI RAJ (AMENDMENT) BILL, 2018 *(REPLACING ORDINANCE)*

**ਦਿਹਾਤੀ ਵਿਕਾਸ ਤੇ ਪੰਚਾਇਤਾਂ, ਮਕਾਨ ਅਤੇ ਸ਼ਹਿਰੀ ਵਿਕਾਸ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸ਼੍ਰੀਮਾਨ ਜੀ, ਮੈਂ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2018 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਹਾਂ ਜੀ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.):** ਸਪੀਕਰ ਸਾਹਿਬ, ਲੰਮੇ ਸਮੇਂ ਤੋਂ ਪੰਜਾਬ ਦਾ ਵਿਕਾਸ ਇੱਕ ਚਿੰਤਾਜਨਕ ਮੁੱਦਾ ਬਣਿਆ ਹੋਇਆ ਹੈ। ਇਸ ਦਾ ਸਭ ਤੋਂ ਵੱਧ ਜ਼ਿੰਮੇਵਾਰ ਪੇਂਡੂ ਵਿਕਾਸ ਮੰਤਰਾਲਾ ਹੈ ਕਿਉਂਕਿ ਪੰਜਾਬ ਦੇ 150 ਬਲਾਕ ਹਨ, 150 ਬਲਾਕਾਂ ਦੇ ਵਿੱਚ 68 ਬੀ.ਡੀ.ਪੀ.ਓ. ਐਸੇ ਹਨ ਜਿਹੜੇ ਕਿ ਪੀ.ਸੀ.ਐਸ. ਅਲਾਈਡ ਅਫਸਰ ਹੀ ਨਹੀਂ ਹਨ, 68 ਬੀ.ਡੀ.ਪੀ.ਓਜ਼. ਨੂੰ ਅਕਾਊਂਟੈਂਟ ਜਾਂ ਸਪੈਸ਼ਲ ਐਜੂਕੇਸ਼ਨ ਐਂਡ ਪੰਚਾਇਤ ਅਫਸਰ ਦਾ ਚਾਰਜ ਦਿੱਤਾ ਗਿਆ ਹੈ। ਪਰ ਜਦੋਂ ਇਸ ਚੀਜ਼ ਵੱਲ ਥੋੜ੍ਹਾ ਧਿਆਨ ਦੇਣ ਦੀ ਕੋਸ਼ਿਸ਼ ਕੀਤੀ ਗਈ ਤਾਂ ਪਤਾ ਲੱਗਿਆ ਕਿ ਚੋਣਾਂ ਦਾ ਮੁੱਦਾ ਆ ਗਿਆ ਹੈ। ਜਿੰਨੇ ਪੀ.ਸੀ.ਐਸ. ਅਫਸਰ ਹਨ, ਉਨ੍ਹਾਂ ਨੂੰ ਹੈੱਡ ਆਫਿਸ ਵਿਚ ਬੁਲਾਇਆ ਜਾ ਰਿਹਾ ਹੈ ਕਿ ਅਕਾਊਂਟੈਂਟ ਦੀ ਪੋਸਟ ਖਾਲੀ ਹੈ, ਤੁਸੀਂ ਇੱਥੇ ਆ ਜਾਓ ਤੇ ਜਿਹੜਾ ਅਕਾਊਂਟੈਂਟ ਹੈ, ਉਹ ਹਲਕੇ ਵਿਚ ਜਾ ਕੇ ਚੋਣਾਂ ਕਰਵਾਏਗਾ। ਸਪੀਕਰ ਸਾਹਿਬ, ਸਾਡੇ ਪੰਜਾਬ ਵਿੱਚ ਸਭ ਤੋਂ ਬੁਰੀ ਕਿਸਮਤ ਮੇਰਾ ਖਿਆਲ ਹੈ ਕਿ ਮੇਰੇ ਜਗਰਾਉਂ ਏਰੀਏ ਦੀ ਹੈ। ਇਸ ਜਗ੍ਹਾ ਤੇ ਪੀ.ਸੀ.ਐਸ. ਅਲਾਈਡ ਅਫਸਰ ਚਾਹੀਦਾ ਹੈ ਕਿਉਂਕਿ ਇਸ ਦੇ 139 ਪਿੰਡ ਹਨ। 139 ਪਿੰਡਾਂ ਦੇ ਵਿੱਚ ਇੱਕ ਬੰਦਾ ਕਿਹੜਾ ਲਗਾਇਆ? ਅਕਾਊਂਟੈਂਟ ਲਗਾ ਦਿੱਤਾ। ਇਹ ਪਤਾ ਨਹੀਂ ਸਰਕਾਰ ਉਸ ਉਤੇ ਕਿਉਂ ਇੰਨੀ ਮਿਹਰਬਾਨ ਹੋ ਗਈ? ਹੋ ਸਕਦਾ ਹੈ ਕਿ ਉਸ ਦੇ ਮੰਤਰੀ ਸਾਹਿਬ ਜਾਂ ਕਿਸੇ ** ** ਨਾਲ ਕੋਈ ਲਿੰਕ ਹੋਣ। ਪਤਾ ਨਹੀਂ ਕਿਉਂ ਇੰਨੀ ਮਿਹਰਬਾਨ ਹੋ ਗਈ? ਮੈਂ, ਤੁਹਾਡੀ ਸਰਕਾਰ ਔਰਤਾਂ ਦੀ ਰੱਖਿਆ ਕਰਦੀ ਸਰਕਾਰ ਬਾਰੇ ਦੱਸਣਾ ਚਾਹੁੰਦੀ ਹਾਂ ਕਿ ਇੱਕ ਪੀ.ਸੀ.ਐਸ. ਅਫਸਰ ਐਸ.ਸੀ. ਲੜਕੀ ਜਦੋਂ ਉੱਥੇ ਐਪੁਆਇੰਟ ਹੋਈ, ਮੈਂ ਕਿਸੇ ਦੀ ਕੋਈ ਸਿਫਾਰਿਸ਼ ਨਹੀਂ ਕੀਤੀ ਪਰ ਉਹ ਗਲਤੀ ਨਾਲ ਇਨ੍ਹਾਂ ਤੋਂ ਐਪੁਆਇੰਟ ਹੋ ਗਈ, ਸਪੀਕਰ ਸਾਹਿਬ, ਉਸ ਨੂੰ ਛੇ ਮਹੀਨਿਆਂ ਵਿੱਚ ਚਾਰ ਵਾਰੀ ਬਦਲ ਦਿੱਤਾ ਗਿਆ ਕਿਉਂਕਿ ਉਸ ਨੇ ਕੋਸ਼ਿਸ਼ ਕੀਤੀ ਹੋਣੀ ਹੈ ਕਿ ਮੈਂ ਲੋਕਾਂ ਦਾ ਕੰਮ ਲੋਕਾਂ ਦੇ ਹਿਸਾਬ ਨਾਲ ਕਰਨਾ ਹੈ। ਮੈਨੂੰ ਹਲਕੇ ਨੇ ਇਸ ਗੱਲ ਕਰਕੇ ਰਿਪ੍ਰਜ਼ੈਂਟ ਕਰਨ ਲਈ ਭੇਜਿਆ ਹੈ ਪਰ ਸਪੀਕਰ ਸਾਹਿਬ, ਇਸ ਗੱਲ ਨੂੰ ਸੱਚ ਜਾਣਿਓ ਕਿ ਸਾਡੇ ਵਾਸਤੇ ਤਾਂ ਉਸ ਦਫਤਰ ਵਿੱਚ ਇੱਕ ਕਾਗਜ਼ ਵੀ ਨਹੀਂ ਹੈ। ਸਾਨੂੰ ਤਾਂ ਸਿੱਧਾ ਜਵਾਬ ਦਿੱਤਾ ਜਾਂਦਾ ਹੈ। ਆਪਾਂ ਵਿਕਾਸ ਦੀ ਗੱਲ ਕਰਦੇ ਹਾਂ, ਆਪਾਂ ਵਿਕਾਸ ਦੀ ਆਸ ਕਿੱਥੋਂ ਕਰਾਂਗੇ? ਜਦੋਂ ਮੈਂ ਮੰਤਰੀ ਸਾਹਿਬ ਤੋਂ ਪੁੱਛਿਆ ਕਿ ਮੇਰੇ ਹਲਕੇ ਵਿੱਚ ਐਡੀ

---

** Expunged as ordered by the Chair.

ਕਿਹੜੀ ਮਾੜੀ ਗੱਲ ਹੋ ਗਈ ਕਿ ਤੁਸੀਂ ਉਥੇ ਇੱਕ ਪੀ.ਸੀ.ਐਸ. ਬੰਦਾ ਵੀ ਨਹੀਂ ਦੇ ਸਕਦੇ। ਉਨ੍ਹਾਂ ਨੇ ਮੈਨੂੰ ਇੱਕ ਹੀ ਗੱਲ ਕਹੀ ਕਿ ਬੀਬਾ ਜੀ, ਚੋਣਾਂ ਲੰਘ ਜਾਣ ਦਿਓ।

**ਮਾਨਯੋਗ ਸਪੀਕਰ:** ਮਾਣੂਕੇ ਜੀ, ਤੁਸੀਂ ਬਿਲ ਤੇ ਤਾਂ ਬਿਲਕੁਲ ਗੱਲ ਨਹੀਂ ਕਰ ਰਹੇ?

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਬਿਲ ਤੇ ਹੀ ਗੱਲ ਕਰਾਂਗੇ ਜੀ।

**ਮਾਨਯੋਗ ਸਪੀਕਰ :** ਤੁਸੀਂ ਬਿਲ ਉਤੇ ਤਾਂ ਗੱਲ ਹੀ ਨਹੀਂ ਕਰਦੇ, ਤੁਸੀਂ ਤਾਂ ਇੱਕ ਟਰਾਂਸਫਰ ਨੂੰ ਹੀ ਲੈ ਕੇ ਬੈਠ ਗਏ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਰ, ਮੈਂ ਕਿਸੇ ਟਰਾਂਸਫਰ ਨੂੰ ਨਹੀਂ ਲਵਾਂਗੀ ਜੀ, ਮੈਨੂੰ ਕਿਸੇ ਨਾਲ ਕੋਈ ਮਤਲਬ ਨਹੀਂ ਹੈ। ਤੁਸੀਂ ਐਸ.ਡੀ.ਐਮ. ਮੈਨੂੰ ਉਹ ਦਿੱਤਾ, ਜਿਹੜਾ ਪੰਜ ਵਾਰੀ ਫੇਲ੍ਹ ਹੋ ਗਿਆ। ਤੁਸੀਂ ਜਵਾਕ ਦੀ ਜਾਨ ਲੈਣੀ ਹੈ, ਜੇ ਉਸ ਤੋਂ ਪੇਪਰ ਨਹੀਂ ਕਲੀਅਰ ਹੁੰਦਾ ਹੈ ਤਾਂ ਮੈਨੂੰ ਕੋਈ ਪੀ.ਸੀ.ਐਸ.ਅਫਸਰ ਦੇ ਦਿਓ। ਮੈਨੂੰ ਕੋਈ ਮਤਲਬ ਨਹੀਂ। ਮੈਂ ਗੱਲ ਪੰਚਾਇਤੀ ਰਾਜ ਦੀ ਕਰ ਰਹੀ ਹਾਂ, ਪੰਚਾਇਤੀ ਰਾਜ ਵਿੱਚ ਸਭ ਤੋਂ ਮਾੜੀ ਕਿਸਮਤ ਸਾਡੇ ਐਸ.ਸੀ. ਵਰਗ ਦੀ ਹੈ, ਸਾਡੇ ਐਸ.ਸੀ. ਵਰਗ ਨਾਲ ਧੱਕਾ ਹੁੰਦਾ ਹੈ। ਜਿਹੜੇ ਵੱਡੇ-ਵੱਡੇ ਪਿੰਡ ਹਨ, ਉਨ੍ਹਾਂ ਵਿੱਚ ਤਾਂ ਤੁਸੀਂ ਐਸ.ਸੀ. ਸਰਪੰਚ ਚੁਣਨਾ ਹੀ ਨਹੀਂ ਚਾਹੁੰਦੇ। ਉਸ ਜਗ੍ਹਾ ਤੇ ਗਾਲਿਬ ਪਿੰਡ ਦੇ ਵਿੱਚ ਐਸ.ਸੀ. ਵਰਗ ਦਾ 70 ਸਾਲਾਂ ਦੇ ਵਿੱਚ ਇੱਕ ਵਾਰੀ ਸਰਪੰਚ ਚੁਣਿਆ ਗਿਆ। ਸਰ, ਜੇਕਰ ਸਾਡੇ ਐਸ.ਸੀ. ਵਰਗ ਨਾਲ ਇਸ ਤਰ੍ਹਾਂ ਹੀ ਕਰਨਾ ਹੈ, ਜਿਹੜੇ ਛੋਟੇ-ਛੋਟੇ ਪਿੰਡ ਬਿਲਕੁਲ ਬੰਜਰ ਹੋ ਚੁੱਕੇ ਹਨ, ਜਿਨ੍ਹਾਂ ਦੀ ਅਬਾਦੀ ਹੀ ਨਹੀਂ, ਹਸਪਤਾਲ ਹੀ ਨਹੀਂ, ਉਥੇ ਹੀ ਉਨ੍ਹਾਂ ਨੂੰ ਧੱਕਣਾ ਹੈ ਤਾਂ ਫਿਰ ਇਸ ਤਰ੍ਹਾਂ ਧੱਕਾ ਹੋਏਗਾ ਹੀ ਹੋਏਗਾ। ਸਭ ਤੋਂ ਪਹਿਲਾਂ ਇਸ ਗੱਲ ਦੇ ਵਿੱਚ ਵੀ ਸੋਧ ਲਿਆਓ ਕਿ ਜਿਹੜੇ ਵੱਡੇ ਪਿੰਡ ਹਨ, ਉਨ੍ਹਾਂ ਦਾ ਅਧਿਕਾਰ ਵੀ ਸਾਨੂੰ ਦਿੱਤਾ ਜਾਵੇ, ਸਾਡੇ ਵਰਗ ਦੇ ਲੋਕਾਂ ਨੂੰ ਦਿੱਤਾ ਜਾਵੇ। ਉਸ ਤੋਂ ਬਾਅਦ ਪੰਚਾਇਤੀ ਰਾਜ ਵਿੱਚ ਇੱਕ ਗੱਲ ਹੋਰ ਹੈ, ਤੁਹਾਡੇ ਮੰਤਰੀ ਸਾਹਿਬ ਨੇ ਇੰਟਰਵਿਊ ਦੇ ਵਿੱਚ ਇੱਕ ਬਿਆਨ ਦਿੱਤਾ ਕਿ "ਅਦਾਲਤ ਦੇ ਭਗੌੜੇ ਤੇ ਭ੍ਰਿਸ਼ਟਾਚਾਰ ਦੇ ਦੋਸ਼ੀ ਅਧਿਕਾਰੀ"। ਸਰ, ਮੈਂ ਇੱਕੋ ਗੱਲ ਕਹਿਣੀ ਚਾਹੁੰਦੀ ਹਾਂ ਕਿ ਘੱਟੋਂ-ਘੱਟ ਬੀ.ਡੀ.ਪੀ.ਓ. ਜਾਂ ਕੋਈ ਇਸ ਤਰ੍ਹਾਂ ਦਾ ਅਫਸਰ ਚਾਰਜ ਵਿੱਚ ਆ ਜਾਂਦਾ ਹੈ, ਮੈਂ ਨਹੀਂ ਕਹਿੰਦੀ ਕਿ ਸਾਡੀ ਉਸ ਨਾਲ ਕੋਈ ਜ਼ਾਤੀ ਦੁਸ਼ਮਣੀ ਹੈ ਜਾਂ ਸ਼ਾਇਦ ਅਸੀਂ ਕਿਸੇ ਦਾ ਨਾਂ ਵੀ ਨਾ ਜਾਣਦੇ ਹੋਈਏ ਪਰ ਘੱਟੋ-ਘੱਟ ਉਸ ਬੰਦੇ ਤੇ ਮਾੜਾ ਮੋਟਾ ਐਕਸ਼ਨ 'ਚ ਤਾਂ ਲਓ।

**ਮਾਨਯੋਗ ਸਪੀਕਰ :** ਕੀ ਤੁਸੀਂ ਬਿਲ ਤੇ ਕੁਝ ਕਹਿਣਾ ਹੈ?

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਰ, ਜਦੋਂ ਤੱਕ ਤੁਸੀਂ ਇੱਕ ਅੱਛੇ ਆਫੀਸਰ ਨਹੀਂ ਲਿਆਓਗੇ, ਬਿਲ ਜਿੰਨੇ ਮਰਜ਼ੀ ਬਣਾ ਲਓ, ਜਦੋਂ ਤੱਕ ਆਫੀਸਰ ਨੇ ਗਰਾਊਂਡ ਤੇ ਆ ਕੇ ਉਸ ਬਿਲ ਨੂੰ ਲੋਕਾਂ ਤੱਕ ਪਹੁੰਚਾਉਣਾ ਹੀ ਨਹੀਂ ਤਾਂ ਆਪਾਂ ਜਿੰਨੇ ਮਰਜ਼ੀ ਬਿਲ ਬਣਾ ਲਈਏ, ਆਪਾਂ ਜਿੰਨੇ ਮਰਜ਼ੀ ਕਾਗਜ਼ ਭਰ ਲਈਏ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਥੈਂਕ ਯੂ, ਥੈਂਕ ਯੂ। ਹੁਣ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ):** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੰਤਰੀ ਬਾਜਵਾ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਸਾਨੂੰ ਬਿਲ ਹੀ ਨਹੀਂ ਮਿਲ ਰਿਹਾ। ਇਸ ਵਿੱਚ ਕਿਹੜੀ ਅਮੈਂਡਮੈਂਟ ਹੈ, ਕਿਸ ਮੰਤਵ ਲਈ ਇਹ ਬਿਲ ਪੇਸ਼ ਹੋ ਰਿਹਾ ਹੈ। ਸਾਰੇ ਮੈਂਬਰਜ਼ ਦੀ ਬਹੁਤ ਵਾਰੀ ਡਿਸਕਸ਼ਨ ਵੀ ਹੋਈ ਹੈ ਕਿ ਬਿਲ ਪਹਿਲਾਂ ਦਿੱਤੇ ਜਾਇਆ ਕਰਨ only then we can say something. ਦੂਜੀ ਗੱਲ ਆਪਾਂ ਨਵਾਂ ਰੋਸਟਰ ਬਣਾਇਆ ਹੈ, ਬਾਜਵਾ ਸਾਹਿਬ ਨੇ ਨਵਾਂ ਕਲੰਡਰ ਬਣਾਇਆ ਹੈ। ਪੰਜਾਬ ਵਿੱਚ ਪੰਚਾਇਤੀ ਚੋਣਾਂ ਹੋਣੀਆਂ ਹਨ। ਲੇਕਿਨ, ਇੱਕ ਬਹੁਤ ਵੱਡਾ ਓਲ੍ਹਾਮਾ ਤੁਹਾਡੀ ਸਰਕਾਰ ਨੂੰ ਆਇਆ ਹੈ ਕਿ ਤੁਸੀਂ ਕੋਈ ਪ੍ਰੋਸੀਜਰ ਫਾਲੋ ਨਹੀਂ ਕੀਤਾ, ਉਸ ਵਿੱਚ ਕੋਈ ਰੂਲਜ਼ ਫਾਲੋ ਨਹੀਂ ਕੀਤੇ। ਕਾਂਗਰਸ ਦੇ ਜਿਹੜੇ ਐਮ.ਐਲ.ਏ., ਹਲਕਾ ਇੰਚਾਰਜ ਹਨ, ਉਨ੍ਹਾਂ ਨੇ ਮਨਮਰਜ਼ੀ ਨਾਲ ਡੀ.ਸੀ. ਨੂੰ ਕਹਿ ਦਿੱਤਾ ਕਿ ਇਹ ਪਿੰਡ ਐਸ.ਸੀ. ਹੈ, ਇਹ ਜਨਰਲ ਹੈ। ਜਿਹੜਾ ਪਾਰਲੀਮੈਂਟ ਨੇ ਪੰਚਾਇਤੀ ਚੋਣਾਂ ਦਾ ਐਕਟ ਪਾਸ ਕੀਤਾ ਹੋਇਆ ਹੈ, ਉਸ ਮੁਤਾਬਿਕ ਜਿਹੜੀਆਂ ਤੁਸੀਂ ਇਹ ਚੋਣਾਂ ਕਰਵਾਉਣ ਜਾ ਰਹੇ ਹੋ, ਇਹ ਗਲਤ ਹੈ। ਠੀਕ ਹੈ ਕਿ ਕੋਈ ਹਾਈ ਕੋਰਟ ਗਿਆ ਹੈ ਜਾਂ ਨਹੀਂ ਗਿਆ ਹੈ that is different issue. ਲੇਕਿਨ ਕਈ ਪਿੰਡਾਂ ਵਿੱਚ ਜਿਹੜੇ ਪੰਚਾਇਤੀ ਚੋਣਾਂ ਵਿੱਚ, ਸਰਪੰਚੀ ਲਈ ਖੜ੍ਹਾ ਹੋਣਾ ਚਾਹੁੰਦੇ ਹਨ, ਉਹ ਹਾਈ ਕੋਰਟ ਗਏ ਹਨ ਔਰ ਹਾਈ ਕੋਰਟ ਨੇ ਉਨ੍ਹਾਂ ਨੂੰ ਰਿਲੀਫ ਦੇ ਦਿੱਤੀ ਹੈ। ਇਸ ਗੱਲ ਤੇ ਸਰਕਾਰ ਦੀ ਬਦਨਾਮੀ ਵੀ ਹੋਈ ਹੈ। ਕਈ ਪਿੰਡ ਜਿਹੜੇ ਜਨਰਲ ਸੀ, ਹਾਈ ਕੋਰਟ ਨੇ ਐਸ.ਸੀ. ਕਰ ਦਿੱਤੇ ਔਰ ਜਿਹੜੇ ਐਸ.ਸੀ. ਸੀ, ਉਹ ਜਨਰਲ ਕਰ ਦਿੱਤੇ। So what is the use of roster ? ਤੁਸੀਂ ਕੋਈ ਪ੍ਰੋਸੀਜਰ ਫਾਲੋ ਨਹੀਂ ਕੀਤਾ। ਚਾਹੀਦਾ ਤਾਂ ਇਹ ਸੀ ਕਿ ਜਿਹੜੇ ਪਿੰਡ ਮੈਜਾਰਿਟੀ ਐਸ.ਸੀ. ਪਾਪੂਲੇਸ਼ਨ ਵਾਲੇ ਹਨ, ਜਿੰਨੀ ਪਾਪੂਲੇਸ਼ਨ ਐਸ.ਸੀ. ਹੈ, ਉਸਦੇ ਹਿਸਾਬ ਨਾਲ ਉਹ ਐਸ.ਸੀ. ਪਿੰਡ ਹੋਣੇ ਚਾਹੀਦੇ ਹਨ। ਤੁਹਾਨੂੰ ਐਸ.ਸੀ. ਪਾਪੂਲੇਸ਼ਨ ਨੂੰ ਮੱਦੇਨਜ਼ਰ ਰੱਖਣਾ ਚਾਹੀਦਾ ਸੀ। ਤੁਸੀਂ ਆਪਣੀ ਮਨਮਰਜ਼ੀ ਕੀਤੀ ਹੈ, ਜਿਹੜਾ ਕਿ ਪੰਚਾਇਤੀ ਰਾਜ ਐਕਟ ਦੇ ਵਿਰੁੱਧ ਹੈ, ਲੋਕਤੰਤਰ ਦੇ ਵਿਰੁੱਧ ਹੈ। ਬਾਜਵਾ ਸਾਹਿਬ

ਇਹ ਨਹੀਂ ਚਾਹੀਦਾ ਸੀ । ਤੁਸੀਂ ਗਲਤ ਪਿਰਤ ਪਾ ਰਹੇ ਹੋ। ਠੀਕ ਹੈ, ਨਵਾਂ ਰੋਸਟਰ ਬਣ ਗਿਆ ਹੈ। ਤੁਸੀਂ 33% ਤੋਂ 50% ਔਰਤਾਂ ਲਈ ਰਿਜ਼ਰਵੇਸ਼ਨ ਕਰ ਦਿੱਤੀ ਹੈ। ਲੇਕਿਨ ਤੁਹਾਨੂੰ ਪਰਾਪਰ ਪ੍ਰੋਸੀਜਰ ਫਾਲੋ ਕਰਨਾ ਚਾਹੀਦਾ ਸੀ ਤਾਂ ਹੀ ਇਹ ਸਹੀ ਲੱਗਣਾ ਸੀ।

**ਮਾਨਯੋਗ ਸਪੀਕਰ:** ਥੈਂਕ ਯੂ, ਥੈਂਕ ਯੂ।ਹੁਣ ਪਾਹੜਾ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ):** ਸਪੀਕਰ ਸਾਹਿਬ, ਮੈਂ ਪੰਚਾਇਤ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਹਮਣੇ ਵਾਲੇ ਤਾਂ ਕਹਿ ਰਹੇ ਹਨ ਕਿ ਸਾਡੇ ਨਾਲ ਧੱਕਾ ਹੋਇਆ ਹੈ ਪਰ ਮੇਰੇ ਨਾਲ ਤਾਂ ਸਰਕਾਰ ਵਿੱਚ ਬੈਠਿਆਂ ਧੱਕਾ ਹੋ ਰਿਹਾ ਹੈ।

(**ਵਿਰੋਧੀ ਧਿਰ ਵੱਲੋਂ ਇੱਕ ਆਵਾਜ਼:** ਇਹ ਸਾਰਿਆਂ ਦੇ ਨਾਲ ਹੀ ਹੋਇਆ ਹੈ।)

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਇੱਕ ਮਿੰਟ ਜੀ, ਮੈਨੂੰ ਪਹਿਲਾਂ ਆਪਣੀ ਗੱਲ ਕਹਿ ਲੈਣ ਦਿਓ। ਮੈਨੂੰ ਬਾਕੀਆਂ ਦਾ ਨਹੀਂ ਪਤਾ, ਮੈਨੂੰ ਤਾਂ ਆਪਣਾ ਪਤਾ ਹੈ। ਜਿਸ ਦੇ ਨਾਲ ਧੱਕਾ ਹੋਇਆ ਹੈ ਉਹ ਉੱਠ ਕੇ ਆਪ ਹੀ ਬੋਲ ਲਵੇ। ਮੈਂ ਆਪਣੀ ਗੱਲ ਕਰ ਰਿਹਾ ਹਾਂ। ਮੈਂ ਪਿੰਡ ਬੱਬੇਹਾਲੀ ਦੀ ਪੰਚਾਇਤ ਜਿਸ ਦੀ ਆਬਾਦੀ ਲਗਭਗ 4700-4800 ਹੈ ਅਤੇ ਉਥੇ ਦੋ ਪੰਚਾਇਤਾਂ ਕਰਵਾਉਣ ਵਾਸਤੇ ਪਿਛਲੇ ਡੇਢ ਸਾਲ ਤੋਂ ਸਰਕਾਰ ਵਿੱਚ ਬੈਠਾ ਵਿਧਾਇਕ ਲਗਾਤਾਰ ਕੋਸ਼ਿਸ਼ ਕਰ ਰਿਹਾ ਹਾਂ। ਇਹ ਦੋ ਫਾਈਲਾਂ ਤਾਂ ਮੈਂ ਚੁੱਕ ਕੇ ਲੈ ਕੇ ਆਇਆ ਹਾਂ ਅਤੇ ਇਸ ਦੇ ਨਾਲ ਦੀਆਂ ਦੋ ਫਾਈਲਾਂ ਅਜੇ ਹੋਰ ਹਨ। ਇਸ ਤੇ ਪੂਰਾ ਵਰਕ ਕਰਕੇ, ਪ੍ਰਾਪਰ ਪ੍ਰੋਸੀਜਰ follow ਕੀਤਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਮੈਂ ਸਰਕਾਰ ਵਿੱਚ ਬੈਠਾ ਹਾਂ ਅਤੇ ਮੈਂ ਕੋਈ ਧੱਕਾ ਕਰਵਾ ਰਿਹਾ ਹੈ। ਪਿੰਡ ਬੱਬੇਹਾਲੀ ਅਤੇ ਨਿਊ ਬੱਬੇਹਾਲੀ ਦੋਵਾਂ ਪੰਚਾਇਤਾਂ ਦਾ ਨੋਟੀਫਿਕੇਸ਼ਨ ਵੀ ਹੋ ਗਿਆ ਹੈ। ਉਸ ਦੇ ਮੁਤਾਬਿਕ ਇਲੈਕਸ਼ਨ ਦਾ ਪ੍ਰੋਸੈਸ ਚੱਲ ਰਿਹਾ ਹੈ। ਦੂਸਰੀ ਪਾਰਟੀ ਹਾਈ ਕੋਰਟ ਜਾ ਰਹੀ ਹੈ।(ਵਿਘਨ) ਇੱਕ ਮਿੰਟ, ਮੈਨੂੰ ਗੱਲ ਕਰ ਲੈਣ ਦਿਓ ਜੀ। ਦੂਸਰੀ ਪਾਰਟੀ ਹਾਈ ਕੋਰਟ ਜਾ ਰਹੀ ਹੈ ਅਤੇ ਹਾਈ ਕੋਰਟ ਡਾਇਰੈਕਟਰ ਨੂੰ ਸਪੀਕਿੰਗ ਆਰਡਰ ਪਾਸ ਕਰਨ ਵਾਸਤੇ ਕਹਿ ਰਿਹਾ ਹੈ। ਮੇਰੀ ਡਾਇਰੈਕਟਰ ਸਾਹਿਬ ਦੇ ਨਾਲ ਗੱਲ ਹੁੰਦੀ ਹੈ। ਡਾਇਰੈਕਟਰ ਸਾਹਿਬ ਨੂੰ ਮੈਂ ਕਿਹਾ ਕਿ ਪਿਛਲੇ ਡੇਢ ਸਾਲ ਤੋਂ ਜਿੰਨੀਆਂ ਵੀ ਕਮੀਆਂ ਸਨ, ਉਹ ਹੁਣ ਪੂਰੀਆਂ ਹਨ। ਜੇਕਰ ਅਜੇ ਵੀ ਕੋਈ ਕਮੀ ਹੈ ਤਾਂ ਦੱਸ ਦੇਵੋ। ਡਾਇਰੈਕਟਰ ਸਾਹਿਬ ਕਹਿੰਦੇ ਕਿ ਨਹੀਂ ਜੀ ਤੁਹਾਡੀਆਂ ਦੋ ਹੀ ਪੰਚਾਇਤਾਂ ਰਹਿਣਗੀਆਂ। ਉਸ ਤੋਂ ਬਾਅਦ ਮੇਰੀ ਮੰਤਰੀ ਸਾਹਿਬ ਦੇ ਨਾਲ ਫੋਨ ਤੇ ਗੱਲ ਹੋਈ। ਮੰਤਰੀ ਸਾਹਿਬ ਨੇ ਵੀ ਕਿਹਾ ਕਿ ਮੈਂ ਡਾਇਰੈਕਟਰ ਸਾਹਿਬ ਨੂੰ ਕਹਿ ਦਿੱਤਾ ਕਿ ਦੋ ਪੰਚਾਇਤਾਂ ਹੀ ਰਹਿਣਗੀਆਂ। ਮੈਨੂੰ ਕੱਲ੍ਹ ਪਤਾ ਲੱਗਾ ਕਿ 7 ਤਰੀਕ ਨੂੰ

ਪੰਚਾਇਤ ਦੁਬਾਰਾ ਇੱਕ ਕਰ ਦਿੱਤੀ ਗਈ ਹੈ ਅਤੇ ਇਸ ਦੇ ਆਰਡਰ ਥੱਲੇ ਵੀ ਨਹੀਂ ਗਏ। ਜਦੋਂ ਮੈਂ ਕੱਲ੍ਹ ਮੰਤਰੀ ਸਾਹਿਬ ਨੂੰ ਮਿਲਿਆ ਔਰ ਮੰਤਰੀ ਸਾਹਿਬ ਨੇ ਮੈਨੂੰ ਇਹ ਕਿਹਾ ਕਿ ਤੇਰੇ ਨਾਲ ਬਹੁਤ ਵੱਡਾ ਧੱਕਾ ਹੋਇਆ। ਮੈਂ ਕਿਹਾ ਸਰ ਕਿਸ ਨੇ ਕਰਵਾਇਆ। ਮੰਤਰੀ ਸਾਹਿਬ ਸਦਨ ਵਿੱਚ ਬੈਠੇ ਹਨ। ਮੰਤਰੀ ਸਾਹਿਬ ਕਹਿ ਦੇਣ ਕਿ ਡਾਇਰੈਕਟਰ ਨੇ ਮੈਨੂੰ ਨਹੀਂ ਪੁੱਛਿਆ ਜਾਂ ਮੇਰੇ ਆਖੇ ਨਹੀਂ ਲੱਗਾ। ਮੈਂ ਸ਼ਰਮ ਨਾਲ ਕਹਾਂਗਾ ਕਿ ਸਾਡੀ ਸਰਕਾਰ ਹੈ ਅਤੇ ਜੇ ਜਾਇਜ਼ ਕੰਮ ਵਾਸਤੇ ਮੰਤਰੀ ਦੇ ਆਖੇ ਡਾਇਰੈਕਟਰ ਨਾ ਲੱਗੇ ਤਾਂ ਫਿਰ ਮੈਨੂੰ ਦੱਸੋ, ਕੀ ਮੈਂ ਅਕਾਲੀ ਦਲ ਦੀ ਸਰਕਾਰ ਵਿੱਚ ਜਾ ਕੇ ਨਿਆਂ ਮੰਗਾਂਗਾ? ਪੰਚਾਇਤ ਮੰਤਰੀ ਸਾਹਿਬ ਜਾਂ ਤਾਂ ਇਹ ਕਹਿ ਦੇਣ ਕਿ ਮੈਂ ਗਲਤ ਕੀਤਾ? (ਵਿਘਨ)(ਸ਼ੋਰ) ਇੱਕ ਮਿੰਟ ਜੀ ਗੱਲ ਕਰ ਲੈਣ ਦਿਓ। ਕਿਸੇ ਵੀ ਜਾਇਜ਼ ਗੱਲ ਵਾਸਤੇ ਮੈਨੂੰ ਜਿੱਥੇ ਮਰਜ਼ੀ ਤੱਕ ਜਾਣਾ ਪਵੇ, ਮੈਂ ਆਪਣੀ ਲੜਾਈ ਲੜਦਾ ਹਾਂ। ਗਲਤ ਮੈਂ ਨਹੀਂ ਕਹਿੰਦਾ, ਭਾਵੇਂ ਮੈਂ ਸਰਕਾਰ ਵਿੱਚ ਬੈਠਾ ਹਾਂ, ਜਾਂ ਤਾਂ ਮੰਤਰੀ ਸਾਹਿਬ ਕਹਿ ਦੇਣ ਕਿ ਮੈਂ ਕਰਵਾਇਆ ਜਾਂ ਕਹਿ ਦੇਣ ਕਿ ਡਾਇਰੈਕਟਰ ਮੇਰੇ ਆਖੇ ਨਹੀਂ ਲੱਗਦਾ। ਮੈਨੂੰ ਨਿਆਂ ਦਿਵਾਇਆ ਜਾਵੇ ਅਤੇ ਇਸ ਪੰਚਾਇਤ ਤੇ ਰੋਕ ਲਗਾਈ ਜਾਵੇ। Otherwise ਸਾਰਾ ਪਿੰਡ ਬਾਹਰ ਬੈਠਾ ਹੈ, 200 ਬੰਦਾ ਬਾਹਰ ਬੈਠਾ ਹੈ। ਮੈਂ ਧਰਨਾ ਲਾਵਾਂਗਾ ਔਰ ਜਿਸ ਹੱਦ ਤੱਕ ਵੀ ਜਾਣਾ ਪਿਆ, ਮੈਂ ਜਾਵਾਂਗਾ। (ਸ਼ੋਰ)

**ਮਾਨਯੋਗ ਸਪੀਕਰ:** ਬੈਠੋ, ਬੈਠੋ, ਬੈਠੋ। (ਸ਼ੋਰ) ਸਾਰੇ ਨਾ ਖੜ੍ਹੇ ਹੋਇਆ ਕਰੋ। ਚੀਮਾ ਸਾਹਿਬ, ਚੀਮਾ ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.) :** ਸਪੀਕਰ ਸਾਹਿਬ, ਜਿਸ ਤਰ੍ਹਾਂ ਪਾਹੜਾ ਸਾਹਿਬ ਨੇ ਕਿਹਾ ਹੈ, ਉਸ ਤਰ੍ਹਾਂ ਪੂਰੇ ਪੰਜਾਬ ਦੇ ਅੰਦਰ ਡਿਪਟੀ ਕਮਿਸ਼ਨਰ ਕੀ ਕਰ ਰਹੇ ਹਨ ਕਿ ਇੱਕ ਬੰਦਾ ਆਉਂਦਾ ਹੈ ਉਸ ਦੀ ਐਪਲੀਕੇਸ਼ਨ ਲੈਂਦੇ ਹਨ, ਕਿਸੇ ਪਿੰਡ ਨੂੰ ਡੀ-ਰਿਜ਼ਰਵ ਕਰਦੇ ਹਨ, ਕਿਸੇ ਪਿੰਡ ਨੂੰ ਰਿਜ਼ਰਵ ਕਰਦੇ ਹਨ, ਇਹ ਪ੍ਰਕਿਰਿਆ ਲਗਾਤਾਰ ਜਾਰੀ ਹੈ। ਇਸ ਦੇ ਲਈ ਮੰਤਰੀ ਸਾਹਿਬ ਹਾਊਸ ਦੇ ਵਿੱਚ ਐਸ਼ਿਓਰ ਕਰਨ ਕਿ ਜਿਹੜਾ ਇੱਕ ਵਾਰ ਨੋਟੀਫਿਕੇਸ਼ਨ ਜਾਰੀ ਹੋ ਗਿਆ ਉਹ ਵਾਰ-ਵਾਰ ਕਿਉਂ ਬਦਲਿਆ ਜਾ ਰਿਹਾ ਹੈ। ਜਿਵੇਂ ਪਾਹੜਾ ਸਾਹਿਬ ਨੇ ਕਿਹਾ ਹੈ ਕਿ ਸਭ ਦੀ ਇੱਕੋ ਹੀ ਸ਼ਿਕਾਇਤ ਹੈ, ਪੂਰੇ ਹਾਊਸ ਦੀ ਸ਼ਿਕਾਇਤ ਹੈ। ਇਕੱਲੇ ਇਕੱਲੇ ਦੀ ਸ਼ਿਕਾਇਤ ਹੈ ਕਿ ਵਾਰ-ਵਾਰ ਰਿਜ਼ਰਵੇਸ਼ਨ ਕਿਉਂ ਬਦਲੀ ਜਾ ਰਹੀ ਹੈ। ਕਈ ਪਿੰਡ ਅਜਿਹੇ ਹਨ ਜਿੱਥੇ 70 ਸਾਲ ਹੋ ਗਏ ਹਨ ਉਹ ਪਿੰਡ ਕਦੇ ਰਿਜ਼ਰਵ ਨਹੀਂ ਹੋਏ। ਸਰ, ਹਲਕਾ ਰਾਏਕੋਟ ਦਾ ਹਿੱਸੋਵਾਲ ਪਿੰਡ ਹੈ ਉਹ ਕਦੇ ਵੀ ਰਿਜ਼ਰਵ ਨਹੀਂ ਹੋਇਆ। ਉਹੋ ਜਿਹੇ ਪਿੰਡ ਕਿਉਂ ਛੱਡੇ ਗਏ ਹਨ? ਐਮ.ਐਲ.ਏ. ਪੰਡੋਰੀ ਸਾਹਿਬ ਦਾ ਪਿੰਡ ਵੀ ਹੈ, ਉਹ ਵੀ ਕਦੇ ਰਿਜ਼ਰਵ ਨਹੀਂ ਹੋਇਆ, ਉਹ ਪਿੰਡ ਸਿੰਗਲ ਡੇਅ ਰਿਜ਼ਰਵ ਨਹੀਂ

[ ਸਰਦਾਰ ਹਰਪਾਲ ਸਿੰਘ ਚੀਮਾ ]

ਹੋਇਆ। ਇਨ੍ਹਾਂ ਗੱਲਾਂ ਦਾ ਮੰਤਰੀ ਸਾਹਿਬ ਨੂੰ ਜਵਾਬ ਦੇਣਾ ਚਾਹੀਦਾ ਹੈ। ਫਿਰ ਐਕਟ ਬਣਾਉਣ ਦਾ ਕੀ ਫਾਇਦਾ ਜੇਕਰ ਇਹੋ ਹੀ ਕੰਮ ਕਰਨਾ ਸੀ। ਜਿਹੜੇ ਕੰਮ ਅਕਾਲੀ ਦਲ ਵਾਲੇ ਕਰਦੇ ਸਨ ਉਹੀ ਕੰਮ ਇਹ ਕਰਨ ਲੱਗ ਗਏ। ਜਿਸ ਤਰ੍ਹਾਂ ਅਕਾਲੀ ਦਲ ਧਾਂਦਲੀਆਂ ਕਰਦਾ ਸੀ ਉਸ ਤਰ੍ਹਾਂ ਹੀ ਇਹ ਕਰਨ ਲੱਗ ਗਏ। ਸਰਕਾਰ ਨੇ ਐਕਟ ਤਾਂ ਬਣਾ ਲਏ ਹਨ ਪਰ ਅਫਸਰ ਉਸ ਐਕਟ ਨੂੰ ਮਿਸਯੂਜ਼ ਕਰ ਰਹੇ ਹਨ।

**ਮਾਨਯੋਗ ਸਪੀਕਰ:** ਬੈਠੋ, ਬੈਠੋ, ਬੈਠੋ।

**ਸਰਦਾਰ ਹਰਪਾਲ ਸਿੰਘ ਚੀਮਾ:** ਮੰਤਰੀ ਸਾਹਿਬ ਹਾਊਸ ਵਿੱਚ ਜਵਾਬ ਦੇਣ।

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੰਤਰੀ ਸਾਹਿਬ ਇਸ ਗੱਲ ਤੇ ਜਵਾਬ ਦੇਣ ਕਿ ਕਿਉਂ ਵਾਰ ਵਾਰ ਲੋਕਾਂ ਨਾਲ ਧੱਕਾ ਹੋ ਰਿਹਾ ਹੈ...

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ।

**ਸਰਦਾਰ ਹਰਪਾਲ ਸਿੰਘ ਚੀਮਾ :** ਲੋਕਾਂ ਨੂੰ ਕਿਉਂ ਵਾਰ ਵਾਰ ਹਾਈ ਕੋਰਟ ਜਾਣਾ ਪੈਂਦਾ ਹੈ। ਹਾਈ ਕੋਰਟ ਆਰਡਰ ਪਾਸ ਕਰਦੀ ਹੈ। ਕਿਉਂ ਲੋਕਾਂ ਦਾ ਇਹ ਟਾਈਮ ਖਰਾਬ ਕਰਦੇ ਹਨ।

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, kindly ਮੰਤਰੀ ਸਾਹਿਬ ਜਵਾਬ ਦੇਣ।(ਵਿਘਨ) ਉਹ ਜਵਾਬ ਦੇਣ ਲਈ ਤਿਆਰ ਹਨ। (ਵਿਘਨ)

**ਮਾਨਯੋਗ ਸਪੀਕਰ :** ਹੁਣ ਜਵਾਬ ਤੁਹਾਨੂੰ ਸਾਰਿਆਂ ਨੂੰ ਇਕੱਠਿਆਂ ਨੂੰ ਦੇ ਦੇਣ? (ਵਿਘਨ) (ਸ਼ੋਰ) ਸਾਰੇ ਹੀ ਖੜ੍ਹੇ ਹੋ। ਬੈਠੋ, ਪਲੀਜ਼ ਬੈਠੋ। (ਵਿਘਨ)(ਸ਼ੋਰ) ਨਾਗਰਾ ਜੀ, ਨਾਗਰਾ ਜੀ। (ਸ਼ੋਰ) ਨਾਗਰਾ ਜੀ, ਨਾਗਰਾ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਹਿਗੜ੍ਹ ਸਾਹਿਬ):** ਸਪੀਕਰ ਸਾਹਿਬ ਧੰਨਵਾਦ ਜੀ। ਸਪੀਕਰ ਸਾਹਿਬ ਜਿਹੜਾ ਸਤਿਕਾਰਯੋਗ ਮੰਤਰੀ ਸਾਹਿਬ ਇਹ ਅਮੈਂਡਮੈਂਟ ਬਿਲ ਲੈ ਕੇ ਆਏ ਹਨ ਮੈਂ ਇਸ ਦੇ ਸਮਰਥਨ ਦੇ ਵਿੱਚ ਖੜ੍ਹਾ ਹੋਇਆ ਹਾਂ। ਇੱਕ ਬੜੀ ਵੱਡੀ ਲੈਵਲ ਤੇ ਡਿਸਕਸ਼ਨ ਹੋਣ ਤੋਂ ਬਾਅਦ ਇਹ ਬਿਲ ਸਦਨ ਦੇ ਵਿੱਚ ਪਾਸ ਹੋਣ ਲਈ ਰੱਖਿਆ ਹੈ। ਸਪੀਕਰ ਸਾਹਿਬ, ਅੱਜ ਮੈਂ ਦੇਖ ਰਿਹਾ ਹਾਂ ਕਿ ਬਹੁਤ ਸਾਰੇ ਸਾਥੀ ਜਿਹੜੇ ਹਨ ਉਹ ਕਾਫੀ ਗੱਲਾਂ ਇਸ ਬਿਲ ਬਾਰੇ ਕਰ ਰਹੇ ਹਨ। ਇੱਕ ਚੀਜ਼ ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਇਹ ਜਿਹੜਾ ਪੰਚਾਇਤੀ ਰਾਜ ਸਿਸਟਮ ਹੈ ਜਿਸ ਨੂੰ ਬੜੀ ਚੰਗੀ ਸੋਚ ਦੇ ਨਾਲ ਬਣਾਇਆ ਗਿਆ ਸੀ ਔਰ ਪਿੰਡਾਂ ਵਿੱਚ ਨੁਮਾਇੰਦੇ ਚੁਣੇ ਜਾਣਗੇ, ਉਹ ਪਿੰਡਾਂ

ਦਾ ਆਪ ਹੀ ਵਿਕਾਸ ਕਰਨਗੇ।

ਸਪੀਕਰ ਸਾਹਿਬ, ਮੈਂ ਇਹ ਸਰਕਾਰ ਬਣਨ ਤੋਂ ਬਾਅਦ ਪਿਛਲੇ ਦਸ ਸਾਲਾਂ ਦਾ ਜੋ ਪੁਰਾਣਾ ਹਿਸਾਬ-ਕਿਤਾਬ ਦੇਖਿਆ, ਮੰਤਰੀ ਸਾਹਿਬ ਇਹ ਚੋਣਾਂ ਵੀ ਹੋ ਜਾਣੀਆਂ ਹਨ, ਇਹ ਬਿਲ ਪਾਸ ਹੋ ਕੇ ਇਸ ਤੇ ਇਹ ਅੱਗੇ ਨਵੀਆਂ ਪੰਚਾਇਤਾਂ ਵੀ ਬਣ ਜਾਣੀਆਂ ਹਨ ਪਰ ਮੇਰੀ ਤੁਹਾਨੂੰ ਇੱਕ ਬੇਨਤੀ ਹੈ ਕਿ ਪੰਜਾਬ ਦੇ ਪਿਛਲੇ ਦਸ ਸਾਲਾਂ ਵਿਚ ਇਹ ਦੋ ਸਾਲ ਕੱਢ ਦਿਓ ਤੇ ਪਿਛਲੇ ਦਸ ਸਾਲਾਂ ਵਿਚ ਇਸ ਪੰਚਾਇਤੀ ਰਾਜ ਪ੍ਰਣਾਲੀ ਦੁਆਰਾ, ਉਸ ਮੌਕੇ ਦੀ ਸਰਕਾਰ ਨੇ ਕਿੰਨੇ ਵੱਡੇ ਤਰੀਕੇ ਦੇ ਨਾਲ ਕੁਰੱਪਸ਼ਨ ਦਾ ਜੋ (ਵਿਘਨ)(ਸ਼ੋਰ) ਇੱਕ ਮਿੰਟ, ਪਾਹੜਾ ਸਾਹਿਬ, ਬਸ ਦੋ ਮਿੰਟ ਬੈਠ ਜਾਓ। ਜਿੰਨਾ ਵੱਡਾ ਕੁਰੱਪਸ਼ਨ ਦਾ ਇੱਕ ਅੱਡਾ ਪੰਚਾਇਤੀ ਫੰਡ ਅਤੇ ਸਰਕਾਰ ਦੇ ਵਿੱਚ ਬਣਿਆ ਸੀ ਕਿ (ਵਿਘਨ) ਪਾਹੜਾ ਸਾਹਿਬ, ਇੱਕ ਮਿੰਟ ਪਲੀਜ਼। ਗੌਰਮਿੰਟ ਆਫ ਇੰਡੀਆ ਦੁਆਰਾ ਜਿਹੜਾ ਪੰਚਾਇਤੀ ਫੰਡ ਵੱਖ-ਵੱਖ ਸਕੀਮਾਂ ਦੇ ਤਹਿਤ, ਮਨਰੇਗਾ ਦੇ ਤਹਿਤ ਜਿਹੜੇ ਵੱਡੇ ਲੈਵਲ ਉੱਤੇ ਫੰਡ ਭੇਜੇ ਗਏ..(ਵਿਘਨ)..(ਸ਼ੋਰ) ਤੁਹਾਨੂੰ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਯੂਨੀਵਰਸਿਟੀ ਦਾ ਤਾਂ ਸਾਰਾ ਕੁਝ ਯਾਦ ਹੈ, ਇਹ ਵੀ ਚੇਤੇ ਰੱਖਿਆ ਕਰੋ।

*2.21 ਵਜੇ ਬਾਅਦ ਦੁਪਹਿਰ } ( ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**Mr. Deputy Speaker :** Please carry on.

**ਸਰਦਾਰ ਕੁਲਜੀਤ ਸਿੰਘ ਨਾਗਰਾ :** ਡਿਪਟੀ ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਜਿਹੜੀ ਪਿਛਲੇ ਦਸ ਸਾਲਾਂ ਦੀ ਸਰਕਾਰ ਨੇ ਪੰਚਾਇਤੀ ਰਾਜ ਸਿਸਟਮ ਦੇ ਦੁਆਰਾ, ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਪੰਚਾਇਤਾਂ ਦੇ ਫੰਡਾਂ ਦੀ ਦੁਰਵਰਤੋਂ ਉਸ ਵੇਲੇ ਦੀ ਸਰਕਾਰ ਦੀ ਛਤਰ ਛਾਇਆ ਥੱਲੇ ਹੋਈ ਹੈ, ਉਸ ਦੀ ਦਸਾਂ ਸਾਲਾਂ ਦੀ ਵੱਡੀ ਇਨਕੁਆਰੀ ਜ਼ਰੂਰ ਕਰਵਾਈ ਜਾਣੀ ਚਾਹੀਦੀ ਹੈ ਤਾਂ ਕਿ ਲੋਕਾਂ ਨੂੰ ਇਹ ਦੱਸਿਆ ਜਾ ਸਕੇ ਕਿ ਉਨ੍ਹਾਂ ਦੇ ਖ਼ੂਨ ਪਸੀਨੇ ਦੀ ਕਮਾਈ ਕਿਸ ਤਰੀਕੇ ਦੇ ਨਾਲ ਇਸ ਸਿਸਟਮ ਦੇ ਤਹਿਤ ਉਸ ਵੇਲੇ ਦੇ ਹਾਕਮਾਂ ਨੇ ਆਪਣੇ ਸ਼ਾਗਿਰਦਾਂ ਦੇ ਨਾਲ ਮਿਲ ਕੇ ਲੁੱਟੀ।ਪੰਜਾਬ ਨੂੰ ਕਿਸ ਪਾਸੇ ਧੱਕਿਆ।

ਮੈਂ ਮੰਤਰੀ ਸਾਹਿਬ ਨੂੰ ਜ਼ਰੂਰ ਇੱਥੇ ਕਹਿਣਾ ਚਾਹੁੰਦਾ ਹਾਂ ਕਿਉਂਕਿ ਇਸ ਤੋਂ ਬਿਨਾਂ ਇਹ ਸ਼ੀਸ਼ਾ ਸਾਫ ਨਹੀਂ ਹੋਣਾ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਥੱਲੇ ਕੁਰੱਪਸ਼ਨ ਦਾ ਇੱਕ ਬਹੁਤ ਵੱਡਾ ਬੋਲਬਾਲਾ ਹੋਇਆ। ਉਸ ਵਿਚ ਉੱਪਰ ਤੋਂ ਲੈ ਕੇ ਥੱਲੇ ਤੱਕ ਬਹੁਤ ਸਾਰੇ ਅਧਿਕਾਰੀ ਜ਼ਿੰਮੇਵਾਰ ਹਨ। ਉਨ੍ਹਾਂ ਜ਼ਿੰਮੇਵਾਰ ਅਧਿਕਾਰੀਆਂ ਨੂੰ ਅਤੇ

ਉਨ੍ਹਾਂ ਨੂੰ ਸ਼ਹਿ ਦੇਣ ਵਾਲੇ ਲੀਡਰਾਂ ਨੂੰ ਨੰਗਾ ਕਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਵਿਚ ਆਉਣ ਵਾਲੇ ਸਮੇਂ ਵਿਚ ਇਸ ਲੋਕਤੰਤਰ ਤਰੀਕੇ ਦਾ ਕੋਈ ਘਾਣ ਨਾ ਕਰ ਸਕੇ। ਇਸ ਤਰੀਕੇ ਦੁਆਰਾ ਜਿਹੜੇ ਫੰਡ ਹਨ ਉਹ ਚੰਗੇ ਅਤੇ ਵਧੀਆ ਤਰੀਕੇ ਨਾਲ ਥੱਲੇ ਤੱਕ ਪੰਚਾਇਤਾਂ ਵਿਚ ਲੱਗ ਕੇ ਲੋਕਾਂ ਦਾ ਵਿਕਾਸ ਹੋ ਸਕੇ। ਮੈਂ ਇਸ ਵਾਸਤੇ ਵੀ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਮੈਂ ਇਸ ਬਿਲ ਦੇ ਸਮਰਥਨ ਦੇ ਵਿਚ ਮਹਿਸੂਸ ਕਰਦਾ ਹਾਂ ਕਿ ਇਹ ਬਿਲ ਸਾਨੂੰ ਸਾਰਿਆਂ ਨੂੰ ਮਿਲ ਕੇ ਪਾਸ ਕਰਨਾ ਚਾਹੀਦਾ ਹੈ।

**ਮਾਨਯੋਗ ਡਿਪਟੀ ਸਪੀਕਰ :**ਹਾਂ ਜੀ, ਸੰਦੋਆ ਸਾਹਿਬ।

**ਸਰਦਾਰ ਅਮਰਜੀਤ ਸਿੰਘ ਸੰਦੋਆ (ਰੂਪਨਗਰ):** ਡਿਪਟੀ ਸਪੀਕਰ ਸਾਹਿਬ, ਮੈਂ ਅੱਜ ਪੰਚਾਇਤੀ ਰਾਜ ਬਿਲ ਦੇ ਸਬੰਧ ਵਿਚ ਮੰਤਰੀ ਸਾਹਿਬ ਅਤੇ ਸਦਨ ਨੂੰ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ** ਇੰਚਾਰਜ ਹਨ।ਉਹ ਕੀ ਕਰਦੇ ਹਨ। ਸਰ, ਮੇਰੇ ਹਲਕੇ ਵਿੱਚ ਇੱਕ ਰੂੜੇਵਾਲ ਪਿੰਡ ਦੀਆਂ 555 ਵੋਟਾਂ ਹਨ, ਉਸ ਵਿੱਚ ਸਿਰਫ 9 ਵੋਟਾਂ ਐਸ. ਸੀ. ਹਨ, ਇਨ੍ਹਾਂ ਨੇ ਉਹ ਸੀਟ ਐਸ.ਸੀ. ਕਰ ਦਿੱਤੀ। ਇੱਕ ਮੇਰਾ ਰੈਸੜਾ ਪਿੰਡ ਹੈ, ਉਥੇ 450 ਵੋਟ ਹੈ, ਉਸ ਪਿੰਡ ਵਿੱਚ 3 ਵੋਟਾਂ ਐਸ.ਸੀ. ਹਨ, ਉਥੇ ਇਨ੍ਹਾਂ ਨੇ ਐਸ.ਸੀ. ਕਰ ਦਿੱਤੀ। ਜਿਹੜਾ ਇਹ ਲੁਧਿਆਣਾ ਤੋਂ ਬੀ.ਡੀ.ਓ. ਲੈ ਕੇ ਆਏ, ਇੱਕ ਰਾਣਾ ਰਾਣਾ ਬੀ.ਡੀ.ਓ. ਹੈ। ਕਹਿੰਦੇ ਲੁਧਿਆਣੇ ਦਾ ਚਪੜਾਸੀ ਹੈ। ਉਹ ਬੀ.ਡੀ.ਓ. ਇਨ੍ਹਾਂ ਨੇ ਨੂਰਪੁਰ ਲਗਾ ਦਿੱਤਾ। (ਆਮ ਆਦਮੀ ਪਾਰਟੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਉਥੇ ਡੀ.ਡੀ.ਪੀ.ਓ. ਵੀ ਗੂੰਗਾ ਹੈ। ਮੈਂ ਡੀ.ਸੀ. ਸਾਹਿਬ ਨੂੰ ਤਿੰਨ-ਚਾਰ ਵਾਰ ਕਹਿ ਲਿਆ ਹੈ। ਡੀ.ਸੀ. ਸਾਹਿਬ ਨੇ ਵੀ ਕੰਪਲੇਂਟ ਕਰੀ ਹੋਣੀ ਹੈ ਕਿ ਬੀ.ਡੀ.ਓ. ਅਤੇ ਡੀ.ਡੀ.ਪੀ.ਓ. ਗੂੰਗੇ ਹਨ, ਇਨ੍ਹਾਂ ਨੂੰ ਬਦਲ ਦਿਓ ਪਰ ਮੰਤਰੀ ਸਾਹਿਬ ਦੀ ਪਤਾ ਨਹੀਂ ਕੀ ਮਜਬੂਰੀ ਹੈ ਕਿ ਇਸ ਤਰ੍ਹਾਂ ਦੇ ਗੂੰਗੇ- ਬੋਲੇ ਅਫਸਰ, ਜਿਨ੍ਹਾਂ ਨੂੰ ਪਤਾ ਨਹੀਂ, ਸਾਡੇ ਬਲਾਕਾਂ ਵਿੱਚ, ਡੇਢ-ਡੇਢ ਸੌ ਪਿੰਡ ਦਾ ਬਲਾਕ ਹੈ, ਉਥੇ ਤੁਸੀਂ ਲਗਾ ਕੇ ਬੈਠੇ ਹੋ। ਤੁਹਾਡਾ ਧੰਨਵਾਦ ਜੀ।

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.) :** ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਤੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਰਿਜ਼ਰਵੇਸ਼ਨ ਦਾ ਨਵਾਂ ਤਰੀਕਾ ਅਪਣਾਇਆ ਹੈ, ਇੱਕ ਜ਼ਿਲ੍ਹੇ ਨੂੰ ਯੂਨਿਟ ਮੰਨਿਆ ਹੈ। ਇਸ ਵਿੱਚ ਮੰਤਵ ਸਿਰਫ ਇਹ ਸੀ ਕਿ ਅਸੀਂ ਆਪਣੀ ਮਰਜ਼ੀ ਨਾਲ ਰਿਜ਼ਰਵੇਸ਼ਨ ਕਰ ਸਕੀਏ। ਬਾਜਵਾ ਸਾਹਿਬ, ਇਹ ਜਨਾਬ ਬਾਜਵਾ ਜੀ, ਤੁਹਾਡੇ ਬਾਰੇ ਹੈ (ਪਸ਼ੂ ਪਾਲਣ ਮੰਤਰੀ, ਸਰਦਾਰ ਬਲਬੀਰ ਸਿੰਘ ਸਿੱਧੂ ਵੱਲੋਂ ਵਿਘਨ) .....

---

** Expunged as ordered by the Chair.

**ਮਾਨਯੋਗ ਡਿਪਟੀ ਸਪੀਕਰ :** ਸਰਦਾਰ ਬਲਬੀਰ ਸਿੰਘ ਜੀ, ਇਨ੍ਹਾਂ ਨੂੰ ਬੋਲ ਲੈਣ ਦਿਓ। ਸ਼੍ਰੀ ਸੋਮ ਪ੍ਰਕਾਸ਼ ਜੀ ਨੂੰ ਬੋਲ ਲੈਣ ਦਿਓ। (ਵਿਘਨ) ਸਰਦਾਰ ਬਲਬੀਰ ਸਿੰਘ ਜੀ, ਬਲਬੀਰ ਜੀ, ਪਲੀਜ਼ ਪਲੀਜ਼ ਬੈਠ ਜਾਓ। ਉਨ੍ਹਾਂ ਦੀ ਗੱਲ ਸੁਣ ਲਵੋ।

**ਸ਼੍ਰੀ ਸੋਮ ਪ੍ਰਕਾਸ਼ :** ਮੈਨੂੰ ਬੋਲ ਤਾਂ ਲੈਣ ਦਿਓ। ਮੈਂ ਦੱਸਣਾ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨ ਇਸ ਢੰਗ ਨਾਲ ਕੀਤੀ ਗਈ ਹੈ ਕਿ ਜਿਥੇ 95%, 97% ਐਸ.ਸੀ. ਆਬਾਦੀ ਹੈ, ਉਹ ਜਨਰਲ ਕਰ ਦਿੱਤਾ। ਧਰਮਸੋਤ ਜੀ ਨੇ ਇੱਕ ਪੰਚਾਇਤ ਬਣਾਈ ਹੈ। ਸਾਡੀ ਕਾਂਸਟੀਚਿਊਂਸੀ ਦੇ ਦਾਮਾਦ ਹਨ, ਉਥੇ ਵਿਆਹੇ ਹਨ। ਇਨ੍ਹਾਂ ਨੇ ਖਰਵਾੜਾ ਕਲੋਨੀ ਬਣਾਈ ਸੀ। ਉਥੇ ਸਾਰੀ ਐਸ.ਸੀ. ਆਬਾਦੀ ਹੈ, ਉਹ ਤੁਸੀਂ ਜਨਰਲ ਕਰ ਦਿੱਤੀ। ਇਸ ਤਰ੍ਹਾਂ ਕਿਵੇਂ ਚੱਲੇਗਾ? ਕੋਈ ਨਾ ਕੋਈ ਮਾਪਦੰਡ ਤਾਂ ਆਪਾਂ ਬਣਾਵਾਂਗੇ। ਅਸੀਂ ਕਾਨੂੰਨ ਬਦਲਣ ਦੀ ਆੜ ਵਿੱਚ, ਬਾਜਵਾ ਜੀ, ਤੁਹਾਡਾ ਸਾਰੇ ਸਤਿਕਾਰ ਕਰਦੇ ਹਨ। ਤੁਸੀਂ ਬਹੁਤ ਵਧੀਆ ਮੰਤਰੀ ਹੋ। ਇਹ ਪਹਿਲੀ ਵਾਰ ਹੋਇਆ ਹੈ ਕਿ ਤੁਹਾਡੇ ਬਾਰੇ ਇਸ ਤਰ੍ਹਾਂ ਦਾ ਕੋਈ ਕ੍ਰਿਟੀਸਿਜ਼ਮ ਹੋ ਰਿਹਾ ਹੈ। ਪਲੀਜ਼, ਐਸਾ ਨਾ ਕਰੋ। ਤੁਸੀਂ ਥੱਲੇ ਵਾਲਿਆਂ ਨੂੰ ਕਹਿ ਦਿਉ ਕਿ ਜਿਸ ਢੰਗ ਨਾਲ, ਪੰਚਾਇਤ ਸੈਕ੍ਰੇਟਰੀਆਂ ਨੇ, ਉਹ ਪੰਚਾਇਤਾਂ ਜਿਹੜੀਆਂ ਅਕਾਲੀ ਦਲ ਦੀਆਂ ਹਨ ਜਾਂ ਬੀ.ਜੇ.ਪੀ. ਦੀਆਂ ਹਨ, ਉਨ੍ਹਾਂ ਨੂੰ ਕਹਿ ਅਖਵਾ ਕੇ ਕਿ ਜਾਂ ਤਾਂ ਤੁਸੀਂ ਇਨਕੁਆਇਰੀਆਂ ਕਰਵਾ ਲਵੋ ਜਾਂ ਅੰਦਰ ਹੋ ਜਾਵੋ ਜਾਂ ਫਿਰ ਸਾਡੇ ਨਾਲ ਆ ਕੇ ਰਲ ਜਾਵੋ। ਮੈਂ ਕਹਿਣਾ ਚਾਹੁੰਦਾ ਹਾਂ ਕਿ ਆਪਾਂ ਕੋਈ ਸਿਸਟਮ ਰੱਖੀਏ। ਤੁਸੀਂ ਬੜੇ ਸੀਨੀਅਰ ਮੰਤਰੀ ਹੋ। ਆਹ ਜਿਹੜੀ ਰਿਜ਼ਰਵੇਸ਼ਨ ਕੀਤੀ ਹੈ, ਇਹ 100% ਗਲਤ ਕੀਤੀ ਹੈ। 100%। ਜਿਥੇ ਜਨਰਲ ਕਰਨਾ ਸੀ, ਉਹ ਐਸ.ਸੀ. ਕਰ ਦਿੱਤਾ। ਜਿਥੇ ਐਸ.ਸੀ. ਕਰਨਾ ਸੀ, ਉਹ ਜਨਰਲ ਕਰ ਦਿੱਤਾ। ਤੁਸੀਂ ਜਾਂ ਤਾਂ ਉਸ ਤਰ੍ਹਾਂ ਹੀ ਕਹਿ ਦਿਓ ਕਿ ਅਸੀਂ ਬਣਾਉਣੇ ਹਨ ਅਤੇ ਅਗਲੀ ਵਾਰ ਤੁਸੀਂ ਬਣਾ ਲਿਓ। ਇਹ ਨਾ ਕਰੋ ਰੱਬ ਦਾ ਵਾਸਤਾ। ਤੁਸੀਂ ਆਪਣੇ ਆਪ ਆਪਣਾ ਪੱਧਰ ਨੀਵਾਂ ਕਰ ਰਹੇ ਹੋ। ਧੰਨਵਾਦ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਸਨੌਰ) :** ਡਿਪਟੀ ਸਪੀਕਰ ਸਾਹਿਬ, ਧੰਨਵਾਦ ਸਮਾਂ ਦੇਣ ਲਈ। ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਠੀਕ ਕਿਹਾ ਹੈ ਕਿ ਮੰਤਰੀ ਜੀ ਤੋਂ ਬਹੁਤ ਚੰਗੀਆਂ ਉਮੀਦਾਂ ਰਹੀਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਅਸੀਂ ਰੱਖਾਂਗੇ। ਪਰ ਜਦੋਂ ਸ਼ੰਕੇ ਖੜ੍ਹੇ ਕੀਤੇ ਜਾ ਰਹੇ ਸੀ ਤਾਂ ਮੰਤਰੀ ਜੀ ਮੁਸਕਰਾ ਰਹੇ ਸੀ। ਮੈਨੂੰ ਇੱਕ ਸ਼ੇਅਰ ਯਾਦ ਆ ਰਿਹਾ ਹੈ:-

ਤੁਮ ਇਤਨਾ ਜੋ ਮੁਸਕਰਾ ਰਹੇ ਹੋ, ਕਿਆ ਦਰਦ ਹੈ ਜੋ ਛੁਪਾ ਰਹੇ ਹੋ। (ਹਾਸਾ)

ਸਰ, ਸਾਨੂੰ ਪਤਾ ਹੈ ਤੁਹਾਡੀਆਂ ਮਜਬੂਰੀਆਂ ਦਾ। ਉਹ ਕੁਝ ਕੁਝ ਸਰਦਾਰ ਅਮਰਜੀਤ ਸਿੰਘ ਸੰਦੋਆ ਨੇ ਦੱਸੀਆਂ ਹਨ। ਸਰ, ਵੂਮੈਨ ਰਿਜ਼ਰਵੇਸ਼ਨ ਦੇ ਨਾਮ ਤੇ

ਨਵਾਂ ਰੋਸਟਰ ਤਿਆਰ ਕੀਤਾ ਗਿਆ ਹੈ। ਸਾਰੇ ਬੁਲਾਰਿਆਂ ਨੇ ਬਹੁਤ ਵਧੀਆ ਕਿਹਾ ਹੈ। ਮੈਂ ਵਿਧਾਨ ਸਭਾ ਨੂੰ ਤੁਹਾਡੇ ਜ਼ਰੀਏ ਬੇਨਤੀ ਕਰਦਾ ਹਾਂ ਕਿ ਇਹ ਸੋਚਣ ਦੀ ਜ਼ਰੂਰਤ ਹੈ। ਪੰਚਾਇਤੀ ਰਾਜ, ਜਿਹੜੀ ਮੁਢਲੀ ਲੋਕ ਰਾਜ ਦੀ ਸੰਸਥਾ ਹੈ, ਉਸ ਦੇ ਨਾਲ ਜੁੜਿਆ ਹੋਇਆ ਮਸਲਾ ਹੈ। ਮੇਰੇ ਇਲਾਕੇ ਦੀ ਮੈਂ ਤੁਹਾਨੂੰ ਗੱਲ ਦੱਸਦਾ ਹਾਂ।

-------

## EXTENSION OF TIME OF THE SITTING OF THE HOUSE

**ਮਾਨਯੋਗ ਡਿਪਟੀ ਸਪੀਕਰ :** ਚੰਦੂਮਾਜਰਾ ਜੀ। ਇੱਕ ਸੈਕਿੰਡ। ਜੇਕਰ ਆਗਿਆ ਹੋਵੇ ਤਾਂ ਅੱਜ ਬੈਠਕ ਦਾ ਸਮਾਂ ਜਦ ਤੱਕ ਏਜੰਡਾ ਖਤਮ ਨਹੀਂ ਹੁੰਦਾ, ਉਦੋਂ ਤੱਕ ਵਧਾ ਲਿਆ ਜਾਵੇ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਡਿਪਟੀ ਸਪੀਕਰ :** ਅੱਜ ਦੀ ਬੈਠਕ ਦਾ ਸਮਾਂ ਏਜੰਡਾ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ।

-------

## THE PUNJAB PANCHAYATI RAJ (AMENDMENT) BILL, 2018

### *(Replacing Ordinance) (Resumption)*

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਵਧਾਓ ਜੀ, ਵਧਾਓ। ਸਰ, ਦੋ ਦਿਨ ਲਈ ਵਧਾ ਲਵੋ। ਸਰ, ਜਿਹੜੀ ਰਿਜ਼ਰਵੇਸ਼ਨ ਹੋਈ ਹੈ, ਮੈਂ ਸਮਝਦਾ ਹਾਂ ਕਿ ਇਹ ਸਰਕਾਰੀ ਦਫਤਰਾਂ ਦੇ ਵਿੱਚ ਬੈਠ ਕੇ ਨਹੀਂ ਹੋਈ। ਇਹ ਫੈਕਟ ਹੈ। ਇਹ ਗੱਲ ਸਹੀ ਹੈ ਕਿ ਇਨ੍ਹਾਂ ਦੇ ਜਿਹੜੇ ਐਮ.ਐਲ.ਏ. ਸਨ ਜਾਂ ਜਿਹੜੇ ਹਲਕਾ ਇੰਚਾਰਜ ਸੀ, ਉਨ੍ਹਾਂ ਦੇ ਦਫਤਰਾਂ ਦੇ ਵਿੱਚ ਬੈਠ ਕੇ ਹੋਈ ਹੈ। ਜਿਸ ਢੰਗ ਨਾਲ ਹੋਈ ਹੈ, ਉਹ ਹੋਰ ਵੀ ਨਮੋਸ਼ੀਜਨਕ ਹੈ। ਮੇਰੇ ਹਲਕੇ ਦੇ ਕੁਝ ਐਸੇ ਪਿੰਡ ਹਨ, ਬਾਜਵਾ ਸਾਹਿਬ, ਮੈਂ ਤੁਹਾਡੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ। ਇਹ ਤਾਂ ਰੂਟੀਨ ਹੈ, ਜਿਥੇ ਇਹ ਤਿੰਨ-ਤਿੰਨ ਪ੍ਰਤੀਸ਼ਤ ਦੀ ਗੱਲ ਕਰਦੇ ਹਨ, ਜਿਥੇ 20-20 ਵੋਟਾਂ ਸੀ, ਜਿਥੇ 20-20 ਵੋਟਾਂ ਐਸ.ਸੀ. ਵੋਟਾਂ ਸੀ, ਉਹ ਪਿੰਡ ਜਨਰਲ ਕਰ ਦਿੱਤੇ। ਜਿਥੇ ਸਾਰਾ ਪਿੰਡ ਜਨਰਲ ਸੀ, ਕੁਝ ਕੁ ਐਸ.ਸੀ. ਵੋਟਾਂ ਸੀ, ਉਨ੍ਹਾਂ ਪਿੰਡਾਂ ਨੂੰ ਐਸ.ਸੀ. ਕਰ ਦਿੱਤਾ। ਮੈਂ ਦੱਸਣ ਲੱਗਿਆ ਹਾਂ ਕਿ ਜਿਸ ਢੰਗ ਨਾਲ ਇਹ ਰਿਜ਼ਰਵੇਸ਼ਨ ਹੋਈ। ਮੇਰੇ ਕੋਲ ਇੱਕ ਪਿੰਡ ਹੈ। ਮੈਂ ਪਿੰਡ ਦਾ ਨਾਮ ਤਾਂ ਨਹੀਂ ਲੈਣਾ। ਉਸ ਪਿੰਡ ਦੇ ਲੋਕ ਇਨ੍ਹਾਂ ਦੇ ਹਲਕਾ ਇੰਚਾਰਜ ਕੋਲ ਗਏ। ਉਸ ਨੂੰ ਐਸ.ਸੀ. ਭਾਈਚਾਰੇ ਵਾਲੇ ਕਹਿੰਦੇ ਕਿ ਸਾਡਾ ਪਿੰਡ ਐਸ.ਸੀ. ਕਰ ਦਿਉ ਤਾਂ ਉਨ੍ਹਾਂ ਦੀ ਵੀ ਜੇਬ ਹਲਕੀ ਕਰਵਾ ਲਈ ਅਤੇ ਇਸ ਤਰ੍ਹਾਂ

ਜਦੋਂ ਜਨਰਲ ਵਾਲੇ ਗਏ ਤਾਂ ਉਨ੍ਹਾਂ ਨੂੰ ਕਿਹਾ ਕਿ ਤੁਹਾਡਾ ਪਿੰਡ ਐਸ.ਸੀ. ਕਰ ਦਿਆਂਗੇ । ਇਸ ਤਰ੍ਹਾਂ ਐਸ.ਸੀ. ਵਾਲਿਆਂ ਦੀ ਜੇਬ ਵੀ ਇਹ ਕਹਿ ਕੇ ਤੁਹਾਡਾ ਪਿੰਡ ਜਨਰਲ ਕਰ ਦਿਆਂਗੇ ਹਲਕੀ ਕਰਵਾ ਦਿੱਤੀ। ਹੁਣ, ਅਖੀਰ ਵਿੱਚ ਉਹ ਪਿੰਡ ਜਨਰਲ ਹੋ ਗਿਆ ਹੈ, ਉਸ ਦੇ ਕਾਰਨ ਕੀ ਹਨ, ਉਹ ਮੈਂ ਮੰਤਰੀ ਜੀ ਤੁਹਾਡੇ ਨਾਲ ਬਾਅਦ ਵਿੱਚ ਡਿਸਕਸ ਕਰਾਂਗਾ । ਸਰ, ਦੂਜੀ ਗੱਲ ਹੈ ਕਿ ਜਿਹੜੀ ਵਾਰਡਬੰਦੀ ਹੋਈ ਹੈ ਉਸ ਵਿਚ ਵੀ ਇਸ ਤਰੀਕੇ ਨਾਲ ਹੋਈ ਹੈ, ਬਿਲਕੁਲ ਜਿਥੇ ਬੀ.ਸੀਜ਼ ਤੇ ਐਸ.ਸੀਜ਼ ਕੈਟਾਗਰੀ ਦੀ ਥੋੜ੍ਹੀ ਥੋੜ੍ਹੀ ਅਬਾਦੀ ਹੈ ਉਨ੍ਹਾਂ ਨੂੰ ਰਿਜਰਵੇਸ਼ਨ ਵਿਚ ਪਾ ਲਿਆ ਅਤੇ ਜਿਥੇ ਜਿਹੜੇ ਟੋਟਲੀ ਐਸ.ਸੀਜ਼ ਵਾਰਡ ਹਨ ਉਨ੍ਹਾਂ ਨੂੰ ਜਨਰਲ ਕਰ ਦਿੱਤਾ ਗਿਆ ਹੈ, ਇਹ ਇੱਕ ਬਹੁਤ ਵੱਡੀ ਕੁਤਾਹੀ ਹੈ।

ਮੰਤਰੀ ਜੀ, ਤੀਜੀ ਗੱਲ ਇਹ ਹੈ ਜੋ ਕਿ ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਸ਼ਹੀਦੀ ਪੰਦਰਵਾੜਾ ਹੁੰਦਾ ਹੈ ਜਿਸ ਵਿੱਚ ਇਹ ਤਰੀਕਾਂ ਰੱਖੀਆਂ ਗਈਆਂ ਹਨ। ਸਰ, ਇਸ ਸਮੇਂ ਵੈਰਾਗਮਈ ਮਾਹੌਲ ਹੁੰਦਾ ਹੈ, ਮਨੁੱਖਤਾ ਉਨ੍ਹਾਂ ਸ਼ਹਾਦਤਾਂ ਦੇ ਅੱਗੇ ਸਿਰ ਝੁਕਾਉਂਦੀਆਂ ਹਨ ਜਿਨ੍ਹਾਂ ਦੀ ਮਿਸਾਲ ਸੰਸਾਰ ਭਰ ਵਿੱਚ ਨਹੀਂ ਮਿਲਦੀ, ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਦੀਆਂ ਲਾਮਿਸਾਲ ਸ਼ਹਾਦਤਾਂ ਦੇ ਅੱਗੇ ਮਨੁੱਖਤਾ ਸਿਰ ਝੁਕਾਉਂਦੀ ਹੈ। ਸਰ, ਉਨ੍ਹਾਂ ਸ਼ਹਾਦਤਾਂ ਦੇ ਸਮੇਂ ਵਿੱਚ, ਉਸ ਪੰਦਰਵਾੜੇ ਵਿੱਚ ਇਹ ਚੋਣਾਂ ਕਰਵਾਉਣੀਆਂ ਮੰਦਭਾਗੀਆਂ ਹਨ। ਸਰ, ਇਹ ਮੰਦਭਾਗੀਆਂ ਹਨ ਕਿਉਂਕਿ ਬਹੁਤ ਲੰਮਾ ਸਮਾਂ ਹੋ ਗਿਆ ਹੈ, ਇਹ ਚੋਣਾਂ ਹੋ ਜਾਣੀਆਂ ਚਾਹੀਦੀਆਂ ਸਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਚੋਣਾਂ ਨੂੰ ਲਮਕਾ ਲਮਕਾ ਕੇ ਇੱਕ ਤਾਂ ਨੁਕਸਾਨ ਕੀਤਾ ਗਿਆ, ਫੰਡਜ਼ ਪਏ ਸਨ, ਪ੍ਰਬੰਧਕ ਲਗਾ ਦਿੱਤੇ ਗਏ, ਨਾ ਪੈਸਾ ਲੱਗਿਆ, ਪਿੰਡਾਂ ਦੀ ਡਿਵੈਲਪਮੈਂਟ ਅੱਜ ਤੱਕ ਉਸੇ ਤਰ੍ਹਾਂ ਰੁਕੀ ਹੋਈ ਹੈ ਅਤੇ ਫਿਰ ਜਦੋਂ ਤੁਸੀਂ ਇਲੈਕਸ਼ਨ ਕਰਵਾਉਣ ਲੱਗੇ ਹੋ ਤਾਂ ਇਹੋ ਜਿਹੇ ਸਮੇਂ ਵਿੱਚ ਕਰਵਾਉਣ ਲੱਗੇ ਹੋ ਤਾਂ ਇਹ ਬਹੁਤ ਵੱਡੀ ਕੁਤਾਹੀ ਹੈ। ਫਿਰ ਕ੍ਰਿਸਮਿਸ ਦਾ ਤਿਉਹਾਰ ਹੈ, ਇਹ ਕ੍ਰਿਸਚੀਅਨ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਵੀ ਜੁੜਿਆ ਹੋਇਆ ਹੈ । ਸੋ, ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਸ ਮੁੱਦੇ ਉਤੇ ਸਰਕਾਰ ਵੱਲੋਂ ਮਾਫੀ ਮੰਗ ਕੇ ਜਿਹੜੀਆਂ ਇਹ ਤਰੀਕਾਂ ਅਨਾਊਂਸ ਕੀਤੀਆਂ ਹਨ, ਇਹ ਗਲਤ ਅਨਾਊਂਸ ਕੀਤੀਆਂ ਹਨ ਅਤੇ ਹੋਰ ਡੇਟਸ ਅਨਾਊਂਸ ਕੀਤੀਆਂ ਜਾਣ। ਜਿਹੜਾ ਪੈਸਾ ਰੁਕਿਆ ਹੈ, ਪਿੰਡ ਦੀ ਡਿਵੈਲਪਮੈਂਟ ਰੁਕੀ ਹੋਈ ਹੈ, ਉਹ ਫੰਡਜ਼ ਲੱਗ ਸਕਣ, ਬਿਨਾਂ ਰਾਜਨੀਤਕ ਪੱਖਪਾਤ ਤੋਂ ਲੱਗ ਸਕਣ, ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਜਿਹੜੇ ਰੋਸਟਰ ਬਣਾਏ ਗਏ ਹਨ ਇਸ ਵਿਚ ਪਾਰਦਰਸ਼ਤਾ ਲਿਆਂਦੀ ਜਾਵੇ। ਮਾਨਯੋਗ ਵਜ਼ੀਰ ਬਾਜਵਾ ਸਾਹਿਬ,

ਅਸੀਂ ਤੁਹਾਡੇ ਕੋਲੋਂ ਇਹ ਉਮੀਦ ਕਰ ਰਹੇ ਹਾਂ। ਹੁਣ ਵੇਖੋ ਰਿਜ਼ਰਵੇਸ਼ਨ ਚਾਰ ਵਾਰੀ ਪਿਛਲੇ ਦੋ ਤਿੰਨ ਦਿਨਾਂ ਵਿੱਚ ਬਦਲੀ ਹੈ, ਅੱਜ ਪਿੰਡ ਐਸ.ਸੀ. ਹੋ ਜਾਂਦਾ ਹੈ, ਕੱਲ੍ਹ ਨੂੰ ਜਨਰਲ ਹੋ ਜਾਂਦਾ ਹੈ। ਮੈਂ ਇਹ ਮੁੱਖ ਮੰਤਰੀ ਸਾਹਿਬ ਦੇ ਜ਼ਿਲ੍ਹੇ ਦੀ ਗੱਲ ਤੁਹਾਨੂੰ ਦੱਸ ਰਿਹਾ ਹਾਂ। ਚਾਰ ਵਾਰੀ ਬਦਲ ਗਏ, ਅੱਜ ਰਾਤ ਨੂੰ ਜਨਰਲ ਹੁੰਦਾ ਹੈ, ਸਵੇਰੇ ਰਿਜ਼ਰਵ ਹੋ ਜਾਂਦਾ ਹੈ। ਸਰ, ਲੋਕ ਕਿਵੇਂ ਆਪਣਾ ਮਨ ਬਣਾਉਣਗੇ? ਕਿਵੇਂ ਲੋਕ ਆਪਣੇ ਮਾਈਂਡ ਬਣਾਉਣਗੇ? ਮੈਂ ਉਮੀਦ ਕਰਦਾ ਹਾਂ ਕਿ ਤੁਹਾਡੇ ਵਰਗਾ ਤਜਰਬੇਕਾਰ ਵਿਅਕਤੀ ਨਿਰਪੱਖ ਹੋ ਕੇ ਅਜਿਹੇ ਇੰਸਟੀਚਿਊਸ਼ਨ ਨੂੰ, ਪੰਚਾਇਤੀ ਰਾਜ ਸਿਸਟਮ ਨੂੰ ਬਚਾਉਣ ਵਿੱਚ ਆਪਣੇ ਫਰਜ਼ ਤੇ ਆਪਣੀ ਭੂਮਿਕਾ ਬਾਖੂਬੀ ਨਿਭਾਏਗਾ। ਧੰਨਵਾਦ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ) :** ਧੰਨਵਾਦ ਡਿਪਟੀ ਸਪੀਕਰ ਸਾਹਿਬ, ਜੋ ਹਰ ਵੇਲੇ ਦਾ ਰੋਣਾ ਹੁੰਦਾ ਹੈ, ਹਰ ਸੈਸ਼ਨ ਦਾ ਹੁੰਦਾ ਹੈ ਇਸ ਵਾਰੀ ਵੀ ਉਹੀ ਹੋਇਆ ਹੈ ਕਿ ਹਰ ਵਾਰ ਇਹ ਆਸ਼ਵਾਸਨ ਦਿੱਤਾ ਜਾਂਦਾ ਹੈ ਕਿ ਜਿਹੜੇ ਬਿਲ ਹਨ ਉਹ 15 ਦਿਨ ਪਹਿਲਾਂ ਦਿੱਤੇ ਜਾਣਗੇ ਤਾਂ ਜੋ ਅਸੀਂ ਉਸ ਦੀ ਤਿਆਰੀ ਕਰਕੇ ਡਿਸਕਸਨ ਵਿਚ ਆਪਣੇ ਵਿਚਾਰ ਦੇ ਸਕੀਏ ਪਰ ਮੰਦਭਾਗੀ ਗੱਲ ਇਹ ਹੈ ਕਿ ਅਜੇ ਵੀ ਬਿਲ ਨਹੀਂ ਪਹੁੰਚਿਆ। ਮੈਂ ਆਲੇ ਦੁਆਲੇ ਪੁੱਛਿਆ ਤਾਂ ਮੈਨੂੰ ਲੱਗਦਾ ਹੈ ਕਿ ਹੋਰ ਜਿਹੜੇ ਕਾਂਗਰਸ ਪਾਰਟੀ ਵਾਲੇ ਵੀਰ ਵੀ ਹਨ ਉਨ੍ਹਾਂ ਨੂੰ ਵੀ ਪਤਾ ਨਹੀਂ ਹੋਵੇਗਾ ਕਿ ਇਹ ਜਿਹੜਾ ਬਿਲ ਹੈ ਇਹ ਕਿਸ ਗੱਲ ਉਤੇ ਬੋਲਿਆ ਜਾ ਰਿਹਾ ਹੈ । ਗੱਲ ਧੱਕੇ ਦੀ ਕੀਤੀ ਗਈ ਹੈ ਕਿ ਸਰਪੰਚ ਜਿਹੜੇ ਹਨ, ਉਹ ਐਸ.ਸੀ. ਦੀ ਜਗ੍ਹਾ ਜਨਰਲ ਜਾਂ ਜਨਰਲ ਦੀ ਜਗ੍ਹਾ ਐਸ.ਸੀ. ਕਰ ਦਿੱਤੇ ਗਏ ਹਨ ਪਰ ਜਿਹੜਾ ਇੱਕ ਹੋਰ ਧੱਕਾ ਪੰਜਾਬ ਦੇ ਲੋਕਾਂ ਨਾਲ ਕੀਤਾ ਜਾਣ ਵਾਲਾ ਹੈ, ਉਸ ਬਾਰੇ ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਪੀਣ ਵਾਲਾ ਪਾਣੀ ਹੈ, ਪਿੰਡਾਂ ਦੇ ਵਿੱਚ ਸਰਕਾਰੀ ਟਿਊਬਵੈੱਲ ਹਨ, ਉਹ ਜਿਹੜੀਆਂ ਸਾਧਨਹੀਣ ਪੰਚਾਇਤਾਂ ਹਨ, ਉਨ੍ਹਾਂ ਨੂੰ ਦਿੱਤੇ ਜਾ ਰਹੇ ਹਨ । ਆਉਣ ਵਾਲੇ ਸਮੇਂ ਵਿੱਚ ਜਿਹੜੇ ਉਨ੍ਹਾਂ ਟਿਊਬਵੈਲਾਂ ਦੇ ਬਿਲ ਹਨ ਉਹ ਪੰਚਾਇਤਾਂ ਦੇਣਗੀਆਂ । ਇਸ ਦੇ ਨਾਲ ਨਾਲ ਜਿਹੜਾ ਟਿਊਬਵੈੱਲ ਖਰਾਬ ਹੋ ਜਾਂਦਾ ਹੈ ਜਾਂ ਬੋਰ ਬੈਠ ਜਾਂਦਾ ਹੈ ਉਹ ਵੀ ਜਿਹੜੇ ਪਿੰਡ ਦੇ ਲੋਕ ਹਨ ਉਹ ਇਕੱਠੇ ਹੋ ਕੇ ਉਸ ਦੀ ਮੁਰੰਮਤ ਕਰਵਾਉਣਗੇ । ਇਹ ਪੰਜਾਬ ਦੇ ਲੋਕਾਂ ਨਾਲ ਬਹੁਤ ਵੱਡਾ ਧੋਖਾ ਹੈ । ਇਹ ਜਿਹੜੀ ਸਰਪੰਚੀ ਵਾਲੇ ਹਨ, ਇਹ ਤਾਂ ਲੋਕ ਥੋੜ੍ਹੀ ਬਹੁਤ ਦੇਰ ਬਾਅਦ ਭੁੱਲ ਜਾਣਗੇ ਲੇਕਿਨ ਜੇ ਇੱਕ ਪੀਣ ਵਾਲਾ ਪਾਣੀ ਵੀ ਸਰਕਾਰ ਨਹੀਂ ਦੇ ਸਕਦੀ ਤਾਂ ਇਹ ਇੱਕ ਬਹੁਤ ਵੱਡੀ ਸ਼ਰਮਨਾਕ ਗੱਲ ਹੈ ਔਰ ਵੀਰ ਜੀ, ਪਾਹੜਾ ਸਾਹਿਬ ਨਾਲ ਮੇਰੀ ਦਿਲ ਤੋਂ ਹਮਦਰਦੀ ਹੈ। ਧੰਨਵਾਦ ।

**ਸ਼੍ਰੀ ਬੁੱਧ ਰਾਮ, ਬੁਢਲਾਡਾ (ਐਸ.ਸੀ.) :** ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਜ਼ਰੀਏ ਮਾਨਯੋਗ ਪੰਚਾਇਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਸਰਪੰਚਾਂ ਦੀ ਰਿਜ਼ਰਵੇਸ਼ਨ ਵਿੱਚ ਬੜੀ ਵੱਡੀ ਪੱਧਰ ਉਤੇ ... (ਵਿਘਨ)

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਡਿਪਟੀ ਸਪੀਕਰ ਸਾਹਿਬ, ਮੈਨੂੰ ਵੀ ਬੋਲਣ ਲਈ ਸਮਾਂ ਦਿੱਤਾ ਜਾਵੇ।

**ਮਾਨਯੋਗ ਡਿਪਟੀ ਸਪੀਕਰ:** ਪਲੀਜ਼, ਤੁਸੀਂ ਬੈਠ ਜਾਉ। ਤੁਹਾਨੂੰ ਇਨ੍ਹਾਂ ਤੋਂ ਬਾਅਦ ਟਾਈਮ ਦੇ ਦਿਆਂਗੇ।ਹਾਂ ਜੀ, ਸ਼੍ਰੀ ਬੁੱਧ ਰਾਮ ਜੀ, ਤੁਸੀਂ ਕਾਂਟੀਨਿਊ ਕਰੋ।

**ਸ਼੍ਰੀ ਬੁੱਧ ਰਾਮ :** ਜਿਥੇ ਸਰਪੰਚਾਂ ਦੀ ਰਿਜ਼ਰਵੇਸ਼ਨ ਵਿਚ ਬੜੀ ਵੱਡੀ ਪੱਧਰ ਉਤੇ ਹੇਰਾਫੇਰੀ ਹੋਈ ਹੈ ਲੇਕਿਨ ਜਿਹੜੀ ਵਾਰਡਾਂ ਦੀ ਰਿਜ਼ਰਵੇਸ਼ਨ ਹੈ ਉਸ ਵਿੱਚ ਵੀ ਉਥੋਂ ਦੇ ਗਰਾਮ ਸੇਵਕਾਂ ਨੇ ਜਾਂ ਉਥੋਂ ਦੇ ਜਿਹੜੇ ਚੌਧਰੀ ਹਨ ਉਨ੍ਹਾਂ ਨੇ ਹੇਰਾਫੇਰੀ ਕਰਵਾਈ ਹੈ। ਇੱਕ ਪਿੰਡ ਦੇ ਵਿੱਚ ਇੱਕ ਗਲੀ ਵਿਚ ਨਾਲ ਲਗਵਾਂ ਘਰ ਹੈ ਉਹ ਪੰਜ ਨੰਬਰ ਵਾਰਡ ਵਿਚ ਹੈ ਔਰ ਉਹ ਦੂਜਾ ਘਰ ਸੱਤ ਨੰਬਰ ਵਾਰਡ ਵਿਚ ਹੈ, ਨਾਲ ਦਾ ਪਰਲੇ ਪਾਸੇ ਦਾ ਘਰ ਇੱਕ ਨੰਬਰ ਵਾਰਡ ਵਿਚ ਹੈ । ਜਿੱਥੇ ਇਕ ਗਲੀ ਵਿੱਚ ਤਿੰਨ ਘਰ ਤਿੰਨ ਵਾਰਡਾਂ ਵਿੱਚ ਵੰਡੇ ਹੋਣ, ਉਥੇ ਫੇਰ ਲਾਜ਼ਮੀ ਬਣਦਾ ਹੈ ਕਿ ਜਿਨ੍ਹਾਂ ਨੇ ਇਹ ਹੇਰਾਫੇਰੀ ਕੀਤੀ ਹੈ, ਉਹ ਜਿਹੜੇ ਬੀ.ਡੀ.ਓ. ਹਨ, ਭਾਵੇਂ ਗ੍ਰਾਮ ਸੇਵਕ ਹਨ ਜਾਂ ਤੁਸੀਂ ਸੈਕਟਰੀ ਲਗਾਇਆ ਹੈ, ਉਸ ਦੀ ਪੁੱਛ ਪੜਤਾਲ ਹੋਣੀ ਬਣਦੀ ਹੈ। ਇਸ ਤੋਂ ਅਗਲੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਣੀਆਂ ਹਨ, ਇਨ੍ਹਾਂ ਇਲੈਕਸ਼ਨਾਂ ਤੋਂ ਪਹਿਲਾਂ ਜਿਹੜੇ ਪਿੰਡ ਦੇ ਚੌਧਰੀ ਹਨ, ਖਾਸ ਕਰਕੇ ਕਾਂਗਰਸੀ, ਉਹ ਇਹ ਗੱਲ ਕਹਿ ਰਹੇ ਹਨ ਕਿ ਕੁਝ ਮਰਜ਼ੀ ਹੋ ਜਾਵੇ ਅਸੀਂ ਤਾਂ ਹਾਰ ਪੁਆ ਕੇ ਆਵਾਂਗੇ। ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ, ਸਰਕਾਰ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਐਸ਼ਿਓਰ ਕਰਨ ਕਿ ਜਿਹੜਾ ਪੰਚਾਇਤੀ ਸਿਸਟਮ ਹੈ, ਇਹ ਬਹੁਤ ਪੁਰਾਤਨ ਸਿਸਟਮ ਹੈ। ਪੰਚਾਇਤ ਦਾ ਕਿਹਾ ਸਿਰ ਮੱਥੇ, ਇਹ ਅਸੀਂ ਬਹੁਤ ਦੇਰ ਤੋਂ ਸੁਣਦੇ ਆਏ ਹਾਂ, ਸਾਡੇ ਬਜ਼ੁਰਗ ਸੁਣਦੇ ਆਏ ਹਨ, ਇਹ ਪੰਚਾਇਤ ਸਿਸਟਮ ਨੂੰ ਬੜੀ ਵੱਡੀ ਮਾਨਤਾ ਹੈ। ਇਸ ਨੂੰ ਐਨਸ਼ਿਓਰ ਕਰੋ ਕਿ ਡੈਮੋਕ੍ਰੇਟਿਵ ਤਰੀਕੇ ਨਾਲ, ਸਹੀ ਸਲਾਮਤ ਪੂਰ ਚੜ੍ਹਨ।

ਅਗਲੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਸਾਡੀਆਂ ਜਿਹੜੀਆਂ ਸ਼ਾਮਲਾਟ ਜ਼ਮੀਨਾਂ ਹਨ, ਉਸ ਦਾ ਤੀਜਾ ਹਿੱਸਾ ਦਲਿਤਾਂ ਨੂੰ ਦਿੱਤਾ ਜਾਂਦਾ ਹੈ ਤਾਂ ਕਿ ਉਹ ਬੋਲੀ ਦੇ ਕੇ ਆਪਣੀ ਮਨਮਰਜ਼ੀ ਨਾਲ ਵਾਹੁਣ। ਕਈ ਅਜਿਹੇ dummy ਲੋਕ ਹਨ ਜਿਹੜੇ ਦਲਿਤਾਂ ਦਾ ਨਾਂ ਲੈ ਕੇ ਪੰਚਾਇਤਾਂ ਦੀ ਜ਼ਮੀਨ ਲੈਂਦੇ ਹਨ, ਉਨ੍ਹਾਂ ਤੇ ਨਿਗਰਾਨੀ ਹੋਣੀ ਚਾਹੀਦੀ ਹੈ। ਜਿਵੇਂ ਬਾਲਦ ਕਲਾਂ ਜਾਂ ਸੰਗਰੂਰ ਜ਼ਿਲ੍ਹੇ ਵਿੱਚ ਵੱਡੀ ਪੱਧਰ ਤੇ ਘੋਲ

[ ਸ਼੍ਰੀ ਬੁੱਧ ਰਾਮ ]

ਚੱਲੇ ਹਨ। ਅਸੀਂ ਆਸ ਕਰਦੇ ਹਾਂ ਕਿ ਅਜਿਹੇ ਘੋਲ ਨਾ ਚੱਲਣ।

ਇਸ ਤੋਂ ਅੱਗੇ ਇਕ ਖਾਸ ਗੱਲ ਮੈਂ ਪੰਚਾਇਤਾਂ ਨਾਲ ਸਬੰਧਿਤ ਹੋਰ ਕਰਨੀ ਚਾਹੁੰਦਾ ਹਾਂ ਕਿ ਪ੍ਰਾਇਮਰੀ ਸਕੂਲਾਂ ਵਿੱਚ ਸਫਾਈ ਸੇਵਕ ਜਾਂ ਚੌਕੀਦਾਰ ਰੱਖਣ ਲਈ ਕੋਈ ਫੰਡ ਨਹੀਂ ਹੁੰਦੇ ਉਥੇ ਸਕੂਲਾਂ ਵਿਚ ਵੱਡੀ ਪੱਧਰ ਤੇ ਚੋਰੀਆਂ ਹੋ ਰਹੀਆਂ ਹਨ। ਪੰਚਾਇਤਾਂ ਦੀ ਜ਼ਿਹੜੀ ਸ਼ਾਮਲਾਟ ਜ਼ਮੀਨ ਹੈ ਉਸ ਦੀ ਆਮਦਨ ਦਾ ਚੌਥਾ ਹਿੱਸਾ ਸਕੂਲਾਂ ਦੇ ਨਾਂ ਸਮਰਪਿਤ ਹੋਣਾ ਚਾਹੀਦਾ ਹੈ ਤਾਂ ਜੋ ਮਿਡਲ ਅਤੇ ਪ੍ਰਾਇਮਰੀ ਸਕੂਲ ਜਿਨ੍ਹਾਂ ਕੋਲ ਫੰਡ ਨਹੀਂ ਹੁੰਦੇ, ਉਸ ਪੈਸੇ ਨਾਲ ਆਪਣੇ ਬਿਲ ਭਰ ਸਕਣ ਜਾਂ ਸਫਾਈ ਸੇਵਕ, ਚੌਂਕੀਦਾਰ ਰੱਖ ਸਕਣ। ਮੰਨ ਲਓ ਅਸੀਂ ਕਿਸੇ ਗਰੀਬ ਨੂੰ 1500 ਰੁਪਏ ਮਹੀਨਾ ਤੇ ਸਫਾਈ ਸੇਵਕ ਰੱਖਦੇ ਹਾਂ ਤਾਂ ਇਕ ਸਾਲ ਦਾ 18,000 ਰੁਪਿਆ ਪੰਚਾਇਤ ਵਾਸਤੇ ਕੋਈ ਵੱਡੀ ਗੱਲ ਨਹੀਂ ਹੈ। ਇਸ ਬਾਰੇ ਪਿਛਲੀ ਅਕਾਲੀ ਦਲ ਦੀ ਸਰਕਾਰ ਵੇਲੇ ਇਕ ਲੈਟਰ ਜਾਰੀ ਹੋਇਆ ਸੀ, ਮੈਂ ਮਾਨਯੋਗ ਸਕੱਤਰ, ਸ਼੍ਰੀ ਕ੍ਰਿਸ਼ਨ ਕੁਮਾਰ ਨੂੰ ਕਿਹਾ ਸੀ ਕਿ ਇਹ ਲੈਟਰ ਜਾਰੀ ਹੋਇਆ ਹੈ, ਤੁਸੀਂ ਸਫਾਈ ਸੇਵਕ ਪੰਚਾਇਤ ਵਿਚੋਂ ਦੇਣ ਲਈ ਐਨਸ਼ਿਓਰ ਕਰੋ। ਜੇਕਰ ਉਹ ਪੱਤਰ ਮਿਲਦਾ ਹੈ ਤਾਂ ਠੀਕ ਹੈ, ਮੰਤਰੀ ਸਾਹਿਬ ਇਹ ਬਹੁਤ ਵੱਡੀ ਗੱਲ ਹੈ। ਸਫਾਈ ਵਾਸਤੇ ਅਸੀਂ 200 ਜਾਂ 400 ਰੁਪਏ ਆਪਣੇ ਪੱਲੇ ਤੋਂ ਦੇਈਏ ਤਾਂ ਉਸ ਗਰੀਬ ਦਾ ਸੋਸ਼ਣ ਹੈ। ਗਰੀਬ ਦੀ ਇੰਨੇ ਕੁ ਰੁਪਏ ਨਾਲ ਬਸਰ ਨਹੀਂ ਹੁੰਦੀ। ਇਸ ਵਾਸਤੇ ਪੰਚਾਇਤਾਂ ਨੂੰ ਅਧਿਕਾਰ ਦਿੱਤਾ ਜਾਵੇ ਤਾਂ ਜੋ ਪੰਚਾਇਤ ਦੀ ਜ਼ਮੀਨ ਦੀ ਆਮਦਨ ਦਾ ਚੌਥਾ ਹਿੱਸਾ ਅਜਿਹੇ ਫੰਡ ਵਾਸਤੇ ਰੱਖਿਆ ਜਾਵੇ ਤਾਂ ਜੋ ਸਫਾਈ ਸੇਵਕ ਜਾਂ ਚੌਕੀਦਾਰ ਆਦਿ ਵਾਸਤੇ ਵਰਤਿਆ ਜਾ ਸਕੇ।

ਅਖੀਰ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਵੇਲੇ ਵੱਡੀ ਪੱਧਰ ਤੇ ਪੰਚਾਇਤ ਫੰਡ ਜਾਰੀ ਹੋਏ ਸਨ, ਉਨ੍ਹਾਂ ਦਾ ਮਿਸਯੂਜ਼ ਹੋਇਆ ਹੈ। ਇਹ ਗੱਲ ਸਾਰੇ ਸਦਨ ਦੇ ਲਈ ਸੁਣਨ ਵਾਲੀ ਹੈ। ਮੈਨੂੰ ਕਈ ਸਰਪੰਚਾਂ ਨੇ ਇਹ ਗੱਲ ਕਹੀ ਕਿ ਜਦੋਂ ਅਸੀਂ ਮੰਤਰੀਆਂ ਕੋਲ ਫੰਡ ਲੈਣ ਜਾਂਦੇ ਸੀ, ਇਥੋਂ ਤੱਕ ਕਿ ਉਨ੍ਹਾਂ ਨੇ ਮੁੱਖ ਮੰਤਰੀ ਦਾ ਨਾਂ ਵੀ ਲਿਆ ਹੈ ਕਿ ਤੁਹਾਨੂੰ ਕਿੰਨਾ ਫੰਡ ਚਾਹੀਦਾ ਹੈ ਤਾਂ ਸਰਪੰਚ ਕਹਿੰਦਾ ਸੀ ਕਿ ਮੈਨੂੰ 10 ਲੱਖ ਰੁਪਿਆ ਚਾਹੀਦਾ ਹੈ। ਉਹ ਅੱਗੋਂ ਕਹਿੰਦੇ ਸੀ ਕਿ 12 ਲੱਖ ਲੈ, ਅੱਧੇ ਕੁ ਲਗਾ ਦੇਵੀਂ। ਜਦੋਂ ਇਕ ਮੁੱਖ ਮੰਤਰੀ ਜਾਂ ਕੋਈ ਮੰਤਰੀ ਇਹ ਕਹਿੰਦਾ ਹੈ ਕਿ ਅੱਧੇ ਕੁ ਲਗਾ ਦੇਵੀਂ ਤਾਂ ਉਥੇ ਕਿਹੋ ਜਿਹਾ ਵਿਕਾਸ ਹੋਵੇਗਾ? ਸੋ, ਇਹ ਗੱਲ ਐਨਸ਼ਿਓਰ ਕਰੋ ਕਿ ਜੇਕਰ ਤੁਸੀਂ ਲੱਖ ਰੁਪਿਆ ਦਿੱਤਾ ਹੈ ਤਾਂ ਘੱਟੋ ਘੱਟ ਉਥੇ ਸਵਾ ਲੱਖ ਲੱਗਣਾ ਚਾਹੀਦਾ ਹੈ। ਇਸ ਗੱਲ ਦੀ ਬਹੁਤ ਚਰਚਾ ਹੈ ਕਿ ਬਠਿੰਡਾ ਕਾਂਸਟੀਚੂਐਂਸੀ ਵਿੱਚ ਕਰੋੜਾਂ ਰੁਪਏ ਦੇ ਫੰਡ ਆਏ ਪਰੰਤੂ ਪਿੰਡ ਨਰਕ ਬਣੇ ਹੋਏ ਹਨ। ਇਹ ਗੱਲ ਸਾਡੀ ਇਸ ਸਰਕਾਰ ਨੂੰ ਐਨਸ਼ਿਓਰ ਕਰਨੀ ਬਣਦੀ ਹੈ। ਇੰਨਾ ਕਹਿੰਦਾ ਹੋਇਆ ਮੈਂ ਤੁਹਾਡੇ

ਜ਼ਰੀਏ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਧਿਆਨ ਦਿੱਤਾ ਜਾਵੇ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਸਦਨ ਵਿੱਚ ਬੇਨਤੀ ਕੀਤੀ ਹੈ। ਸਦਨ ਉਹ ਪਵਿੱਤਰ ਸਦਨ ਹੈ, ਜਿੱਥੇ ਕਿਸੇ ਨੂੰ ਪ੍ਰਾਬਲਮ ਹੋਵੇ ਤਾਂ ਆ ਕੇ ਦੱਸਦਾ ਹੈ ਪਰ ਮੈਂ ਕਿੰਨੀ ਦੇਰ ਤੋਂ ਖੜ੍ਹਾ ਹਾਂ ਪਰ ਮੰਤਰੀ ਜੀ ਇੱਕ ਵਾਰ ਵੀ ਉੱਠ ਕੇ ਇਹ ਨਹੀਂ ਕਹਿ ਰਹੇ ਕਿ ਮੈਂ ਕਰਵਾਇਆ ਹੈ ਜਾਂ ਡਾਇਰੈਕਟਰ ਸਾਹਿਬ ਨੇ ਕਰਵਾਇਆ ਹੈ ਤਾਂ ਜੋ ਜਿਸ ਬੰਦੇ ਨੇ ਵੀ ਕਰਵਾਇਆ ਹੈ, ਮੈਂ ਉਸ ਬੰਦੇ ਦੇ ਘਰ ਅੱਗੇ ਜਾ ਕੇ ਧਰਨਾ ਦੇਵਾਂ। ਮੈਨੂੰ ਮਾਨਯੋਗ ਮੰਤਰੀ ਸਾਹਿਬ ਇਹ ਦੱਸ ਦੇਣ ਕਿ ਮੈਂ ਕਰਵਾਇਆ ਹੈ ਜਾਂ ਮੇਰੇ ਤੋਂ ਬਾਹਰ ਹੋ ਕੇ ਡਾਇਰੈਕਟਰ ਸਾਹਿਬ ਨੇ ਕਰਵਾਇਆ ਹੈ । ਜੇਕਰ ਡਾਇਰੈਕਟਰ ਸਾਹਿਬ ਨੇ ਕਰਵਾਇਆ ਹੈ ਤਾਂ ਮੈਂ ਉਸ ਦੇ ਆਫਿਸ ਅੱਗੇ ਧਰਨਾ ਦੇਵਾਂ ਅਤੇ ਜੇਕਰ ਮੰਤਰੀ ਸਾਹਿਬ ਨੇ ਕਰਵਾਇਆ ਹੈ ਤਾਂ ਮੈਂ ਇਨ੍ਹਾਂ ਦੇ ਘਰ ਅੱਗੇ ਧਰਨਾ ਦੇਵਾਂ। ਮੰਤਰੀ ਸਾਹਿਬ, ਇੰਨੀ ਕੁ ਕਿਰਪਾ ਕਰ ਦਿਓ। ਮੈਂ ਤੁਹਾਡੇ ਨਾਲ ਗੱਲ ਕਰ ਰਿਹਾ ਹਾਂ। ਤੁਸੀਂ ਬੂਟਾ ਲਾਇਆ ਹੈ ਅਤੇ ਜੇਕਰ ਤੁਸੀਂ ਵੱਢਣਾ ਚਾਹੁੰਦੇ ਹੋ ਤਾਂ ਕੋਈ ਗੱਲ ਨਹੀਂ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ :** ਡਿਪਟੀ ਸਪੀਕਰ ਸਾਹਿਬ, ਜਦੋਂ ਮੈਂ ਸਾਰੀ ਡਿਸਕਸ਼ਨ ਦਾ ਜਵਾਬ ਦੇਵਾਂਗਾ, ਉਸ ਵੇਲੇ ਇਸ ਦਾ ਜਵਾਬ ਵੀ ਦੇਵਾਂਗਾ।

**ਸਰਦਾਰ ਜਗਦੇਵ ਸਿੰਘ (ਮੌੜ) :** ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਪੰਚਾਇਤ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਾਰੇ ਕਹਿੰਦੇ ਹਨ ਕਿ ਇਹ 100% ਗਲਤ ਹੋਇਆ ਹੈ। ਚਲੋ ਰਿਜ਼ਰਵੇਸ਼ਨ ਵਿੱਚ 100% ਗਲਤ ਹੋ ਗਿਆ ਪਰ ਹੁਣ 1000% ਗਲਤ ਨਾ ਕਰੋ। ਇਹ ਨਾ ਕਰੋ ਕਿ ਹੁਣ ਹੋਰ ਬਦਲਣੀ ਸ਼ੁਰੂ ਕਰ ਦਿਓ। ਇੱਥੇ ਤੁਹਾਡੇ ਕੋਲ ਆ ਕੇ ਠੀਕ ਕਰਵਾਈ ਜਾਣ ਕਿ ਮੈਨੂੰ ਰਿਜ਼ਰਵ ਕਰੋ, ਇਸ ਨੂੰ ਜਨਰਲ ਕਰੋ। ਮੈਂ ਡੀ.ਸੀ. ਸਾਹਿਬ ਨੂੰ ਕਿਹਾ ਸੀ, ਮੇਰਾ ਇੱਕ ਪਿੰਡ ਹੈ, ਪਿੱਥੋ ਹੈ, ਪਿੱਥੋ ਪਿੰਡ ਦੀ 36-37% ਵਸੋਂ ਰਿਜ਼ਰਵੇਸ਼ਨ ਵਾਲੀ ਹੈ। 1947 ਤੋਂ ਲੈ ਕੇ ਅੱਜ ਤੱਕ ਕਦੇ ਵੀ ਉਥੇ ਰਿਜ਼ਰਵੇਸ਼ਨ ਲਾਗੂ ਨਹੀਂ ਹੋਈ, ਸਰਪੰਚ ਰਿਜ਼ਰਵ ਵਾਲੇ ਨਹੀਂ ਬਣੇ। ਮੈਂ ਡੀ.ਸੀ. ਸਾਹਿਬ ਨੂੰ ਕਿਹਾ ਤਾਂ ਉਨ੍ਹਾਂ ਨੇ ਕਿਹਾ ਕਿ ਨੋਟੀਫਿਕੇਸ਼ਨ ਹੋ ਗਿਆ ਹੈ, ਹੁਣ ਬਦਲਿਆ ਨਹੀਂ ਜਾ ਸਕਦਾ। ਕੱਲ੍ਹ ਮੈਂ ਸੁਣਿਆ ਕਿ ਦੁਬਾਰਾ ਫਿਰ ਹੋਰ ਬਦਲੀ ਜਾਂਦੇ ਹਨ, ਜਿਹੜੇ ਸਾਡੇ ਜਨਰਲ ਹੋਏ ਹਨ, ਉਨ੍ਹਾਂ ਨੂੰ ਵੀ ਬਦਲਿਆ ਜਾ ਸਕਦਾ ਹੈ, ਜਿਹੜੇ ਰਿਜ਼ਰਵ ਹੋਏ ਹਨ, ਉਨ੍ਹਾਂ ਨੂੰ ਵੀ ਬਦਲਿਆ ਜਾ ਸਕਦਾ ਹੈ। ਕਿਰਪਾ ਕਰਕੇ ਪਿੱਥੋ ਪਿੰਡ ਵੀ ਜਨਰਲ ਕਰੋ ਜਾਂ ਕੋਈ ਵੀ ਨਾ ਬਦਲੋ।ਅੱਜ ਅਸੀਂ ਸਾਰੇ ਹੀ ਚਾਹੁੰਦੇ ਹਾਂ ਕਿ ਜਿਹੜੀਆਂ ਪੰਚਾਇਤਾਂ ਹਨ, ਉਹ ਜ਼ਿਆਦਾਤਰ ਸਰਬਸੰਮਤੀ ਨਾਲ ਬਣਨ। ਜਿਹੜੇ ਸਰਬਸੰਮਤੀ ਨਾਲ ਸਰਪੰਚ ਚੁਣੇ ਜਾਂਦੇ ਹਨ, ਉਹ ਦੂਜਿਆਂ ਦੇ ਮੁਕਾਬਲੇ ਬਹੁਤ ਚੰਗੇ

[ ਸਰਦਾਰ ਜਗਦੇਵ ਸਿੰਘ ]

ਹੁੰਦੇ ਹਨ ਕਿਉਂਕਿ ਉਨ੍ਹਾਂ ਦਾ ਚੋਣ ਲਈ ਕੋਈ ਪੈਸਾ ਨਹੀਂ ਲਗਦਾ। ਜਿਹੜੇ 10-10 ਜਾਂ 20-20 ਲੱਖ ਰੁਪਿਆ ਲਗਾ ਕੇ ਸਰਪੰਚ ਬਣਦੇ ਹਨ, ਫਿਰ ਉਹ ਕਿਸੇ ਨਾ ਕਿਸੇ ਤਰ੍ਹਾਂ 20 ਲੱਖ ਰੁਪਿਆ ਇਕੱਠਾ ਕਰਨਾ ਚਾਹੁੰਦੇ ਹਨ। ਮੇਰੀ ਬੇਨਤੀ ਹੈ ਕਿ ਜਿਹੜੀਆਂ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਘੱਟੋ ਘੱਟ 10 ਲੱਖ ਰੁਪਏ ਦੀ ਗ੍ਰਾਂਟ ਸਰਕਾਰ ਵਿਸ਼ੇਸ਼ ਤੌਰ ਤੇ ਦੇਵੇ ਤਾਂ ਕਿ ਵਧੀਆ ਇਮਾਨਦਾਰ ਪੰਚਾਇਤਾਂ ਬਣਨ। ਇਹ ਇਮਾਨਦਾਰੀ ਹੀ ਹੈ ਜਿਹੜਾ ਕਿਸੇ ਇੱਕ ਇਮਾਨਦਾਰ ਬੰਦੇ ਨੂੰ ਸਰਪੰਚ ਵਜੋਂ ਚੁਣ ਲੈਂਦੇ ਹਨ। ਉਸ ਵਿਅਕਤੀ ਨੂੰ ਹੀ ਸਰਬਸੰਮਤੀ ਨਾਲ ਚੁਣਿਆ ਜਾਂਦਾ ਹੈ ਜਿਹੜਾ ਖੁਦ ਇਮਾਨਦਾਰ ਹੁੰਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜਿਹੜੀਆਂ ਪੰਚਾਇਤਾਂ ਸਰਬਸੰਮਤੀ ਨਾਲ ਬਣਦੀਆਂ ਹਨ, ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ 10 ਲੱਖ ਰੁਪਏ ਦੀ ਗ੍ਰਾਂਟ ਜ਼ਰੂਰ ਦਿੱਤੀ ਜਾਵੇ। ਧੰਨਵਾਦ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ):** ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਸਾਰੇ ਹੀ ਸਤਿਕਾਰਯੋਗ ਮੈਂਬਰ ਸਾਹਿਬਾਨ ਨੇ ਆਪਣੇ ਵਿਚਾਰ ਬੜੇ ਖੁੱਲ੍ਹ ਕੇ ਰੱਖੇ ਹਨ ਅਤੇ ਤੁਸੀਂ ਵੀ ਮਹਿਸੂਸ ਕੀਤਾ ਹੋਣਾ ਹੈ ਕਿ ਜਿੰਨਿਆਂ ਦੇ ਵੀ ਸੁਝਾਅ ਆ ਰਹੇ ਹਨ, ਉਹ ਇਸ ਪਾਸਿਉਂ (ਆਪੋਜ਼ੀਸ਼ਨ ਬੈਂਚਿਜ ਵੱਲ ਇਸ਼ਾਰਾ) ਹੀ ਆ ਰਹੇ ਹਨ। ਇਧਰਲੇ ਤਾਂ ਬਹੁਤ ਰਾਜ਼ੀ ਲਗਦੇ ਹਨ। ਵਜ਼ੀਰ ਸਾਹਿਬ ਤਾਂ ਬਹੁਤ ਮਿਲਵਰਤਨ ਵਾਲੇ ਵਜ਼ੀਰ ਹਨ। ਇਹ ਹਰੇਕ ਨੂੰ ਜਾ ਕੇ ਮਿਲ ਆਉਂਦੇ ਹਨ। ਉਧਰ ਬਾਬਿਆਂ ਨੂੰ ਵੀ ਮਿਲ ਆਉਂਦੇ ਹਨ। ਵਜ਼ੀਰ ਸਾਹਿਬ, ਅਸੀਂ ਵੀ ਤੁਹਾਡੇ ਆਪਣੇ ਗੁਆਂਢੀ ਹਾਂ। ਮੇਰੀ ਤਾਂ ਤੁਹਾਨੂੰ ਬੇਨਤੀ ਹੈ ਕਿ ਗੁਆਂਢੀਆਂ ਤੱਕ ਤਾਂ ਪੁੱਛ ਲਿਆ ਕਰੋ। ਚਲੋ, ਤੁਸੀਂ ਸਾਰਿਆਂ ਨੂੰ ਨਹੀਂ ਪੁੱਛਣਾ। ਸਾਡੇ ਵੀਰਾਂ ਨੂੰ ਤਾਂ ਪੁੱਛ ਲਿਆ ਕਰੋ। ਮਾਝੇ ਵਾਲਿਆਂ ਲਈ ਕੋਈ ਖਾਤਾ ਰੱਖ ਲਵੋ। ਕਿਸੇ ਨੂੰ ਤਾਂ ਰਾਜ਼ੀ ਰੱਖ ਲਵੋ। ਉਹ ਵਿਚਾਰਾ ਸਾਡਾ ਪਾਹੜਾ ਸਾਹਿਬ, ਤੁਸੀਂ ਉਸ ਦੀ ਵੀ ਨਹੀਂ ਸੁਣਦੇ। ਮੈਂ ਸੋਚਿਆ ਕਿ ਮੈਂ ਤਾਂ ਆਪਣੀ ਗੱਲ ਕਰਨੀ ਛੱਡ ਹੀ ਦੇਵਾਂ ਕਿਉਂਕਿ ਜੇ ਉਨ੍ਹਾਂ ਦੀ ਨਹੀਂ ਸੁਣੀ ਜਾ ਰਹੀ ਫਿਰ ਸਾਡੀ ਤਾਂ ਕਿੱਥੇ ਸੁਣੀ ਜਾਣੀ ਹੈ। ਤੁਸੀਂ ਹੱਸ ਕੇ ਗੱਲ ਟਰਕਾ ਦਿੰਦੇ ਹੋ ਪ੍ਰੰਤੂ ਪਰਨਾਲਾ ਉਥੇ ਦਾ ਉਥੇ ਹੀ ਰਹਿੰਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਜਿਹੜੀ ਗੱਲ ਕਰਨ ਲੱਗਿਆ ਹਾਂ (ਸਰਦਾਰ ਕੁਲਜੀਤ ਸਿੰਘ ਨਾਗਰਾ ਵੱਲ ਇਸ਼ਾਰਾ) ਤੁਹਾਨੂੰ ਕਰੈਡਿਟ ਨਹੀਂ ਮਿਲਣ ਲੱਗਿਆ। ਦੇਖੋ, ਜਿਹੜੀ ਤੁਹਾਡੀ ਪੜ੍ਹਾਈ ਲਿਖਾਈ ਹੈ, ਉਸ ਨੂੰ ਤਾਂ ਇਹ ਗਿਣਦੇ ਨਹੀਂ। ਡਿਪਟੀ ਸਪੀਕਰ ਸਾਹਿਬ, ਮੈਂ ਉਸੇ ਗੱਲ ਤੇ ਆ ਰਿਹਾ ਹਾਂ। ਇਨ੍ਹਾਂ ਦੀ ਜਦੋਂ ਸਰਕਾਰ ਰਹੀ ਹੈ, ਇਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਸਾਹਿਬ ਬੜੇ ਸਤਿਕਾਰਯੋਗ ਹਨ, ਉਨ੍ਹਾਂ ਨੇ ਪੰਚਾਇਤੀ ਰਾਜ ਇੰਸਟੀਚਿਉਸ਼ਨ ਤੇ ਬਹੁਤ ਜ਼ੋਰ ਦਿੱਤਾ ਕਿ ਇਸ ਨੂੰ ਸਟਰੈਂਥਨ ਕੀਤਾ ਜਾਵੇ, ਇਸ ਨੂੰ ਤਾਕਤ ਮਿਲੇ। ਇਸ ਨੂੰ ਤਾਕਤ

ਮਿਲਣੀ ਵੀ ਚਾਹੀਦੀ ਹੈ, I am repeating the Bhawna (Sentiment) of your President, ਕਿਉਂਕਿ ਤੁਹਾਡੇ ਪ੍ਰਧਾਨ ਸਾਹਿਬ ਨੇ ਹਮੇਸ਼ਾ ਹੀ, ਜਿਹੜਾ ਥੱਲੇ ਤੋਂ ਗਰਾਊਂਡ ਲੈਵਲ ਕਹਿ ਲਵੋ ਜਾਂ ਫਰੰਟ ਲਾਈਨ ਕਹਿ ਲਵੋ, ਉਸ ਦੀ ਮਜ਼ਬੂਤੀ ਦੀ ਗੱਲ ਕੀਤੀ ਹੈ। ਦੇਖੋ, ਮੁੱਖ ਮੰਤਰੀ ਜੀ ਦਾ ਫੈਸਲਾ ਵੀ ਹੋ ਗਿਆ, ਉਹ ਵੀ ਰੌਲ਼ਾ ਇਹੀ ਪੈ ਗਿਆ ਸੀ ਕਿ ਮੈਂ ਗਰਾਊਂਡ ਲੈਵਲ ਤੇ ਗੱਲ ਕਰ ਰਿਹਾ ਹਾਂ। ਇਸ ਲਈ ਵਜ਼ੀਰ ਸਾਹਿਬ, ਗਰਾਊਂਡ ਲੈਵਲ ਦੀ ਗੱਲ ਹੈ, ਜਿੱਥੇ ਗਰਾਊਂਡ ਲੈਵਲ ਦੀ ਗੱਲ ਹੋਵੇ, ਤੁਸੀਂ ਹੈਰਾਨ ਹੋਵੋਗੇ, ਇੱਥੇ ਜ਼ਿਕਰ ਕੀਤਾ ਗਿਆ ਹੈ ਕਿ ਇੱਕ ਘਰ ਵਿੱਚ ਜੇਕਰ ਦਸ ਜੀਅ ਹਨ ਤਾਂ ਉਨ੍ਹਾਂ ਦੀਆਂ ਵੋਟਾਂ ਪੰਜ ਵਾਰਡਾਂ ਵਿੱਚ ਵੰਡ ਦਿੱਤੀਆਂ ਹਨ। ਹੁਣ ਪਿਉ ਨੇ ਕਿਤੇ ਹੋਰ ਵੋਟ ਪਾਉਣ ਜਾਣੀ ਹੈ ਅਤੇ ਉਸ ਦੇ ਲੜਕੇ ਨੇ ਕਿਤੇ ਹੋਰ ਵੋਟ ਪਾਉਣ ਜਾਣੀ ਹੈ, ਜੇਕਰ ਘਰ ਵਿੱਚ 18 ਸਾਲ ਦੀ ਕੋਈ ਧੀ-ਭੈਣ ਹੈ, ਉਸ ਨੇ ਤਾਂ ਫਿਰ ਵੋਟ ਪਾਉਣ ਹੀ ਨਹੀਂ ਜਾਣਾ ਕਿਉਂਕਿ ਜਿਹੜੀ ਬੇਟੀ ਜਾਂ ਭੈਣ ਪਹਿਲੀ ਵਾਰੀ ਵੋਟ ਪਾਉਣ ਜਾਂਦੀ ਹੈ, ਉਸ ਨੇ ਆਪਣੇ ਮਾਪਿਆਂ ਜਾਂ ਭਰਾ ਨਾਲ ਹੀ ਵੋਟ ਪਾਉਣ ਜਾਣਾ ਹੁੰਦਾ ਹੈ। ਇਨ੍ਹਾਂ ਹਾਲਾਤਾਂ ਵਿੱਚ, are you strengthening the Panchayati Raj ? ਜੋ ਤੁਹਾਡੇ ਪ੍ਰਧਾਨ ਸਾਹਿਬ ਦੀ ਸੋਚ ਹੈ, ਤੁਸੀਂ ਉਨ੍ਹਾਂ ਦੀ ਸੋਚ ਦੀ ਹੀ ਬਰਖਿਲਾਫੀ ਸ਼ੁਰੂ ਕਰ ਦਿੱਤੀ ਹੈ? ਡਿਪਟੀ ਸਪੀਕਰ ਸਾਹਿਬ, ਮੈਂ ਹੈਰਾਨ ਹੋ ਗਿਆ ਕਿ ਜਿਹੜੀ ਰਿਜ਼ਰਵੇਸ਼ਨ ਦੀ ਗੱਲ ਹੋਈ ਹੈ, ਆਪਣੇ ਵਿਧਾਨ ਸਭਾ ਹਲਕੇ ਵੀ ਉਸੇ ਤਰ੍ਹਾਂ ਰਿਜ਼ਰਵ ਹਨ, ਇਹ ਤਾਂ ਪਤਾ ਸੀ ਕਿ ਜਿਥੇ ਸ਼ਡਿਊਲਡ ਕਾਸਟ ਅਬਾਦੀ ਵੱਧ ਹੈ, ਉਹ ਹਲਕੇ ਰਿਜ਼ਰਵ ਹਨ, ਦੂਜੇ ਨਹੀਂ ਹਨ। ਜੇਕਰ ਆਪਾਂ ਸਾਰੇ ਪੰਜਾਬ ਦੇ ਵਿੱਚ ਹੀ ਦੇਖੀਏ ਤਾਂ ਤੁਹਾਡੀ ਪਾਰਟੀ ਦੇ ਪ੍ਰਧਾਨ ਸਾਹਿਬ ਤਾਂ ground reality ਨੂੰ strengthen ਦੀ ਹੀ ਗੱਲ ਕਰਦੇ ਹਨ । ਤੁਸੀਂ ਨਵਾਂ ਹੀ ਯੱਬ੍ਹ ਸ਼ੁਰੂ ਕਰ ਦਿੱਤਾ ਹੈ। ਤੁਸੀਂ ਜਿਸ ਨੂੰ ਪ੍ਰਧਾਨ ਮੰਨਦੇ ਹੋ, ਉਨ੍ਹਾਂ ਦੀ ਭਾਵਨਾ ਤੁਹਾਨੂੰ ਸਮਝ ਨਹੀਂ ਆਉਂਦੀ। (ਸਰਦਾਰ ਕੁਲਜੀਤ ਸਿੰਘ ਨਾਗਰਾ ਵੱਲੋਂ ਵਿਘਨ) ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੇਰੇ ਮਗਰਲੇ ਵੀਰ ਨੂੰ ਛੇਤੀ ਵਜ਼ੀਰ ਬਣਾ ਦਿਉ, ਨਹੀਂ ਤਾਂ ਉਸ ਨੂੰ ਕੁਝ ਨਾ ਕੁਝ ਹੋ ਜਾਣਾ ਹੈ। ਮੈਂ ਵਜ਼ੀਰ ਸਾਹਿਬ ਨਾਲ ਗੱਲ ਕਰ ਰਿਹਾ ਹਾਂ ਪਰ ਇਹ ਮਗਰੋਂ ਰਨਿੰਗ ਕੁਮੈਂਟਰੀ ਕਰੀ ਜਾ ਰਹੇ ਹਨ। ਫਿਰ ਮੈਂ ਕਿਸ ਦੇ ਨਾਲ ਗੱਲ ਕਰਾਂ। (ਵਿਘਨ)(ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਮੈਂ ਕਦੋਂ ਕਿਹਾ ਕਿ ਮੈਨੂੰ ਵਜ਼ੀਰ ਬਣਾ ਦਿਉ? (ਵਿਘਨ)(ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਬੈਠੋ ਜੀ, ਨਾਗਰਾ ਜੀ, ਪਲੀਜ਼ ਬੈਠੋ। (ਵਿਘਨ...ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਮੈਂ ਕਿਹੜਾ ਕਿਸੇ ਦਾ ਸਾਲਾ ਹਾਂ, ਜੋ ਮੈਨੂੰ ਕੋਈ ਵਜ਼ੀਰ ਬਣਾਏ। (ਵਿਘਨ...ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਤੁਹਾਨੂੰ ਬਣਾਵੇਗਾ ਵੀ ਕੌਣ?

**ਮਾਨਯੋਗ ਡਿਪਟੀ ਸਪੀਕਰ :** ਬੈਠੋ ਜੀ, ਨਾਗਰਾ ਜੀ, ਪਲੀਜ਼ ਬੈਠੋ। (ਵਿਘਨ)(ਸ਼ੋਰ) ਨਾਗਰਾ ਜੀ, ਤੁਹਾਨੂੰ ਬੋਲਣ ਦਾ ਟਾਈਮ ਦੇ ਦਿਆਂਗੇ ਪਰ ਹੁਣ ਬੈਠੋ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਜੇਕਰ ਮੈਂ ਕਿਸੇ ਦਾ ਸਾਲਾ ਹੁੰਦਾ ਤਾਂ ਮੈਨੂੰ ਪਹਿਲੀ ਵਾਰ ਵਜ਼ੀਰ ਬਣਾ ਦਿੰਦੇ, ਦੂਜੀ ਵਾਰ ਵੀ ਬਣਾ ਦਿੰਦੇ। ਜੇ ਮੇਰਾ ਕੋਈ ਜੀਜਾ ਹੁੰਦਾ ਤਾਂ ਮੈਂ ਵਜ਼ੀਰ ਬਣਦਾ, ਨਾ ਮੇਰਾ ਕੋਈ ਮਾਸੜ ਹੈ, ਨਾ ਕੋਈ ਜੀਜਾ ਹੈ। (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਬੈਠੋ ਜੀ, ਨਾਗਰਾ ਜੀ, ਪਲੀਜ਼ ਬੈਠੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸ਼ੁਕਰ ਕਰ ਕਿ ਤੁਹਾਡੇ ਮਾਸੜ ਤੇ ਜੀਜੇ ਨੇ ਤੁਹਾਨੂੰ ਵਜ਼ੀਰ ਬਣਾ ਦਿੱਤਾ, ਨਹੀਂ ਤਾਂ ਤੁਸੀਂ ਚਪੜਾਸੀ ਵੀ ਨਹੀਂ ਲੱਗ ਸਕਦੇ ਸੀ। (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਬੈਠੋ ਜੀ, ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਜਿਹੜੇ ਤਿੱਤਰ ਵਿਖਾਉਂਦੇ ਫਿਰਦੇ ਹਨ, ਉਨ੍ਹਾਂ ਨੇ ਇਨ੍ਹਾਂ ਦੋ-ਤਿੰਨ ਮੈਂਬਰਾਂ ਦਾ ਹੱਕ ਮਾਰਿਆ ਹੈ। ਮੇਰੀ ਦੋਵੇਂ ਵੀਰਾਂ ਨਾਲ ਹਮਦਰਦੀ ਹੈ।ਇਨ੍ਹਾਂ ਦਾ ਪ੍ਰਧਾਨ ਇਨ੍ਹਾਂ ਨੂੰ ਵਜ਼ੀਰ ਬਣਾ ਕੇ ਰਾਜ਼ੀ ਸੀ ਪਰ ਹਾਲਾਤ ਇਹੋ ਜਿਹੇ ਬਣ ਗਏ। ਓ ਭਰਾ ਮੈਂ ਤਾਂ ਤੇਰੇ ਹੱਕ ਦੀ ਗੱਲ ਕਰਦਾ ਹਾਂ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਤੁਸੀਂ ਇਹ ਕਲੀਅਰ ਕਰੋ ਕਿ ਤੁਹਾਨੂੰ ਕਿਸ ਨੇ ਵਜ਼ੀਰ ਬਣਾਇਆ ਸੀ?

**ਮਾਨਯੋਗ ਡਿਪਟੀ ਸਪੀਕਰ :** ਪਲੀਜ਼ ਬੈਠੋ, ਪਲੀਜ਼ ਬੈਠੋ। (ਵਿਘਨ...ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਤੁਹਾਡੇ ਨਾਲ ਗੱਲ ਕਰ ਰਿਹਾ ਹਾਂ। (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਨਾਗਰਾ ਜੀ, ਪਲੀਜ਼ ਬੈਠੋ, ਪਲੀਜ਼ ਬੈਠੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਤੁਸੀਂ ਇਹ ਦੱਸੋ ਕਿ ਜਦੋਂ ਪਹਿਲੀ ਵਾਰ ਮੰਤਰੀ ਬਣਿਆ ਸੀ ਤਾਂ ਤੁਸੀਂ ਕਿਸ ਦਾ ਹੱਕ ਮਾਰਿਆ ਸੀ? ਹੁਣ ਦੱਸੋ। (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਪਲੀਜ਼ ਬੈਠੋ, ਪਲੀਜ਼ ਬੈਠੋ। ਤੁਸੀਂ ਬਿਲ ਤੇ ਗੱਲ ਕਰੋ, ਜੇ ਕਰਨੀ ਹੈ। ਤੁਸੀਂ ਇਹ ਕਿਹੜੀਆਂ ਗੱਲਾਂ ਵਿਚ ਪੈ ਗਏ ਹੋ। (ਵਿਘਨ) (ਸ਼ੋਰ) ਮਜੀਠੀਆ ਜੀ, ਤੁਸੀਂ ਬਿਲ ਤੇ ਗੱਲ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ

ਨੂੰ ਬਿਠਾਓ ਜੀ। ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਡਿਪਟੀ ਸਪੀਕਰ ਸਾਹਿਬ, ਮੈਨੂੰ ਬੋਲਣ ਦਿਓ। (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਨਾਗਰਾ ਜੀ, ਇੰਜ ਨਾ ਕਰੋ। ਤੁਸੀਂ ਬੋਲਣ ਵਾਸਤੇ ਟਾਈਮ ਲੈ ਲੈਣਾ, ਪਰ ਹੁਣ ਬੈਠੋ। ਮਜੀਠੀਆ ਜੀ ਤੋਂ ਬਾਅਦ ਤੁਸੀਂ ਬੋਲ ਲੈਣਾ। (ਵਿਘਨ) (ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਡਿਪਟੀ ਸਪੀਕਰ ਸਾਹਿਬ, ਮੈਨੂੰ ਜਵਾਬ ਤਾਂ ਦੇ ਦੇਣ ਦਿਓ।

**ਮਾਨਯੋਗ ਡਿਪਟੀ ਸਪੀਕਰ :** ਨਹੀਂ ਜੀ, ਪਲੀਜ਼ ਬੈਠੋ। ਇਸ ਤਰ੍ਹਾਂ ਚੰਗਾ ਨਹੀਂ ਲਗਦਾ, ਪਲੀਜ਼, ਤੁਸੀਂ ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਪਹਿਲਾਂ ਤੁਸੀਂ ਮੇਰੀ ਬੇਨਤੀ ਸੁਣੋ। ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ... (ਵਿਘਨ...ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰੀ ਗੱਲ ਸੁਣੋ।

**ਮਾਨਯੋਗ ਡਿਪਟੀ ਸਪੀਕਰ:** ਚਲੋ ਦੱਸੋ ਜੀ, ਮਜੀਠੀਆ ਜੀ, ਇਕ ਮਿੰਟ ਜੀ, ਨਾਗਰਾ ਜੀ ਦੀ ਗੱਲ ਸੁਣ ਲਓ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਧੰਨਵਾਦ, ਡਿਪਟੀ ਸਪੀਕਰ ਸਾਹਿਬ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਇਹ ਮੇਰਾ ਬੋਲਣ ਦਾ ਟਾਈਮ ਹੈ ।

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ ਦਾ ਪੁਆਇੰਟ ਆਫ ਆਰਡਰ ਹੈ and, therefore, this is my duty to give him a Point of order. (ਵਿਘਨ...ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ **

**ਮਾਨਯੋਗ ਡਿਪਟੀ ਸਪੀਕਰ:** ਨਹੀਂ ਜੀ ਨਹੀਂ, ਸਦਨ ਨੂੰ ਅਖਾੜਾ ਨਾ ਬਣਾਓ। ਤੁਸੀਂ ਆਪਣੀ ਗੱਲ ਕਹਿ ਲਈ ਹੈ। ਨਾਗਰਾ ਜੀ, ਪਲੀਜ਼ ਬੈਠੋ।ਨਾਗਰਾ ਜੀ, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਦੇਖੋ ਚੰਗਾ ਨਹੀਂ ਲਗਦਾ, ਤੁਸੀਂ ਸੀਨੀਅਰ ਮੈਂਬਰ ਹੋ।ਇਹ ਚੰਗਾ ਨਹੀਂ ਲਗਦਾ। Please address the Chair. (ਵਿਘਨ...ਸ਼ੋਰ)

---

** Expunged as ordered by the Chair.

**ਸਰਦਾਰ ਕੁਲਜੀਤ ਸਿੰਘ ਨਾਗਰਾ:** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਨੇ ਕਿਸ ਦਾ ਹੱਕ ਮਾਰਿਆ ਹੈ?

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ, ਆਪਾਂ ਗਲਤ ਪਿਰਤ ਪਾ ਰਹੇ ਹਾਂ। ਤੁਸੀਂ ਆਪਣੀ ਗੱਲ ਕਹਿ ਲਈ ਹੈ, ਇਸ ਕਰਕੇ ਤੁਸੀਂ ਬੈਠੋ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹੀ ਬੇਨਤੀ ਕਰ ਰਿਹਾ ਹਾਂ...

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਭੈਣ ਜੀ ਨੇ ਕਿਸ ਦਾ ਹੱਕ ਮਾਰਿਆ ਹੈ?

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, how can I speak ? (ਵਿਘਨ)(ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਨਾਗਰਾ ਜੀ, ਪਲੀਜ਼ ਬੈਠੋ। ਮਜੀਠੀਆ ਜੀ, ਪਲੀਜ਼ ਕਨਕਲੂਡ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਮੈਂ ਉਸੇ ਤੇ ਆ ਰਿਹਾ ਹਾਂ। ਇਨ੍ਹਾਂ ਦੇ ਮਨ ਦੇ ਵਲਵਲੇ ਬਹੁਤ ਹਨ, ਇਨ੍ਹਾਂ ਨੂੰ ਬੋਲ ਲੈਣ ਦਿਓ। ਦਰਦ ਬਹੁਤ ਹੁੰਦਾ ਹੈ ਜੇਕਰ ਕੋਈ ਵਜ਼ੀਰ ਨਾ ਬਣਿਆ ਹੋਵੇ। (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਇਹ ਕਿਹੜੀਆਂ ਗੱਲਾਂ ਕਰ ਰਹੇ ਹੋ? ਆਪਾਂ ਇਥੇ ਕਿਹੜੀਆਂ ਵਜ਼ੀਰੀਆਂ ਵੰਡ ਰਹੇ ਹਾਂ? ਕੀ ਇਹ ਬਿਲ ਦਾ ਕੋਈ ਪਾਰਟ ਹੈ? ਇਹ ਵਜ਼ੀਰੀਆਂ ਦੀਆਂ ਕਿਹੜੀਆਂ ਗੱਲਾਂ ਕਰ ਰਹੇ ਹੋ ? ਤੁਸੀਂ ਸੀਨੀਅਰ ਮੈਂਬਰ ਹੋ। ਤੁਸੀਂ ਬਿਲ ਤੇ ਗੱਲ ਕਰੋ। ਨਾਗਰਾ ਜੀ, ਪਲੀਜ਼ ਤੁਸੀਂ ਬੈਠ ਜਾਓ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਵੇਂ ਸਾਡੇ ਸਾਥੀ ਮੈਂਬਰਾਂ ਨੇ ਗੱਲ ਕੀਤੀ ਹੈ ਕਿ ਤੁਸੀਂ ਇਕੋ ਘਰ ਦੀਆਂ ਵੋਟਾਂ ਵੱਖ-ਵੱਖ ਵਾਰਡਾਂ ਵਿਚ ਵੰਡ ਦਿੱਤੀਆਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਉਸ ਦੀ ਕੁਰੈਕਸ਼ਨ ਕਰੋਗੇ? ਦੂਜੀ ਗੱਲ, ਮੈਂਬਰ ਸਾਹਿਬਾਨਾਂ ਨੇ ਇਥੇ ਗੱਲ ਉਠਾਈ ਕਿ ਸ਼ਡਿਊਲਡ ਕਾਸਟ ਭਾਈਚਾਰੇ ਦੀ ਜਿਸ ਵਾਰਡ ਵਿਚ ਜਾਂ ਜਿਸ ਪਿੰਡ ਵਿਚ ਗਿਣਤੀ ਘੱਟ ਹੈ ਤੁਸੀਂ ਹਲਕਾ ਇੰਚਾਰਜਾਂ ਦੀ ਗੱਲ ਸੁਣ ਕੇ ਉਨ੍ਹਾਂ ਨੂੰ ਹੀ ਰਿਜ਼ਰਵ ਕਰ ਦਿੱਤਾ। ਮੈਂ ਆਪ ਡੀ.ਸੀ. ਸਾਹਿਬ ਨੂੰ ਫੋਨ ਕੀਤਾ, ਕਿਉਂਕਿ ਤੁਸੀਂ ਰਿਜ਼ਰਵੇਸ਼ਨ ਜ਼ਿਲ੍ਹੇ ਨੂੰ ਦੇ ਦਿੱਤੀ ਹੈ। ਤੁਸੀਂ ਹੈਰਾਨ ਹੋਵੋਂਗੇ, what has your D.C. told me. ਉਹ ਕਹਿੰਦਾ I am quoting him. ਮੈਨੂੰ ਇਹ ਗੱਲ ਕਰਨੀ ਤਾਂ ਨਹੀਂ ਚਾਹੀਦੀ, ਉਹ ਕਹਿੰਦਾ ਕਿ ਮੇਰੀ ਤਾਂ ਮਜਬੂਰੀ ਹੈ, ਤੁਸੀਂ ਉੱਤੇ ਗੱਲ ਕਰ ਲਉ। ਮੈਂ ਹੈਰਾਨ ਹੋ ਗਿਆ। ਤੁਸੀਂ ਹਲਕਾ

ਇੰਚਾਰਜ ਦਾ ਰੌਲਾ ਪਾਉਂਦੇ ਸੀ ਮਗਰ ਹੁਣ ਤੁਸੀਂ ਹਲਕਾ ਇੰਚਾਰਜ ਸਿਸਟਮ ਦੇ ਨਾਲ ਤੁਸੀਂ ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਦੀ ਰਿਜ਼ਰਵੇਸ਼ਨ ਕੀਤੀ, ਰਿਜ਼ਲਟ ਕੀ ਆਇਆ? ਹੁਣ ਤੁਸੀਂ ਪੰਚਾਇਤਾਂ ਤੇ ਇਹ ਲਾਗੂ ਕਰਨ ਲੱਗੇ ਹੋ। ਤੁਸੀਂ ਇੱਕ ਗੁਆਂਢੀ ਹੋ, ਜਿਵੇਂ ਤੁਸੀਂ ਇਨ੍ਹਾਂ ਨੂੰ ਖੁਸ਼ ਕਰ ਦਿੱਤਾ, ਇੱਕ ਮੇਰੇ ਵੀਰ ਨੂੰ ਛੱਡ ਕੇ, ਉਸ ਨੂੰ ਵੀ ਖੁਸ਼ ਕਰੋ। ਕੋਈ ਸਾਨੂੰ ਵੀ ਪੁੱਛ ਲੈਂਦੇ, ਇਨ੍ਹਾਂ ਨੂੰ ਵੀ ਪੁੱਛ ਲੈਂਦੇ, ਕੋਈ ਸਲਾਹ ਮਸ਼ਵਰਾ ਹੀ ਲੈ ਲੈਂਦੇ। ਅਖੀਰ ਵਿੱਚ ਘੁੱਗੀ ਤਾਂ ਤੁਹਾਡੀ ਹੀ ਚੱਲਣੀ ਸੀ। ਨਾ ਮੰਨਦੇ। ਚੱਲੋ ਸਾਨੂੰ ਵੀ ਹੋ ਜਾਂਦਾ, ਸਾਡੇ ਦਿਲ ਤਾਂ ਹੌਲੇ ਹੋ ਜਾਂਦੇ ਕਿ ਮੰਤਰੀ ਨੇ ਸਾਡੀ ਸੁਣ ਲਈ, ਫੈਸਲਾ ਤੁਹਾਡਾ ਸੀ। ਦੇਖੋ, ਇਨ੍ਹਾਂ ਨੂੰ ਕਿਸੇ ਨੂੰ ਢਿੱਡ ਪੀੜ ਨਹੀਂ ਹੋਣੀ, ਕਿਉਂਕਿ ਤੁਸੀਂ ਅੰਦਰ ਖਾਤੇ ਬਹਿ ਕੇ, ਕਿਹੜਾ ਪਿੰਡ ਰਿਜ਼ਰਵ ਹੋਣਾ ਹੈ, ਕਿਹੜਾ ਜਨਰਲ ਹੋਣਾ ਹੈ, ਕਿਹੜੀ ਵਾਰਡ ਰਿਜ਼ਰਵ ਹੋਣੀ ਹੈ, ਜਨਰਲ ਹੋਣੀ ਹੈ, ਉਸ ਨੇ ਸਭ ਕੁਝ ਕਰ ਲਿਆ ਹੈ।

*2.50 ਵਜੇ ਬਾਅਦ ਦੁਪਹਿਰ

(ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਚਲੋ, ਮੈਂ ਅਖੀਰਲੀ ਗੱਲ ਤੇ ਆਉਂਦਾ ਹਾਂ। ਤੁਸੀਂ ਆਪਣੀ ਮਰਜ਼ੀ ਨਾਲ ਰਿਜ਼ਰਵੇਸ਼ਨ ਕਰ ਲਈ, ਵਾਰਡਾਂ ਵਿੱਚ ਵੋਟਾਂ ਆਪਣੀ ਮਰਜ਼ੀ ਨਾਲ ਪਾ ਲਈਆਂ, ਹੁਣ ਤੁਸੀਂ ਨਵਾਂ ਪੈਂਤੜਾ ਖੇਡਣਾ ਸ਼ੁਰੂ ਕਰ ਦਿੱਤਾ। ਨਵਾਂ ਪੈਂਤੜਾ ਕੀ? ਜਿਸ ਨੂੰ ਤੁਸੀਂ ਚਾਹੁੰਦੇ ਹੋ ਕਿ ਐਨ.ਓ.ਸੀ. ਨਾ ਮਿਲੇ, ਉਹ ਐਨ.ਓ.ਸੀ. ਲੈਣ ਜਾਂਦਾ ਹੈ ਤਾਂ ਬੀ.ਡੀ.ਓ. ਦੇ ਦਰਸ਼ਨ ਨਹੀਂ ਹੁੰਦੇ। ਬੀ.ਡੀ.ਓ. ਨੂੰ ਕਹੋ ਕਿ ਐਨ.ਓ.ਸੀ. ਦੇ ਦਿਉ ਤਾਂ ਉਹ ਕਹਿੰਦਾ ਹੈ ਕਿ ਉੱਤੋਂ ਕਹਾ ਦਿਉ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਤੁਸੀਂ ਅੱਜ ਉੱਤੋਂ ਕਹਿ ਹੀ ਦਿਉ ਕਿ ਸਭ ਨੂੰ ਐਨ.ਓ.ਸੀ. ਦੇ ਦੇਣ। ਸਭ ਨੂੰ ਚੁੱਲ੍ਹਾ ਟੈਕਸ ਦੇਣ ਵਾਲਾ ਇੱਕ ਨਵਾਂ ਕੰਮ ਕਰ ਦਿੱਤਾ, ਜਿਸ ਨੂੰ ਸਰਪੰਚੀ ਦੀ ਚੋਣ ਨਹੀਂ ਲੜਨ ਦੇਣੀ, ਉਸ ਦਾ ਚੁੱਲ੍ਹਾ ਟੈਕਸ ਕੱਢ ਦਿੱਤਾ। ਐਸ.ਸੀ. ਭਾਈਚਾਰੇ ਨੂੰ ਤਾਂ ਚੁੱਲ੍ਹਾ ਟੈਕਸ ਨਹੀਂ ਲੱਗਦਾ। ਸਾਡੇ ਦੋ ਤਿੰਨ ਸਰਪੰਚ ਗਏ, ਉਹ ਕਹਿੰਦੇ ਕਿ ਤੁਹਾਡੀ ਚੁੱਲ੍ਹਾ ਟੈਕਸ ਦੀ ਜਦੋਂ ਤੱਕ ਪਰਚੀ ਨਹੀਂ ਕੱਟੀ ਜਾਵੇਗੀ ਤੁਸੀਂ ਇਲੈਕਸ਼ਨ ਨਹੀਂ ਲੜ੍ਹ ਸਕਦੇ। ਜੇ ਇਸ ਤਰੀਕੇ ਨਾਲ ਡੈਮੋਕਰੇਸੀ ਦਾ, ਲੋਕਤੰਤਰ ਦਾ, ਇਨ੍ਹਾਂ ਦੇ ਪ੍ਰਧਾਨ ਸਾਹਿਬ ਦੀ ਜਿਹੜੀ ਸੋਚ ਹੈ, ਪੰਚਾਇਤੀ ਰਾਜ ਇੰਸਟੀਚਿਊਸ਼ਨ ਨੂੰ ਤਕੜਾ ਕਰਨ ਦੀ, ਅੱਜ ਉਸ ਦਾ ਹੀ ਗਲ ਘੁੱਟਿਆ ਜਾ ਰਿਹਾ ਹੈ। ਇਹ ਜਿਹੜੀ ਇਲੈਕਸ਼ਨ ਪਾਰਦਰਸ਼ੀ ਹੋ ਜਾਵੇ, ਸਭ ਨੂੰ ਪਤਾ ਲੱਗ ਜਾਵੇ, ਤੁਸੀਂ ਅੱਜ ਇੱਕ ਫੁਰਮਾਨ ਹੀ ਜਾਰੀ ਕਰ ਦਿਉ ਕਿ ਕਿਸੇ ਦੇ ਕਾਗਜ਼ ਰਿਜੈਕਟ ਨਹੀਂ ਕੀਤੇ ਜਾਣਗੇ, ਕਿਸੇ ਨੂੰ ਪ੍ਰਿਵਿਲੇਜ ਗਰਾਊਂਡ ਤੇ ਇਹ ਨਹੀਂ ਕਿਹਾ ਜਾਵੇਗਾ ਕਿ ਫਲਾਣੀ ਐਨ.ਓ.ਸੀ. ਲਿਆ, ਫਲਾਣੀ ਐਨ.ਓ.ਸੀ. ਲਿਆ। ਅਖੀਰਲੀ ਗੱਲ, ਸਰ।

**ਮਾਨਯੋਗ ਸਪੀਕਰ :** ਹੁਣ ਕਨਕਲੂਡ ਕਰੋ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਮੈਂ ਅਖੀਰਲੀ ਗੱਲ ਤੇ ਆ ਰਿਹਾ ਹਾਂ। ਸਾਡੇ ਵੇਲੇ ਤਾਂ ਤੁਸੀਂ ਕਨਕਲੂਜ਼ਨ ਤੇ ਲੱਗ ਪੈਂਦੇ ਹੋ। ਇਹ ਵੀ ਤੁਹਾਡੇ ਨਾਲ ਸਹਿਮਤ ਹਨ, ਉਹ ਤਾਂ ਹੈ ਹੀ ਤੁਹਾਡੇ ਹਨ। ਸਾਡੇ ਵੇਲੇ ਕਨਕਲੂਜ਼ਨ ਤੇ ਕਹਿਣ ਲੱਗ ਪੈਂਦੇ ਹੋ। ਮੈਂ ਅਖੀਰਲੀ ਗੱਲ ਕਰਨ ਲੱਗਾ ਹਾਂ। ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਬਹੁਤ ਵਧੀਆ ਫੈਸਲਾ ਕੀਤਾ ਕਿ 50% ਰਿਜ਼ਰਵੇਸ਼ਨ ਧੀਆਂ ਭੈਣਾਂ ਨੂੰ ਦੇਵਾਂਗੇ। ਉਸ ਰਿਜ਼ਰਵੇਸ਼ਨ ਦਾ ਫਾਇਦਾ ਤਾਂ ਹੈ ਜੇਕਰ ਧੀਆਂ ਭੈਣਾਂ ਦਾ ਸਤਿਕਾਰ ਵੀ ਹੋਵੇ। ਜੇ ਧੀਆਂ ਭੈਣਾਂ ਦਾ ਸਤਿਕਾਰ ਹੀ ਨਹੀਂ ਹੋਇਆ ਤਾਂ ਫਿਰ ਉਸ ਰਿਜ਼ਰਵੇਸ਼ਨ ਨੇ ਕੀ ਕਰਨਾ ਹੈ। ਆਪਾਂ ਇੱਕ ਬੜੀ ਪ੍ਰਚਲਿਤ ਫੋਨ ਕਾਲ ਸੁਣੀ ਹੋਵੇਗੀ, ਤੁਹਾਡੇ ਇੱਕ ਐਮ.ਐਲ.ਏ. ਦੀ ਸੀ। ਇੱਕ ਬੀਬੀ ਵਿਚਾਰੀ ਐਸ.ਐਚ.ਓ. ਸੀ, ਉਹ ਚੈਕਿੰਗ ਤੇ ਸੀ, ਉਸ ਨੇ ਕਾਗਜ਼ ਮੰਗ ਲਏ। ਉਸ ਨੂੰ ਕਹਿੰਦੇ ਕਿ ਤੂੰ ਐਸ.ਐਚ.ਓ. ਲੱਗੀ ਹੈਂ ਕਿਤੇ ਰੱਬ ਤਾਂ ਨਹੀਂ ਲੱਗ ਗਈ? ਤੂੰ ਕਾਗਜ਼ ਮੰਗੀ ਜਾਂਦੀ ਹੈ। ਅੱਗੇ ਉਹ ਵਿਚਾਰੀ ਆਪਣੀ ਡਿਊਟੀ ਕਰ ਰਹੀ ਸੀ। ਡਿਊਟੀ ਕਰਨ ਵਾਲੀ ਨੂੰ ਕਹਿ ਦਿੱਤਾ ਕਿ ਜੇ ਤੂੰ ਮੇਰੇ ਸਮਰਥਕ ਦਾ ਕਾਗਜ਼ ਚੈੱਕ ਕੀਤਾ ਤਾਂ ਤੇਰਾ ਜੁੱਲੀ ਬਿਸਤਰਾ ਗੋਲ ਕਰ ਦਿਆਂਗੇ। ਉਸ ਵਿਚਾਰੀ ਦੀ ਬਦਲੀ ਵੀ ਕਰ ਦਿੱਤੀ। ਜੇ ਸਰਪੰਚੀ ਵੇਲੇ ਵੀ ਇਹੋ ਜਿਹੀ ਰਿਜ਼ਰਵੇ ਸ਼ਨ ਕਰਨੀ ਹੈ ਅਤੇ ਇਹੋ ਜਿਹੇ ਜੁੱਲੀ ਬਿਸਤਰੇ ਗੋਲ ਕਰਨੇ ਹਨ ਤਾਂ ਜ਼ਰੂਰੀ ਸਰਕਾਰੀ ਖਰਚਾ ਇੰਨਾ ਕਰਵਾਉਣਾ ਹੈ ? ਖਜ਼ਾਨਾ ਮੰਤਰੀ ਦੇ ਦਿਲ ਦੀ ਸੁਣੋ, ਉਹ ਅੱਗੇ ਹੀ ਕਹਿੰਦੇ ਹਨ ਕਿ ਪੈਸੇ ਨਹੀਂ ਹਨ। ਫਿਰ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਪੰਜਾਬ ਦੇ ਕਾਂਗਰਸ ਭਵਨ ਤੋਂ ਐਲਾਨ ਕਰ ਦਿਉ ਕਿ ਸਾਰੇ ਪਿੰਡਾਂ ਵਿੱਚ ਕਾਂਗਰਸੀ ਸਰਪੰਚ ਬਣ ਗਏ, ਜਮਹੂਰੀਅਤ ਦਾ ਘਾਣ ਹੋ ਗਿਆ ਅਤੇ ਅਸੀਂ ਵੀ ਤੁਹਾਨੂੰ ਬੱਲੇ-ਬੱਲੇ ਵਧਾਈ ਦੇ ਦੇਵਾਂਗੇ।

**ਮਾਨਯੋਗ ਸਪੀਕਰ :** ਚਲੋ, ਹੁਣ ਬੈਠੋ। ਬਾਜਵਾ ਸਾਹਿਬ, ਕੁਝ ਕਹਿਣਾ ਹੈ? ਹੁਣ ਇਹ ਮਤਾ ਪਾਸ ਕਰ ਦੇਈਏ?

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਪਾਸ ਕਰ ਦਿੰਦੇ ਹਾਂ ਪਰ ਮੇਰੀ ਇੱਕ ਛੋਟੀ ਜਿਹੀ ਸੁਜੈਸ਼ਨ ਹੈ।

**ਮਾਨਯੋਗ ਸਪੀਕਰ :** ਚਲੋ ਛੱਡੋ ਹੁਣ, ਤੁਸੀਂ ਗੱਲ ਮੰਨ ਲਿਆ ਕਰੋ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਮੇਰੀ ਛੋਟੀ ਜਿਹੀ ਸੁਜੈਸ਼ਨ ਹੈ। ਇੱਕ ਵਾਰ ਮੈਂ ਸੁਜੈਸ਼ਨ ਦੇ ਦੇਵਾਂ।

**ਮਾਨਯੋਗ ਸਪੀਕਰ :** ਕੀ ਸੁਜੈਸ਼ਨ ਹੈ?

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬੜਾ ਵਧੀਆ ਡੈਮੋਕਰੇਸੀ ਤੇ ਭਾਸ਼ਣ ਦਿੱਤਾ ਹੈ। ਮੇਰੀ ਛੋਟੀ ਜਿਹੀ ਸੁਜੈਸ਼ਨ ਹੈ। ਬਾਜਵਾ ਸਾਹਿਬ, ਜੋ 10 ਸਾਲ ਇਨ੍ਹਾਂ ਨੇ ਕੀਤਾ, ਉਹ ਤੁਸੀਂ ਅੱਜ ਅਨਾਊਂਸ ਕਰ ਦਿਉ ਕਿ ਜੋ ਤੁਹਾਡੇ ਪੂਰਨੇ ਪਾਏ ਉਸ ਤੇ ਹੀ ਚੱਲ ਪਵਾਂਗੇ। (ਵਿਘਨ) ਇੱਕ ਮਿੰਟ ਸੁਣ ਲਉ। ਥੋੜ੍ਹੀ ਜਿਹੀ ਪੇਸ਼ੈਂਸ ਰੱਖੋ।ਮੇਰਾ ਆਪਣਾ ਪਿੰਡ ਧਾਰੋਵਾਲੀ, ਉਸ ਵਿੱਚ 80 ਘਰ ਸੀ। ਉਸ ਪੂਰੇ ਪਿੰਡ ਨੂੰ ਰਿਜ਼ਰਵ ਕਰਕੇ ਗੋਪਾਲ ਦਾਸ ਨੂੰ ਸਰਪੰਚ ਬਣਾ ਦਿੱਤਾ। ਅਸੀਂ ਉਹ ਵੀ ਮੰਨ ਲਿਆ। ਇਨ੍ਹਾਂ ਨੂੰ ਆਖੋ ਕਿ ਇਹ ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨ। ਇਹ ਚੀਚੀ ਨੂੰ ਖੂਨ ਲਗਾ ਕੇ ਸ਼ਹੀਦ ਨਾ ਬਣਨ। ਡੈਮੋਕਰੇਸੀ ਕਾਂਗਰਸ ਨੇ ਬਚਾ ਕੇ ਰੱਖੀ ਹੈ, ਬਚਾ ਕੇ ਰੱਖਾਂਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ,...

**ਮਾਨਯੋਗ ਸਪੀਕਰ :** ਮਜੀਠੀਆ ਸਾਹਿਬ ਹੋ ਗਿਆ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇੱਕ ਬੇਨਤੀ ਹੈ.. (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਕੀ ਕਹਿਣਾ ਹੈ ਮਜੀਠੀਆ ਸਾਹਿਬ?

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇੱਕ ਤਾਂ ਮੈਂ ਬੇਨਤੀ ਕਰਦਾ ਹਾਂ ਕਿਉਂਕਿ ਉਤੇ ਤਾਂ ਇਨ੍ਹਾਂ ਦੀ ਮੀਟਿੰਗ ਹੋ ਗਈ ਹੈ ਤਾਂ ਥੱਲੇ ਤਾਂ ਆਪੇ ਹੀ ਹੋ ਜਾਣੀ ਹੈ। ਇਨ੍ਹਾਂ ਦੀ ਤਾਂ ਵਿਚਾਰਿਆਂ ਦੀ ਕਿਸੇ ਨੇ ਪੁੱਛਣੀ ਹੀ ਨਹੀਂ ਹੈ। ਮੈਂ ਤੁਹਾਨੂੰ ਬੇਨਤੀ ਕਰਨੀ ਹੈ, ਇਹ ਮੇਰੀ ਲਾਸਟ ਸੁਜੈਸ਼ਨ ਹੈ, I want to thank the Minister. ਮੈਂ ਅੱਜ ਆਪਣੇ ਰੰਧਾਵਾ ਜੀ ਦਾ ਧੰਨਵਾਦ ਕਰਦਾ ਹਾਂ। ਇਨ੍ਹਾਂ ਨੂੰ ਐਂਵੇਂ ਹੀ ਤਾਂ ਨਹੀਂ ਪਾਰਟੀ ਦਾ ਰੋਸ਼ਨ ਦਿਮਾਗ ਕਹਿੰਦੇ ਹਨ। ਇਨ੍ਹਾਂ ਨੇ ਸੱਚਾਈ ਸਾਹਮਣੇ ਹੀ ਦੱਸ ਦਿੱਤੀ ਹੈ ਕਿ ਤੁਸੀਂ ਇਸ ਤਰ੍ਹਾਂ ਕੀਤਾ ਸੀ ਤਾਂ ਅਸੀਂ ਵੀ ਇਹੀ ਕਰਾਂਗੇ। ਅਸੀਂ ਕੰਮ ਬਰਾਬਰ ਕਰ ਦਿਆਂਗੇ। ਰੱਬ ਦਾ ਵਾਸਤਾ ਹੈ, ਤੁਸੀਂ ਸਿਆਣੇ ਹੋ, ਦੂਰਅੰਦੇਸ਼ ਹੋ, ਮਿਲਵਰਤਨ ਵਾਲੇ ਹੋ, ਤੁਸੀਂ ਇਸ ਤਰ੍ਹਾਂ ਨਾ ਕਰੋ।

**ਮਾਨਯੋਗ ਸਪੀਕਰ:** ਬਾਜਵਾ ਸਹਿਬ, ਬਾਜਵਾ ਸਾਹਿਬ, ਤੁਸੀਂ ਬੋਲੋ। ਬਾਜਵਾ ਸਾਹਿਬ ਦਾ ਮਾਈਕ ਖੋਲ੍ਹੋ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਮਾਨਯੋਗ ਸਪੀਕਰ ਸਾਹਿਬ, ਮੈਂ ਸਮਝਦਾ ਸੀ ਕਿ ਜਿਹੜੀ ਅਮੈਂਡਮੈਂਟ ਮੈਂ ਪੰਚਾਇਤੀ ਐਕਟ ਤੇ ਲੈ ਕੇ ਆਇਆ ਹਾਂ ਉਸ ਤੇ ਮੈਨੂੰ ਕੁਝ ਸੁਜੈਸ਼ਨਜ਼ ਆਉਣਗੀਆਂ ਪਰ ਦੁੱਖ ਲੱਗਾ ਹੈ ਕਿ ਸਾਰੇ ਮੈਂਬਰ ਸਾਹਿਬਾਨ ਇਸ ਤਰ੍ਹਾਂ ਬੋਲ ਰਹੇ ਹਨ ਜਿਵੇਂ ਇਹ ਪ੍ਰੈਜ਼ੀਡੈਂਟ ਐਡਰੈਸ ਜਾਂ ਗਵਰਨਰ ਐਡਰੈਸ ਤੇ ਬੋਲ ਰਹੇ ਹੋਣ। ਕਈ ਤਾਂ

ਪਹਿਲੀ ਵਾਰੀ ਐਮ.ਐਲ.ਏ. ਬਣੇ ਹਨ ਪਰ ਮੈਂ ਮਜੀਠੀਆ ਸਾਹਿਬ ਦੀ ਸੁਜੈਸ਼ਨ ਤੇ ਹੈਰਾਨ ਹਾਂ, ਇਹ ਤਾਂ ਵਜ਼ੀਰ ਵੀ ਰਹੇ ਹਨ। ਰਿਜ਼ਰਵੇਸ਼ਨ ਵਜ਼ੀਰ ਨਹੀਂ ਕਰਦਾ ਹੈ, ਡੀ.ਸੀ. ਸਾਹਿਬ ਕਰਦੇ ਹਨ। ਇਹ ਡੀ.ਸੀਜ਼ ਨੇ ਲਿਸਟ ਬਣਾਈ ਤੇ ਡੀ.ਸੀਜ਼ ਨੇ ਲਿਸਟ ਨੋਟੀਫਾਈ ਕਰਵਾਈ । ਤੁਹਾਡੇ ਵੱਲੋਂ ਪਿਛਲੀ ਸਰਕਾਰ ਵੱਲੋਂ ਜਿਹੜਾ ਕਮਿਸ਼ਨਰ ਐਪੁਆਇੰਟਿਡ ਹੈ, ਉਹ ਹੀ ਇਲੈਕਸ਼ਨ ਕੰਡਕਟ ਕਰਵਾ ਰਿਹਾ ਹੈ, ਸਰਕਾਰ ਨਹੀਂ ਕਰਵਾ ਰਹੀ। ਤੁਹਾਨੂੰ ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਹੜੀਆਂ ਪੰਚਾਇਤੀ ਇਲੈਕਸ਼ਨਾਂ ਹਨ ਉਹ ਇਲੈਕਸ਼ਨ ਕਮਿਸ਼ਨਰ ਕਰਵਾਉਂਦਾ ਹੈ। ਸੋ, ਤੁਸੀਂ ਆਪਣੇ ਇਲੈਕਸ਼ਨ ਕਮਿਸ਼ਨਰ ਤੇ ਇਤਬਾਰ ਰੱਖੋ। ਤੁਸੀਂ ਕਹਿੰਦੇ ਹੋ ਕਿ ਬੀਬੀਆਂ ਨੂੰ 50% ਕੈਪਟਨ ਸਾਹਿਬ ਨੇ ਤਾਂ ਪਹਿਲਾਂ ....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਦਿਹਾਤੀ ਵਿਕਾਸ ਤੇ ਪੰਚਾਇਤਾਂ, ਮੰਤਰੀ :** ਸਰਦਾਰ ਜਗਪਾਲ ਸਿੰਘ ਸੰਧੂ ਜੀ ਕਮਿਸ਼ਨਰ ਤੁਹਾਡੇ ਵੇਲੇ ਦੇ ਐਪੁਆਇੰਟਿਡ ਹਨ। ਦੱਸੋ, ਸਾਬਕਾ ਮੰਤਰੀ ਸਾਹਿਬ, ਕਿ ਉਨ੍ਹਾਂ ਨੂੰ ਕਿਸ ਨੇ ਐਪੁਆਇੰਟ ਕੀਤਾ ਹੈ ?

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਡਿਸਟਰਬ ਨਹੀਂ ਕਰਨਾ ਚਾਹੁੰਦਾ ਪਰ ਇਨ੍ਹਾਂ ਨੇ ਬੜੀ ਵਧੀਆ ਗੱਲ ਕੀਤੀ ਹੈ। ਮੈਂ ਉਨ੍ਹਾਂ (ਸਰਦਾਰ ਜਗਪਾਲ ਸੰਧੂ) ਦੀ ਬੋਲੀ ਹੀ ਦੱਸ ਰਿਹਾ ਹਾਂ। ਮੈਂ ਉਨ੍ਹਾਂ ਨੂੰ ਮਿਲਿਆ ਸੀ ਤੇ ਉਨ੍ਹਾਂ ਨੇ ਮੈਨੂੰ ਆਪ ਮਾੜਾ ਜਿਹਾ ਹੱਸ ਕੇ ਕਿਹਾ ਸੀ ਕਿ ਤੁਹਾਨੂੰ ਪਤਾ ਹੈ ਕਿ ਮੇਰੀ ਮਜਬੂਰੀ ਹੈ ਕਿ ਸਰਕਾਰ ਜੋ ਕਹਿ ਰਹੀ ਹੈ, ਮੈਂ ਉਸ ਹਿਸਾਬ ਨਾਲ ਹੀ ਚਲਣਾ ਹੈ। ਇਸ ਲਈ ਤੁਸੀਂ ਅੱਜ ਬਿਆਨ ਦਿਓ... (ਵਿਘਨ)(ਸ਼ੋਰ)

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਜਿਹੜਾ ਹੈੱਡ ਕਹਿ ਰਿਹਾ ਹੈ, ਉਸ ਨੂੰ ਡਿਸਮਿਸ ਕਰੋ। ਉਸ ਨੇ ਜੋ ਕਿਹਾ ਹੈ ਕਿ ਮੇਰੀ ਮਜਬੂਰੀ ਹੈ, ਉਸ ਨੂੰ ਡਿਸਮਿਸ ਕਰਨਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਕੀ ਸਬੂਤ ਹੈ ਕਿ ਉਨ੍ਹਾਂ ਨੇ ਇਹ ਕਿਹਾ ਹੈ? (ਵਿਘਨ)(ਸ਼ੋਰ)

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਇਨ੍ਹਾਂ ਨੇ ਆਪ ਕਿਹਾ ਹੈ ਕਿ ਉਸ ਨੇ ਮੈਨੂੰ ਕਿਹਾ ਹੈ।

**ਮਾਨਯੋਗ ਸਪੀਕਰ:** ਨਹੀਂ, ਨਹੀਂ। (ਵਿਘਨ)

(ਇਸ ਸਮੇਂ ਸਹਿਕਾਰਤਾ, ਜੇਲ੍ਹਾਂ ਮੰਤਰੀ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ-ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਸਾਰੇ ਹੀ ਬੋਲ ਲਏ ਹੋ, ਬਾਜਵਾ ਸਾਹਿਬ ਨੂੰ ਬੋਲਣ ਦਿਓ, ਬਾਜਵਾ ਸਾਹਿਬ ਨੂੰ ਬੋਲਣ ਦਿਓ, ਹੁਣ ਛੱਡੋ ਖਹਿੜਾ। ਤੁਸੀਂ ਗੱਲ ਕਰ ਲਈ ਹੈ, ਹੁਣ ਬਾਜਵਾ ਸਾਹਿਬ ਨੂੰ ਬੋਲਣ ਦਿਓ।ਹਾਂ ਜੀ ਬਾਜਵਾ ਸਾਹਿਬ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਮਜੀਠੀਆ ਸਾਹਿਬ, ਇਹ ਬੜਾ ਖੁੱਲ੍ਹਾ ਜਿਹਾ ਜਵਾਬ ਹੈ ਕਿ ਉਹ ਉੱਪਰ ਵਾਲਾ ਕਹਿ ਦਿੰਦਾ ਹੈ ਕਿ ਮੇਰੀ ਉੱਪਰੋਂ ਮਜਬੂਰੀ ਹੈ। ਮੈਂ ਕਹਿੰਦਾ ਹਾਂ ਕਿ ਮੈਂ ਗੁਰਦੁਆਰੇ ਜਾਂਦਾ ਹਾਂ, ਜੇ ਮੈਂ ਪਿਛਲੇ ਤੀਹ ਦਿਨਾਂ ਵਿੱਚ ਸਰਦਾਰ ਜਗਪਾਲ ਸੰਧੂ, ਕਮਿਸ਼ਨਰ ਨੂੰ ਕਦੇ ਟੈਲੀਫੋਨ ਵੀ ਕੀਤਾ ਹੋਵੇ ਤੇ ਫਿਰ ਉਹ ਵੀ ਗੁਰਦੁਆਰੇ ਚਲ ਕੇ ਸਹੁੰ ਖਾ ਦੇਵੇ ਕਿ ਮੈਂ ਟੈਲੀਫੋਨ ਕੀਤਾ ਹੈ ਜਾਂ ਨਹੀਂ ਕੀਤਾ ਹੈ। ਇਹ ਗੱਲ ਨਹੀਂ ਹੈ। ਤੁਸੀਂ ਉੱਪਰ ਕਿਸ ਨੂੰ ਕਹਿੰਦੇ ਹੋ? ਡੀ.ਸੀ. ਉਸ ਤੋਂ ਉੱਪਰ ਨਹੀਂ ਹੋ ਸਕਦਾ। ਤੁਹਾਡੀ ਯਾਦਾਸ਼ਤ ਬੜੀ ਘੱਟ ਹੈ, ਤੁਹਾਡੀ ਯਾਦਾਸ਼ਤ ਬੜੀ ਸ਼ਾਰਟ ਹੈ। ਤੁਸੀਂ ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦ ਦੀਆਂ ਇਲੈਕਸ਼ਨਾਂ ਲੜੀਆਂ ਹਨ, ਤੁਸੀਂ ਦੱਸੋ ਕਿ ਤੁਹਾਡੇ ਕਿਹੜੇ ਪੇਪਰ ਰਿਜੈਕਟ ਹੋਏ ਹਨ, ਤੁਹਾਨੂੰ ਕਿੱਥੇ ਕਲੀਅਰੈਂਸ ਸਰਟੀਫਿਕੇਟ ਨਹੀਂ ਮਿਲਿਆ ਹੈ? ਦੱਸੋ ? ਜਲਾਲਾਬਾਦ ਨਹੀਂ ਮਿਲਿਆ ਹੈ ਜਾਂ ਲੰਬੀ ਨਹੀਂ ਮਿਲਿਆ ਹੈ ਜਾਂ ਮਜੀਠੇ ਨਹੀਂ ਮਿਲਿਆ ਹੈ? ਤੁਸੀਂ ਸ਼ਾਨ ਨਾਲ ਕਹਿੰਦੇ ਹੋ ਕਿ ਮੈਂ ਜਿੱਤ ਕੇ ਆਇਆ ਹਾਂ, ਜਿੱਤ ਕੇ ਤਾਂ ਹੀ ਆਏ ਹੋ ਜੇ fair ਇਲੈਕਸ਼ਨ ਹੋਈ ਹੈ। ਹੁਣ ਤੁਸੀਂ ਕਿਵੇਂ ਕਹਿ ਰਹੇ ਹੋ ਕਿ ਆਉਣ ਵਾਲੇ ਸਮੇਂ ਵਿੱਚ ਬੜਾ ਮਾੜਾ ਹਾਲ ਹੋਣਾ ਹੈ। ਨਹੀਂ, ਮਜੀਠੀਆ ਸਾਹਿਬ, ਬੜਾ ਵਧੀਆ ਹਾਲ ਰਹੇਗਾ। (ਥੰਪਿੰਗ)

**ਖੇਡਾਂ ਅਤੇ ਯੁਵਕ ਮਾਮਲੇ ਮੰਤਰੀ (ਬੈਠੇ-ਬੈਠੇ):** ਸਪੀਕਰ ਸਾਹਿਬ, ਤੁਸੀਂ ਬਿਲ ਪਾਸ ਕਰਵਾਓ।

**ਮਾਨਯੋਗ ਸਪੀਕਰ:** ਤੁਸੀਂ ਸਾਰੇ ਹੀ ਨਹੀਂ ਹਟਦੇ ਹੋ। ਇਹ ਰੰਧਾਵਾ ਸਾਹਿਬ ਨੂੰ ਸਮਝਾਓ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਇਲੈਕਸ਼ਨ ਕਮਿਸ਼ਨਰ ਨੇ ਬੜੇ ਵਧੀਆ ਤਰੀਕੇ ਨਾਲ ਇਲੈਕਸ਼ਨ ਕਰਵਾਈ ਹੈ। ਕਦੇ ਲੰਬੀ, ਕਦੇ ਕਿਸੇ ਹੋਰ ਹਲਕੇ ਵਿੱਚ bye-ਇਲੈਕਸ਼ਨ ਨਹੀਂ ਹੋਈ ਹੈ। ਸਾਡੇ ਨਾਲ ਤਾਂ ਸਗੋਂ ਕਾਂਗਰਸੀ ਲੜਦੇ ਹਨ ਕਿ ਸਾਡੇ ਨਾਲ ਧੱਕਾ ਹੋਇਆ ਹੈ, ਸਾਡੀ ਸੁਣੀ ਨਹੀਂ ਗਈ ਹੈ। ਤੁਸੀਂ ਤਾਂ ਐਵੇਂ ਹੀ ਰੌਲਾ ਪਾਈ ਜਾਂਦੇ ਹੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ:** ਵਡਾਲਾ ਜੀ, ਤੁਸੀਂ ਬੈਠ ਜਾਓ। You are a senior Member ਪਲੀਜ਼ ਬੈਠੋ। ਬੈਠੋ, ਉਨ੍ਹਾਂ ਨੂੰ ਬੋਲਣ ਦਿਓ, no interruption please, no interruption, no interruption please. ਤੁਸੀਂ ਸਭ ਨੇ ਕਹਿ ਲਿਆ ਹੈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਰ, ਮੈਨੂੰ ਇੱਕ ਮਿੰਟ ਬੋਲਣ ਲਈ ਦੇ ਦਿਉ ਜੀ।

**ਮਾਨਯੋਗ ਸਪੀਕਰ :** ਤੁਹਾਡੀ ਪਾਰਟੀ ਦਾ view ਆ ਗਿਆ ਹੈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਬਾਜਵਾ ਜੀ, ਤੁਸੀਂ ਸਾਰੇ ਪੰਜਾਬ ਨੂੰ ਇਹ ਦੱਸ ਦਿਉ ਕਿ ਇਹ ਖਦਸ਼ਾ ਹੈ ਕਿ ਤੁਸੀਂ ਪੰਚਾਇਤਾਂ ਦੀ ਇਲੈਕਸ਼ਨ ਦੇ ਰਿਜ਼ਲਟ ਉਸੇ ਦਿਨ ਉਸੇ ਪਿੰਡ ਵਿੱਚ ਵੀ ਕੱਢਣੇ ਹਨ ਜਾਂ ਦੋ-ਤਿੰਨ ਬਾਅਦ ਕੱਢਣੇ ਹਨ, ਪਲੀਜ਼, ਤੁਸੀਂ ਇਹ ਕਲੀਅਰ ਕਰੋ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਢਿੱਲੋਂ ਸਾਹਿਬ ਗੱਲ ਇਹ ਹੈ ਕਿ ਜੋ ਐਕਟ ਕਹਿੰਦਾ ਹੈ, ਉਸ ਦੇ ਮੁਤਾਬਿਕ ਹੀ ਹੋਵੇਗਾ। ਜੋ ਐਕਟ ਕਹਿੰਦਾ ਹੈ, ਉਸ ਦੇ ਮੁਤਾਬਿਕ ਹੀ ਹੋਵੇਗਾ। ਉਸੇ ਦਿਨ ਗਿਣਤੀ ਹੋਣੀ ਹੈ, ਉਸੇ ਦਿਨ ਰਿਜ਼ਲਟ ਨਿਕਲਣੇ ਹਨ।

**ਮਾਨਯੋਗ ਸਪੀਕਰ:** ਬਾਜਵਾ ਸਾਹਿਬ, ਅੱਗੇ ਚਲੋ ਇਹ ਕੰਮ ਕਮਿਸ਼ਨ ਦਾ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ....

**ਮਾਨਯੋਗ ਸਪੀਕਰ:** ਹੁਣ ਬੈਠੋ, ਹੁਣ ਨਹੀਂ। ਤੁਹਾਡਾ view ਆ ਗਿਆ ਹੈ। ਸੈਸ਼ਨ ਚੱਲਣ ਦਿਉ, ਅਜੇ ਚਾਰ ਹੋਰ ਬਿਲ ਪਏ ਹਨ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਮਜੀਠੀਆ ਸਾਹਿਬ ਕਹਿ ਰਹੇ ਸੀ ਕਿ ਬੀਬੀਆਂ ਦੀ ਬੇਇੱਜ਼ਤੀ ਹੋਈ। ਮੈਂ ਕਹਿੰਦਾ ਹਾਂ ਕਿ ਉਹ ਗੱਲ ਭੁੱਲ ਗਈ ਜਦੋਂ ਧੀ ਦੀ ਇੱਜ਼ਤ ਬਚਾਉਂਦਾ ਹੋਇਆ ਥਾਣੇਦਾਰ ਮਾਰਿਆ।ਉਹ ਥਾਣੇਦਾਰ ਕਿਸਨੇ ਮਾਰਿਆ? ਥਾਣੇਦਾਰ ਮਾਰ ਕੇ ਅਕਾਲੀ ਦਲ ਜ਼ਿੰਦਾਬਾਦ ਦੇ ਨਾਅਰੇ ਕਿਸ ਨੇ ਲਾਏ, ਉਹ ਬੰਦਾ ਕੌਣ ਸੀ? ਉਦੋਂ ਤੁਹਾਨੂੰ ਚੇਤੇ ਨਹੀਂ ਆਇਆ ਕਿ ਬੀਬੀਆਂ ਦੀ ਇੱਜ਼ਤ ਕਿਸ ਤਰ੍ਹਾਂ ਬਚਾਉਣੀ ਹੈ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਅੱਜ ਤੁਹਾਨੂੰ ਸਾਰਿਆਂ ਨੂੰ ਚੇਤਾ ਆਇਆ ਕਿ ਬੀਬੀਆਂ ਦੀ ਇੱਜ਼ਤ ਰੁਲਦੀ ਪਈ ਹੈ, ਮਜੀਠੀਆ ਸਾਹਿਬ ਬਿਲਕੁਲ ਇਹ ਗੱਲ ਨਹੀਂ ਹੈ। ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਦੇ ਇਲੈਕਸਨ ਬੜੇ ਵਧੀਆ ਤਰੀਕੇ ਨਾਲ ਸਾਰੇ ਪੰਜਾਬ ਵਿੱਚ ਹੋਏ। ਅੱਜ ਕਹਿੰਦੇ ਜੀ ਕਿ ਇਹ ਘਰ ਉੱਧਰ ਚਲਾ ਗਿਆ, ਸ਼ਾਇਦ ਚਲਾ ਗਿਆ ਹੋਵੇ, ਮੈਂ ਨਹੀਂ ਕਹਿੰਦਾ ਕਿ ਝੂਠ ਬੋਲਦੇ ਹੋ। ਤੁਹਾਨੂੰ ਆਬਜੈਕਸ਼ਨ ਕਰਨ ਦਾ ਟਾਈਮ ਦਿੱਤਾ ਗਿਆ, ਤੁਸੀਂ ਧਿਆਨ ਨਹੀਂ ਦਿੱਤਾ।

(ਵਿਘਨ)(ਸ਼ੋਰ) ਕੋਈ ਆਬਜੈਕਸ਼ਨ ਨਹੀਂ ਆਇਆ। ਤੁਹਾਡੀ ਬਲਾਕ ਸੰਮਤੀ ਜਾਂ ਪੰਚਾਇਤ ਦੇ ਕਾਗਜ਼ ਜੇ ਰਿਜੈਕਟ ਕੀਤੇ ਹਨ ਤਾਂ ਉਹ ਕਿਸੀ ਵਜ੍ਹਾ ਕਰਕੇ ਕੀਤੇ ਹੋਣਗੇ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ)। ਤੁਹਾਡੇ ਆਬਜੈਕਸ਼ਨ ਗਲਤ ਹੋਣਗੇ। ਇਹ ਗੱਲ ਬਿਲਕੁਲ ਨਹੀਂ ਹੈ। ਸੋ, ਤੁਹਾਨੂੰ ਪਤਾ ਹੈ ਕਿ ਆਉਣ ਵਾਲੇ ਸਮੇਂ ਲਈ ਤੁਹਾਡੇ ਕੋਲ ਅਕਾਲੀ ਦਲ ਦਾ ਕੈਂਡੀਡੇਟ ਹੀ ਨਹੀਂ ਲੱਭ ਰਿਹਾ ਹੈ। ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਲਈ ਤੁਹਾਨੂੰ ਕੈਂਡੀਡੇਟ ਨਹੀਂ ਲੱਭੇ। ਹੁਣ ਇਹੋ ਰੌਲਾ ਸਰਪੰਚ ਦੀਆਂ ਚੋਣਾਂ ਲਈ ਹੈ ਕਿ ਤੁਹਾਨੂੰ ਕੈਂਡੀਡੇਟ ਨਹੀਂ ਲੱਭਣੇ। ਤੁਸੀਂ ਕਹਿੰਦੇ ਹੋ ਕਿ ਸਾਡੇ ਨਾਲ ਧੱਕਾ ਹੋਣਾ ਹੈ, ਬਿਲਕੁਲ ਧੱਕਾ ਨਹੀਂ ਹੋਣਾ। ਇਹ ਅਮੈਂਡਮੈਂਟ ਇਸ ਕਰਕੇ ਲਿਆਉਣੀ ਪਈ ਕਿ 50% ਲੇਡੀਜ਼ ਦਾ ਕੋਟਾ ਬਣਿਆ, ਨਵੀਂ ਰੋਟੇਸ਼ਨ ਸ਼ੁਰੂ ਹੋਣੀ ਸੀ। ਉਸ ਦੇ ਲਈ ਸਾਨੂੰ ਇਹ ਅਮੈਂਡਮੈਂਟ ਲਿਆਉਣੀ ਪਈ, ਇਹ ਅਮੈਂਡਮੈਂਟ ਜ਼ਰੂਰੀ ਸੀ। ਬਾਕੀ ਜਿਹੜੀ ਗੱਲ ਕੀਤੀ ਹੈ ਕਿ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨਾਂ ਵਿਚ ਇਲੈਕਸ਼ਨ ਰੱਖੀ ਗਈ ਹੈ। ਅਸੀਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੰਨਦੇ ਹਾਂ ਅਤੇ ਸਾਹਿਬਜ਼ਾਦਿਆਂ ਦੀ ਦਿੱਤੀ ਲਾਸਾਨੀ ਕੁਰਬਾਨੀ ਲਈ ਸੀਸ ਝੁਕਾਉਂਦੇ ਹਾਂ ਪਰ ਸਾਡੇ ਤੇ constitutional obligation ਵੀ ਹੈ। 28 ਤਾਰੀਖ ਨੂੰ ਸ੍ਰੀ ਫਤਹਿਗੜ੍ਹ ਸਾਹਿਬ ਦਾ ਜੋੜ ਮੇਲਾ ਖਤਮ ਹੋਣਾ ਹੈ ਅਤੇ ਅਸੀਂ 30 ਤਾਰੀਖ ਦੀ ਇਲੈਕਸ਼ਨ ਰੱਖੀ ਹੈ। ਅਸੀਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਨਹੀਂ ਭੁੱਲੇ, ਅਸੀਂ ਸਾਰੇ ਸਤਿਕਾਰ ਕਰਦੇ ਰਹੇ ਹਾਂ ਅਤੇ ਕਰਦੇ ਰਹਾਂਗੇ। ਕੁਰਸੀ ਤੇ ਹੋਣ ਦੇ ਨਾਤੇ ਕਈ constitutional obligation ਵੀ ਹਨ, ਉਸੀ ਕਰਕੇ ਅਸੀਂ ਇਲੈਕਸ਼ਨ ਕਰਵਾ ਰਹੇ ਹਾਂ। ਹੁਣ ਇਹ ਇਲੈਕਸ਼ਨਾਂ ਅੱਗੇ ਨਹੀਂ ਹੋ ਸਕਦੀਆਂ। ਜਿਹੜੀ ਲੇਟ ਹੋਈ ਹੈ..

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਸਾਰੇ ਲਗਾਤਾਰ ਬੋਲੀ ਗਏ ਉਦੋਂ ਵਜ਼ੀਰ ਸਾਹਿਬ ਬੈਠ ਕੇ ਸੁਣੀ ਗਏ। ਹੁਣ ਤੁਸੀਂ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦੇ ਰਹੇ ਹੋ? (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ)। ਤੁਸੀਂ ਹਰ ਗੱਲ ਤੇ interrupt ਕਰਦੇ ਹੋ, ਇਹ ਨਹੀਂ ਚੱਲੇਗਾ। ਬਾਜਵਾ ਸਾਹਿਬ, ਬੈਠੋ ਤੁਹਾਡੀ ਗੱਲ ਆ ਗਈ ਹੈ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਸਪੀਕਰ ਸਾਹਿਬ, ਜਿਹੜੇ ਮੇਰੇ ਛੋਟਾ ਭਰਾ ਪਾਹੜਾ ਸਾਹਿਬ ਹਨ, ਉਹ ਗੁੱਸਾ ਕਰ ਰਹੇ ਹਨ। ਨਵੀਆਂ ਪੰਚਾਇਤਾਂ ਬਣੀਆਂ ਤਾਂ ਕੋਈ ਇੱਕ ਦੀਆਂ ਦੋ ਪੰਚਾਇਤਾਂ ਕਰਵਾਉਣਾ ਚਾਹੁੰਦਾ ਸੀ ਅਤੇ ਕੋਈ ਦੋ ਦੀਆਂ ਇੱਕ ਕਰਵਾਉਣਾ ਚਾਹੁੰਦਾ ਸੀ। ਉਸ ਦੇ ਵਿੱਚੋਂ ਕੁਝ ਕੁ ਬੰਦੇ ਹਾਈ ਕੋਰਟ ਚਲੇ ਗਏ

ਜਿਸ ਵਿੱਚ ਪਾਹੜਾ ਸਾਹਿਬ ਦੇ ਪਿੰਡ ਵਾਲੇ ਵੀ ਹਾਈ ਕੋਰਟ ਚਲੇ ਗਏ। ਪੰਜਾਬ ਵਿੱਚ 7 ਬੰਦੇ ਹਾਈ ਕੋਰਟ ਗਏ, 5-7 ਸੁਖਪਾਲ ਸਿੰਘ ਭੁੱਲਰ ਦੇ ਹਲਕੇ ਤੋਂ ਅਤੇ ਇੱਕ ਬੱਬੇ ਹਾਲੀ ਹਲਕੇ ਤੋਂ ਸੀ। ਹਾਈ ਕੋਰਟ ਨੇ decision ਕਰ ਦਿੱਤਾ ਕਿ ਜਿਹੜਾ ਡਾਇਰੈਕਟਰ, ਪੰਚਾਇਤ ਹੈ ਉਹ ਆਪਣਾ ਫੈਸਲਾ ਮੁੜ ਕੇ ਲਿਖੇਗਾ, ਸਪੀਕਿੰਗ ਆਰਡਰ ਲਿਖੇਗਾ। ਉਸ ਤੋਂ ਸਮਝ ਨਹੀਂ ਆਇਆ, ਨਾ ਮੈਂ ਉਨ੍ਹਾਂ ਨੂੰ ਆਖਿਆ ਕਿ ਤੁਸੀਂ ਇਸ ਤਰ੍ਹਾਂ ਕਰੋ ਕਿਉਂਕਿ ਹਾਈ ਕੋਰਟ ਹਾਈ ਕੋਰਟ ਹੈ, ਉਸ ਅੱਗੇ ਸਰਕਾਰ ਦਾ ਜਾਂ ਕਿਸੇ ਹੋਰ ਦਾ ਜ਼ੋਰ ਨਹੀਂ ਚੱਲਦਾ। ਡਾਇਰੈਕਟਰ ਸਾਹਿਬ ਨੇ ਆਪਣੀ ਸੋਚ ਮੁਤਾਬਿਕ ਜੋ ਠੀਕ ਸਮਝਿਆ, ਉਹ ਕੀਤਾ। ਠੀਕ ਹੈ ਕਿ ਇਹ ਫੈਸਲਾ ਮੇਰੇ ਭਰਾ ਦੇ ਉਲਟ ਗਿਆ ਅਤੇ ਇਹ ਗੁੱਸਾ ਕਰਦਾ ਹੈ ਪਰ ਸਾਰੀਆਂ ਗੱਲਾਂ ਕਦੇ ਮੰਨੀਆਂ ਵੀ ਨਹੀਂ ਜਾਂਦੀਆਂ। ਮਜਬੂਰੀ ਕਿਸੇ ਦੀ ਨਹੀਂ ਸੀ, ਜੋ ਹੋਇਆ, ਉਹ ਕਾਨੂੰਨ ਮੁਤਾਬਿਕ ਹੋਇਆ। ਮੈਂ ਚਾਹਵਾਂਗਾ ਕਿ ਇਹ ਜਿਹੜਾ ਬਿਲ ਹੈ, ਇਸ ਨੂੰ ਪਾਸ ਕੀਤਾ ਜਾਵੇ ਤਾਂ ਕਿ ਜੋ ਇਲੈਕਸ਼ਨ ਪ੍ਰਾਸੈਸ ਹੈ, ਉਹ ਛੇਤੀ ਸ਼ੁਰੂ ਕਰਕੇ ਤੇ ਕੰਮ ਮੁਕਾਇਆ ਜਾਵੇ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਮੰਤਰੀ ਸਾਹਿਬ ਕਹਿ ਰਹੇ ਹਨ ਕਿ ਜੋ ਹੋਇਆ ਹੈ, ਉਹ ਕਾਨੂੰਨ ਦੇ ਮੁਤਾਬਿਕ ਹੋਇਆ ਹੈ।ਲੇਕਿਨ ਕਾਨੂੰਨ ਦੇ ਮੁਤਾਬਿਕ ਇਹ ਦੋ ਫਾਈਲਾਂ ਬੋਲਦੀਆਂ ਹਨ ਕਿ ਜੋ ਹੋਇਆ ਉਹ ਗਲਤ ਹੋਇਆ ਹੈ।ਸੈਕਟਰੀ ਸਾਹਿਬ, ਮੈਨੂੰ ਬਾਹਰ ਮਿਲੇ ਹਨ, ਉਹ ਵੀ ਕਹਿੰਦੇ ਹਨ ਕਿ ਬਿਲਕੁਲ ਗਲਤ ਹੋਇਆ ਹੈ। ਇਹ ਮੈਨੂੰ ਮਿਲੇ ਕਿ ਤੇਰੇ ਨਾਲ ਬਿਲਕੁਲ ਧੱਕਾ ਹੋਇਆ, ਗਲਤ ਹੋਇਆ ਹੈ under what circumstances ਜਿਹੜਾ ਡਾਇਰੈਕਟਰ ਨੇ ਇੱਕ ਮਿੰਟ ਦੇ ਵਿੱਚ ਫੈਸਲਾ ਲੈ ਲਿਆ (ਵਿਘਨ) (ਸ਼ੋਰ) ਸਰ, ਇਹ ਬਿਲਕੁਲ ਗਲਤ ਗੱਲ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਚਲੋ ਬੈਠੋ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਸਰ, ਇਹ ਫੈਸਲਾ ਬਿਲਕੁਲ ਗਲਤ ਹੈ । ਇਹ ਬਿਲਕੁਲ ਗਲਤ ਗੱਲ ਹੈ। ਹਾਈ ਕੋਰਟ ਨੇ ਡਾਇਰੈਕਸ਼ਨ ਕੀਤੀ ਹੈ ਕਿ ਸਪੀਕਿੰਗ ਆਰਡਰ ਪਾਸ ਕੀਤੇ ਜਾਣ। ਡੇਢ ਸਾਲ ਪਹਿਲਾਂ ਉਹੀ ਡਾਇਰੈਕਟਰ, ਉਹੀ ਡਿਪਾਰਟਮੈਂਟ ਨਕਸ਼ਿਆਂ ਮੁਤਾਬਿਕ ਪਾਸ ਕਰਕੇ ਦੋ ਪੰਚਾਇਤਾਂ ਦਾ ਨੋਟੀਫਿਕੇਸ਼ਨ ਹੋ ਰਿਹਾ ਹੈ। ਉਸ ਦੇ ਮੁਤਾਬਿਕ ਪ੍ਰਾਸੈਸ ਚੱਲ ਰਿਹਾ ਹੈ ਔਰ ਰਾਤ ਦੇ ਹਨ੍ਹੇਰੇ ਵਿੱਚ ਹੀ ਹੋ ਰਿਹਾ ਹੈ। ਉਸ ਦਾ ਰੀਜ਼ਨ ਕੀ ਹੈ ? (ਸ਼੍ਰੋਮਣੀ ਅਕਾਲੀ ਦਲ ਦੇ ਮੈਬਰਾਂ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ)

**ਮਾਨਯੋਗ ਸਪੀਕਰ:** ਚਲੋ ਬੈਠੋ ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ੍ਨ ਹੈ

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :**ਕਿਉਂਜੋ ਕਲਾਜ਼ਾਂ 2 ਤੋਂ 4 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਅਸੀਂ ਨਾਂਹ ਬੋਲੇ ਹਾਂ ਅਤੇ ਇਹ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਇਹ ਤਾਂ ਹਾਂ ਬੋਲੇ ਹੀ ਨਹੀਂ (ਵਿਘਨ) (ਸ਼ੋਰ) ਤੁਸੀਂ ਹਾਂ-ਪੱਖ ਦੀ ਜਿੱਤ ਕਰ ਦਿੱਤੀ।(ਹਾਸਾ)

**ਮਾਨਯੋਗ ਸਪੀਕਰ:** ਮੈਂ ਹਾਊਸ ਦੀ ਸੈਂਸ ਲੈਣੀ ਹੈ।(ਹਾਸਾ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸੈਂਸ ਕਿਸਦੇ ਨਾਂ ਦੀ ? ਇੱਕ ਵੀ ਬੰਦਾ ਤਾਂ ਹਾਂ ਨਹੀਂ ਬੋਲਿਆ।(ਹਾਸਾ)

**ਮਾਨਯੋਗ ਸਪੀਕਰ:** ਚਲੋ, ਹਾਂ ਜੀ। (ਹਾਸਾ)

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ੍ਨ ਹੈ–

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----

## 2. THE PUNJAB REGULATION OF CATTLE FEED, CONCENTRATES AND MINERAL MIXTURES BILL, 2018

**ਮਾਨਯੋਗ ਸਪੀਕਰ :** ਸਰਦਾਰ ਬਲਬੀਰ ਸਿੰਘ ਸਿੱਧੂ, ਪਸ਼ੂ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਬਿਲ ਪੇਸ਼ ਕਰਨ।

**ਪਸ਼ੂ ਪਾਲਣ, ਡੇਅਰੀ ਵਿਕਾਸ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸ਼੍ਰੀਮਾਨ ਜੀ, ਮੈਂ ਪੰਜਾਬ ਪਸ਼ੂ ਖਾਦ, ਖਾਲਸ ਅਤੇ ਖਣਿਜ ਮਿਸ਼ਰਣ ਵਿਨਿਯਮਨ ਬਿਲ, 2018 ਪੇਸ਼ ਕਰਦਾ ਹਾਂ ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ ਕਿ ਪੰਜਾਬ ਪਸ਼ੂ ਖਾਦ, ਖਾਲਸ ਅਤੇ ਖਣਿਜ ਮਿਸ਼ਰਣ ਵਿਨਿਯਮਨ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਪਸ਼ੂ ਖਾਦ, ਖਾਲਸ ਅਤੇ ਖਣਿਜ ਮਿਸ਼ਰਣ ਵਿਨਿਯਮਨ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਹਾਂ ਜੀ , ਸਰਦਾਰ ਕੁਲਤਾਰ ਸਿੰਘ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਿਲ ਤੇ ਬੋਲਣ ਲਈ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸਰਕਾਰ ਜਿਹੜੀ ਇਹ ਅਮੈਂਡਮੈਂਟ ਲਿਆ ਰਹੀ ਹੈ, ਉਸ ਤੇ ਸਰਸਰੀ ਨਜ਼ਰ ਮਾਰੀ ਹੈ ਲੇਕਿਨ ਡਿਟੇਲ ਵਿੱਚ ਬਿਲ ਪੜ੍ਹਨ ਦਾ ਟਾਈਮ ਨਹੀਂ ਮਿਲਿਆ। ਅਸੀਂ ਤੁਹਾਨੂੰ ਵਾਰ-ਵਾਰ ਇਹੀ ਬੇਨਤੀ ਕਰਦੇ ਹਾਂ ਕਿ ਸਾਨੂੰ ਪਹਿਲਾਂ ਬਿਲ ਦਿੱਤਾ ਜਾਇਆ ਕਰੇ। ਉਸ ਵਿੱਚ ਮੈਂ ਇੱਕ ਗੱਲ ਪੁਆਇੰਟ ਆਊਟ ਕਰਨੀ ਚਾਹੁੰਦਾ ਹਾਂ ਕਿ ਅੱਜ-ਕੱਲ੍ਹ ਦੁਨੀਆਂ ਵਿੱਚ ਇੱਕ ਟੈਕਨਾਲੋਜੀ ਹੈ ਉਸ ਨੂੰ ਸਾਇੰਟਿਫਿਕ ਫਰਾਡ ਕਿਹਾ ਜਾਂਦਾ ਹੈ। ਸਾਡੇ ਜਿਹੜੇ ਡਿਵੈੱਲਪਡ ਕੰਟਰੀਜ਼ ਹਨ, ਉਨ੍ਹਾਂ ਸਾਰਿਆਂ ਨੇ ਜਿਹੜਾ ਜੈਨੇਟਿਕਲੀ ਮੋਡੀਫਾਈਡ ਫੂਡ ਆਈਟਮ ਹੈ, ਉਸ ਨੂੰ ਬੈਨ ਕਰ ਦਿੱਤਾ ਹੈ। ਸਿਰਫ ਥਰਡ ਵਰਲਡ ਹੈ, ਜਿਹੜਾ ਕਿ ਪੈਸੇ ਕਮਾਉਣ ਵਾਸਤੇ ਇਹ ਕੰਮ ਕਰ ਰਿਹਾ ਹੈ ਕਿਉਂਕਿ ਪੈਸੇ ਕਮਾਉਣ ਵਾਲਿਆਂ ਦਾ ਹੀ ਬੋਲਬਾਲਾ ਹੈ। ਬਦਕਿਸਮਤੀ ਨਾਲ ਲੋਕਾਂ ਦੀ ਗੱਲ ਘੱਟ ਸੁਣੀ ਜਾਂਦੀ ਹੈ, ਥਰਡ ਵਰਲਡ ਵਿੱਚ ਜਿੱਥੇ ਸਾਡਾ ਦੇਸ਼ ਵੀ ਆਉਂਦਾ ਹੈ, ਉਥੇ ਜੈਨੇਟਿਕਲੀ ਮੋਡੀਫਾਈਡ ਫੂਡ ਆਈਟਮਜ਼ ਜਿਵੇਂ ਫਸਲਾਂ, ਉਨ੍ਹਾਂ ਨੂੰ ਅਸੀਂ ਅਲਾਓ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਪਿੱਛੇ ਜਿਹੇ ਸਰਕਾਰ ਵੱਲੋਂ ਬਿਆਨ ਵੀ ਆਇਆ ਸੀ ਲੇਕਿਨ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ...

**ਮਾਨਯੋਗ ਸਪੀਕਰ:** ਤੁਸੀਂ ਇਸ ਬਿਲ ਤੇ ਕੁਝ ਕਹਿਣਾ ਹੈ? ਜੋ ਕਹਿਣਾ ਹੈ, ਇਸ ਬਿਲ ਤੇ ਕਹੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਰ, ਮੈਂ ਬਿਲਕੁਲ ਇਸੇ ਬਿਲ ਤੇ ਕਹਿ ਰਿਹਾ ਹਾਂ, ਜੇ ਤੁਸੀਂ ਕਹੋਗੇ ਤਾਂ ਸਾਰੇ ਐਮ.ਐਲ.ਏਜ਼ ਦਾ ਓਰੀਐਨਟੇਸ਼ਨ ਪ੍ਰੋਗਰਾਮ ਵੀ ਕਰਵਾ ਦਿਆਂਗੇ ਕਿਉਂਕਿ ਇਹ ਮਸਲਾ ਬਹੁਤ ਸੀਰੀਅਸ ਹੈ। ਇਸ ਬਿਲ ਵਿੱਚ ਕਿਤੇ ਵੀ ਇਹ ਨਹੀਂ ਲਿਖਿਆ ਗਿਆ ਕਿ ਜਿਹੜਾ ਇਹ ਬਿਲ ਹੈ ਉਸ ਵਿੱਚ ਫੀਡ ਦੇ genetically modified ingredients ਪੈਣਗੇ, ਉਨ੍ਹਾਂ ਨੂੰ ਬੈਨ ਕਰ ਦਿੱਤਾ ਜਾਂ ਉਨ੍ਹਾਂ ਨੂੰ ਅਲਾਓ ਕਰ ਦਿੱਤਾ। ਇਸ ਦਾ ਮਤਲਬ ਇਸ ਬਿਲ ਵਿੱਚ ਤੁਸੀ genetically modified ਮੱਕੀ, genetically modified ਫਸਲਾਂ ਉਹ ਅਲਾਓ ਕਰਨਗੇ ਜਿਹੜਾ ਕਿ inhuman ਹੈ। ਜਿਹੜਾ ਸਾਡੀ ਮਨੁੱਖਤਾ ਦੇ ਖਿਲਾਫ ਇੱਕ ਬਹੁਤ ਘਟੀਆ, ਇੱਕ ਸਾਇੰਟਿਫਿਕ fraud ਹੈ। ਉਸ ਚੀਜ਼ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਜੇ ਤੁਸੀਂ ਮਨੁੱਖਤਾ ਨੂੰ ਬਚਾਉਣ ਵਾਲਿਆਂ ਦੇ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹੋ, ਆਪਣੇ ਆਪ ਨੂੰ

ਆਲਮ ਫਾਜ਼ਲ ਦੱਸਣਾ ਚਾਹੁੰਦੇ ਹੋ ਕਿ ਅਸੀਂ ਸੱਚਾਈ ਤੇ ਖੜ੍ਹਦੇ ਹਾਂ। ਅਸੀਂ ਗਿਆਨਵਾਨ ਹਾਂ। ਅਸੀਂ ਭਾਰਤ ਦੇ ਲੋਕ ਬਹੁਤ ਸਿਆਣੇ ਹਾਂ ਤਾਂ ਘੱਟੋ-ਘੱਟ ਅਮਰੀਕਾ ਵਾਲਿਆਂ ਤੋਂ ਸਿੱਖ ਲਵੋ। ਜਿਨ੍ਹਾਂ ਨੇ ਇਸ ਦਾ ਵਿਰੋਧ ਕੀਤਾ। ਯੂਰਪ ਤੋਂ ਸਿੱਖ ਲਵੋ ਜਿਸ ਨੇ ਵਿਰੋਧ ਕੀਤਾ ਹੈ ਅਤੇ ਵਿਰੋਧ ਕਰਨ ਵਾਲਿਆਂ ਵਿੱਚ ਖੜ੍ਹ ਜਾਵੋ। ਇਸ ਬਿਲ ਦੇ ਵਿੱਚ ਮੈਂ ਪ੍ਰਸਤਾਵ ਕਰਦਾ ਹਾਂ ਕਿ ਕਿਰਪਾ ਕਰਕੇ ਇਸ ਬਿਲ ਦੇ ਵਿੱਚ ਇਹ ਐਡ ਕੀਤਾ ਜਾਵੇ ਕਿ ਇਹ ਇੱਕ strong regulation ਹੋਵੇਗਾ ਅਤੇ genetically modified ingredients ਕੋਈ ਵੀ ਕੈਟਲ ਫੀਡ ਵਿੱਚ ਨਹੀਂ ਹੋਵੇਗਾ। ਇਹ ਚੀਜ਼ਾਂ carcinogenic ਹੁੰਦੀਆਂ ਹਨ।

**ਮਾਨਯੋਗ ਸਪੀਕਰ:** ਤੁਸੀਂ ਇੰਨਾ ਲੰਮਾ ਭਾਸ਼ਣ ਨਾ ਕਰੋ, ਤੁਸੀਂ ਮੁਖਤਸਰ ਗੱਲ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ ਇਹ ਲੰਮਾ ਭਾਸ਼ਣ ਨਹੀਂ।

**ਮਾਨਯੋਗ ਸਪੀਕਰ:** ਤੁਸੀਂ ਇੱਕ ਗੱਲ ਕਹਿ ਦਿੱਤੀ ਤਾਂ ਉਸ ਦੀ repetition ਕਿੰਨੀ ਵਾਰ ਕਰੋਗੇ?

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਮੈਂ ਸਿਰਫ ਇੰਨੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਅੱਜ ਜਿਹੜੀ ਚੀਜ਼ ਅਸੀਂ ਖਾਧੀ ਤਾਂ ਉਹ ਸਾਡੇ ਬੱਚਿਆਂ ਵਿੱਚ, ਪੜਪੋਤਿਆਂ ਵਿੱਚ ਕਿੰਨਾ ਅਸਰ ਪਾਵੇਗੀ। ਮੰਤਰੀ ਸਾਹਿਬ ਇਸ ਦਾ ਜਵਾਬ ਦੇ ਦੇਣ।

**ਮਾਨਯੋਗ ਸਪੀਕਰ:** ਠੀਕ ਹੈ, ਠੀਕ ਹੈ। ਸਿੱਧੂ ਸਾਹਿਬ ਇਸ ਤੇ ਕੁਝ ਕਹਿਣਾ ਹੈ?

**ਸ਼੍ਰੀ ਸੋਮ ਪ੍ਰਕਾਸ਼:** ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਹੈ?

**ਮਾਨਯੋਗ ਸਪੀਕਰ:** ਸੋਮ ਪ੍ਰਕਾਸ਼ ਜੀ, ਬੈਠੋ ਹੁਣ। ਹੁਣ ਨਹੀਂ । ਚਲੋ, ਸਿੱਧੂ ਸਾਹਿਬ, ਤੁਸੀਂ ਬੋਲੋ।

**ਪਸ਼ੂ ਪਾਲਣ, ਡੇਅਰੀ ਵਿਕਾਸ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸਰਦਾਰ ਕੁਲਤਾਰ ਸਿੰਘ ਜੀ ਇਹ ਬਿਲ ਕਿਉਂ ਆਇਆ, ਇਹ ਕਿਉਂ ਲਿਆਂਦਾ ਗਿਆ, ਇਸ ਦੇ ਕੀ ਕਾਰਨ ਹਨ, ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਮੈਂ ਇਹ portfolio ਸੰਭਾਲਿਆ ਤਾਂ ਮੈਂ ਬਾਜ਼ਾਰਾਂ ਦੇ ਵਿੱਚ ਗਿਆ ਤਾਂ ਬਾਜ਼ਾਰਾਂ ਦੇ ਵਿੱਚ ਉਨ੍ਹਾਂ ਨੇ ਬਹੁਤ ਵੱਡੀਆਂ ਵੱਡੀਆਂ ਬੋਰੀਆਂ ਭਰ ਕੇ ਰੱਖੀਆਂ ਹੋਈਆਂ ਸਨ ਜਿਨ੍ਹਾਂ ਵਿੱਚ ਬਾਹਰ ਕੁਝ ਲਿਖਿਆ ਹੁੰਦਾ ਸੀ ਤੇ ਅੰਦਰ ਕੁਝ ਲਿਖਿਆ ਹੁੰਦਾ ਸੀ। ਜਦੋਂ ਉਸ ਦੀ ਕੁਆਲਿਟੀ ਚੈੱਕ ਕੀਤੀ ਤਾਂ ਬਹੁਤ poor ਸੀ। ਜਿਹੜਾ ਇਸ ਵੇਲੇ ਆਪਣਾ ਫੂਡ ਹੈ, ਚਾਹੇ ਮੱਕੀ ਹੈ ਜਾਂ ਕਣਕ ਹੈ ਜਾਂ ਚੌਲ ਹਨ ਜੋ ਵੀ ਚੀਜ਼ ਉਨ੍ਹਾਂ ਵਿੱਚ ਪਾਈ ਜਾਂਦੀ ਹੈ ਜਾਂ ਕੁਝ ਇਸ ਤਰ੍ਹਾਂ ਦੇ ਪ੍ਰੋਡਕਟਸ ਜਿਵੇਂ ਕਿ ਯੂਰੀਆ ਜ਼ਿਆਦਾ ਪਾ ਦਿੱਤਾ ਜਾਂ ਕਈ ਹੋਰ ਕੈਮੀਕਲਜ਼ ਜ਼ਿਆਦਾ ਪਾ ਦਿੱਤੇ, ਅਸੀਂ ਉਸ ਚੀਜ਼ ਤੇ ਕੰਟਰੋਲ ਕਰ ਸਕਦੇ

ਹਾਂ ਕਿ ਇਸ ਦਾ ਸਾਡੇ ਬੱਚਿਆਂ ਤੇ ਅਸਰ ਨਾ ਹੋਵੇ। ਪਸ਼ੂਆਂ ਦੀ ਸਿਹਤ ਦਾ ਵੀ ਅਸੀਂ ਖਿਆਲ ਰੱਖਣਾ ਹੈ। ਇਹ ਜਿਹੜੇ 70-80% ਅਵਾਰਾ ਪਸ਼ੂ ਹਨ ਉਸ ਦਾ ਖਾਸ ਕਾਰਨ ਫੀਡ ਦਾ ਹੈ। ਸੀ.ਐਮ. ਸਾਹਿਬ ਇਜ਼ਰਾਈਲ ਜਾ ਕੇ ਆਏ ਹਨ ਉਨ੍ਹਾਂ ਨੇ ਵੀ ਇਹੀ ਗੱਲ ਜ਼ਾਹਿਰ ਕੀਤੀ ਕਿ ਜਿਹੜੀ ਤੁਹਾਡੀ ਪੰਜਾਬ ਦੀ ਜਾਂ ਇੰਡੀਆ ਦੀ ਫੀਡ ਹੈ ਉਹ ਬਹੁਤ ਮਾੜੀ ਹੈ, ਉਸ ਦੀ ਕੁਆਲਿਟੀ ਸੁਧਾਰੋ। ਅਸੀਂ ਉਸ ਦੀ ਕੁਆਲਿਟੀ ਇੰਪਰੂਵ ਕਰਨ ਵਾਸਤੇ ਬਕਾਇਦਾ ਇਹ ਬਿਲ ਲੈ ਕੇ ਆਏ ਹਾਂ। ਜਿਹੜੀ ਡੁਪਲੀਕੇਸੀ ਹੈ ਕਿ ਲੋਕਾਂ ਨੇ ਅੰਦਰ ਕੁਝ ਲਿਖਿਆ ਹੁੰਦਾ ਹੈ ਅਤੇ ਬਾਹਰ ਕੁਝ ਲਿਖਿਆ ਹੁੰਦਾ ਹੈ, ਕਈ ਲੋਕ, ਦੁਕਾਨਦਾਰ ਇਸ ਦੇ ਨਾਲ ਕੂਪਨ ਦੇ ਰਹੇ ਹਨ ਜਾਂ ਕੋਈ ਕੁੱਕਰ ਦੇ ਰਿਹਾ ਹੈ, ਕੋਈ ਕੁਝ ਦੇ ਰਿਹਾ ਹੈ। ਇਸ ਬਿਲ ਰਾਹੀਂ ਅਸੀਂ ਉਹ ਬੰਦ ਕਰ ਰਹੇ ਹਾਂ ਤਾਂ ਕਿ ਲੋਕਾਂ ਨੂੰ pure ਚੀਜ਼ ਮਿਲੇ, ਦੁੱਧ ਵੀ ਪੂਰਾ purified ਹੋਵੇ, ਉਸ ਦੇ ਜਿਹੜੇ ਟੋਟਲ ਕਣ ਹਨ ਉਹ ਵੀ ਸਾਨੂੰ ਪੂਰੇ ਮਿਲਣ । ਇਸ ਕਰਕੇ ਅਸੀਂ ਇਹ ਬਿਲ ਲੈ ਕੇ ਆਏ ਹਾਂ।ਅਸੀਂ ਤੁਹਾਡੇ ਸਾਰੇ ਖਦਸ਼ੇ ਦੂਰ ਕਰਾਂਗੇ। ਬਕਾਇਦਾ laboratory ਵਿੱਚ ਹਰ ਚੀਜ਼ ਚੈੱਕ ਹੋਵੇਗੀ, ਹਰ ਸੈਂਪਲ ਚੈੱਕ ਹੋਣ ਤੋਂ ਬਾਅਦ ਲੋਕਾਂ ਨੂੰ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ:-

ਕਿ ਪੰਜਾਬ ਪਸ਼ੂ ਖਾਦ, ਖਾਲਸ ਅਤੇ ਖਣਿਜ ਮਿਸ਼ਰਣ ਵਿਨਿਯਮਨ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 14**

**ਮਾਨਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 14 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਦੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 14 ਤੱਕ ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਪਸ਼ੂ ਪਾਲਣ, ਡੇਅਰੀ ਵਿਕਾਸ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਪਸ਼ੂ ਖਾਦ, ਖਾਲਸ ਅਤੇ ਖਣਿਜ ਮਿਸ਼ਰਣ ਵਿਨਿਯਮਨ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਪਸ਼ੂ ਖਾਦ, ਖਾਲਸ ਅਤੇ ਖਣਿਜ ਮਿਸ਼ਰਣ ਵਿਨਿਯਮਨ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਹਾਂ ਜੀ, ਸ਼੍ਰੀ ਸੋਮ ਪ੍ਰਕਾਸ਼ ਜੀ ਤੁਸੀਂ ਹੁਣ ਕੁਝ ਕਹਿਣਾ ਹੈ?

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.) :** ਸਰ, ਮੇਰੀ ਇਹ ਬੇਨਤੀ ਹੈ ਕਿ ਐਮ.ਐਲ.ਏ. ਦਾ ਸਭ ਤੋਂ ਵੱਡਾ ਕੰਮ ਹੈ ਕਾਨੂੰਨ ਬਣਾਉਣਾ, ਕਾਨੂੰਨ ਪਾਸ ਕਰਨਾ, ਉਸ ਨੂੰ ਪੜ੍ਹ ਕੇ ਬੋਲਣਾ ਅਤੇ ਜੇ ਕੋਈ ਬੋਲਣਾ ਚਾਹੇ ਤਾਂ ਉਸ ਨੂੰ ਬੋਲਣ ਦਾ ਸਮਾਂ ਦੇਣਾ। ਜੇ ਕਿਸੇ ਮੈਂਬਰ ਨੇ ਬੋਲਣਾ ਹੈ ਤਾਂ ਉਸ ਨੂੰ ਐਵੇਂ ਡਿਸਕੇਰਜ ਨਾ ਕਰਿਆ ਕਰੋ। ਸਰ, ਪਹਿਲੀ ਗੱਲ ਜਿਹੜੇ ਸਾਡੇ ਕੋਲ ਬਿਲ ਆਏ ਹਨ ਉਹ ਅੱਧਾ ਘੰਟਾ ਪਹਿਲਾਂ ਆਏ ਹਨ।ਇਸ ਤੇ ਕੋਈ ਕੀ ਬੋਲੇਗਾ? ਅਸੀਂ ਫਿਰ ਵੀ ਬੋਲਾਂਗੇ।

**ਮਾਨਯੋਗ ਸਪੀਕਰ:** ਤੁਸੀਂ ਹਮੇਸ਼ਾ ਬੋਲਦੇ ਹੋ, ਤੁਸੀਂ ਗਿਲਾ ਨਾ ਕਰੋ।

**ਸ਼੍ਰੀ ਸੋਮ ਪ੍ਰਕਾਸ਼ :** ਸਰ, ਮੈਂ ਇਸ ਦੀ ਸੈਕਸ਼ਨ 9 ਬਾਰੇ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ। ਇਸ ਵਿਚ ਕਿਹਾ ਗਿਆ ਹੈ ਕਿ ਅਗਰ ਕਿਸੇ ਫੀਡ ਦਾ ਸੈਂਪਲ ਗਲਤ ਹੋ ਜਾਏ Feed, straw based feed or any other variant thereof, ਅਗਰ ਇਸ ਦੀ ਕੁਆਲਿਟੀ ਕੋਈ ਮਾੜੀ ਹੋਵੇ he shall be prosecuted under this Act, which shall be punishable with imprisonment for a term, which may extend to three years. ਇਸ ਤਰ੍ਹਾਂ ਇਸ ਬਿਲ ਵਿੱਚ ਤਿੰਨ ਸਾਲ ਦੀ ਸਜ਼ਾ ਦੀ ਪ੍ਰੋਵੀਜ਼ਨ ਕੀਤੀ ਗਈ ਹੈ, ਇਸ ਦੇ ਨਾਲ ਹੀ ਅਗਲੀ ਲਾਈਨ ਵਿਚ ਲਿਖਿਆ ਹੈ ਕਿ during the pendency of the case in the Court of Law, the Registration Authority shall suspend the Registration Certificate. ਜੇ ਉਸ ਦਾ ਕੇਸ ਦੋ ਤਿੰਨ ਸਾਲ ਚਲਦਾ ਰਹਿੰਦਾ ਹੈ ਲੇਕਿਨ ਜੇ ਬਾਅਦ ਵਿਚ ਉਹ ਬਰੀ ਹੋ ਜਾਂਦਾ ਹੈ ਤਾਂ ਅਸੀਂ ਉਸ ਦਾ ਲਾਇਸੰਸ ਸਸਪੈਂਡ ਰੱਖਾਂਗੇ? ਇਸ ਨਾਲ ਉਸ ਦਾ ਨੁਕਸਾਨ ਵੀ ਹੋ ਜਾਣਾ ਹੈ। ਦੂਸਰਾ ਇਨ੍ਹਾਂ ਨੇ ਹੋਰ ਇੱਕ ਚੋਰ ਦਰਵਾਜ਼ਾ ਰੱਖਿਆ ਹੈ, ਜੋ ਇੱਕ ਨਾਲ ਇਨ੍ਹਾਂ ਨੇ Appellate authority ਬਣਾ ਦਿੱਤੀ, ਜੇਕਰ ਉਸ ਕੋਲ ਅਪੀਲ ਕਰਦੇ ਹਾਂ ਤਾਂ ਉਹ ਲਾਇਸੰਸ ਰਿਸਟੋਰ ਕਰ ਸਕਦਾ ਹੈ। When the case is in the Court, ਜਦੋਂ ਕੇਸ ਕੋਰਟ ਵਿਚ ਚਲਾ ਗਿਆ, ਅਸੀਂ ਇਹ ਫੈਸਲਾ ਲਈਏ ਕਿ ਉਸ ਦਾ ਲਾਇਸੰਸ ਸਸਪੈਂਡ ਰੱਖਣਾ ਹੈ ਜਾਂ ਨਹੀਂ। ਮੰਤਰੀ ਜੀ, ਇਹ ਸਪੈਸੇਫਿਕ ਹੋਣਾ ਚਾਹੀਦਾ ਹੈ। ਉਹ ਪੈਸੇ ਲਵੇਗਾ ਅਤੇ ਕਹੇਗਾ ਕਿ ਮੈਂ ਤੇਰਾ ਲਾਇਸੰਸ ਰਿਸਟੋਰ ਕਰ ਦਿੱਤਾ, ਕੇਸ ਕੋਰਟ ਵਿੱਚ ਚਲਦਾ ਹੈ ਤਾਂ ਚਲਦਾ ਰਹੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਕੋਰਟ ਵਿੱਚ ਕੇਸ ਚਲਦਾ ਹੈ ਔਰ ਲਾਇਸੈਂਸ ਸਸਪੈਂਡ ਕੀਤਾ ਹੋਇਆ ਹੈ ਤਾਂ Appellate authority ਬਣਾਉਣ ਦਾ ਮਤਲਬ ਕੋਈ ਨਹੀਂ ਹੈ। ਇਸ ਵਿੱਚ ਸਜ਼ਾ ਹੈ ਤਿੰਨ ਸਾਲ ਦੀ ਹੈ ਅਤੇ ਜੇ ਤਿੰਨ ਸਾਲ ਦੀ ਸਜ਼ਾ ਹੋ ਗਈ ਤਾਂ ਲਾਇਸੰਸ ਵੀ ਸਸਪੈਂਡ ਹੋਏਗਾ ਤੇ ਉਸ ਦਾ ਲਾਇਸੰਸ ਵੀ ਨਾਲ ਹੀ ਜਾਏਗਾ। But during the pendency of the case ਉਸ ਨੂੰ ਸਸਪੈਂਡ ਰੱਖਣਾ ਜਾਂ ਨਹੀਂ ਰੱਖਣਾ, ਇਸ ਬਾਰੇ Government must decide ਇਹ ਨਹੀਂ ਕਿ ਐਪੀਲਟ ਅਥਾਰਿਟੀ ਨੂੰ ਅਧਿਕਾਰ ਦੇ ਦਿੱਤੇ ਅਤੇ ਜਿਹੜਾ ਉਸ ਨੂੰ ਉੱਥੇ ਪੈਸੇ ਦੇ ਦੇਵੇਗਾ ਉਸਦਾ ਲਾਇਸੰਸ reinstate ਹੋ ਜਾਵੇਗਾ, ਦੂਜਾ ਰਹਿ ਜਾਵੇਗਾ । ਇਸ ਲਈ ਮੇਰੀ ਰਿਕੁਐਸਟ ਹੈ ਕਿ ਜਿਹੜਾ ਵੀ ਬਿਲ ਬਣਾਉਣਾ ਹੈ ਉਹ ਆਪਾਂ ਠੀਕ ਬਣਾਈਏ।

**ਮਾਨਯੋਗ ਸਪੀਕਰ:** ਚਲੋ ਬੈਠੋ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਪਸ਼ੂ ਖਾਦ, ਖਾਲਸ ਅਤੇ ਖਣਿਜ ਮਿਸ਼ਰਣ ਵਿਨਿਯਮ ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----

## 3. THE PUNJAB GOOD CONDUCT PRISONERS (TEMPORARY RELEASE) AMENDMENT BILL, 2018

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਦੇ ਕੈਦੀਆਂ ਦੇ ਚੰਗੇ ਆਚਰਣ (ਆਰਜ਼ੀ ਰਿਹਾਈ) ਸੋਧਨਾ ਬਿਲ, 2018 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਦੇ ਕੈਦੀਆਂ ਦੇ ਚੰਗੇ ਆਚਰਣ (ਆਰਜ਼ੀ ਰਿਹਾਈ) ਸੋਧਨਾ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਦੇ ਕੈਦੀਆਂ ਦੇ ਚੰਗੇ ਆਚਰਣ (ਆਰਜ਼ੀ ਰਿਹਾਈ) ਸੋਧਨਾ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਮਾਣੂਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ,ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਵੈਸੇ ਤਾਂ ਮੰਤਰੀ ਸਾਹਿਬ ਖੁਦ ਇਸ ਚੀਜ਼ ਲਈ ਬੜੇ ਸੁਚੇਤ ਹਨ, ਪਰ ਜਿਹੜੀ ਬਰਗਾੜੀ ਦੇ ਵਿਚ ਸੰਗਤ ਬੈਠੀ ਸੀ, ਉਨ੍ਹਾਂ ਦੀ ਇਹ ਮੰਗ ਸੀ ਕਿ ਬੰਦੀ ਸਿੰਘਾਂ ਦੀ ਰਿਹਾਈ ਕੀਤੀ ਜਾਵੇ, ਜਿਹੜੇ ਸਜ਼ਾ ਭੁਗਤ ਚੁੱਕੇ ਹਨ, ਉਨ੍ਹਾਂ ਦੀ ਰਿਹਾਈ ਜਲਦੀ ਤੋਂ ਜਲਦੀ ਕੀਤੀ ਜਾਵੇ। ਮੇਰੀ ਇੱਛਾ ਹੈ ਕਿ ਇਸ ਚੀਜ਼ ਨੂੰ ਵੀ ਸ਼ਾਮਿਲ ਕੀਤਾ ਜਾਵੇ।

**ਮਾਨਯੋਗ ਸਪੀਕਰ:** ਹਾਂ ਜੀ, ਵਡਾਲਾ ਸਾਹਿਬ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ):** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕਈ ਕੈਦੀ ਜਿਹੜੇ ਹਨ ਉਹ ਆਪਣੀ ਕੈਦ ਕੱਟ ਲੈਂਦੇ ਹਨ, ਆਪਣੀ ਸਜ਼ਾ ਪੂਰੀ ਕਰ ਲੈਂਦੇ ਹਨ, ਖਾਸ ਤੌਰ ਤੇ ਦਸ ਸਾਲ ਜਾਂ ਉਮਰ ਕੈਦ ਕਹਿ ਲਓ। ਉਨ੍ਹਾਂ ਦਾ ਨਕਸ਼ਾ ਬਣਨ ਨੂੰ ਇੰਨਾ ਟਾਈਮ ਲੱਗ

ਜਾਂਦਾ ਹੈ ਜਿਸ ਕਾਰਨ ਉਨ੍ਹਾਂ ਨੂੰ ਕਈ ਮਹੀਨੇ ਜੇਲ੍ਹ ਵਿਚ ਵੱਧ ਰਹਿਣਾ ਪੈਂਦਾ ਹੈ, ਇਹ ਬਹੁਤ ਚਿਰਾਂ ਤੋਂ ਪ੍ਰੋਸੀਜਰ ਚੱਲ ਰਿਹਾ ਹੈ। ਤੁਸੀਂ ਏਨਾ ਵੱਡਾ ਪਰਉਪਕਾਰ ਕਰਨ ਜਾ ਰਹੇ ਹੋ, ਤੁਹਾਡੇ ਤੋਂ ਆਸ ਵੀ ਹੈ ਕਿ ਤੁਸੀਂ ਇਸ ਵਿਚ ਇਹ ਵੀ ਲਾਜ਼ਮੀ ਬਣਾਓ ਕਿ ਜੇ ਕਿਸੇ ਕੈਦੀ ਦੀ ਸਜ਼ਾ ਪੂਰੀ ਹੋ ਗਈ ਤਾਂ ਉਸ ਨੂੰ ਟਾਈਮ ਪੀਰੀਅਡ ਤੋਂ ਬਾਅਦ ਛੱਡ ਦੇਣਾ ਚਾਹੀਦਾ ਹੈ, ਨਾ ਕਿ ਉਹ ਜੇਲ੍ਹਾਂ ਵਿਚ ਮਹੀਨਿਆਂ ਬੱਧੀ ਰੁਲਦਾ ਰਹੇ। ਉਸ ਦੀ ਕੋਈ ਸੁਣਵਾਈ ਨਹੀਂ ਹੁੰਦੀ। ਕਿਉਂਕਿ ਜੇਲ੍ਹ ਤੋਂ ਲੈ ਕੇ ਗਵਰਨਰ ਤੱਕ ਇਹ ਗੱਲ ਜਾਂਦੀ ਹੈ and it takes a lot of time. ਰੰਧਾਵਾ ਸਾਹਿਬ, ਇਸ ਤੇ ਵੀ ਗੌਰ ਕਰਨਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਦੇ ਕੈਦੀਆਂ ਦੇ ਚੰਗੇ ਆਚਰਣ (ਆਰਜ਼ੀ ਰਿਹਾਈ) ਸੋਧਨਾ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਦੇ ਕੈਦੀਆਂ ਦੇ ਚੰਗੇ ਆਚਰਣ (ਆਰਜ਼ੀ ਰਿਹਾਈ) ਸੋਧਨਾ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਦੇ ਕੈਦੀਆਂ ਦੇ ਚੰਗੇ ਆਚਰਣ (ਆਰਜ਼ੀ ਰਿਹਾਈ) ਸੋਧਨਾ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਦੇ ਕੈਦੀਆਂ ਦੇ ਚੰਗੇ ਆਚਰਣ (ਆਰਜ਼ੀ ਰਿਹਾਈ) ਸੋਧਨਾ ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-------

**4. THE PUNJAB GOODS AND SERVICES TAX (AMENDMENT) BILL, 2018** ***(Replacing Ordinance)***

**ਮਾਨਯੋਗ ਸਪੀਕਰ :** ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਬਿਲ ਪੇਸ਼ ਕਰਨ।

**ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2018 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਬੋਲਣ ਲਈ ਖੜ੍ਹੇ ਹੋ ਗਏ।)

**ਮਾਨਯੋਗ ਸਪੀਕਰ :** ਤੁਸੀਂ ਪਹਿਲਾਂ ਹੀ ਖੜ੍ਹੇ ਹੋ ਗਏ ਹੋ, ਅਜੇ ਬਹਿਸ ਦਾ ਟਾਈਮ

ਤਾਂ ਆਉਣ ਦਿਓ। Just wait. ਮੈਨੂੰ ਪਤਾ ਹੈ। Let the time come.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਹਾਂ ਜੀ, ਚੀਮਾ ਸਾਹਿਬ ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.) :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਡੀਜ਼ਲ, ਪੈਟਰੋਲ ਦੇ ਰੇਟ ਚੰਡੀਗੜ੍ਹ ਵਿੱਚ ਹੋਰ ਹਨ, ਪੰਜਾਬ ਵਿੱਚ ਹੋਰ ਹਨ, ਹਰਿਆਣੇ ਵਿੱਚ ਹੋਰ ਹਨ, ਹਿਮਾਚਲ ਵਿੱਚ ਹੋਰ ਹਨ। ਇਸ ਕਰਕੇ ਪੰਜਾਬ ਦੇ ਰੈਵੇਨਿਊ ਨੂੰ ਬਹੁਤ ਲਾਸ ਹੋ ਰਿਹਾ ਹੈ। ਜਿੰਨੀਆਂ ਵੀ ਪੰਜਾਬ ਦੀਆਂ ਗੱਡੀਆਂ ਚੰਡੀਗੜ੍ਹ ਡੇਅਲੀ ਆਉਂਦੀਆਂ ਹਨ, ਉਹ ਸਾਰੀਆਂ ਇਥੋਂ ਪੈਟਰੋਲ ਲੈ ਕੇ ਜਾਂਦੀਆਂ ਹਨ, ਡੀਜ਼ਲ ਲੈ ਕੇ ਜਾਂਦੀਆਂ ਹਨ। ਚੰਡੀਗੜ੍ਹ ਵਿਖੇ ਡੀਜ਼ਲ 2/– ਰੁਪਏ ਅਤੇ ਪੈਟਰੋਲ ਵਿੱਚ 9/– ਰੁਪਏ ਤੱਕ ਦਾ ਫਰਕ ਹੈ। ਮੰਤਰੀ ਸਾਹਿਬ ਇਸ ਬਾਰੇ ਆਸ਼ਵਾਸਨ ਦੇਣਗੇ ਜਾਂ ਦੱਸਣਗੇ ਕਿ ਜਿਹੜੇ ਅਲੱਗ-ਅਲੱਗ ਰੇਟ ਹਨ, ਇਹ ਕਿਵੇਂ ਇਕਸਾਰ ਹੋ ਸਕਦੇ ਹਨ, ਇਹ ਕਿਵੇਂ ਹੱਲ ਹੋ ਸਕਦੇ ਹਨ?

**ਸ਼੍ਰੀ ਅਮਨ ਅਰੋੜਾ (ਸੁਨਾਮ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਅਸੀਂ ਕਈ ਵਾਰ ਰਿਕੁਐਸਟ ਕਰ ਚੁੱਕੇ ਹਾਂ। ਇਹ ਛੇਵਾਂ ਸੈਸ਼ਨ ਹੈ ਕਿ ਬਿਲ ਸਾਡੇ ਕੋਲ as per rules 15 ਦਿਨ ਪਹਿਲਾਂ ਆ ਜਾਇਆ ਕਰਨ ਤਾਂ ਅਸੀਂ ਡਿਸਕਸ਼ਨ ਵਿੱਚ ਹੋਰ ਬੈਟਰ ਪਾਰਟੀਸੀਪੇਟ ਕਰ ਸਕਦੇ ਹਾਂ ਪਰ ਅਨਫਾਰਚੂਨੇਟਲੀ ਤੁਸੀਂ ਪੋਲ੍ਹਾ ਜਿਹਾ ਇਨ੍ਹਾਂ ਨੂੰ ਕਹਿ ਦਿੰਦੇ ਹੋ, ਇਨ੍ਹਾਂ ਤੇ ਅਸਰ ਹੁੰਦਾ ਨਹੀਂ ਹੈ। ਇਹ ਬਿਲ ਸਾਡੇ ਕੋਲ 10 ਮਿੰਟ ਪਹਿਲਾਂ ਆਇਆ ਹੈ ਪਰ ਫਿਰ ਵੀ ਜਿੰਨਾ ਕੁ what I can contribute, ਉਹ ਕਰਾਂਗਾ। ਸਰ, ਇਸ ਤਰ੍ਹਾਂ ਹੈ ਕਿ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਜਿਹੜੀ ਇੰਡਸਟਰੀ ਹੈ, ਵਪਾਰੀ ਹੈ that is backbone of any economy. ਜੀ.ਐਸ.ਟੀ. ਨੇ ਪੂਰੇ ਮੁਲਕ ਦੇ ਵਿੱਚ ਵਪਾਰੀਆਂ ਦੀ ਰੀੜ੍ਹ ਦੀ ਹੱਡੀ ਤੋੜ ਕੇ ਰੱਖ ਦਿੱਤੀ ਹੈ, ਮੈਂ ਸਮਝਦਾ ਹਾਂ ਕਿ ਉਸ ਨਾਲ ਪੰਜਾਬ ਦੀ ਅਤੇ ਪੂਰੇ ਮੁਲਕ ਦੀ ਇਕਾਨਮੀ ਬਹੁਤ ਹਿੱਟ ਹੋਈ ਹੈ। ਸਰ, ਜਿੰਨਾ ਕੁ ਇਹ ਅਮੈਂਡਮੈਂਟ ਬਿਲ ਹੈ, ਇਸ ਵਿੱਚ ਜ਼ਿਆਦਾ ਕੁਝ ਕਰਨ ਨੂੰ ਐਫ.ਐਮ. ਸਾਹਿਬ ਕੋਲ ਵੀ ਕੁਝ ਨਹੀਂ ਕਿਉਂਕਿ ਇਹ ਸੈਂਟਰਲ ਐਕਟ ਹੈ। ਮੈਂ ਸਮਝਦਾ ਹਾਂ ਕਿ ਜਿੰਨਾ ਕੁ ਸਟੇਟ ਗੌਰਮਿੰਟ ਕਰ ਸਕਦੀ ਹੈ, ਉਹ ਮੈਂ ਇੱਕ-ਦੋ ਚੀਜ਼ਾਂ ਪਰਪੋਜ਼ ਕਰਨਾ ਚਾਹਾਂਗਾ। ਪੰਜਾਬ ਦੇ ਵਿੱਚ 1 ਅਕਤੂਬਰ, 2018 ਨੂੰ ਈ-ਵੇਅ ਬਿਲ ਦੀ ਐਗਜ਼ੰਪਸ਼ਨ 50,000/– ਰੁਪਏ ਤੋਂ ਵਧਾ ਕੇ ਇੱਕ ਲੱਖ ਰੁਪਏ ਕੀਤੀ ਗਈ ਸੀ ਜਿਹੜੀ ਕਿ ਆਪਾਂ 15 ਦਿਨ ਬਾਅਦ ਹੀ ਵਾਪਸ ਲੈ ਲਈ।

ਉਸ ਦੇ ਨਾਲ ਵਪਾਰੀਆਂ ਨੂੰ ਇੰਨੀ ਖੱਜਲ-ਖੁਆਰੀ ਹੋ ਰਹੀ ਹੈ। ਇੱਕ ਬੰਦਾ ਪਰਮਾਨੈਂਟ ਕੰਪਿਊਟਰ ਅਪਰੇਟਰ ਵਪਾਰੀਆਂ ਨੂੰ ਰੱਖਣਾ ਪੈ ਗਿਆ ਜਿਸ ਨਾਲ ਉਨ੍ਹਾਂ ਦਾ ਉਹ 15000-20,000/- ਰੁਪਏ ਦਾ ਖਰਚਾ ਵੱਧ ਗਿਆ । ਜਿਹੜੇ ਛੋਟੇ ਸਪਲਾਇਰ ਹਨ, ਉਨ੍ਹਾਂ ਨੇ ਰੇੜ੍ਹੀਆਂ ਦੇ ਉਪਰ ਅਤੇ ਆਟੋ ਰਿਕਸ਼ਿਆਂ ਦੇ ਉਪਰ ਲੈ ਕੇ ਜਾਣਾ ਸ਼ੁਰੂ ਕਰ ਦਿੱਤਾ ਜਦ ਕਿ ਮਹਾਂਰਾਸ਼ਟਰ ਵਿੱਚ ਅੱਜ ਵੀ ਇੱਕ ਲੱਖ ਰੁਪਏ ਤੱਕ ਦੀ ਐਗਜ਼ੰਪਸ਼ਨ ਈ-ਵੇਅ ਬਿਲ ਉਤੇ ਹੈ। ਮੇਰੀ ਐਫ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਇਸ ਦੇ ਉਪਰ ਇੱਕ ਵਾਰ ਦੁਬਾਰਾ ਫਿਰ ਜ਼ਰੂਰ ਗੌਰ ਫੁਰਮਾਇਓ। ਸਰ, ਮੈਂ ਇੱਕ ਹੋਰ ਗੱਲ ਐਫ.ਐਮ. ਸਾਹਿਬ ਦੇ ਧਿਆਨ ਦੇ ਵਿੱਚ ਲਿਆਉਣਾ ਚਾਹਾਂਗਾ ਕਿ ਤਕਰੀਬਨ 6-8 ਮਹੀਨੇ ਹੋ ਗਏ ਹਨ, ਐਫ.ਐਮ.ਸਾਹਿਬ ਲੁਧਿਆਣੇ ਇੰਡਸਟਰੀ ਵਾਲਿਆਂ ਨਾਲ ਪ੍ਰਾਮਿਸ ਵੀ ਕਰਕੇ ਆਏ ਸੀ, ਇਨ੍ਹਾਂ ਨੇ ਮੀਟਿੰਗ ਵੀ ਰੱਖੀ ਸੀ ਤਾਂ ਉਨ੍ਹਾਂ ਨੇ ਉਸ ਮੀਟਿੰਗ ਵਿੱਚ ਦੋ ਸਾਲਾਂ ਤੋਂ ਜਿਹੜਾ ਵੈਟ ਦੇ ਰਿਫੰਡ ਦਾ 400 ਕਰੋੜ ਰੁਪਿਆ ਹੈ, ਉਹ ਅੱਜ ਵੀ ਪੈਂਡਿੰਗ ਪਿਆ ਹੈ, ਐਫ.ਐਮ.ਸਾਹਿਬ, ਤੁਸੀਂ ਇਸ ਉਤੇ ਜ਼ਰੂਰ ਗੌਰ ਫੁਰਮਾਇਓ ਕਿ ਜਿਹੜਾ ਤੁਸੀਂ ਲੁਧਿਆਣੇ ਵਪਾਰੀਆਂ ਨਾਲ ਵਾਅਦਾ ਕਰਕੇ ਆਏ ਸੀ ਉਹ ਅੱਜ ਵੀ ਤੁਹਾਡੇ ਉਸ ਵਾਅਦੇ ਨੂੰ ਪੂਰਾ ਕਰਨ ਦੀ ਵੇਟ ਕਰ ਰਹੇ ਹਨ । ਸਰ, ਇੱਕ ਮੈਂ ਐਫ.ਐਮ.ਸਾਹਿਬ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਡਿਸਕਸ਼ਨ ਐਂਡ ਡਿਬੇਟ ਦੇ ਵਿੱਚੋਂ ਹਮੇਸ਼ਾ ਜਿਹੜੇ ਸਲਿਊਸ਼ਨਜ਼ ਹਨ, ਉਹ ਬੈਟਰ ਨਿਕਲ ਆਉਂਦੇ ਹਨ । ਜਦੋਂ ਇਸ ਬਾਰੇ ਜੀ.ਐਸ.ਟੀ. ਕੌਂਸਲ ਦੀ ਮੀਟਿੰਗ ਹੋਈ ਸੀ ਜਿਸ ਵਿੱਚ ਸਾਡੇ ਐਫ.ਐਮ., ਡਿਪਟੀ ਸੀ.ਐਮ.ਮੁਨੀਸ਼ ਸਿਸੋਦੀਆ ਜੀ ਨੇ 15 ਮੀਟਿੰਗਾਂ ਸਟੇਕ ਹੋਲਡਰਜ਼ ਨਾਲ ਕੀਤੀਆਂ ਲੇਕਿਨ ਪੰਜਾਬ ਦੇ ਵਪਾਰੀਆਂ ਦਾ, ਇੰਡਸਟਰੀ ਵਾਲਿਆਂ ਦਾ ਐਫ.ਐਮ.ਸਾਹਿਬ ਅਤੇ ਸਰਕਾਰ ਦੇ ਨਾਲ ਗਿਲਾ ਇਹ ਹੈ ਕਿ ਪੰਜਾਬ ਵਿੱਚ ਡਿਸਕਸ਼ਨ ਡੈਲੀਬਰੇਸ਼ਨਜ਼ ਵਿੱਚ ਇੱਕ ਵੀ ਮੀਟਿੰਗ ਨਹੀਂ ਹੋਈ, ਸਿੰਗਲ ਮੀਟਿੰਗ ਨਹੀਂ ਹੋਈ ਜਿਸ ਨਾਲ ਮੈਂ ਸਮਝਦਾ ਹਾਂ ਕਿ ਜਿਹੜੇ ਮੇਨ ਕਨਸਰਨ ਹਨ, ਉਹ ਵਿਚੋਂ ਰਹਿ ਗਏ। ਸਰ, ਇੱਕ ਹੋਰ ਜਿਹੜੀ ਕਮਾਲ ਦੀ ਚੀਜ਼ ਇਥੇ ਦੇਖਣ ਨੂੰ ਮਿਲੀ ਹੈ, ਤੁਸੀਂ ਵੀ ਪਿਛਲੇ ਦਿਨਾਂ ਵਿੱਚ ਪੇਪਰਾਂ ਵਿੱਚ ਪੜ੍ਹਿਆ ਹੋਵੇਗਾ ਕਿ ਤਕਰੀਬਨ ਚਾਰ ਪੰਜ ਹਜ਼ਾਰ ਕਰੋੜ ਰੁਪਏ ਦਾ ਜਿਹੜਾ ਗਬਨ, ਡਿਫਾਲਟ ਹੈ, ਉਹ ਜੀ.ਐਸ.ਟੀ. ਵਿਚ ਫਰਾਡ ਸਾਹਮਣੇ ਆਇਆ ਹੈ। ਸਰ, ਉਸ ਵਿੱਚ ਹੁਣ ਹੋ ਕੀ ਰਿਹਾ ਹੈ ਕਿ ਇਸ ਚੱਕਰ ਵਿੱਚ ਪੰਜਾਬ ਦੇ ਤਕਰੀਬਨ ਤਕਰੀਬਨ 1800 ਜਿਹੜੇ ਰਿਸੀਵਰ ਹਨ, ਜਿਹੜੇ ਬਾਇਅਰ ਹਨ, ਉਨ੍ਹਾਂ ਨੂੰ ਨੋਟਿਸ ਇਸ਼ੂ ਕਰ ਦਿੱਤੇ ਗਏ ਜਿਨ੍ਹਾਂ ਵਿੱਚ ਤਕਰੀਬਨ 150 ਫਰਨਿਸ਼ ਵਾਲੇ ਹਨ, 450 ਹੌਜ਼ਰੀ ਵਾਲੇ ਹਨ, ਉਨ੍ਹਾਂ ਨੂੰ ਤਾਂ ਨੋਟਿਸ ਇਸ਼ੂ ਕਰ ਦਿੱਤੇ ਗਏ ਜਿਨ੍ਹਾਂ ਨੇ ਬਿੱਲਜ਼ ਉਤੇ ਟੈਕਸ ਦੇ ਕੇ ਮਾਲ ਲਿਆ ਪਰ ਜਿਹੜੇ ਮੇਨ ਡਿਫਾਲਟਰਜ਼ ਹਨ, ਸਪਲਾਇਰ ਹਨ, ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾ ਰਿਹਾ ਹੈ। ਇਸ ਦੇ ਨਾਲ ਮੈਂ ਸਮਝਦਾ

ਹਾਂ ਕਿ ਇੰਡਸਟਰੀ ਬਹੁਤ ਹਿੱਟ ਹੋ ਰਹੀ ਹੈ, ਜਿਹੜੇ ਡਿਫਾਲਟਰਜ਼ ਹਨ, ਜਿਹੜੀਆਂ ਬਿੱਗ ਫਿਸ਼ਜ਼ ਹਨ, ਜਿਹੜੀਆਂ ਡਿਫਾਲਟ ਕਰ ਰਹੀਆਂ ਹਨ ਔਰ ਜੀ.ਐਸ.ਟੀ.ਦਾ ਪੈਸਾ ਗਬਨ ਕਰ ਰਹੀਆਂ ਹਨ, ਮੈਂ ਸਮਝਦਾ ਹਾਂ ਕਿ ਉਨ੍ਹਾਂ ਉਪਰ ਜ਼ਰੂਰ ਕੋਈ ਨਾ ਕੋਈ ਐਕਸ਼ਨ ਹੋਣਾ ਚਾਹੀਦਾ ਹੈ ਅਤੇ ਜਿਹੜਾ ਵਪਾਰੀ ਹੈ, ਇੰਡਸਟਰੀ ਹੈ, ਉਸ ਉਪਰ ਇਸ ਤਰ੍ਹਾਂ ਦਾ ਐਕਸ਼ਨ ਨਹੀਂ ਹੋਣਾ ਚਾਹੀਦਾ। ਸਰ, ਮੈਂ ਇੱਕ ਚੀਜ਼ ਐਫ.ਐਮ.ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹਾਂਗਾ ਕਿ ਜਿਵੇਂ ਮਹਾਂਰਾਸ਼ਟਰ ਵਿੱਚ ਜੀ.ਐਸ.ਟੀ. ਦਾ ਡਾਇਰੈਕਟਰ ਵਿਜੀਲੈਂਸ ਹੈ, ਉਹ ਆਈ.ਪੀ.ਐਸ.ਆਫੀਸਰ ਹੈ ਪਰ ਪੰਜਾਬ ਵਿੱਚ ਜਿਹੜੇ ਡਿਪਾਰਟਮੈਂਟਲ ਆਫੀਸਰਜ਼ ਹਨ, ਉਨ੍ਹਾਂ ਨੂੰ ਪਰਮੋਟ ਕਰਵਾ ਕੇ ਉਹ ਡਾਇਰੈਕਟਰ ਵਿਜੀਲੈਂਸ ਪਰਮੋਟ ਹੋ ਜਾਂਦੇ ਹਨ। ਉਨ੍ਹਾਂ ਨੂੰ ਤਾਂ ਸਾਰੇ ਲੂਪ-ਹੋਲਜ਼ ਪਤਾ ਹਨ। So, what I mean to say is ਜੇ ਆਪਣਾ ਹੀ ਆਈ.ਪੀ.ਐਸ.ਆਫੀਸਰ ਹੋਵੇਗਾ ਉਹ ਜਿਥੇ ਡਿਫਾਲਟ ਹੋਵੇਗਾ ਉਸ ਨੂੰ he will be able to catch it and he will be able to punish the defaulter. ਸੋ, ਮੇਰੀਆਂ ਤੁਹਾਡੇ ਜ਼ਰੀਏ ਇਹ ਕੁਝ ਸੁਜੈਸ਼ਨਜ਼ ਐਫ.ਐਮ.ਸਾਹਿਬ ਨੂੰ ਹਨ। I will be really grateful ਕਿ ਇਹ ਸਾਰੀ ਦੀਆਂ ਸਾਰੀਆਂ ਕੰਸੀਡਰ ਕਰਨਗੇ। Thank you very much ji.

**ਮਾਨਯੋਗ ਸਪੀਕਰ:** ਹਾਂ ਜੀ, ਢੀਂਡਸਾ ਸਾਹਿਬ। ਸ਼੍ਰੀ ਸੋਮ ਪ੍ਰਕਾਸ਼ ਜੀ, ਤੁਸੀਂ ਹੁਣ ਬੈਠੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਲਹਿਰਾ):** ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਇਸ ਬਿਲ ਦੇ ਉਪਰ ਬੋਲਾਂ, ਮੈਂ ਤੁਹਾਡੇ ਨਾਲ ਵੀ ਬੜਾ ਡਿਸਕਸ ਕੀਤਾ ਸੀ, ਬੜਾ ਗੰਭੀਰ ਮਸਲਾ ਹੈ ਤੇ ਇਹ ਪ੍ਰਿਵਿਲੇਜ ਦਾ ਵੀ ਇਸ਼ੂ ਹੈ ਕਿਉਂਕਿ ਪਿਛਲੇ ਤਿੰਨ ਸੈਸ਼ਨ ਲਗਾਤਾਰ, ਜਿਸ ਵਿਚ ਇਹ ਸੈਸ਼ਨ ਵੀ ਸ਼ਾਮਲ ਹੈ, ਮੈਂ ਇੱਕ ਸਵਾਲ ਲਗਵਾਉਂਦਾ ਰਿਹਾ ਹਾਂ, ਉਹ ਸਵਾਲ ਵਿਧਾਨ ਸਭਾ ਵਿਚ ਤਾਂ ਕੀ ਲੱਗਣਾ ਸੀ, ਉਸ ਦਾ ਅੱਜ ਤੱਕ ਕੋਈ ਜਵਾਬ ਨਹੀਂ ਆਇਆ । ਫਿਰ ਮੈਂ ਸੋਚਿਆ ਕਿ ਅਗਰ ਸਵਾਲ ਦਾ ਜਵਾਬ ਨਹੀਂ ਆਇਆ ਤਾਂ ਕਾਲ ਅਟੈਨਸ਼ਨ ਲਗਾ ਕੇ ਵੇਖ ਲਈਏ ਤਾਂ ਮੈਂ ਕਾਲ ਅਟੈਨਸ਼ਨ ਲਗਾਇਆ ਤਾਂ ਤੁਸੀਂ ਉਸ ਨੂੰ ਰਿਜੈਕਟ ਕਰ ਦਿੱਤਾ ਕਿਉਂਕਿ ਇਹ ਪਹਿਲਾਂ ਸੀ.ਯੂ. ਲਿਸਟ ਵਿਚ ਪਿਆ ਹੋਇਆ ਹੈ। ਸਪੀਕਰ ਸਾਹਿਬ, ਸੀ.ਯੂ. ਲਿਸਟ ਦਾ ਕੀ ਫਾਇਦਾ ਹੈ, ਜੇਕਰ ਉਸ ਦਾ ਜਵਾਬ ਹੀ ਨਹੀਂ ਆਉਣਾ ਤਾਂ ਤੁਸੀਂ ਦੱਸੋ । ਮੈਂ ਇਹ ਸਵਾਲ ਕੀਤਾ ਸੀ ਕਿ ਇੱਕ ਤਾਂ ਮੁਲਾਜ਼ਮਾਂ ਦੇ ਜਿਹੜੇ ਚਾਰ ਡੀ.ਏ. ਦੀਆਂ ਕਿਸ਼ਤਾਂ ਬਕਾਇਆ ਹਨ, ਉਹ ਸਰਕਾਰ ਕਦੋਂ ਦੇਣ ਦਾ ਵਿਚਾਰ ਕਰਦੀ ਹੈ, ਇੱਕ ਪੇ ਅ ਕਮਿਸ਼ਨ ਬਾਰੇ ਹੈ, ਜੇ ਇਨ੍ਹਾਂ ਨੇ ਨਹੀਂ ਲਾਗੂ ਕਰਨਾ ਤਾਂ ਘੱਟੋ-ਘੱਟ ਨਾਂਹ ਦੇ ਵਿੱਚ ਜਵਾਬ ਤਾਂ ਦੇਣ । ਕੀ ਸਾਨੂੰ ਵੀ, ਜੇ ਇੱਕ ਐਮ.ਐਲ.ਏ., ਨੂੰ ਤਿੰਨ ਤਿੰਨ ਸੈਸ਼ਨਾਂ ਤੱਕ

ਜਵਾਬ ਨਹੀਂ ਆਵੇਗਾ ਤਾਂ ਕੀ ਅਸੀਂ ਜਾ ਕੇ ਕੋਰਟ ਦਾ ਦਰਵਾਜ਼ਾ ਖੜ੍ਹ-ਖੜਕਾਈਏ ਕਿ ਸਾਨੂੰ ਇਸ ਦਾ ਜਵਾਬ ਦਿਵਾਇਆ ਜਾਵੇ। ਜੇ ਕੋਈ ਬੰਦਾ ਰਾਈਟ-ਟੂ ਇਨਫਰਮੇਸ਼ਨ ਐਕਟ ਦੇ ਤਹਿਤ ਜਵਾਬ ਮੰਗ ਲਵੇ ਤਾਂ ਉਸ ਨੂੰ ਵੀ ਜਵਾਬ ਮਿਲ ਜਾਂਦਾ ਹੈ ਪਰ ਐਮ.ਐਲ.ਏ., ਇੱਕ ਚੁਣੇ ਹੋਏ ਨੁਮਾਇੰਦੇ ਨੂੰ ਅੱਜ ਤੱਕ ਜਵਾਬ ਨਹੀਂ ਮਿਲਿਆ। ਇਹ ਇਸ਼ੂ ਕੁਐਸਚਨ ਐਂਡ ਰੈਫਰੈਂਸਿਜ਼ ਕਮੇਟੀ ਵਿੱਚ ਵੀ ਉਠ ਚੁਕਿਆ ਹੈ, ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਨੇ ਵੀ ਡਿਪਾਰਟਮੈਂਟ ਨੂੰ ਲਿਖ ਕੇ ਭੇਜ ਦਿੱਤਾ ਕਿ ਇਸ ਦਾ ਜਵਾਬ ਦਿੱਤਾ ਜਾਵੇ, ਫਿਰ ਵੀ ਕੁਝ ਨਹੀਂ ਹੋਇਆ। ਫਿਰ ਤੁਸੀਂ ਦੱਸੋ? ਇਹ ਇੰਨਾ ਬਰੀਚ ਆਫ ਪ੍ਰਿਵਿਲੇਜ ਹੈ, ਇਸ ਦੇ ਖਿਲਾਫ ਕੁਝ ਤਾਂ ਕਾਰਵਾਈ ਕੀਤੀ ਜਾਵੇ। ਸਾਨੂੰ ਨਿਆਂ ਤਾਂ ਦਿਵਾਇਆ ਜਾਵੇ...

**ਮਾਨਯੋਗ ਸਪੀਕਰ :** ਬ੍ਰਹਮ ਮਹਿੰਦਰਾ ਜੀ, ਇਹ ਤਾਂ ਐਨਸ਼ਿਓਰ ਕਰਵਾਉ ਕਿ ਸਵਾਲਾਂ ਦੇ ਜਵਾਬ ਤਾਂ ਆਉਣ। ਪਲੀਜ਼, ਤੁਸੀਂ ਬੈਠੋ ਜੀ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਇਹ ਮਾਮਲਾ ਆਪਣੇ ਆਫੀਸਰਜ਼ ਨਾਲ ਜ਼ਰੂਰ ਟੇਕ-ਅੱਪ ਕਰਾਂਗਾ।

**ਮਾਨਯੋਗ ਸਪੀਕਰ:** ਇਹ ਤੁਸੀਂ ਜ਼ਰੂਰ ਐਨਸ਼ਿਓਰ ਕਰੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨਹੀਂ, ਤੁਸੀਂ ਸਾਨੂੰ ਵਿਸ਼ਵਾਸ ਦਿਵਾਉ ..

**ਮਾਨਯੋਗ ਸਪੀਕਰ :** ਇਹ ਅਸੀਂ ਰਲ ਮਿਲ ਕੇ ਹੀ ਕਰਾਂਗੇ..

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਰ, ਨਹੀਂ, ਤੁਸੀਂ ਕੋਈ ਵਿਸ਼ਵਾਸ ਤਾਂ ਦਿਵਾਉ ਜੀ, ਹੁਣ ਸਾਲ ਤੋਂ ਉਪਰ ਹੋ ਗਿਆ ਹੈ, ਹੁਣ ਤਾਂ ਤੁਸੀਂ ਸਾਨੂੰ ਵਿਸ਼ਵਾਸ ਦਿਵਾ ਦਿਉ ਕਿ ਪੰਦਰਾਂ ਦਿਨਾਂ ਵਿੱਚ, ਮਹੀਨੇ ਵਿੱਚ ਜਵਾਬ ਆ ਜਾਵੇਗਾ।

**ਮਾਨਯੋਗ ਸਪੀਕਰ :** ਅਸੀਂ ਐਨਸ਼ਿਓਰ ਕਰਾਂਗੇ, ਐਨਸ਼ਿਓਰ ਕਰਾਂਗੇ ਕਿ ਤੁਹਾਡੇ ਸਵਾਲ ਦਾ ਜਵਾਬ ਤੁਹਾਨੂੰ ਮਿਲੇ । ਅਸੀਂ ਇਸ ਗੱਲ ਨੂੰ ਐਨਸ਼ਿਓਰ ਕਰਾਂਗੇ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਤੁਸੀਂ ਟਾਈਮ ਫਿਕਸ ਕਰਵਾਉ ਜੀ।

**ਮਾਨਯੋਗ ਸਪੀਕਰ :** ਜਲਦੀ ਤੋਂ ਜਲਦੀ ਕਰਾਂਗੇ, ਕੋਈ ਗੱਲ ਨਹੀਂ। ਤੁਸੀਂ ਕਹਿ ਦਿੱਤਾ, ਅਸੀਂ ਇਸ ਉਤੇ ਲਾਜ਼ਮੀ ਅਮਲ ਕਰਾਂਗੇ। ਹੁਣ ਤੁਸੀਂ ਅੱਗੇ ਚੱਲੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਦੂਸਰਾ ਸਪੀਕਰ ਸਾਹਿਬ, ਜਿਥੋਂ ਤੱਕ ਜੋ ਗੁੱਡਜ਼ ਐਂਡ ਸਰਵਿਸਜ਼ ਅਮੈਂਡਮੈਂਟ ਬਿਲ ਆਇਆ ਹੈ । ਇਸ ਦਾ ਜੋ ਮੰਤਵ ਲਿਖਿਆ ਗਿਆ ਹੈ for easy flow of input tax credit on certain Goods and Services ਜਿਹੜਾ ਉਨ੍ਹਾਂ ਨੂੰ input tax credit ਨਹੀਂ ਮਿਲ ਰਿਹਾ ਸੀ ਅਤੇ ਛੋਟੇ

ਵਪਾਰੀਆਂ ਨੂੰ ਜਿਨ੍ਹਾਂ ਨੂੰ ਸਮੇਂ ਦੀ ਰਿਲੈਕਸੇਸ਼ਨ ਦੇਣੀ ਹੈ ਤਾਂ ਜੋ ਉਹ ਆਪਣੀ quarterly return ਭਰ ਸਕਣ। ਸਪੀਕਰ ਸਾਹਿਬ, ਇਸ ਵਿੱਚ ਮੈਂ ਕੁਝ ਗੱਲਾਂ ਮਾਨਯੋਗ ਐਫ.ਐਮ. ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ। Section 17 of principal Act Sub- section 3 (2)(a) ਵਿੱਚ ਲਿਖਿਆ ਹੈ ਕਿ Motor vehicles for transportation of persons having approved seating capacity of not more than 13 persons, that means ਇਨ੍ਹਾਂ ਗੱਡੀਆਂ ਨੂੰ ਕੁਝ purposes for following use input tax credit use ਕਰਨੀਆਂ, ਉਨ੍ਹਾਂ ਨੂੰ input tax credit ਮਿਲੇਗਾ ਪਰ ਇਸ ਤੋਂ ਵੱਧ ਕਪੈਸਿਟੀ ਵਾਲੀਆਂ ਗੱਡੀਆਂ ਨੂੰ that implies, ਉਹ ਨਹੀਂ ਦੇਣਗੇ, ਇਸ ਦਾ ਕੀ ਕਾਰਨ ਹੈ? ਇਸ ਵਿੱਚ Aircraft ਬਾਰੇ ਤਾਂ ਪਾ ਦਿੱਤਾ ਕਿ ਜਿਹੜਾ ਜਹਾਜ਼ ਹੈ, ਉਸ ਤੇ airlines ਨੂੰ input tax credit ਮਿਲ ਜਾਵੇਗਾ ਪਰ ਬੱਸਾਂ ਜਾਂ ਜਿਹੜਾ 13 seater ਤੋਂ ਉੱਪਰ ਵਹੀਕਲ ਹੈ, ਉਸ ਨੂੰ input tax credit ਦੇਣ ਨੂੰ ਤਿਆਰ ਨਹੀਂ, ਇਸ ਦਾ ਕੀ ਕਾਰਨ ਹੈ? ਇਸ ਦੀ ਲਿਮਟ ਸਿਰਫ ਇਸ ਤੱਕ ਹੀ ਕਿਉਂ ਰੱਖੀ ਗਈ ਹੈ?

ਸਪੀਕਰ ਸਾਹਿਬ, ਇਨ੍ਹਾਂ ਨੇ principal Act ਦੇ section 49 Sub-section 5(a) clause (c), ਵਿੱਚ ਲਿਖਿਆ ਹੈ : "Provided that the input tax credit on account of State tax shall be utilized towards payment of integrated tax only when the balance of input tax credit on account of Central Tax is not available for payment of integrated tax." ਉਸ ਵਿੱਚ ਵੀ ਜੇ ਸੈਂਟਰ ਸ਼ੇਅਰ ਦਾ ਪੈਸਾ ਨਹੀਂ ਹੋਵੇਗਾ ਤਾਂ integrated tax State share ਵਿਚੋਂ input tax credit ਲੈ ਸਕਦਾ ਹੈ। ਇਸ ਨਾਲ ਕੀ effect ਹੋਵੇਗਾ ਅਤੇ financial implication ਕੀ ਹੈ, ਕਿੰਨਾ ਇਸ ਵਿੱਚ ਸਰਕਾਰ ਦਾ ਨੁਕਸਾਨ ਹੋ ਸਕਦਾ ਹੈ? ਇਸ ਨਾਲ ਜਿਹੜਾ ਪੰਜਾਬ ਨੂੰ compensation ਮਿਲਦਾ ਹੈ, ਉਸ ਤੇ effect ਪਵੇਗਾ ਜਾਂ ਨਹੀਂ ਪਵੇਗਾ? ਇਸ ਬਾਰੇ ਸਾਡੇ ਮਾਨਯੋਗ ਮੰਤਰੀ ਸਾਹਿਬ ਜ਼ਰੂਰ ਧਿਆਨ ਦੇਣ ਕਿਉਂਕਿ ਇਹ ਇਕ ਫਾਈਨਾਂਸ ਬਿਲ ਹੈ ਅਤੇ ਇਸ ਦੀ ਕੋਈ financial implication ਹੀ ਨਹੀਂ ਦੱਸੀ ਗਈ। ਜਿਹੜੀਆਂ ਅਸੀਂ input tax credits allow ਕਰ ਰਹੇ ਹਾਂ, ਉਸ ਦੀਆਂ ਕਿਹੜੀਆਂ financial implications ਹੋਣ ਦੀ ਉਮੀਦ ਹੈ, ਇਸ ਬਾਰੇ ਬਿਲਕੁਲ ਚੁੱਪੀ ਹੈ। ਵੈਸੇ ਫਾਈਨਾਂਸ ਬਿਲ ਦੇ ਨਾਲ ਆਮ ਤੌਰ ਤੇ financial implications ਨਾਲ ਆਉਂਦੀਆਂ ਹਨ।

ਸਪੀਕਰ ਸਾਹਿਬ, ਜਿਹੜੀ ਪੰਜਾਬ ਦੀ ਕਾਂਗਰਸ ਸਰਕਾਰ ਹੈ, ਇਹ ਹੁਣ ਤੱਕ ਜੀ.ਐਸ.ਟੀ. ਦਾ ਵਿਰੋਧ ਕਰਦੀ ਰਹੀ ਹੈ, ਇਥੋਂ ਤੱਕ ਕਿ ਇਸ ਨੂੰ ਗੱਬਰ ਸਿੰਘ

ਟੈਕਸ ਵੀ ਕਹਿੰਦੇ ਹਨ। ਇਨ੍ਹਾਂ ਦੇ ਨੁਮਾਇੰਦੇ ਕਹਿੰਦੇ ਹਨ ਕਿ ਗੱਬਰ ਸਿੰਘ ਟੈਕਸ ਲਗਾ ਦਿੱਤਾ। ਹੁਣ ਸਾਨੂੰ ਇਸ ਬਾਰੇ ਵੀ ਚਾਨਣਾ ਪਾ ਦੇਣ ਕਿ ਕੀ ਸਰਕਾਰ ਇਸ ਟੈਕਸ ਨਾਲ ਸਹਿਮਤ ਹੈ ਜਾਂ ਨਹੀਂ? ਸਰਕਾਰ ਦਾ ਹੁਣ ਇਸ ਬਾਰੇ ਕੀ ਸਟੈਂਡ ਹੈ? ਸਰਕਾਰ ਨੂੰ ਇਸ ਦਾ ਹੁਣ ਤੱਕ ਕਿੰਨਾ ਫਾਇਦਾ ਹੋਇਆ ਹੈ, ਇਸ ਬਾਰੇ ਵੀ ਸਰਕਾਰ ਚੁੱਪ ਕਰ ਜਾਂਦੀ ਹੈ। ਜਦੋਂ ਅਸੀਂ ਪੁੱਛਦੇ ਹਾਂ ਕਿ ਤੁਸੀਂ ਵਿਰੋਧ ਤਾਂ ਕਰਦੇ ਹੋ ਪਰ ਇਹ ਤਾਂ ਦੱਸੋ ਕਿ ਇਸ ਦਾ ਸਰਕਾਰ ਨੂੰ ਫਾਇਦਾ ਹੋਇਆ ਹੈ ਜਾਂ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਇਹ ਬੜਾ ਗੰਭੀਰ ਮਸਲਾ ਹੈ ਕਿ ਜੀ.ਐਸ.ਟੀ. ਦੀ ਕੰਪਲਾਇੰਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਅੱਜ ਟੈਕਸ ਕੁਲੈਕਸ਼ਨ ਵਿੱਚ 30% ਤੋਂ ਉੱਪਰ shortfall ਹੈ ਜੋ ਕਿ ਇਨ੍ਹਾਂ ਦੇ ਫਿਗਰਜ਼ ਮੁਤਾਬਿਕ ਹੈ । ਮੈਂ ਇਸ ਦਾ ਇਕੋ ਵੱਡਾ ਕਾਰਨ ਸਮਝਦਾ ਹਾਂ ਕਿ ਟੈਕਸ ਕੰਪਲਾਇੰਸ ਵਿੱਚ ਕਮੀ ਹੈ। ਮੈਨੂੰ ਪਤਾ ਹੈ ਕਿ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਐਫ.ਐਮ. ਸਾਹਿਬ ਕੋਲ ਨਹੀਂ ਹੈ ਪਰ ਕਿਉਂਕਿ ਇਹ ਸਰਕਾਰ ਦਾ ਇੰਟ੍ਰਨਲ ਮਸਲਾ ਹੈ ਪਰ ਜੋ ਟੈਕਸ ਵਿੱਚ shortfall ਹੈ ਜਾਂ ਕਮੀਆਂ ਹਨ ਉਸ ਨੂੰ plug ਕਰਨ ਲਈ ਇਹ ਕੀ ਕਰ ਰਹੇ ਹਨ? ਸ਼੍ਰੀ ਅਮਨ ਅਰੋੜਾ ਜੀ ਨੇ ਕਿਹਾ ਹੈ ਕਿ exemptions ਨੂੰ ਵਧਾਓ, ਮੈਂ ਇਸ ਨਾਲ ਸਹਿਮਤ ਨਹੀਂ ਹਾਂ ਕਿਉਂਕਿ ਜਿੰਨੀਆਂ exemptions ਵੱਧ ਤੋਂ ਵੱਧ ਦੇਵਾਂਗੇ, ਉਤਨਾ ਹੀ ਟੈਕਸ ਦੀ pilferage ਹੋਣੀ ਸ਼ੁਰੂ ਹੋ ਜਾਂਦੀ ਹੈ। ਜੇ ਆਪਾਂ ਟੈਕਸ ਦੀ pilferage ਘੱਟ ਕਰਾਂਗੇ ਤਾਂ ਪੰਜਾਬ ਦੀ ਟੈਕਸ ਕੁਲੈਕਸ਼ਨ ਵਿੱਚ stability ਆਵੇਗੀ, ਨਹੀਂ ਤਾਂ ਅੱਜ ਤੋਂ ਤਿੰਨ ਸਾਲ ਬਾਅਦ, ਮੈਂ ਇਹ word use ਨਹੀਂ ਕਰਨਾ ਚਾਹੁੰਦਾ ਸੀ, ਪੰਜਾਬ ਦਾ financial bankruptcy ਵਾਲਾ ਹਾਲ ਹੋ ਜਾਣਾ ਹੈ। ਹੁਣ total alliance of compensation ਹੈ, ਸਰਕਾਰ ਟੈਕਸ ਕੰਪਲਾਇੰਸ ਵੱਲ ਧਿਆਨ ਨਹੀਂ ਦੇ ਰਹੀ ਕਿਉਂਕਿ ਉਸ ਨੂੰ ਪਤਾ ਹੈ ਕਿ ਜਿਹੜੀ ਵੀ ਕੋਈ ਟੈਕਸ ਦੀ shortfall ਹੋਣੀ ਹੈ, ਉਸ ਸ਼ਾਰਟਫਾਲ ਦਾ ਕੇਂਦਰ ਸਰਕਾਰ ਤੋਂ ਆਟੋਮੈਟੀਕਲੀ ਪੈਸਾ ਮਿਲ ਜਾਣਾ ਹੈ। ਅੱਜ ਤੋਂ ਹੀ ਇਸ ਟੈਕਸ ਕੰਪਲਾਇੰਸ ਨੂੰ better ਬਣਾਉਣ ਲਈ ਸਰਕਾਰ ਨੂੰ special initiative steps ਲੈਣੇ ਚਾਹੀਦੇ ਹਨ, ਘੱਟੋ-ਘੱਟ ਐਗਜੰਪਸ਼ਨ ਦੇਣ ਤਾਂ ਕਿ ਸਟੇਟ ਦੇ ਫਾਈਨਾਂਸਿਜ ਸਕਿਉਰ ਹੋ ਸਕਣ। ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ।

**ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸਪੀਕਰ ਸਾਹਿਬ, ਯਕਮ ਜੁਲਾਈ, 2017 ਨੂੰ ਜੀ.ਐਸ.ਟੀ. ਦਾ ਨਿਜ਼ਾਮ ਪੰਜਾਬ ਸਮੇਤ ਮੁਲਕ ਦੇ ਵਿੱਚ ਨਾਫਿਜ਼ ਕਰ ਦਿੱਤਾ ਗਿਆ ਸੀ। ਜਿਹੜੀ ਜੀ.ਐਸ.ਟੀ. ਕੌਂਸਲ ਬਣੀ ਹੈ, ਕਿਉਂਕਿ ਸੈਂਟਰ ਨੇ ਅਤੇ ਸਾਰੀਆਂ ਸਟੇਟਸ ਨੇ ਆਪਣੇ ਜਿਹੜੇ ਅਖਿਤਿਆਰਾਤ ਸੀ, ਇਹ ਉਸ ਕੌਂਸਲ ਨੂੰ ਦੇ ਦਿੱਤੇ । ਕੌਂਸਲ ਦਾ

ਜਿਹੜਾ ਬੁਨਿਆਦੀ ਰੋਲ ਹੈ, ਉਹ ਰੋਲ ਇਹੀ ਹੈ ਕਿ one nation one tax ਹੋਵੇ, ਸਾਰੇ ਮੁਲਕ ਵਿੱਚ ਯਕਸਾ ਟੈਕਸਿਜ਼ ਦਾ ਨਿਜ਼ਾਮ ਚੱਲੇ। ਸਪੀਕਰ ਸਾਹਿਬ, ਜਿੰਨੀਆਂ ਵੀ ਨੋਟੀਫਿਕੇਸ਼ਨਜ਼ ਅਤੇ ਅਮੈਂਡਮੈਂਟਸ ਹਨ, ਇਹ ਸੈਂਟਰ ਅਤੇ ਸਟੇਟ ਸਰਕਾਰਾਂ ਇਕੱਠੇ ਹੋ ਕੇ simultaneously ਕਰਦੇ ਹਨ। ਜਦੋਂ ਜੀ.ਐਸ.ਟੀ. ਦੇ ਨਿਜ਼ਾਮ ਨੂੰ ਇੱਕ ਸਾਲ ਹੋ ਗਿਆ, ਇੱਕ ਸਾਲ ਬਾਅਦ ਜੀ.ਐਸ.ਟੀ. ਕੌਂਸਲ ਦੀ 28ਵੀਂ ਮੀਟਿੰਗ ਹੋਈ, ਉਸ ਦੇ ਵਿੱਚ ਜਿਹੜੀਆਂ ਕੋਈ ਕਮੀਆਂ-ਪੇਸ਼ੀਆਂ ਆ ਰਹੀਆਂ ਸੀ, ਜ਼ਮੀਨੀ ਲੈਵਲ ਤੇ ਜਿਹੜੇ ਵਪਾਰੀ ਸੀ, ਇੰਡਸਟਰੀਲਿਸਟਸ ਸੀ, ਉਨ੍ਹਾਂ ਦੀਆਂ ਜਿਹੜੀਆਂ ਮੁਸ਼ਕਲਾਂ ਸੀ, ਉਹ ਸੁਥਰੇ ਢੰਗ ਅਤੇ ਸੁਥਰੇ ਤਰੀਕੇ ਨਾਲ ਹੱਲ ਹੋ ਸਕਣ, ਉਸ ਦੇ ਵਿੱਚ ਕਾਨੂੰਨ ਦੀ ਕੋਈ ਅਮੈਂਡਮੈਂਟ ਲੈ ਕੇ ਆਏ ਸੀ, which needed Constitutional changes. ਜਿਹੜੀ ਅੱਜ ਤਰਮੀਮ ਆਈ ਹੈ, ਇਸ ਨੂੰ ਅੱਠਵੇਂ ਮਹੀਨੇ ਦੇ ਵਿੱਚ ਪਾਰਲੀਮੈਂਟ ਦੇ ਦੋਵੇਂ ਹਾਊਸਿਜ਼ ਨੇ ਪਾਸ ਕਰ ਦਿੱਤਾ ਸੀ। ਕਿਉਂਕਿ ਪਾਰਲੀਮੈਂਟ ਨੇ ਇਸ ਨੂੰ ਪਾਸ ਕਰ ਦਿੱਤਾ, simultaneously ਇੰਡੀਆ ਦੇ ਸਾਰੇ ਜਿੰਨੇ ਵੀ ਸਟੇਟਸ ਹਨ, ਗੌਰਮਿੰਟ ਆਫ ਇੰਡੀਆ ਦਾ ਇਕੱਠਾ ਕਰਨਾ ਪੈਂਦਾ ਹੈ। ਪੰਜਾਬ ਸਰਕਾਰ ਦਸਵੇਂ ਮਹੀਨੇ ਵਿੱਚ ਇੱਕ ਆਰਡੀਨੈਂਸ ਲੈ ਕੇ ਆਈ ਸੀ, ਅੱਜ ਉਸ ਆਰਡੀਨੈਂਸ ਨੂੰ ਬਿਲ ਦੀ ਸ਼ਕਲ ਦੇਣ ਵਾਸਤੇ ਜਿਹੜਾ ਪੰਜਾਬ ਗੁੱਡਜ ਐਂਡ ਸਰਵਿਸਿਜ਼ ਟੈਕਸ ਐਕਟ ਹੈ, ਇਹ ਦਰਅਸਲ ਹੂ-ਬ-ਹੂ ਗੌਰਮਿੰਟ ਆਫ ਇੰਡੀਆ ਨੇ ਜੋ ਪਾਰਲੀਮੈਂਟ ਵਿੱਚ ਪਾਸ ਕੀਤਾ ਹੈ, ਜੋ ਸਾਰੀਆਂ ਸਟੇਟਸ ਨੇ ਆਪਣੀਆਂ ਵਿਧਾਨ ਸਭਾਵਾਂ ਵਿੱਚ ਪਾਸ ਕੀਤਾ ਹੈ, ਇਹ ਉਹੀ ਤਰਮੀਮਾਂ ਹਨ। ਸਪੀਕਰ ਸਾਹਿਬ, ਕਿਉਂਕਿ ਸਾਰੀਆਂ ਤਰਮੀਮਾਂ ਨੂੰ ਪੜ੍ਹਨ ਨੂੰ ਟਾਈਮ ਲੱਗੇਗਾ, ਬੇਸੀਕਲੀ ਜੇ ਤੁਸੀਂ ਸਾਰੀਆਂ ਤਰਮੀਮਾਂ ਵੇਖੋ ਤਾਂ ਉਨ੍ਹਾਂ ਵਿੱਚ ਜ਼ਿਆਦਾ ਤਾਂ ਉਨ੍ਹਾਂ ਨੂੰ ਰਿਟਰਨ ਫਾਈਲਿੰਗ ਹਰ ਮਹੀਨੇ ਦੀ ਜਗ੍ਹਾ ਕੁਆਰਟਰਲੀ ਕਰ ਦਿੱਤਾ ਹੈ । ਆਰਡੀਨੈਂਸ ਕਿਉਂਕਿ ਛੇ ਮਹੀਨੇ ਤੋਂ ਵੱਧ ਸਮੇਂ ਲਈ ਰਹਿ ਨਹੀਂ ਸਕਦਾ, ਇਸ ਕਰਕੇ ਇਹ ਬਿਲ ਲੈ ਕੇ ਆਉਣਾ ਬਹੁਤ ਜ਼ਰੂਰੀ ਸੀ। ਅੱਜ ਇਹ ਬਿਲ ਦੇ ਮੁਤਲੱਕ ਹੈ ਪਰ ਕਿਉਂਕਿ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਇੱਕ ਤਾਂ ਆਪਣਾ ਇਹ ਕੰਸਰਨ ਸ਼ੋਅ ਕੀਤਾ ਹੈ ਕਿ ਪੰਜਾਬ ਦੇ ਵਿੱਚ ਪੈਟਰੋਲ ਅਤੇ ਡੀਜ਼ਲ ਚੰਡੀਗੜ੍ਹ ਜਾਂ ਦੂਜੀਆਂ ਸਟੇਟਾਂ ਨਾਲੋਂ ਮਹਿੰਗਾ ਕਿਉਂ ਹੈ। ਪੰਜਾਬ ਵਿੱਚ ਡੀਜ਼ਲ ਦਾ ਰੇਟ ਹਿਸਟੌਰੀਕਲੀ ਪਿਛਲੇ 15-20 ਸਾਲਾਂ ਵਿੱਚ ਸਭ ਤੋਂ ਘੱਟ ਰਿਹਾ ਹੈ। ਪਰ ਪੰਜਾਬ ਵਿੱਚ ਮਹਿੰਗਾ ਕਿਉਂ ਹੈ ਅਤੇ ਚੰਡੀਗੜ੍ਹ ਅਤੇ ਹਰਿਆਣਾ ਵਿੱਚ ਸਸਤਾ ਕਿਉਂ ਹੈ, ਜਿਹੜਾ ਟੈਕਸੇਸ਼ਨ ਦਾ ਸਿਸਟਮ ਹੈ, ਜਦੋਂ ਦਾ ਇੰਡੀਆ ਦੇ ਵਿੱਚ ਜੀ.ਐਸ.ਟੀ. ਦਾ ਨਿਜ਼ਾਮ ਨਾਫਿਜ਼ ਹੋਇਆ ਹੈ, ਕਾਂਗਰਸ ਪਾਰਟੀ ਅਤੇ ਗੌਰਮਿੰਟ ਆਫ ਪੰਜਾਬ ਅਸੀਂ ਇੱਕੋ ਪੇਜ ਤੇ ਹਾਂ। ਅਸੀਂ ਗੌਰਮਿੰਟ ਆਫ ਇੰਡੀਆ ਨੂੰ ਕਹਿ ਰਹੇ ਹਾਂ ਕਿ ਜਿਹੜਾ ਪੈਟਰੋਲੀਅਮ ਸੈਕਟਰ ਹੈ, ਜੇਕਰ ਤੁਸੀਂ ਇਸ ਅਸੂਲ ਨੂੰ ਮੰਨਦੇ ਹੋ ਕਿ ਇੱਕ ਨੇਸ਼ਨ

ਤੇ ਇੱਕ ਟੈਕਸ ਹੈ ਤਾਂ ਜਿਹੜਾ ਪੈਟਰੋਲੀਅਮ ਸੈਕਟਰ ਹੈ, ਇਲੈਕਟ੍ਰੀਸਿਟੀ ਸੈਕਟਰ ਹੈ, ਇਸ ਨੂੰ ਵੀ ਤੁਸੀਂ ਜੀ.ਐਸ.ਟੀ. ਦੇ ਵਿੱਚ ਲੈ ਕੇ ਆਉ। ਪ੍ਰੰਤੂ ਉਥੇ ਜਿਹੜੀ ਮੈਜਾਰਿਟੀ ਹੈ, ਉਹ ਸਾਡੀ ਇਸ ਗੱਲ ਨਾਲ ਸਹਿਮਤ ਨਹੀਂ। ਸਪੀਕਰ ਸਾਹਿਬ, ਇਹ ਰਿਕਾਰਡ ਵਿੱਚ ਹੈ ਅਤੇ ਮਿੰਨਟਸ ਦਾ ਹਿੱਸਾ ਹੈ ਕਿ ਅਸੀਂ ਇਹ ਇਸ਼ੂ ਬੜੀ ਵਾਰੀ ਰੇਜ਼ ਕੀਤਾ ਹੈ ਕਿ ਸਾਰੇ ਹਿੰਦੁਸਤਾਨ ਵਿੱਚ ਪੈਟਰੋਲੀਅਮ ਉਤੇ ਟੈਕਸਿਜ਼ ਜਿਹੜੇ ਹਨ, ਇਹ ਯਕਸਾ ਹੋਣੇ ਚਾਹੀਦੇ ਹਨ। ਪ੍ਰਮਾਤਮਾ ਦਾ ਬੜਾ ਵੱਡਾ ਅਹਿਸਾਨ ਹੈ ਕਿ ਦੋ-ਤਿੰਨ ਦਿਨ ਪਹਿਲਾਂ ਜਿਹੜੇ ਇਲੈਕਸ਼ਨ ਹੋਏ ਹਨ, ਤਿੰਨ-ਚਾਰ ਫਾਈਨਾਂਸ ਮਨਿਸਟਰ ਕਾਂਗਰਸ ਪਾਰਟੀ ਨੂੰ ਹੋਰ ਮਿਲ ਗਏ ਹਨ। (ਥੰਪਿੰਗ) ਪਰ ਸਾਡੀ ਇਹ ਕੋਸ਼ਿਸ਼ ਹੋਵੇਗੀ ਕਿ ਅਸੀਂ ਲੀਡਰ ਆਫ ਦਿ ਆਪੋਜੀਸ਼ਨ ਦੇ ਪੰਜਾਬ ਦੇ ਮੁਤੱਲਕ ਜਿਹੜੇ ਖਦਸ਼ੇ ਹਨ, ਇਨ੍ਹਾਂ ਨੂੰ ਵੀ ਦੂਰ ਕਰ ਸਕੀਏ। ਅਮਨ ਜੀ ਨੇ E way Bill ਬਾਰੇ ਗੱਲ ਕਹੀ ਹੈ, E way Bill ਦਾ ਮਤਲਬ ਹੈ ਕਿ ਜੇ ਤੁਸੀਂ ਆਪਣੇ ਗੁੱਡਜ਼ ਇੱਕ ਮੁਕਾਮ ਤੋਂ ਲੈ ਕੇ ਦੂਸਰੇ ਮੁਕਾਮ ਤੱਕ ਲੈ ਕੇ ਜਾਣੇ ਹਨ ਤਾਂ ਤੁਹਾਨੂੰ ਇੱਕ E way Bill ਜੈਨਰੇਟ ਕਰਨਾ ਪੈਂਦਾ ਹੈ। ਉਸ ਦੀ ਮਿਆਦ ਪਹਿਲਾਂ 50,000 ਰੁਪਏ ਦੀ ਸੀ, ਉਹ ਅਸੀਂ ਵਧਾ ਕੇ 1,00,000 ਰੁਪਏ ਕਰ ਦਿੱਤੀ ਹੈ ਕਿਉਂਕਿ ਸਾਨੂੰ ਟਰੇਡ ਅਤੇ ਇੰਡਸਟਰੀ ਤੋਂ ਸ਼ਿਕਾਇਤ ਆਈ ਸੀ। ਪਰ ਉਹ ਇੱਕ ਲੱਖ ਹੀ ਹੈ, ਇਹ 50,000/- ਰੁਪਏ ਨਹੀਂ ਕੀਤੀ। ਪਰ ਸਪੀਕਰ ਸਾਹਿਬ, ਦੋ ਚਾਰ ਐਸੀਆਂ ਚੀਜ਼ਾਂ ਹਨ, ਜਿਹੜੀਆਂ ਕਿ ਟੈਕਸ ਇਵੇਜ਼ਨ ਆਈਟਮਜ਼ ਹਨ ਜਿਵੇਂ ਕਿ ਬਿਲਡਿੰਗ ਮੈਟੀਰੀਅਲ ਹੋ ਗਿਆ, ਸਟੀਲ ਹੋ ਗਿਆ, ਐਡੀਬਲ ਆਇਲ ਹੋ ਗਿਆ। ਸਪੀਕਰ ਸਾਹਿਬ, ਇਨ੍ਹਾਂ ਆਈਟਮਾਂ ਵਿਚ ਟੈਕਸ ਦੀ ਚੋਰੀ ਬਹੁਤ ਹੁੰਦੀ ਹੈ। ਸੋ, ਸਪੀਕਰ ਸਾਹਿਬ ਸਿਵਾਏ ਇਨ੍ਹਾਂ ਤਿੰਨ ਚਾਰ ਇਵੇਜ਼ਨ ਪਰੋਨ ਆਈਟਮਾਂ ਤੋਂ ਅਸੀਂ ਈ.ਵੇਅ. ਬਿਲ ਇਕ ਲੱਖ ਰੁਪਏ ਤੇ ਹੀ ਲੈ ਕੇ ਆਏ ਹਾਂ। ਇਸੇ ਤਰ੍ਹਾਂ ਇਨ੍ਹਾਂ ਨੇ ਫੁਰਮਾਇਆ ਕਿ ਲੁਧਿਆਣਾ ਵਿਖੇ ਮੈਂ ਪਰਾਮਿਸ ਕਰਕੇ ਆਇਆ ਸੀ ਕਿ ਵੈਟ ਰਿਫੰਡ ਦਿਆਂਗਾ ਪਰ ਉਹ ਦਿੱਤੇ ਨਹੀਂ ਗਏ। ਸਪੀਕਰ ਸਾਹਿਬ, ਵੈਟ ਰਿਫੰਡ ਦੇ ਕੇਸਿਸ ਜਿਵੇਂ ਜਿਵੇਂ ਡਿਸਾਈਡ ਹੋ ਰਹੇ ਹਨ, ਉਵੇਂ ਹੀ ਰਿਫੰਡ ਦਿੱਤੇ ਜਾ ਰਹੇ ਹਨ। ਪਿਛਲੇ ਮਹੀਨੇ ਵਿਚ 475 ਕਰੋੜ ਰੁਪਏ ਦੇ ਵੈਟ ਰਿਫੰਡ ਕਲੀਅਰ ਹੋ ਗਏ ਹਨ। ਇਸ ਵੇਲੇ ਲੁਧਿਆਣੇ ਦੀ ਇੰਡਸਟਰੀ ਦਾ 185 ਕਰੋੜ ਰੁਪਿਆ ਵੈਟ ਰਿਫੰਡ ਪੈਂਡਿੰਗ ਹੈ, ਬਾਕੀ ਸਾਰੇ ਅੱਪ-ਟੂ-ਡੇਟ ਹਨ। ਇਸੇ ਤਰ੍ਹਾਂ ਸਪੀਕਰ ਸਾਹਿਬ, ਜੀ.ਐਸ.ਟੀ. ਕੌਂਸਲ ਦੀ ਅਗਲੀ ਮੀਟਿੰਗ ਹੁਣ 22 ਦਸੰਬਰ ਨੂੰ ਹੈ। ਅਸੀਂ ਹਰ ਮੀਟਿੰਗ ਵਿਚ ਏਜੰਡੇ ਦੇ ਹਿਸਾਬ ਨਾਲ ਟਰੇਡ ਤੇ ਇੰਡਸਟਰੀ ਬਾਰੇ ਗੱਲ ਕਰਦੇ ਹਾਂ ਕਿਉਂਕਿ ਸਾਡਾ ਤਾਂ ਆਪਣਾ ਇਹ ਖਿਆਲ ਹੈ ਕਿ ਜੇਕਰ ਟਰੇਡ ਤੇ ਇੰਡਸਟਰੀ ਆਪਣੇ ਪੈਰ੍ਹਾਂ ਤੇ ਨਹੀਂ ਹੋਵੇਗੀ ਤਾਂ ਫਿਰ ਸੂਬਾ ਤਰੱਕੀ ਕਿਵੇਂ ਕਰੇਗਾ? ਅਸੀਂ ਆਪਣੀ ਇੰਡਸਟਰੀ ਨੂੰ ਮਾਰਨਾ ਥੋੜ੍ਹਾ ਹੈ। ਸਪੀਕਰ ਸਾਹਿਬ,

ਇਹ ਗੱਲ ਵੀ ਆਈ ਕਿ ਸਾਡੇ ਸਵਾਲ ਦੇ ਜੁਆਬ ਨਹੀਂ ਆਏ, ਇਨ੍ਹਾਂ ਨੇ ਖਦਸ਼ੇ ਜ਼ਾਹਿਰ ਕੀਤੇ ਕਿ ਤੁਸੀਂ ਡੀ.ਏ. ਦੀ ਕਿਸ਼ਤ ਨਹੀਂ ਦਿੱਤੀ, ਪੇਅ ਕਮਿਸ਼ਨ ਨਹੀਂ ਦਿੱਤਾ। ਸਪੀਕਰ ਸਾਹਿਬ, ਕਿਉਂਕਿ ਸਿਆਸਤ ਵਿਚ ਥੋੜ੍ਹੀ ਬਹੁਤ ਨੋਕ-ਝੋਕ ਚਲਦੀ ਰਹਿੰਦੀ ਹੈ, ਤੁਸੀਂ ਬੁਰਾ ਨਾ ਮੰਨਿਓ। ਪਰ ਇਹ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਹਾਲ ਹੀ ਦੇ ਵਿਚ ਸ੍ਰੀ ਦਰਬਾਰ ਸਾਹਿਬ ਗਏ ਸੀ ਤੇ ਉਥੇ ਜਾਣੇ-ਅਣਜਾਣੇ ਵਿਚ ਹੋਈਆਂ ਭੁੱਲਾਂ ਦਾ ਪ੍ਰਾਸ਼ਚਿਤ ਕਰਕੇ ਆਏ ਹਨ। ਮੇਰੀ ਬੇਨਤੀ ਹੈ ਕਿ ਇਕ ਮਰਤਬਾ ਫਿਰ ਜਾ ਕੇ ਆਇਓ। ਜਿਹੜੀ ਤੁਸੀਂ ਪੰਜਾਬ ਦੀ ਇਕਾਨਮੀ ਨਾਲ, ਪੰਜਾਬ ਦੇ ਫਾਈਨਾਂਸਿਜ਼ ਨਾਲ ਖਿਲਵਾੜ ਕੀਤਾ ਹੈ, ਉਹ ਭੁੱਲ ਬਖਸ਼ਾਉਣ ਲਈ ਜਾਇਓ। ਸਪੀਕਰ ਸਾਹਿਬ, ਇਨ੍ਹਾਂ ਨੇ ਚੋਣਾਂ ਤੋਂ ਇਕ ਦਿਨ ਪਹਿਲਾਂ 31,000/- ਕਰੋੜ ਰੁਪਿਆ ਸੀ.ਸੀ.ਐਲ. ਦਾ ਟਰਮ ਲੋਨ ਕਰਵਾ ਦਿੱਤਾ। ਹੁਣ ਇਹ ਕਹਿ ਰਹੇ ਹਨ ਕਿ ਤੁਹਾਡੀ ਟੈਕਸ ਕੰਪਲਾਇੰਸ ਠੀਕ ਨਹੀਂ ਚੱਲ ਰਹੀ ਤੇ ਮੈਨੂੰ ਖਦਸ਼ਾ ਹੈ ਕਿ ਤਿੰਨ ਸਾਲ ਬਾਅਦ ਤੁਹਾਨੂੰ ਮੁਸ਼ਕਿਲ ਆਵੇਗੀ। ਸਪੀਕਰ ਸਾਹਿਬ, ਇਹ ਤਾਂ ਪਹਿਲਾਂ ਹੀ ਆਪਣੇ ਦਸਤਖਤ ਕਰ ਆਏ ਸੀ। ਜੋ ਜੀ.ਐਸ.ਟੀ. ਦਾ ਤਾਣਾ-ਬਾਣਾ ਸੀ, ਢੀਂਡਸਾ ਸਾਹਿਬ ਉਥੇ ਦਸਤਖਤ ਕਰਕੇ ਆਏ ਹਨ, ਅਸੀਂ ਤਾਂ ਕੇਵਲ ਉਸ ਨੂੰ ਇੰਪਲੀਮੈਂਟ ਕਰ ਰਹੇ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ। )

**ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ:** ਸਪੀਕਰ ਸਾਹਿਬ, ਮੈਂ ਇਹ ਬੜੀ ਜ਼ਿੰਮੇਵਾਰੀ ਨਾਲ ਕਹਿ ਰਿਹਾ ਹਾਂ ਕਿ ਪੰਜਾਬ ਇਕ ਵਾਹਦ ਸਟੇਟ ਹੈ ਜਿਸ ਦਾ 40 ਫੀਸਦੀ ਟੈਕਸ ਰੈਵੇਨਿਊ ਜੀ.ਐਸ.ਟੀ. ਵਿਚ ਸਬਸਿਊਮ ਹੋ ਗਿਆ ਹੈ ਔਰ ਇਹ ਢੀਂਡਸਾ ਸਾਹਿਬ ਦੇ ਦਸਤਖਤਾਂ ਕਾਰਨ ਹੋਇਆ ਹੈ। ਫਿਰ ਇਹ ਕਹਿੰਦੇ ਹਨ ਕਿ ਹਵਾਈ ਜਹਾਜ਼ ਨੂੰ ਤਾਂ ਇਨ ਪੁੱਟ ਟੈਕਸ ਕਰੈਡਿਟ ਮਿਲੇਗਾ ਪਰ ਬੱਸਾਂ ਨੂੰ ਨਹੀਂ ਮਿਲੇਗਾ। ਜੇਕਰ ਇਹ ਸਵਾਲ ਸੁਖਬੀਰ ਸਿੰਘ ਬਾਦਲ ਨੇ ਪੁੱਛਿਆ ਹੁੰਦਾ ਤਾਂ ਫਿਰ ਤਾਂ ਮੈਂ ਜਵਾਬ ਦੇਣਾ ਸੀ ਪਰ ਤੁਹਾਨੂੰ ਤਾਂ ਚਲੋ ਕੀ ਜਵਾਬ ਦੇਣਾ ਹੈ। ਸੋ, ਸਪੀਕਰ ਸਾਹਿਬ, ਓਵਰਆਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਮਾਂ ਬਾਪ ਦੀ ਤਰ੍ਹਾਂ ਹੁੰਦੀ ਹੈ। ਜਿਵੇਂ ਮਾਂ ਬਾਪ ਨੂੰ ਆਪਣੀ ਔਲਾਦ ਦੀ ਫਿਕਰ ਹੁੰਦੀ ਹੈ। ਮੈਂ ਭਾਵੇਂ ਕਿੰਨਾ ਵੀ ਤੰਦਰੁਸਤ ਹੋਵਾਂ ਪਰ ਜੇ ਮੇਰੀ ਅੱਖ ਦੁਖਦੀ ਹੈ ਤਾਂ ਮੈਂ ਬਿਮਾਰ ਹਾਂ, ਮੇਰਾ ਗੋਡਾ ਦੁੱਖਦਾ ਹੈ ਤਾਂ ਮੈਂ ਬਿਮਾਰ ਹਾਂ। ਜੇਕਰ ਸਮਾਜ ਦਾ ਇਕ ਵੀ ਵਰਗ ਕਿਸੇ ਤਰੀਕੇ ਨਾਲ ਵੀ ਭਾਵੇਂ ਆਰਥਿਕ ਤੌਰ ਤੇ ਜਾਂ ਸਮਾਜਿਕ ਤੌਰ ਤੇ ਕਮਜ਼ੋਰ ਹੁੰਦਾ ਹੈ ਤਾਂ ਪੰਜਾਬ ਖੁਸ਼ਹਾਲੀ ਦੀ ਅਗਲੀ ਪੌੜੀ ਤੇ ਨਹੀਂ ਚੜ੍ਹ ਸਕਦਾ। ਸੋ, ਮੈਂ ਸਦਨ ਨੂੰ ਇਸ ਗੱਲ ਦਾ

ਵਿਸ਼ਵਾਸ ਦਿਵਾਉਂਦਾ ਹਾਂ, ਵੈਸੇ ਤਾਂ ਮੈਂ ਪ੍ਰਮਾਤਮਾ ਤੋਂ ਡਰ ਕੇ ਪਹਿਲਾਂ ਵੀ ਕਿਹਾ ਸੀ ਤੇ ਹੁਣ ਵੀ ਕਹਿ ਰਿਹਾ ਹਾਂ ਕਿ ਕੈਪਟਨ ਸਾਹਿਬ ਦੀ ਕਿਆਦਤ ਔਰ ਰਹਿਨੁਮਾਈ ਥੱਲੇ ਪੰਜਾਬ ਦਾ ਭਵਿੱਖ ਰੌਸ਼ਨ ਹੈ, ਮੁਸਤਾਕਮ ਹੈ, ਮਹਿਫੂਜ਼ ਹੈ। ਪੰਜਾਬ ਆਪਣੇ ਪੈਰ੍ਹਾਂ ਤੇ ਫਿਰ ਖੜ੍ਹਾ ਹੋਵੇਗਾ ਔਰ ਸਪੀਕਰ ਸਾਹਿਬ, ਇਸੇ ਸਦਨ ਵਿੱਚ ਪੰਜਾਬ ਇਕ ਵਾਰ ਫਿਰ ਰੈਵੇਨਿਊ ਸਰਪਲੱਸ ਸਟੇਟ ਬਣੇਗਾ। ਸੋ, ਮੈਂ ਆਪਣੇ ਸਾਥੀਆਂ ਨੂੰ ਔਰ ਖਾਸ ਕਰਕੇ ਵਿਰੋਧੀ ਧਿਰ ਦੇ ਨੇਤਾ ਨੂੰ ਇਸ ਬਿਲ ਨੂੰ ਪਾਸ ਕਰਨ ਦੀ ਬੇਨਤੀ ਕਰਦਾ ਹਾਂ ਕਿਉਂਕਿ ਦਿੱਲੀ ਵਿਚ ਵੀ ਹੂ-ਬ-ਹੂ ਇਹੀ ਐਕਟ ਪਾਸ ਹੋਇਆ ਹੈ। ਧੰਨਵਾਦ ਜੀ। (ਥੰਪਿੰਗ)

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਤੁਸੀਂ ਟਾਈਮ ਹੀ ਨਹੀਂ ਦਿੰਦੇ।

**ਮਾਨਯੋਗ ਸਪੀਕਰ:** ਕੰਵਰ ਸੰਧੂ ਜੀ, ਤੁਸੀਂ ਹਮੇਸ਼ਾਂ ਬੋਲਦੇ ਹੋ, ਇਹ ਗਿਲਾ ਕਿਉਂ ਕਰ ਰਹੇ ਹੋ ? ਮੈਂ ਤੁਹਾਨੂੰ ਸਮਾਂ ਦੇ ਰਿਹਾ ਹਾਂ ਪਰ ਤੁਸੀਂ ਮੇਰੀ ਗੱਲ ਦਾ ਜਵਾਬ ਦਿਓ ਕਿ ਤੁਸੀਂ ਗਿਲਾ ਕਿਵੇਂ ਕਰ ਰਹੇ ਹੋ ਕਿ ਤੁਹਾਨੂੰ ਸਮਾਂ ਨਹੀਂ ਦਿੱਤਾ ਜਾਂਦਾ। No, no, this is wrong statement on your part. This is highly wrong on your part. ਤੁਸੀਂ ਸਵੇਰ ਦੇ ਹਰ ਬਿਲ ਤੇ ਬੋਲੇ ਹੋ, ਹਰ ਇਸ਼ੂ ਤੇ ਬੋਲੇ ਹੋ and now you say ਕਿ ਤੁਹਾਨੂੰ ਟਾਈਮ ਨਹੀਂ ਮਿਲਦਾ।ਹਾਂ ਜੀ, ਪਰਮਿੰਦਰ ਸਿੰਘ ਢੀਂਡਸਾ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੈਂ ਐਫ.ਐਮ. ਸਾਹਿਬ ਤੋਂ ਤਿੰਨ-ਚਾਰ ਕਲੈਰੀਫਿਕੇਸ਼ਨਜ਼ ਮੰਗੀਆਂ ਸਨ, ਉਨ੍ਹਾਂ ਵਿੱਚੋਂ ਇੱਕ ਵੀ ਕਲੈਰੀਫਿਕੇਸ਼ਨ ਦਾ ਜਵਾਬ ਨਹੀਂ ਦਿੱਤਾ।(ਵਿਘਨ) (ਸ਼ੋਰ) ਸਪੀਕਰ ਸਾਹਿਬ, ਇੱਕ ਵੀ ਕਲੈਰੀਫਿਕੇਸ਼ਨ ਨਹੀਂ ਆਈ। ਦੂਜਾ ਇਨ੍ਹਾਂ ਨੇ ਇਹ ਗੱਲ ਕੀਤੀ ਹੈ ਕਿ ਫਾਈਨਾਂਸ਼ੀਅਲ ਤੌਰ ਤੇ ਅਕਾਲੀ ਦਲ ਨੇ ਪੰਜਾਬ ਦੇ ਬੁਰੇ ਹਾਲਾਤ ਕੀਤੇ ਹਨ। ਇਨ੍ਹਾਂ ਨੇ ਗੱਲ ਕੀਤੀ ਹੈ ਕਿ ਜੀ.ਐਸ.ਟੀ. ਤੇ ਇਹ ਸਾਈਨ ਕਰਕੇ ਗਏ ਹਨ। ਅੱਜ ਇਹ ਦੱਸ ਦੇਣ ਕਿ ਜੇ ਜੀ.ਐਸ.ਟੀ. ਨਾ ਹੁੰਦਾ ਜਾਂ ਜੇ ਅਕਾਲੀ ਦਲ ਸਾਈਨ ਨਾ ਕਰਕੇ ਜਾਂਦਾ ਜਾਂ ਜੇ ਅਸੀਂ ਨੈਗੋਸ਼ੀਏਟ ਨਾ ਕਰਕੇ ਜਾਂਦੇ ਤਾਂ ਅੱਜ ਪੰਜਾਬ ਦੇ ਫਾਈਨਾਂਸ਼ੀਅਲ ਹਾਲਾਤ ਕੀ ਹੋਣੇ ਸਨ? ਇਨ੍ਹਾਂ ਦਾ ਆਪਣਾ ਟੈਕਸ ਰੈਵੇਨਿਊ ਬਜਟ ਵਿੱਚ ਆਲਰੇਡੀ 40% ਸ਼ਾਰਟ ਫਾਲ ਹੈ। ਇਨ੍ਹਾਂ ਦੇ ਆਪਣੇ Tax Revenue and Non Tax Revenue. ਘੱਟ ਰਹੇ ਹਨ ਇਨ੍ਹਾਂ ਦੇ ਆਪਣੇ ਸਾਧਨ ਘੱਟ ਰਹੇ ਹਨ ਅਤੇ ਇਹ ਸਿਰਫ ਤੇ ਸਿਰਫ ਜੀ.ਐਸ.ਟੀ. ਤੇ ਰਿਲਾਈ ਕਰ ਰਹੇ ਹਨ। ਜੇ ਇਨ੍ਹਾਂ ਦੀ ਸਰਕਾਰ ਨੂੰ ਬਚਾਇਆ ਹੋਇਆ ਹੈ ਤਾਂ ਸਿਰਫ ਜੀ.ਐਸ.ਟੀ. ਨੇ ਬਚਾਇਆ ਹੋਇਆ ਹੈ ਪਰ ਸਾਨੂੰ ਦੋਸ਼ ਦੇ ਰਹੇ ਹਨ। ਇਨ੍ਹਾਂ ਨੂੰ ਦੋ ਸਾਲ ਹੋ ਗਏ ਹਨ, ਇਨ੍ਹਾਂ ਨੇ ਪੰਜਾਬ ਦਾ ਕੀ ਰੈਵੇਨਿਊ ਵਧਾਇਆ ਹੈ? ਦੱਸੋ, ਫਾਈਨਾਂਸਿਜ਼ ਵਿੱਚ ਇਨ੍ਹਾਂ ਨੇ ਕੀ ਸਟੈਬਲਿਟੀ ਪੈਦਾ ਕੀਤੀ ਹੈ?

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 32**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 32 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 32 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ–ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ.....

**ਮਾਨਯੋਗ ਸਪੀਕਰ :** ਨਹੀਂ, ਸਿਰਫ ਸੰਧੂ ਸਾਹਿਬ। (ਵਿਘਨ) ਤੁਸੀਂ ਉਨ੍ਹਾਂ ਨੂੰ (ਸ਼੍ਰੀ ਕੰਵਰ ਸੰਧੂ) ਬੋਲਣ ਦਿਉਗੇ ਕਿ ਨਹੀਂ?

**ਸ਼੍ਰੀ ਕੰਵਰ ਸੰਧੂ (ਖਰੜ) :** ਸਪੀਕਰ ਸਾਹਿਬ, ਮੈਂ ਐਕਚੁਅਲੀ ਆਪਣੇ ਫਾਈਨਾਂਸ ਮਨਿਸਟਰ ਸਾਹਿਬ ਦੀ ਪੁਜ਼ੀਸ਼ਨ ਜਾਣਨੀ ਚਾਹੁੰਦਾ ਹਾਂ। ਇਹ ਸਾਡੇ ਤੋਂ ਤਾਂ ਸਟੈਂਪ ਲਗਵਾਈ ਜਾ ਰਹੇ ਹਨ, ਸਹਿਮਤੀ ਲੈ ਰਹੇ ਹਨ। ਇਨ੍ਹਾਂ ਦਾ ਆਪਣੀ ਜੀ.ਐਸ.ਟੀ. ਬਾਰੇ ਕੀ ਓਪੀਨੀਅਨ ਹੈ? ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਆਰਡੀਨੈਂਸ ਤੋਂ ਪਹਿਲਾਂ ਸੈਂਟਰ ਤੋਂ ਇਹ ਬਿਲ ਪਾਸ ਹੋ ਗਿਆ ਹੈ। ਕਿਉਂਕਿ ਮੈਂ ਵੇਖ ਰਿਹਾ ਸੀ ਕਿ ਅਕਤੂਬਰ ਵਿੱਚ ਹੈਦਰਾਬਾਦ ਵਿੱਚ ਬੋਲਦਿਆਂ ਇਨ੍ਹਾਂ ਨੇ ਆਪ ਕਿਹਾ ਸੀ ਕਿ ਇਹ ਜਿਹੜੀ ਜੀ.ਐਸ.ਟੀ. ਦੀ ਨਿਜ਼ਾਮ ਹੈ, ਇਹ ਇੰਡੀਆ ਵਿੱਚ ਆਈ ਹੈ, ਇਹ worst possible in the whole world ਹੈ। ਇਨ੍ਹਾਂ ਨੇ ਕਿਹਾ ਕਿ ਇਹ totally messed up ਹੈ। ਇਸ ਨੇ ਇੰਡਸਟਰੀ ਨੂੰ ਬਰਬਾਦ ਕਰ ਦਿੱਤਾ ਹੈ, ਖਾਸ ਕਰਕੇ ਜਿਹੜੀ ਮੀਡੀਅਮ ਕਲਾਸ ਹੈ, ਜਿਹੜੀ ਸਮਾਲ ਜਾਂ ਮੀਡੀਅਮ ਹੈ, ਇਸ ਨੇ ਉਸ ਨੂੰ ਬਿਲਕੁਲ ਬਰਬਾਦ ਕਰ ਦਿੱਤਾ ਹੈ। There is a financial blood bath in the country, that is the word he has used. ਇਨ੍ਹਾਂ ਨੇ ਕਿਹਾ ਕਿ ਇਸ ਵਿੱਚ ਬੜੇ ਵੱਡੇ ਪੱਧਰ ਤੇ ਤਬਦੀਲੀ ਦੀ ਲੋੜ ਹੈ। ਮੈਂ ਇਨ੍ਹਾਂ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਜਦੋਂ ਇਹ ਲੈ ਕੇ ਆਏ ਸਨ, ਬਿਲ ਪਾਸ ਕਰਵਾਇਆ ਸੀ, ਅਸੀਂ ਉਦੋਂ ਵੀ ਇਨ੍ਹਾਂ ਨੂੰ ਕਿਹਾ ਸੀ ਕਿ ਇਸ ਤੇ ਬਹਿਸ ਕਰਕੇ ਗੌਰਮਿੰਟ ਆਫ ਇੰਡੀਆ ਨੂੰ ਕਹੋ ਕਿ ਇਸ ਵਿੱਚ ਕੀ ਕੁਝ ਕਰਨ ਦੀ ਲੋੜ ਹੈ। ਇਨ੍ਹਾਂ ਨੇ ਉਦੋਂ ਕਿਹਾ ਸੀ ਕਿ ਕਦੇ ਕਦੇ ਸਦੀਆਂ ਵਿੱਚ ਮੁਲਕ ਦੀ ਤਕਦੀਰ ਬਦਲਣ ਦਾ ਮੌਕਾ ਮਿਲਦਾ ਹੈ ਅਤੇ ਜੀ.ਐਸ.ਟੀ. ਦਾ ਜਿਹੜਾ ਨਿਜ਼ਾਮ

ਹੈ, ਇਹ ਮੁਲਕ ਦੀ ਤਕਦੀਰ ਬਦਲੇਗਾ। ਸੋ, ਹੁਣ ਇਹ ਅਕਤੂਬਰ ਦੇ ਵਿੱਚ ਇਨ੍ਹਾਂ ਨੇ ਕਿਹਾ ਕਿ this is the worst possible in the whole world. ਸੋ, ਇਨ੍ਹਾਂ ਦੀ ਆਪਣੀ ਪੁਜ਼ੀਸ਼ਨ ਕੀ ਹੈ, ਸਾਡੇ ਤੋਂ ਤਾਂ ਇਨ੍ਹਾਂ ਸਟੈਂਪ ਲਗਵਾ ਲਈ। ਕਿਉਂਕਿ ਇਨ੍ਹਾਂ ਦੀ ਹਾਊਸ ਵਿੱਚ brute majority ਹੈ, ਇਨ੍ਹਾਂ ਨੇ ਸਟੈਂਪ ਲਗਵਾ ਲਈ। ਮੈਂ ਇਸ ਕਰਕੇ ਇਹ ਪੁਆਇੰਟ ਰੇਜ਼ ਕਰਵਾ ਰਿਹਾ ਹਾਂ ਕਿਉਂਕਿ ਇਨ੍ਹਾਂ ਦੀ ਆਪਣੀ ਇੱਕ dual policy ਹੈ । ਇਸ ਦੇ ਨਾਲ-ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਬਜਟ ਵਿੱਚ ਬਹੁਤ ਵੱਡੀਆਂ-ਵੱਡੀਆਂ ਗੱਲਾਂ ਕੀਤੀਆਂ ਗਈਆਂ ਹਨ, ਬਹੁਤ ਵੱਡੀਆਂ ਇਨ੍ਹਾਂ ਨੇ ਪ੍ਰੋਜੈਕਸ਼ਨਜ਼ ਕੀਤੀਆਂ ਹਨ। ਮੈਨੂੰ ਯਾਦ ਹੈ ਕਿ ਇਨ੍ਹਾਂ ਨੇ ਉਸ ਵੇਲੇ ਕਿਹਾ ਕਿ ਜਿਹੜਾ ਨਾਨ-ਟੈਕਸ ਤੇ ਟੈਕਸ ਰੈਵੀਨਿਊ ਹੈ, ਉਹ ਇੰਨਾ ਹੋ ਜਾਵੇਗਾ, ਉਹ 25-30% ਤੱਕ ਇਸ ਵੇਲੇ ਪਹੁੰਚਿਆ ਹੈ। ਅਗਲਾ ਬਜਟ ਫਿਰ ਪੇਸ਼ ਹੋਣਾ ਹੈ। ਸੋ, ਇਹ ਦੱਸਣ ਕਿ ਪੰਜਾਬ ਦੀ ਇਸ ਵੇਲੇ ਵਿੱਤੀ ਹਾਲਤ ਕੀ ਹੈ ਔਰ ਇਨ੍ਹਾਂ ਦੀ ਜੀ.ਐਸ.ਟੀ. ਬਾਰੇ ਆਪਣੀ ਕੀ ਪੁਜ਼ੀਸ਼ਨ ਹੈ?

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸਪੀਕਰ ਸਾਹਿਬ, ਦਰਅਸਲ ਗੱਲ ਇਹ ਹੈ ਕਿ ਦੁਨੀਆਂ ਦੇ ਵਿੱਚ ਕੋਈ ਤਕਰੀਬਨ ਸਵਾ ਦੋ ਸੌ ਮੁਲਕ ਅਬਾਦ ਹੈ ਔਰ ਸਵਾ ਦੋ ਸੌ ਦੇ ਵਿੱਚੋਂ 161 ਮੁਲਕ ਅਜਿਹੇ ਹਨ ਜਿੱਥੇ ਜੀ.ਐਸ.ਟੀ. ਦਾ ਨਿਜ਼ਾਮ ਚਲਦਾ ਹੈ। ਇੰਡੀਆ ਵਿੱਚ ਪਿਛਲੇ ਸਾਲ ਇਨ੍ਹਾਂ ਦਿਨਾਂ ਵਿੱਚ ਹੀ ਇਹ ਜੀ.ਐਸ.ਟੀ. ਲਿਆਂਦਾ ਗਿਆ ਹੈ। 160 ਮੁਲਕਾਂ ਵਿੱਚ ਇਹ ਪਹਿਲਾਂ ਹੀ ਚਲਦਾ ਸੀ। ਅਸੀਂ ਤਾਂ ਨਕਲ ਹੀ ਕਰਨੀ ਸੀ ਪਰ ਕਈ ਵਾਰੀ ਨਕਲ ਕਰਨ ਵਾਸਤੇ ਵੀ ਅਕਲ ਦੀ ਲੋੜ ਪੈ ਜਾਂਦੀ ਹੈ । ਇੰਡੀਆ ਇੱਕ ਵਾਹਦ ਮੁਲਕ ਹੈ ਜਿਸ ਵਿੱਚ ਇੱਕ ਸਾਲ ਵਿੱਚ ਜੀ.ਐਸ.ਟੀ. ਲਾਅ ਵਿੱਚ ਇੱਕ ਹਜ਼ਾਰ ਚੇਂਜਿਜ ਆਈਆਂ ਹਨ। (ਵਿਘਨ) ਸੁਣ ਤਾਂ ਲਓ। Little knowledge is a very dangerous thing. ਸੰਧੂ ਸਾਹਿਬ, Little knowledge is a very dangerous thing. You don't understand. ਸੋ, ਮੈਂ ਇਹ ਕਹਿ ਰਿਹਾ ਹਾਂ, ਮੇਰੀ ਬੇਨਤੀ ਸੁਣ ਲਓ । Speaker Sahib, there is totally arrogance in the GST Council. ਉੱਥੇ ਟੋਟਲ ਬੀ.ਜੇ.ਪੀ. ਦਾ ਨਿਜ਼ਾਮ ਚੱਲ ਰਿਹਾ ਹੈ। ਜੋ ਉਹ ਕਹਿੰਦੇ ਹਨ, ਉੱਥੇ ਉਹ ਹੁੰਦਾ ਹੈ। ਜਿਹੜੀਆਂ ਹਜ਼ਾਰ ਚੇਂਜਿਜ ਆਈਆਂ ਹਨ, ਅਸੀਂ ਉਨ੍ਹਾਂ ਨੂੰ ਪਹਿਲੇ ਦਿਨ ਤੋਂ ਹੀ ਨਿਸ਼ਾਨਦੇਹੀ ਕਰਦੇ ਰਹੇ ਹਾਂ ਕਿ ਇਹ ਨਾ ਕਰੋ ਪਰ they still persist it. ਕਾਂਗਰਸ ਪਾਰਟੀ ਦਾ ਇੰਡੀਆ ਦੇ ਲੋਕਾਂ ਨਾਲ ਵਾਅਦਾ ਹੈ ਕਿ ਜਿਸ ਦਿਨ ਕਾਂਗਰਸ ਪਾਰਟੀ ਦੀ ਸਰਕਾਰ ਜੇ ਰੱਬ ਨੇ ਮਿਹਰ ਕੀਤੀ ਤਾਂ ਮਾਰਚ, ਅਪ੍ਰੈਲ ਵਿੱਚ ਆਵੇਗੀ ਤਾਂ ਅਸੀਂ ਜੀ.ਐਸ.ਟੀ. ਦਾ ਟੋਟਲ overhaul ਕਰਾਂਗੇ ਤੇ ਜਿਸ ਤਰ੍ਹਾਂ ਮੋਦੀ ਜੀ ਚਲਾ ਰਹੇ ਹਨ, ਇਹ ਚਲਣ ਦੇ ਕਾਬਲ ਨਹੀਂ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## 5. THE PUNJAB WATER RESOURCES (MANAGEMENT AND REGULATION) BILL, 2018

**ਮਾਨਯੋਗ ਸਪੀਕਰ:** ਮੰਤਰੀ ਜੀ, ਬਿਲ ਵਾਪਸ ਲੈਣ ਲਈ ਪ੍ਰਸਤਾਵ ਪੇਸ਼ ਕਰਨ।

**ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਜਲ ਸਰੋਤ (ਪ੍ਰਬੰਧਨ ਅਤੇ ਵਿਨਿਯਮਨ) ਬਿਲ, 2018 ਵਾਪਸ ਲਿਆ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਜਲ ਸਰੋਤ (ਪ੍ਰਬੰਧਨ ਅਤੇ ਵਿਨਿਯਮਨ) ਬਿਲ, 2018 ਵਾਪਸ ਲਿਆ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਪੰਜਾਬ ਜਲ ਸਰੋਤ (ਪ੍ਰਬੰਧਨ ਅਤੇ ਵਿਨਿਯਮਨ) ਬਿਲ, 2018 ਵਾਪਸ ਲਿਆ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## PRESENTATION OF THE REPORT OF THE COMMITTEE OF THE HOUSE

**ਮਾਨਯੋਗ ਸਪੀਕਰ:** ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਸਭਾਪਤੀ, ਜਸਟਿਸ ਸੇਵਾ ਮੁਕਤ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੇ ਕੀਤੀ ਗਈ ਕਾਰਵਾਈ ਤੇ ਬਹਿਸ ਦੌਰਾਨ ਲਗਾਏ ਗਏ ਇਲਜ਼ਾਮਾਂ ਦੀ ਜਾਂਚ ਪੜਤਾਲ ਸਬੰਧੀ ਬਣੀ ਸਦਨ ਦੀ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸ਼੍ਰੀਮਾਨ ਜੀ, ਮੈਂ, ਜਸਟਿਸ ਰਣਜੀਤ ਸਿੰਘ (ਰਿਟਾਇਰਡ) ਕਮਿਸ਼ਨ ਦੀ ਰਿਪੋਰਟ ਤੇ ਕੀਤੀ ਗਈ ਕਾਰਵਾਈ ਤੇ ਬਹਿਸ ਦੌਰਾਨ ਸਦਨ ਵਿੱਚ ਲਾਏ ਗਏ ਦੋਸ਼ਾਂ ਦੀ ਜਾਂਚ ਕਰਨ ਲਈ ਗਠਿਤ ਸਦਨ ਦੀ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ :** ਹਾਂ ਜੀ, ਕਿਸੇ ਨੇ ਕੁਝ ਕਹਿਣਾ ਹੈ ਜੀ? ਹਾਂ ਜੀ, ਸਰਦਾਰ ਹਰਪ੍ਰਤਾਪ ਸਿੰਘ ਜੀ।

**ਸਰਦਾਰ ਹਰਪ੍ਰਤਾਪ ਸਿੰਘ (ਅਜਨਾਲਾ) :** ਸਪੀਕਰ ਸਾਹਿਬ, ਇਹ august ਹਾਊਸ ਹੈ, ਪਵਿੱਤਰ ਸਦਨ ਹੈ । ਜਿਸ ਦਿਨ ਜਸਟਿਸ ਰਿਟਾਇਰਡ ਰਣਜੀਤ ਸਿੰਘ ਕਮਿਸ਼ਨ ਦੀ ਐਕਸ਼ਨ ਟੇਕਨ ਰਿਪੋਰਟ ਸਦਨ ਵਿੱਚ ਆਈ ਸੀ ਤਾਂ ਉਸ ਵੇਲੇ ਬਹੁਤ ਹੰਗਾਮਾ ਹੋਇਆ ਸੀ। ਆਪੋਜ਼ੀਸ਼ਨ ਨੇ ਬਹੁਤ ਐਲੀਗੇਸ਼ਨ ਲਗਾਏ ਸਨ। ਇੰਨਾ ਸ਼ੋਰ ਸ਼ਰਾਬਾ ਹੋਇਆ ਸੀ ਜਿਸ ਕਰਕੇ ਵਾਕ-ਆਊਟ ਵੀ ਕੀਤਾ ਗਿਆ ਸੀ। ਫਿਰ ਫੈਸਲਾ ਹੋਇਆ ਸੀ ਕਿ ਉਸ ਚੀਜ਼ ਦੀ ਜਾਂਚ ਹੋਵੇਗੀ। ਜਿਹੜੇ ਐਲੀਗੇਸ਼ਨ, ਜਿਹੜੇ ਇਲਜ਼ਾਮ ਲੱਗੇ ਸਨ, ਉਨ੍ਹਾਂ ਇਲਜ਼ਾਮਾਂ ਦੀ ਜਾਂਚ ਕਰਨ ਲਈ ਹਾਊਸ ਦੀ ਇੱਕ ਕਮੇਟੀ ਬਣੀ ਸੀ । ਅੱਜ ਉਸ ਕਮੇਟੀ ਦੇ ਚੇਅਰਮੈਨ ਸਾਹਿਬ ਨੇ ਉਹ ਰਿਪੋਰਟ ਹਾਊਸ ਵਿੱਚ ਪੇਸ਼ ਕੀਤੀ ਹੈ ਔਰ ਟੋਟਲ ਇਲਜ਼ਾਮ ਜਿਹੜੇ ਲੱਗੇ ਸਨ, ਉਹ ਬੇਬੁਨਿਆਦ ਔਰ ਗਲਤ ਸਾਬਿਤ ਹੋਏ ਹਨ। ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਸਦਨ ਦੀ ਇੱਕ ਰਵਾਇਤ ਬਣ ਗਈ ਹੈ ਕਿ ਜੇ ਕੋਈ ਚੰਗੀ ਗੱਲ ਹੁੰਦੀ ਹੈ ਤਾਂ ਵੀ ਆਪੋਜ਼ੀਸ਼ਨ ਨੇ ਫੈਸਲਾ ਕੀਤਾ ਹੁੰਦਾ ਹੈ ਕਿ ਇਸ ਦੇ ਖਿਲਾਫ ਬੋਲਣਾ ਹੀ ਬੋਲਣਾ ਹੈ, ਰੌਲਾ ਪਾਉਣਾ ਹੀ ਪਾਉਣਾ ਹੈ। ਅੱਜ ਵੀ ਤੁਸੀਂ ਵੇਖਿਆ ਹੈ, ਕੋਈ ਇੰਨੀ ਗੱਲ ਨਹੀਂ ਸੀ। ਕਈ ਵਾਰ ਵਾਕ-ਆਊਟ ਕੀਤਾ ਲੇਕਿਨ ਇਹ ਜਿਹੜਾ ਪੰਜਾਬ ਦਾ ਬਹੁਤ ਅਹਿਮ ਮਸਲਾ ਸੀ ਔਰ ਉਹ ਫੈਸਲਾ ਕਮਿਸ਼ਨ ਨੇ ਦਿੱਤਾ। ਮੈਂ ਸਮਝਦਾ ਹਾਂ ਕਿ ਹਰ ਵਿਅਕਤੀ ਨੂੰ ਉਸ ਤੇ ਆਸ ਸੀ ਕਿ ਇਹ ਜੋ ਚੀਜ਼ ਲਿਖੀ ਗਈ ਹੈ, ਇਸ ਨਾਲ ਆਉਣ ਵਾਲੇ ਸਮੇਂ ਦੇ ਵਿਚ ਲੋਕਾਂ ਦੀਆਂ ਅੱਖਾਂ ਖੁੱਲ੍ਹ ਜਾਣਗੀਆਂ। ਪੰਜਾਬ ਦੇ ਲੋਕ ਇਸ ਚੀਜ਼ ਨੂੰ ਉਡੀਕ ਰਹੇ ਸਨ। ਉਹ ਨਿਆਂ ਮੰਗਦੇ ਸਨ ਕਿ ਨਿਆਂ ਮਿਲ ਜਾਏਗਾ। ਲੇਕਿਨ ਉਸ ਦਿਨ ਜੋ ਗੱਲਾਂ ਹੋਈਆਂ, ਐਲੀਗੇਸ਼ਨ ਲੱਗ ਗਏ। ਉਨ੍ਹਾਂ ਐਲੀਗੇਸ਼ਨਜ਼ ਦੀ ਘੋਖ ਪੜਤਾਲ ਲਈ ਕਮੇਟੀ ਬਣੀ। ਇਸ ਘੋਖ ਪੜਤਾਲ ਦੌਰਾਨ ਜਿੰਨੇ ਟੋਟਲ ਐਲੀਗੇਸ਼ਨ ਲਗਾਏ ਗਏ ਸਨ, ਉਹ ਗਲਤ ਸਾਬਤ ਹੋਏ। ਸਪੀਕਰ ਸਾਹਿਬ, ਮੈਂ ਅੱਜ ਇਸ ਪਵਿੱਤਰ ਸਦਨ ਦੇ ਵਿੱਚ ਤੁਹਾਡੇ ਰਾਹੀਂ ਬੇਨਤੀ ਕਰਨ ਲੱਗਿਆ ਹਾਂ ਕਿ ਜਿਨ੍ਹਾਂ ਵਿਅਕਤੀਆਂ ਨੇ ਐਲੀਗੇਸ਼ਨ ਲਗਾਏ ਸਨ, ਉਹ ਅੱਜ ਸਾਹਮਣੇ ਬੈਠੇ ਨਹੀਂ ਹਨ। ਮੈਂ ਉਨ੍ਹਾਂ ਦੀ ਐਬਸੈਂਸ ਵਿੱਚ, ਜੇ ਕਹੋ ਤਾਂ ਨਾਂ ਲੈ ਲੈਂਦਾ ਹਾਂ। ਜੇ ਤੁਸੀਂ ਸਮਝਦੇ ਹੋ, ਕੌਣ

ਸਨ ਤਾਂ ਤੁਹਾਡੇ ਸਾਹਮਣੇ ਹੈ। ਮੈਂ ਇੱਕ ਬੇਨਤੀ ਜ਼ਰੂਰ ਕਰਨੀ ਹੈ ਕਿ ਜੋ ਚੀਜ਼ ਸਾਨੂੰ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੇ ਵਿੱਚ ਮਿਲੀ ਹੈ। ਪੰਜਾਬ ਦੇ ਵਿੱਚ ਇੱਕ ਆਈ-ਓਪਨਰ ਸੀ, ਬਹੁਤ ਕੁਝ ਹੋਇਆ, ਪੰਜਾਬ ਦੇ ਵਿੱਚ ਬਹੁਤ ਹੰਗਾਮਾ ਹੋਇਆ। ਇਸ ਤਰ੍ਹਾਂ ਲੱਗਦਾ ਸੀ ਕਿ ਇੱਕ ਨਵਾਂ ਤੂਫਾਨ ਉੱਠਣਾ ਹੈ ਅਤੇ ਜੋ ਅੱਤਵਾਦ ਦੇ ਸਮੇਂ ਹੋਇਆ ਸੀ, ਕਿਤੇ ਉਹ ਦਿਨ ਵਾਪਸ ਨਾ ਆਉਣ। ਪਰ ਮੈਂ ਵਾਹਿਗੁਰੂ, ਅਕਾਲ ਪੁਰਖ ਦਾ ਧੰਨਵਾਦ ਕਰਦਾ ਹਾਂ, ਸ਼ੁਕਰਾਨਾ ਕਰਦਾ ਹਾਂ ਕਿ ਅਸੀਂ ਉਸ ਚੀਜ਼ ਤੋਂ ਬਚੇ ਹਾਂ। ਲੋਕਾਂ ਨੂੰ ਜਿਹੜੀ ਆਸ ਬੱਝੀ ਸੀ, ਉਹ ਚੀਜ਼ ਸਾਬਤ ਹੋਈ। ਲੇਕਿਨ ਜਿਹੜੀ ਗੱਲ ਤੇ ਮੈਂ ਫਿਰ ਆਉਣ ਲੱਗਿਆ ਹਾਂ ਜਿਨ੍ਹਾਂ ਨੇ ਉਸ ਦਿਨ ਇੰਨੀ ਜ਼ੋਰ ਨਾਲ ਐਲੀਗੇਸ਼ਨ ਲਾਏ ਸਨ, ਉਨ੍ਹਾਂ ਨੂੰ ਗਲਤ ਇਲਜ਼ਾਮ ਲਾਉਣ ਤੇ ਮੁਆਫੀ ਮੰਗਣੀ ਚਾਹੀਦੀ ਹੈ। ਮੈਂ ਸਪੀਕਰ ਸਾਹਿਬ ਦੀ ਪਰਮਿਸ਼ਨ ਲੈ ਕੇ ਨਾਮ ਲੈ ਦਿੰਦਾ ਹਾਂ। ਉਹ ਸਾਡੇ ਮੈਂਬਰ ਸਾਹਿਬਾਨ, ਐਮ.ਐਲ.ਏ. ਸਾਹਿਬ, ਸਰਦਾਰ ਸੁਖਬੀਰ ਸਿੰਘ ਜੀ ਬਾਦਲ ਹਨ ਔਰ ਉਹ ਅਕਾਲੀ ਦਲ ਦੇ ਪ੍ਰਧਾਨ ਵੀ ਹਨ। ਉਸ ਦਿਨ ਜਿਸ ਤਰੀਕੇ ਦੇ ਨਾਲ ਸਾਰਿਆਂ ਨੇ ਰੌਲਾ ਪਾਇਆ ਸੀ, ਸ਼ੋਰ-ਸ਼ਰਾਬਾ ਹੋਇਆ ਸੀ, ਇੰਝ ਲੱਗਦਾ ਸੀ ਪਤਾ ਨਹੀਂ ਇਨ੍ਹਾਂ ਨੇ ਸਾਨੂੰ ਕੀ ਦਿਖਾ ਦੇਣਾ ਹੈ। ਲੇਕਿਨ ਟੋਟਲ ਗਲਤ ਐਲੀਗੇਸ਼ਨ ਲੱਗੇ ਸਨ ਔਰ ਉਸ ਚੀਜ਼ ਤੇ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਇਸ ਚੀਜ਼ ਨਾਲ ਉਸ ਦਿਨ ਹਾਊਸ ਦੀ ਤੌਹੀਨ ਹੋਈ ਹੈ, ਇਹ ਤਾਂ ਹੀ ਅੱਗੇ ਤੋਂ ਗੁਰੇਜ਼ ਹੋਵੇਗਾ। ਸਪੀਕਰ ਸਾਹਿਬ, ਮੈਂ ਇਹ ਚੀਜ਼ ਮੰਗਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਮੌਕਾ ਦਿੱਤਾ ਲੇਕਿਨ ਇੱਕ ਵਾਰ ਫਿਰ ਮੇਰੀ ਪੁਰਜ਼ੋਰ ਅਪੀਲ ਹੈ ਕਿ ਇਹ ਲਾਜ਼ਮੀ ਤੌਰ ਤੇ ਜਿਹੜੀ ਗੱਲ ਕਹੀ ਹੈ ਕਿ ਹਾਊਸ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਆਪਣੀ ਸੀਟ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਸ਼੍ਰੀ ਪਵਨ ਕੁਮਾਰ ਟੀਨੂ :** ਇਹ ਮੁਆਫੀ ਦੀ ਗੱਲ ਕਰਦੇ ਹਨ, ਕੀ ਤੁਸੀਂ ਦੱਸਿਆ ਹੈ ਕਿ ਇਹ ਰਿਪੋਰਟ ਪੇਸ਼ ਕਰਨੀ ਹੈ?

**ਮਾਨਯੋਗ ਸਪੀਕਰ:** ਇਹ ਅਡੈਂਡਮ ਕੱਢਿਆ ਹੋਇਆ ਹੈ। ਕੀ ਤੁਹਾਡੇ ਕੋਲ ਅਡੈਂਡਮ ਆਇਆ ਨਹੀਂ? (ਵਿਘਨ) ਤੁਹਾਡੇ ਕੋਲ ਅਡੈਂਡਮ ਆਇਆ ਹੈ, ਸੋਧੇ ਹੋਏ ਏਜੰਡੇ ਦੀ ਕਾਪੀ ਆਈ ਹੈ। ਤੁਹਾਡੇ ਕੋਲ ਸੋਧੇ ਹੋਏ ਏਜੰਡੇ ਦੀ ਕਾਪੀ ਆਈ ਹੈ? ਆਈ ਹੈ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਰੰਧਾਵਾ ਜੀ, ਤੁਸੀਂ ਕੁਝ ਕਹਿਣਾ ਹੈ? ਹੋ ਗਿਆ, ਤੁਹਾਡੀ ਰਿਪੋਰਟ ਆ ਗਈ।

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਇਨ੍ਹਾਂ ਦੀ ਜਾਣਕਾਰੀ ਲਈ ਕੁਝ ਦੱਸ ਦਿੰਦਾ ਹਾਂ।

**ਮਾਨਯੋਗ ਸਪੀਕਰ:** ਤੁਸੀਂ ਰਿਪੋਰਟ ਪਲੇਸ ਕਰ ਦਿੱਤੀ ਹੈ। ਲੋੜ ਕੀ ਹੈ?

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਇਹ ਕਹਿੰਦੇ ਹਨ ਕਿ ਪਤਾ ਨਹੀਂ ਲੱਗਿਆ। ਮੈਂ ਪੜ੍ਹ ਦਿੰਦਾ ਹਾਂ।

**ਮਾਨਯੋਗ ਸਪੀਕਰ:** ਸਦਨ ਦੀ ਕਾਰਵਾਈ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਮੈਨੂੰ ਸਹਿਯੋਗ ਦੇਣ ਲਈ, ਮੈਂ ਸਾਰੀਆਂ ਧਿਰਾਂ ਦਾ ਧੰਨਵਾਦ ਕਰਦਾ ਹਾਂ.......

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਬੋਲਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਤੁਸੀਂ ਕਹਿਣਾ ਹੈ ਕੁਝ?

**ਸੰਸਦੀ ਮਾਮਲੇ ਮੰਤਰੀ :** ਹਾਂ ਜੀ, ਸਰ।

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਰ, ਇਹ ਰਿਪੋਰਟ ਹੁਣੇ ਮਿਲੀ ਹੈ, ਇਸ ਵਿੱਚ ਮੈਂ ਜਿੰਨਾ ਛੇਤੀ-ਛੇਤੀ ਪੜ੍ਹ ਸਕਿਆ ਹਾਂ, ਉਸ ਦੇ ਵਿੱਚ 4-5 ਜਗ੍ਹਾ ਇਹ ਸਾਬਤ ਹੁੰਦਾ ਹੈ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਹੁਰਾਂ ਨੇ ਹਾਊਸ ਵਿੱਚ ਝੂਠ ਬੋਲ ਕੇ ਹਾਊਸ ਨੂੰ ਮਿਸਲੀਡ ਕੀਤਾ ਹੈ ਟਰੇਜ਼ਰੀ ਬੈਂਚਿਜ਼ ਵੱਲੋਂ (ਸ਼ੇਮ-ਸ਼ੇਮ ਦੀਆਂ ਅਵਾਜ਼ਾਂ)। ਇੱਥੇ ਕੁਝ ਬੋਲੇ ਹਨ ਅਤੇ ਬਾਹਰ ਕੁਝ ਬੋਲੇ ਹਨ। ਮੈਂ ਸਮਝਦਾ ਹਾਂ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਇੱਕ ਐਮ.ਐਲ.ਏ. ਹੋਣ ਦੇ ਨਾਲ ਇੱਕ ਪਾਰਟੀ ਦੇ ਪ੍ਰਧਾਨ ਵੀ ਹਨ ਜਿਸ ਕਰਕੇ ਉਨ੍ਹਾਂ ਦੀ ਸਮਾਜ ਅਤੇ ਸਦਨ ਪ੍ਰਤੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਇਸ ਲਈ ਉਨ੍ਹਾਂ ਨੂੰ ਪਾਜ਼ੇਟਿਵ ਭੂਮਿਕਾ ਨਿਭਾ ਕੇ ਦੂਸਰੇ ਮੈਂਬਰਾਂ ਲਈ ਇੱਕ ਵਧੀਆ ਉਦਾਹਰਣ ਪੇਸ਼ ਕਰਨੀ ਚਾਹੀਦੀ ਹੈ। ਸਰਦਾਰ ਸੁਖਬੀਰ ਸਿੰਘ ਬਾਦਲ ਨੇ ਤੱਥਾਂ ਤੇ ਉਲਟ ਜਾ ਕੇ ਸਦਨ ਅਤੇ ਸਦਨ ਤੋਂ ਬਾਹਰ ਗਲਤ ਦੋਸ਼ ਲਗਾਏ ਹਨ ਅਤੇ ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਸਦਨ ਅਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਰ, ਮੈਂ ਇਹ ਮੂਵ ਕਰਦਾ ਹਾਂ ਕਿ ਇਹ ਵਿਧਾਨ ਸਭਾ ਦੀ ਕਿਉਂਕਿ ਤੌਹੀਨ ਹੋਈ ਹੈ, ਵਿਧਾਨ ਸਭਾ ਨੂੰ ਮਿਸਲੀਡ ਕੀਤਾ ਗਿਆ ਹੈ।ਇਹ ਜਿਹੜੀ ਰਿਪੋਰਟ ਹੈ, ਇਹ ਪ੍ਰਿਵਿਲੇਜ ਕਮੇਟੀ ਨੂੰ ਦਿੱਤੀ ਜਾਵੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਸਦਨ ਦੀ ਕਾਰਵਾਈ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ, ਮੈਨੂੰ ਸਹਿਯੋਗ ਦੇਣ ਲਈ ਮੈਂ ਸਾਰੀਆਂ ਧਿਰਾਂ ਦਾ ਧੰਨਵਾਦ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਅੱਗੇ ਵੀ ਆਪ ਦਾ ਸਹਿਯੋਗ ਮਿਲਦਾ ਰਹੇਗਾ। ਧੰਨਵਾਦ। ਹੁਣ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਕੀਤਾ ਜਾਂਦਾ ਹੈ।

*4.00 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।)

-----

# APPENDIX
# TO
# PUNJAB VIDHAN SABHA
# DEBATES

*Friday, the 14th December,2018*

**Vol. VI-No.2**

-----

## UNSTARRED QUESTION AND ANSWER

### ਨਸ਼ਿਆਂ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਦਾ ਵੇਰਵਾ

**233. ਸ਼੍ਰੀ ਅਮਨ ਅਰੋੜਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਮਿਤੀ 01-01-2017 ਤੋਂ 31-12-2017 ਅਤੇ 01-01-2018 ਤੋਂ 30-09-2018 ਤੱਕ ਸਮੁੱਚੇ ਪੰਜਾਬ ਵਿਚ ਜ਼ਿਲ੍ਹਾ ਵਾਰ ਪੁਲਿਸ ਰਿਕਾਰਡ (ਐਫ.ਆਈ.ਆਰ. ਜਾਂ ਬਾਕੀ ਤਫਤੀਸ਼ਾਂ) ਮੁਤਾਬਿਕ ਕਿੰਨੀਆਂ ਮੌਤਾਂ ਨਸ਼ਿਆਂ/ਡਰੱਗਜ ਦੀ ਓਵਰਡੋਜ਼ ਨਾਲ ਹੋਈਆਂ ਹਨ ਅਤੇ ਇਨ੍ਹਾਂ ਮੌਤਾਂ ਸਬੰਧੀ ਕਿਹੜੀ-ਕਿਹੜੀ ਧਾਰਾ ਤਹਿਤ ਐਫ.ਆਈ.ਆਰਜ਼ ਦਰਜ ਹਨ;

(ਅ) ਮਿਤੀ 01-01-2017 ਤੋਂ 31-12-2017 ਅਤੇ 01-01-2018 ਤੱਕ ਪੰਜਾਬ ਸਰਕਾਰ ਦੀਆਂ ਮਾਨਤਾ ਪ੍ਰਾਪਤ ਲੈਬੋਰਟਰੀਆਂ ਵਿੱਚ ਪੁਲਿਸ ਵੱਲੋਂ ਕਰਵਾਏ ਗਏ ਕਿੰਨੇ ਕੇਸਾਂ/ਵਿਅਕਤੀਆਂ ਦੇ ਟੈਸਟਾਂ ਵਿਚ ਮੌਤ ਦਾ ਕਾਰਨ ਨਸ਼ੇ/ਡਰੱਗਜ਼ ਦੀ ਓਵਰਡੋਜ਼ ਹੈ ਅਤੇ ਕਿੰਨੀਆਂ ਮੌਤਾਂ ਕਿਹੜੇ ਡਰੱਗ/ਨਸ਼ੇ ਕਾਰਨ ਹੋਈਆਂ; ਵੇਰਵੇ ਸਹਿਤ ਦੱਸਿਆ ਜਾਵੇ ?

**ਕੈਪਟਨ ਅਮਰਿੰਦਰ ਸਿੰਘ:**

(ੳ) ਲੋੜੀਂਦੀ ਸੂਚਨਾ ਨਾਲ ਨੱਥੀ ਸਟੇਟਮੈਂਟ A ਅਤੇ B ਵਿਚ ਦਿੱਤੀ ਗਈ ਹੈ।

(ਅ) ਲੋੜੀਂਦੀ ਸੂਚਨਾ ਨਾਲ ਨੱਥੀ ਸਟੇਟਮੈਂਟ C ਅਤੇ D ਵਿਚ ਦਿੱਤੀ ਗਈ ਹੈ।

ANNEXURE-A

**(A) Details of Drug Related Death cases (01-01-17 to 31-12-17)**

| Sr. No. | CP/District | Total no. of cases registered under section 304 IPC | Inquest proceedings conducted under section 174 CrPC | Total no. of persons |
|---|---|---|---|---|
| 1. | CP Amritsar | 0 | 3 | 3 |
| 2. | Amritsar (R) | 1 | 0 | 1 |
| 3. | Batala | 0 | 0 | 0 |
| 4. | Gurdaspur | 1 | 1 | 2 |
| 5. | Pathankot | 0 | 0 | 0 |
| 6. | Tarn Taran | 0 | 2 | 2 |
| 7. | Patiala | 0 | 1 | 1 |
| 8. | Sangrur | 0 | 0 | 0 |
| 9. | Barnala | 0 | 0 | 0 |
| 10. | Rupnagar | 0 | 0 | 0 |
| 11. | SAS Nagar | 0 | 0 | 0 |
| 12. | Fatehgarh Sahib | 0 | 0 | 0 |
| 13. | CP Jalandhar | 1 | 1 | 2 |
| 14. | Jalandhar (R) | 0 | 2 | 2 |
| 15. | Hoshiarpur | 0 | 5 | 5 |
| 16. | Kapurthala | 0 | 0 | 0 |
| 17. | CP Ludhiana | 0 | 0 | 0 |
| 18. | Ludhiana (R) | 0 | 0 | 0 |
| 19. | Khanna | 0 | 0 | 0 |
| 20. | SBS Nagar | 0 | 0 | 0 |

| | | | | |
|---|---|---|---|---|
| 21. | Bathinda | 0 | 2 | 2 |
| 22. | Sri Muktsar Sahib | 0 | 0 | 0 |
| 23. | Mansa | 0 | 0 | 0 |
| 24. | Ferozepur | 0 | 0 | 0 |
| 25. | Fazilka | 0 | 2 | 2 |
| 26. | Moga | 0 | 3 | 3 |
| 27. | Faridkot | 0 | 3 | 3 |
| 28. | GRP/PTL | 0 | 0 | 0 |
| Total | | 3 | 25 | 28 |

**ANNEXURE -B**

**Details of Drug Related Death cases (01-01-18 to 30-09-18)**

| Sr. No. | CP/District | Total no. of cases registered under section 304 IPC | Inquest proceedings conducted under section 174 CrPC | Total no. of persons |
|---|---|---|---|---|
| 1. | CP Amritsar | 0 | 5 | 6 |
| 2. | Amritsar (R) | 5 | 3 | 8 |
| 3. | Batala | 3 | 0 | 3 |
| 4. | Gurdaspur | 3 | 2 | 5 |
| 5. | Pathankot | 2 | 0 | 2 |
| 6. | Tarn Taran | 4 | 4 | 8 |
| 7. | Patiala | 1 | 1 | 2 |
| 8. | Sangrur | 0 | 0 | 0 |
| 9. | Barnala | 1 | 0 | 2 |
| 10. | Rupnagar | 0 | 0 | 0 |
| 11. | SAS Nagar | 2 | 0 | 2 |
| 12. | Fatehgarh Sahib | 1 | 0 | 1 |
| 13. | CP Jalandhar | 1 | 3 | 4 |
| 14. | Jalandhar (R) | 1 | 1 | 2 |

| | | | | |
|---|---|---|---|---|
| 15. | Hoshiarpur | 0 | 6 | 6 |
| 16. | Kapurthala | 1 | 1 | 2 |
| 17. | CP Ludhiana | 7 | 7 | 14 |
| 18. | Ludhiana (R) | 2 | 0 | 2 |
| 19. | Khanna | 0 | 0 | 0 |
| 20. | SBS Nagar | 3 | 0 | 3 |
| 21. | Bathinda | 3 | 1 | 4 |
| 22. | Sri Muktsar Sahib | 0 | 0 | 0 |
| 23. | Mansa | 0 | 0 | 0 |
| 24. | Ferozepur | 10 | 0 | 10 |
| 25. | Fazilka | 1 | 1 | 2 |
| 26. | Moga | 7 | 0 | 7 |
| 27. | Faridkot | 1 | 0 | 1 |
| 28. | GRP/PTL | 0 | 0 | 0 |
| | Total | 59 | 35 | 96 |

## ANNEXURE - C

**(B) Drug/Chemical found in Chemical Examiner Report**

**(1.1.17 to 31.12.17)**

| | | |
|---|---|---|
| Total Drug Related Deaths | : | 28 |
| Morphine | : | 4 |
| Tramadol | : | 1 |
| Diacetylmorphine | : | 1 |
| Post-mortem not conducted | : | 1 |
| Other non-drug related causes | : | 7 |
| Pending | : | 14 |

## ANNXURE - D

**(B) Drug/Chemical found in Chemical Examiner Report**

**(1.1.18 to 30.09.18)**

| | | |
|---|---|---|
| Total Drug Related Deaths | : | 96 |
| Morphine | : | 30 |
| Tramadol | : | 1 |
| Post-mortem not conducted | : | 3 |
| Other non-drug related causes | : | 19 |
| Pending | : | 43 |

––––––

## STARRED QUESTIONS AND ANSWERS

### ਹਰੀਕੇ ਡੈਮ ਤੇ ਸੈਲਾਨੀਆਂ ਲਈ ਕੇਂਦਰ ਸਥਾਪਤ ਕਰਨਾ

*1696. **ਸਰਦਾਰ ਹਰਮਿੰਦਰ ਸਿੰਘ ਗਿੱਲ :** ਕੀ ਸੈਰ ਸਪਾਟਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੱਟੀ ਵਿਧਾਨ ਸਭਾ ਹਲਕੇ ਅਧੀਨ ਪੈਂਦੇ ਹਰੀਕੇ ਡੈਮ ਅਤੇ ਇਸ ਨਾਲ ਲੱਗਦੇ ਬਿਆਸ ਸਤਲੁਜ ਦਰਿਆ ਦੇ ਸੰਗਮ ਅਤੇ ਪੰਛੀਆਂ ਦੀ ਅਨੋਖੀ ਰੱਖ ਉਪਰ ਸੈਲਾਨੀਆਂ ਦਾ ਸ਼ਾਨਦਾਰ ਕੇਂਦਰ ਸਥਾਪਤ ਕਰਨ ਲਈ ਵਿਉਂਤਬੰਦੀ ਕੀਤੀ ਗਈ ਸੀ ; ਜੇਕਰ ਅਜਿਹਾ ਹੋਵੇ ਤਾਂ ਇਹ ਕੇਂਦਰ ਕਦੋਂ ਤੱਕ ਸਥਾਪਤ ਕੀਤਾ ਜਾਵੇਗਾ ਅਤੇ ਇਸ ਉਪਰ ਕਿੰਨੇ ਪੈਸੇ ਖਰਚ ਕੀਤੇ ਜਾ ਰਹੇ ਹਨ ?

**ਸਰਦਾਰ ਨਵਜੋਤ ਸਿੰਘ ਸਿੱਧੂ :** ਹਾਂ ਜੀ, ਹਰੀਕੇ ਡੈਮ ਅਤੇ ਇਸਦੇ ਨਾਲ ਲੱਗਦੇ ਬਿਆਸ ਸਤਲੁਜ ਦਰਿਆ ਦੇ ਸੰਗਮ ਅਤੇ ਪੰਛੀਆਂ ਦੀ ਰੱਖ ਉਪਰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਸਥਾਪਤ ਕਰਨ ਲਈ ਏਸ਼ੀਅਨ ਡਿਵੈਲਪਮੈਂਟ ਬੈਂਕ ਦੀ ਸਹਾਇਤਾ ਨਾਲ ਚਲਾਏ ਜਾ ਰਹੇ ਇੰਫ੍ਰਾਸਟ੍ਰਕਚਰ ਡਿਵੈਲਪਮੈਂਟ ਇਨਵੈਸਟਮੈਂਟ ਪ੍ਰੋਗਰਾਮ ਫਾਰ ਟੂਰਿਜ਼ਮ (ਆਈ.ਡੀ.ਆਈ.ਪੀ.ਟੀ.) ਪ੍ਰੋਜੈਕਟ ਦੇ ਤਹਿਤ ਇੱਕ ਵਿਆਖਿਆ ਕੇਂਦਰ, ਸੈਲਾਨੀਆਂ ਲਈ ਕੈਫੇਟੇਰੀਆ, ਜਨ ਸੁਵਿਧਾਵਾਂ ਅਤੇ ਪਾਰਕਿੰਗ, ਵਾਚ ਟਾਵਰ, ਬਰਡ ਹਾਈਡ ਅਤੇ ਨਿਗਰਾਨੀ ਟਾਵਰਾਂ ਦੀ ਉਸਾਰੀ ਅਤੇ ਬੋਟਿੰਗ ਲਈ ਜੈਟੀ ਦੇ ਕੰਮਾਂ ਦੇ ਪ੍ਰੋਜੈਕਟ ਉਸਾਰੀ ਅਧੀਨ ਹੈ। ਇਨ੍ਹਾਂ ਪ੍ਰੋਜੈਕਟ ਲਈ 10.50 ਕਰੋੜ ਰੁਪਏ ਦਿੱਤੇ ਗਏ ਸਨ ਅਤੇ ਇਨ੍ਹਾਂ ਪ੍ਰੋਜੈਕਟਾਂ ਦਾ 75% ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਦਾ ਰਹਿੰਦਾ ਕੰਮ ਮਿਤੀ 30.4.2019 ਤੱਕ ਪੂਰਾ ਕਰ ਲੈਣ ਦੀ ਸੰਭਾਵਨਾ ਹੈ।

------

**ਮੁਲਾਜ਼ਮਾਂ ਨੂੰ ਵਰਦੀਆਂ ਦੇ ਵੱਧ ਰੇਟ ਦੇਣਾ**

*1561. **ਸਰਦਾਰ ਬਲਦੇਵ ਸਿੰਘ ਕਲਿਆਣ :** ਕੀ ਛਪਾਈ ਤੇ ਲਿਖਣ ਸਮੱਗਰੀ ਮੰਤਰੀ ਕਿਰਪਾ ਦੱਸਣਗੇ ਕਿ ਕੀ ਰਾਜ ਵਿੱਚ ਦਰਜਾ ਚਾਰ ਅਤੇ ਵਰਦੀ ਪ੍ਰਾਪਤ ਸਮੁੱਚੇ ਮੁਲਾਜ਼ਮਾਂ ਨੂੰ ਮਹਿੰਗਾਈ ਦੇ ਮੱਦੇ ਨਜ਼ਰ ਵਰਦੀਆਂ ਦੇ ਵੱਧ ਰੇਟ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਉਸਦੇ ਵੇਰਵੇ ਕੀ ਹਨ ?

**ਸਰਦਾਰ ਸਾਧੂ ਸਿੰਘ :** ਹਾਂ ਜੀ, ਰਾਜ ਵਿੱਚ ਦਰਜਾ-4 ਕਰਮਚਾਰੀਆਂ ਨੂੰ ਮਹਿੰਗਾਈ ਦੇ ਮੱਦੇਨਜ਼ਰ ਵਰਦੀਆਂ ਦੇ ਵੱਧ ਰੇਟ ਦੇਣ ਸਬੰਧੀ ਤਜਵੀਜ਼ ਛਪਾਈ ਤੇ ਲਿਖਣ ਸਮੱਗਰੀ ਵਿਭਾਗ ਵੱਲੋਂ ਵਿੱਤ ਵਿਭਾਗ ਦੀ ਪ੍ਰਵਾਨਗੀ ਲਈ ਭੇਜੀ ਗਈ ਸੀ, ਜਿਸ ਤੇ ਵਿੱਤ ਵਿਭਾਗ ਵੱਲੋਂ ਇਸ ਬਾਰੇ ਛੇਵੇਂ ਤਨਖਾਹ ਕਮਿਸ਼ਨ ਨੂੰ ਪਹੁੰਚ ਕਰਨ ਦੀ ਸਲਾਹ ਦਿੱਤੀ ਗਈ। ਵਿੱਤ ਵਿਭਾਗ ਵੱਲੋਂ ਦਿੱਤੀ ਗਈ ਸਲਾਹ ਦੇ ਮੱਦੇਨਜ਼ਰ ਦਰਜਾ-4 ਕਰਮਚਾਰੀਆਂ ਨੂੰ ਮਹਿੰਗਾਈ ਦੇ ਮੱਦੇਨਜ਼ਰ ਵਰਦੀਆਂ/ਲਿਬਰੀਜ਼ ਦੇ ਰੇਟਾਂ ਵਿੱਚ 1390/- ਰੁਪਏ ਪ੍ਰਤੀ ਸਾਲ ਤੋਂ ਵਧਾ ਕੇ 5500/- ਰੁਪਏ ਪ੍ਰਤੀ ਸਾਲ ਵਾਧਾ ਕੀਤੇ ਜਾਣ ਲਈ ਯੋਗ ਫੈਸਲਾ ਲੈਣ ਵਾਸਤੇ ਤਜਵੀਜ਼ ਛਪਾਈ ਤੇ ਲਿਖਣ ਸਮੱਗਰੀ ਵਿਭਾਗ ਵੱਲੋਂ ਚੇਅਰਮੈਨ, ਛੇਵਾਂ ਤਨਖਾਹ ਕਮਿਸ਼ਨ ਨੂੰ ਭੇਜੀ ਹੋਈ ਹੈ।

ਉਕਤ ਤੋਂ ਇਲਾਵਾ ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਪਾਸੋਂ ਪ੍ਰਾਪਤ ਹੋਈ ਸੂਚਨਾ ਅਨੁਸਾਰ ਉਨ੍ਹਾਂ ਦੇ ਵਿਭਾਗ ਅਧੀਨ ਕੰਮ ਕਰਦੇ ਐਨ.ਜੀ.ਓਜ਼ (ਏ.ਐਸ.ਆਈ, ਸਬ-ਇੰਸਪੈਕਟਰ ਅਤੇ ਇੰਸਪੈਕਟਰ) ਨੂੰ ਮਿਲਦੇ ਵਰਦੀ ਭੱਤੇ ਦੀ ਮੁੱਢਲੀ ਗ੍ਰਾਂਟ 3014/- ਤੋਂ ਵਧਾ ਕੇ 5305/- ਰੁਪਏ ਕਰਨ, ਰਿਨਿਊਅਲ ਗ੍ਰਾਂਟ 1027/- ਰੁਪਏ ਤੋਂ ਵਧਾ ਕੇ 2724/- ਰੁਪਏ ਕਰਨ, ਓ.ਆਰਜ਼, (ਸਿਪਾਹੀ ਅਤੇ ਮੁੱਖ ਸਿਪਾਹੀ) ਨੂੰ ਮਿਲਦੇ ਵਰਦੀ ਭੱਤੇ ਦੀ ਮੁੱਢਲੀ ਗ੍ਰਾਂਟ ਤੋਂ 3865/- ਰੁਪਏ ਤੋਂ ਵਧਾ ਕੇ 4800/- ਰੁਪਏ ਕਰਨ, ਸਲਾਨਾ ਰਿਨਿਊਅਲ ਗ੍ਰਾਂਟ 1103/- ਰੁਪਏ ਤੋਂ ਵਧਾ ਕੇ 2572/- ਰੁਪਏ ਕਰਨ ਦੀ ਤਜਵੀਜ਼ ਉਨ੍ਹਾਂ ਦੇ ਵਿਭਾਗ ਦੇ ਵਿਚਾਰ ਅਧੀਨ ਹੈ।

------

© 2018
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

9953/04-2019/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ